
**Thinking Real Estate?**



BUYERS we'll find the right home for you.
We have a common goal: Making you a homeowner.
SELLERS we know your local markets

Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

COLDWELL BANKER
Residential Brokerage


**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday

Buffet
Mon to Sat. 11am to 3pm
Sunday 2pm to 7pm



*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery


**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.



Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com
Associate Broker


Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 20, May 16, 2020
20451 N. Plum Grove Rd., Palatine, IL 60074
Ph:847-359-0746, Fax:847-705-9388


## ਸੁਮੇਧ ਸੈਣੀ ਨੂੰ ਜ਼ਮਾਨਤ ਨਾਲ ਫਿਰ ਉੱਠੇ ਸਵਾਲ

### ਪੁਲਿਸ ਨੇ ਗ੍ਰਿਫਤਾਰੀ ਲਈ ਕੋਈ ਹੀਲਾ ਨਾ ਕੀਤਾ

**ਚੰਡੀਗੜ੍ਹ:** ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਬਲਵਿੰਦਰ ਸਿੰਘ ਮੁਲਤਾਨੀ ਨੂੰ ਘਰੋਂ ਚੁੱਕਣ ਅਤੇ ਤਸ਼ੱਦਦ ਢਾਹੁਣ ਦੇ 29 ਸਾਲਾਂ ਬਾਅਦ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਉਤੇ 'ਤੇ ਮਾਮਲਾ ਤਾਂ ਦਰਜ ਹੋ ਗਿਆ ਪਰ ਇਸ ਅਫਸਰ ਵਲੋਂ ਬਾਹਰੋ ਬਾਹਰ ਜ਼ਮਾਨਤ ਲੈਣ ਵਿਚ ਸਫਲ ਹੋਣ ਉਤੇ ਇਕ ਵਾਰ ਫਿਰ ਸਵਾਲ ਉਠੇ ਹਨ। ਆਮ ਆਦਮੀ ਪਾਰਟੀ ਸਮੇਤ ਸਿੱਖ ਜਥੇਬੰਦੀਆਂ ਨੇ ਦਾਅਵਾ ਕੀਤਾ ਹੈ ਕਿ ਮਨੁੱਖਤਾ ਦਾ ਘਾਣ ਕਰਨ ਵਾਲੇ ਅਫਸਰ ਉਤੇ 3 ਦਹਾਕਿਆਂ ਬਾਅਦ ਕੇਸ ਦਰਜ ਹੋਵੇ ਅਤੇ ਪੁਲਿਸ 24 ਘੰਟਿਆਂ ਤੱਕ ਉਸ ਦੀ ਗ੍ਰਿਫਤਾਰੀ ਲਈ ਕੋਈ ਹੀਲਾ ਨਾ ਕਰੇ, ਤਾਂ ਇਹ ਸਾਬਤ ਕਰਦਾ ਹੈ ਕਿ ਇਹ ਸਭ ਕੁਝ ਸਿਆਸੀ ਸ਼ਹਿ ਨਾਲ ਹੋਇਆ ਹੈ।

ਦੂਜੇ ਪਾਸੇ, ਇਸ ਕੇਸ ਦੀ ਮੁੱਖ ਗਵਾਹ ਅਤੇ ਪੰਜਾਬ ਤੇ ਹਰਿਆਣਾ ਦੀ ਸੀਨੀਅਰ ਵਕੀਲ ਗੁਰਸ਼ਰਨ ਕੌਰ ਮਾਨ ਨੇ ਸਰਕਾਰਾਂ ਦੀਆਂ ਨਾਲਾਇਕੀਆਂ ਉਤੇ ਸਵਾਲ ਚੁੱਕਦਿਆਂ ਦਾਅਵਾ ਕੀਤਾ ਹੈ ਕਿ ਉਹ 29 ਸਾਲਾਂ ਬਾਅਦ ਇਸ ਅਫਸਰ ਉਤੇ ਕਾਨੂੰਨੀ ਸ਼ਿਕੰਜਾ ਕੱਸਣ ਪਿੱਛੋਂ ਹੁਣ ਗਵਾਹੀ ਦੇਣ ਲਈ ਅੱਗੇ ਆਈ ਹੈ, ਕਿਉਂਕਿ ਉਹ ਅਣਆਈ ਮੌਤ ਮਰਨਾ ਨਹੀਂ ਚਾਹੁੰਦੀ ਸੀ। ਇਸ ਵਕੀਲ ਦਾ ਦਾਅਵਾ ਹੈ ਕਿ ਇਸ ਬਾਹੂਬਲੀ ਅਫਸਰ ਖਿਲਾਫ ਸਬੂਤਾਂ ਅਤੇ ਗਵਾਹਾਂ ਦੀ ਘਾਟ

*(ਬਾਕੀ ਸਫਾ 6 ਉਤੇ)*

### ਬਾਦਲ ਪਰਿਵਾਰ ਫਿਰ ਨਿਸ਼ਾਨੇ 'ਤੇ

ਬਰਗਾੜੀ ਕਾਂਡ ਮਗਰੋਂ ਇਕ ਵਾਰ ਫਿਰ ਬਾਦਲ ਪਰਿਵਾਰ ਸਿੱਖ ਸੰਗਤ ਦੇ ਨਿਸ਼ਾਨੇ ਉਤੇ ਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਸੀਨੀਅਰ ਆਗੂ ਗੁਰਸੇਵ ਸਿੰਘ ਹਰਪਾਲਪੁਰ ਅਤੇ ਹੋਰਾਂ ਦਾ ਕਹਿਣਾ ਹੈ ਕਿ ਸੁਮੇਧ ਸਿੰਘ ਸੈਣੀ ਦਾ ਕੇਸ ਸਿੱਖ ਗੁਰਦੁਆਰਾ ਨਿਆਇਕ ਕਮਿਸ਼ਨ ਦੇ ਚੇਅਰਮੈਨ ਐਡਵੋਕੇਟ ਸਤਨਾਮ ਸਿੰਘ ਕਲੇਰ ਵਲੋਂ ਬਾਦਲ ਪਰਿਵਾਰ ਦੇ ਇਸ਼ਾਰੇ 'ਤੇ ਲੜਿਆ ਜਾ ਰਿਹਾ ਸੀ ਪਰ ਸਿੱਖ ਸੰਗਤ 'ਚ ਵਧ ਰਹੇ ਰੋਸ ਦੇ ਮੱਦੇਨਜ਼ਰ ਉਨ੍ਹਾਂ ਨੇ ਕੇਸ ਨਾ ਲੜਨ ਦਾ ਫੈਸਲਾ ਕੀਤਾ। ਕਲੇਰ ਨੂੰ ਚੇਅਰਮੈਨੀ ਤੋਂ ਤੁਰੰਤ ਵੱਖ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਇਹ ਜੱਗ ਜ਼ਾਹਿਰ ਹੈ ਕਿ ਬਾਦਲਕਿਆਂ ਦੀ ਤਾਂ ਪੁਲਿਸ ਅਧਿਕਾਰੀ ਨਾਲ ਸਾਂਝ ਹੈ ਪਰ ਵਕੀਲ ਕਲੇਰ ਨੂੰ ਅਜਿਹੇ ਅਧਿਕਾਰੀ ਦੇ ਵਕਾਲਤਨਾਮੇ ਵਲ ਕਦਮ ਪੁੱਟਣ ਤੋਂ ਪਹਿਲਾਂ ਸੋਚਣ ਦੀ ਲੋੜ ਸੀ ਕਿ ਉਹ ਸਿੱਖਾਂ ਦੇ ਵਕਾਰੀ ਕਮਿਸ਼ਨ ਦੇ ਬਤੌਰ ਚੇਅਰਮੈਨ ਵੀ ਨਾਮਜ਼ਦ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਵਿਰੋਧੀ ਧਿਰ ਦੇ ਨੇਤਾ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬਾਦਲ ਜੋੜੀ ਨੂੰ ਉਨ੍ਹਾਂ ਦੀ ਸਰਕਾਰ ਦੇ ਸਮੇਂ ਸੁਮੇਧ ਸੈਣੀ ਦੀ ਡੀ.ਜੀ.ਪੀ. ਵਜੋਂ ਨਿਯੁਕਤੀ 'ਤੇ ਸਵਾਲ ਚੱਕੇ ਹਨ।

## ਕੈਪਟਨ ਦੇ ਵਜ਼ੀਰਾਂ ਅਤੇ ਅਫਸਰਸ਼ਾਹੀ ਵਿਚਾਲੇ ਖੜਕੀ

**ਚੰਡੀਗੜ੍ਹ:** ਕਰੋਨਾ ਵਾਇਰਸ ਮਹਾਮਾਰੀ ਵਰਗੇ ਔਖੇ ਸਮੇਂ ਵਿਚ ਵੀ ਪੰਜਾਬ ਦੀ ਅਫਸਰਸ਼ਾਹੀ ਅਤੇ ਵਜ਼ੀਰਾਂ ਵਿਚ ਮੁੜ ਖੜਕ ਗਈ ਹੈ। ਗੱਲ ਇਥੋਂ ਤੱਕ ਵਧ ਗਈ ਕਿ ਮੰਤਰੀਆਂ ਦਾ ਰੋਹ ਦੇਖਦੇ ਹੋਏ ਕੈਪਟਨ ਨੂੰ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਤੋਂ ਆਬਕਾਰੀ ਵਿਭਾਗ ਵਾਪਸ ਲੈਣਾ ਪਿਆ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਵੀ ਮੌਕਾ ਸਾਂਭਦੇ ਹੋਏ ਰਾਜਪਾਲ ਵੀ.ਪੀ. ਸਿੰਘ ਬਦਨੌਰ ਤੋਂ ਕੈਪਟਨ ਸਰਕਾਰ ਭੰਗ ਕਰਨ ਦੀ ਮੰਗ ਕਰ ਦਿੱਤੀ ਹੈ। ਦਾਅਵਾ ਕੀਤਾ ਗਿਆ ਹੈ ਕਿ ਸੂਬੇ ਅੰਦਰ ਸੰਵਿਧਾਨਿਕ ਮਸ਼ੀਨਰੀ ਪੂਰੀ ਤਰ੍ਹਾਂ ਤਹਿਸ ਨਹਿਸ ਹੋ ਚੁੱਕੀ ਹੈ। ਦੱਸਣਯੋਗ ਹੈ ਕਿ ਆਬਕਾਰੀ ਨੀਤੀ 'ਤੇ ਵਿਚਾਰ ਚਰਚਾ ਦੌਰਾਨ ਤਿੰਨ ਵਜ਼ੀਰਾਂ ਅਤੇ ਮੁੱਖ ਸਕੱਤਰ ਦਰਮਿਆਨ ਤਲਖੀ ਹੋ ਗਈ ਸੀ ਜਿਸ ਪਿੱਛੋਂ ਵਜ਼ੀਰ ਮੀਟਿੰਗ 'ਚੋਂ ਵਾਕਆਊਟ ਕਰ ਗਏ ਸਨ। ਇਸ ਪਿੱਛੋਂ ਕਈ ਹੋਰ ਮੰਤਰੀ ਤੇ ਵਿਧਾਇਕ ਵੀ ਅਫਸਰਸ਼ਾਹੀ ਖਿਲਾਫ ਨਿੱਤਰ ਆਏ।

ਕੈਪਟਨ ਨੇ ਭਾਵੇਂ ਦਾਅਵਾ ਕੀਤਾ ਹੈ ਕਿ ਹੁਣ ਸਭ ਠੀਕ ਹੈ ਪਰ ਸਿਆਸੀ ਮਾਹਿਰ ਆਖਦੇ ਹਨ ਕਿ ਆਬਕਾਰੀ ਨੀਤੀ ਦੀ ਸਮੀਖਿਆ ਮੌਕੇ ਪੈਦਾ ਵਿਵਾਦ ਤਾਂ ਬਹਾਨਾ ਹੈ। ਬਹੁਤੇ ਵਜ਼ੀਰ ਨੌਕਰਸ਼ਾਹੀ ਤੋਂ ਦੁਖੀ ਹਨ। ਪੰਜਾਬ 'ਚ ਵੀ ਏਦਾਂ ਦਾ ਪ੍ਰਭਾਵ ਬਣਿਆ ਹੋਇਆ ਹੈ ਕਿ ਅਸਲ 'ਚ ਸਰਕਾਰ ਅਫਸਰਸ਼ਾਹੀ ਹੀ ਚਲਾ ਰਹੀ ਹੈ। ਹੁਣ ਹਾਲਾਤ ਇਹ ਬਣ ਗਏ ਹਨ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਾਫ ਆਖ ਦਿੱਤਾ ਹੈ ਅੱਖੜ ਰਵੱਈਏ ਵਾਲੇ ਅਧਿਕਾਰੀਆਂ ਨੂੰ ਨਕੇਲ ਪਾਉਣ ਦਾ ਸਮਾਂ ਆ ਗਿਆ ਹੈ ਅਤੇ ਨੌਕਰਸ਼ਾਹੀ ਦਾ ਲੋਕ ਨੁਮਾਇੰਦਿਆਂ ਪ੍ਰਤੀ ਗਲਤ ਵਿਹਾਰ ਕਿਸੇ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਹ ਵੀ ਪਤਾ ਲੱਗਾ ਹੈ ਕਿ ਪਿਛਲੀ ਕੈਬਨਿਟ ਮੀਟਿੰਗ 'ਚ ਵੀ ਸਿਹਤ ਮੰਤਰੀ ਨੇ ਆਪਣੇ ਅੰਮ੍ਰਿਤਸਰ ਦੌਰੇ ਮਗਰੋਂ ਇਹ ਸ਼ਿਕਾਇਤ ਰੱਖੀ ਸੀ ਕਿ ਅੰਮ੍ਰਿਤਸਰ 'ਚ ਕੋਵਿਡ ਪ੍ਰਬੰਧ ਢੁਕਵੇਂ ਨਹੀਂ ਹਨ ਜਿਸ ਕਰਕੇ ਸਿਆਸੀ ਪ੍ਰਤੀਨਿਧਾਂ ਨੂੰ ਪ੍ਰਸ਼ਾਸਨ ਨਾਲ ਜੋੜਿਆ ਜਾਵੇ। ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਮੰਤਰੀਆਂ ਅਤੇ ਵਿਧਾਇਕਾਂ ਨੇ ਕੈਪਟਨ ਕੋਲ ਸ਼ਿਕਾਇਤ ਕੀਤੀ ਹੋਵੇ ਕਿ ਅਫਸਰਸ਼ਾਹੀ ਉਨ੍ਹਾਂ ਦੀ ਹੀ ਨਹੀਂ ਸੁਣਦੀ, ਆਮ ਲੋਕ ਕੀ ਉਮੀਦ ਰੱਖ ਸਕਦੇ ਹਨ ਪਰ ਕੈਪਟਨ ਨੇ ਹਰ ਵਾਰ ਇਸ ਪਾਸੇ ਟਾਲ ਮਟੋਲ ਵਾਰੀ ਨੀਤੀ ਹੀ ਅਪਣਾਈ। ਹੁਣ ਪਾਣੀ ਸਿਰੋਂ ਲੰਘਦਾ ਵੇਖ ਵਜ਼ੀਰਾਂ ਵਲੋਂ ਆਪਣੇ ਪੱਧਰ ਉਤੇ ਹੀ ਅਫਸਰਾਂ ਦਾ ਬਾਈਕਾਟ ਕਰਨ ਦਾ ਫੈਸਲਾ ਸੂਬਾ ਸਰਕਾਰ ਦੀ ਅਸਫਲਤਾ ਵਲ ਇਸ਼ਾਰਾ ਕਰਦਾ ਹੈ।

ਲੋਕਾਂ ਵਿਚ ਇਹ ਪ੍ਰਭਾਵ ਆਮ ਹੈ ਕਿ ਇਸ ਵਾਰ ਕੈਪਟਨ ਸਰਕਾਰ ਨੂੰ ਫੈਸਲੇ ਕਰਨ ਅਤੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿਚ ਉਸ ਤਰ੍ਹਾਂ ਦੀ ਕਾਮਯਾਬੀ ਨਹੀਂ ਮਿਲ ਰਹੀ ਜਿਸ ਤਰ੍ਹਾਂ ਦੀ ਪਹਿਲੀ ਕੈਪਟਨ ਸਰਕਾਰ (2002-2007) ਦੌਰਾਨ ਮਿਲੀ ਸੀ। ਸਿਆਸੀ ਆਗੂਆਂ ਵਿਚ ਇਹ ਵੀ ਚਰਚਾ ਰਹੀ ਹੈ ਕਿ ਕੁਝ ਖਾਸ ਅਫਸਰਾਂ ਨੇ ਮੁੱਖ ਮੰਤਰੀ ਨੂੰ ਘੇਰਿਆ ਹੋਇਆ ਹੈ ਅਤੇ ਉਨ੍ਹਾਂ ਦਾ ਲੋਕਾਂ ਨਾਲੋਂ ਸੰਪਰਕ ਟੁੱਟ ਰਿਹਾ ਹੈ।

ਕਿਹਾ ਜਾ ਰਿਹਾ ਹੈ ਕਿ ਹੁਣ ਵਾਲਾ ਵਿਵਾਦ ਆਬਕਾਰੀ ਨੀਤੀ ਨਾਲ ਸਬੰਧਤ ਹੈ ਪਰ ਬਹੁਤ ਦੇਰ ਤੋਂ ਪੰਜਾਬ ਦੇ ਹੋਰ ਵਿਭਾਗਾਂ ਵਿਚ ਵੀ ਅਜਿਹਾ ਟਕਰਾਅ ਹੋ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਤਤਕਾਲੀਨ ਸਰਕਾਰ ਨੇ ਹਲਕਾ ਇੰਚਾਰਜ ਲਾਉਣ ਦੀ ਰਵਾਇਤ ਪਾਈ ਸੀ ਜਿਸ ਅਨੁਸਾਰ ਕਿਸੇ ਵੀ ਇਲਾਕੇ ਵਿਚ ਮੁੱਖ ਨਿਯੁਕਤੀਆਂ ਹਲਕਾ ਇੰਚਾਰਜ ਦੇ ਕਹਿਣ 'ਤੇ ਹੁੰਦੀਆਂ ਸਨ। ਲੋਕਾਂ ਨੂੰ ਆਸ ਸੀ ਕਿ ਕੈਪਟਨ ਸਰਕਾਰ ਇਸ ਵਰਤਾਰੇ ਨੂੰ ਬਦਲੇਗੀ ਪਰ ਇਸ ਵਰਤਾਰੇ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹੋ ਚੁੱਕੀਆਂ ਹਨ ਕਿ ਇਸ ਨੂੰ ਬਦਲਣਾ ਮੁਮਕਿਨ ਦਿਖਾਈ ਨਹੀਂ ਦਿੰਦਾ। ਅਜਿਹੇ ਪ੍ਰਬੰਧ ਕਾਰਨ ਸਿਆਸੀ ਜਮਾਤ ਅਤੇ ਅਫਸਰਸ਼ਾਹੀ ਦਾ ਅਜਿਹਾ ਗੱਠਜੋੜ ਬਣਿਆ ਹੈ ਜਿਸ ਵਿਚ ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਮੌਜੂਦਾ ਟਕਰਾਅ ਨਿੱਜੀ ਹਿੱਤਾਂ ਦੀ ਲੜਾਈ ਹੈ ਜਦੋਂਕਿ ਜ਼ਮੀਨੀ ਪੱਧਰ 'ਤੇ ਸਿਆਸੀ ਜਮਾਤ ਤੇ ਅਫਸਰਸ਼ਾਹੀ ਦੇ ਲੋਕ-ਵਿਰੋਧੀ ਗੱਠਜੋੜ ਵਿਚ ਕੋਈ ਤਰੇੜ ਨਹੀਂ ਆਈ। ਪੰਜਾਬ ਦੀ ਸਿਆਸੀ ਜਮਾਤ ਅਤੇ ਪ੍ਰਸ਼ਾਸਨ ਦੀ ਲੋਕਾਂ ਪ੍ਰਤੀ ਪ੍ਰਤੀਬੱਧਤਾ ਬਹੁਤ ਘਟੀ ਹੈ।

### ਮੋਦੀ ਵਲੋਂ 20 ਲੱਖ ਕਰੋੜ ਦੇ ਪੈਕੇਜ ਦਾ ਐਲਾਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਦੇ ਨਾਂ ਆਪਣੇ ਸੰਬੋਧਨ ਵਿਚ ਕੋਵਿਡ ਸੰਕਟ ਦੌਰਾਨ ਭਾਰਤ ਨੂੰ 'ਆਤਮ ਨਿਰਭਰ' ਬਣਾਉਣ ਦੇ ਮੰਤਵ ਤਹਿਤ 20 ਲੱਖ ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ। ਮੋਦੀ ਨੇ ਕਿਹਾ ਕਿ ਆਰਥਕ ਪੈਕੇਜ ਭਾਰਤ ਨੂੰ ਆਤਮ ਨਿਰਭਰ ਬਣਾਉਣ ਦੀ ਮੁਹਿੰਮ ਦੀ ਅਹਿਮ ਕੜੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਹਾਲ ਹੀ ਵਿਚ ਕਰੋਨਾ ਸੰਕਟ ਨਾਲ ਨਜਿੱਠਣ ਲਈ ਜੋ ਆਰਥਕ ਐਲਾਨ ਕੀਤੇ ਹਨ, ਆਰ.ਬੀ.ਆਈ.

*(ਬਾਕੀ ਸਫਾ 6 ਉਤੇ)*

**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

**Amber Indian Restaurant**
*Restaurant-Fine Indian Cuisine*



12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com


**WorldWide Travel, Inc**



ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details


**Regal Jewels**



2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਹੰਭੀ ਸਰਕਾਰ ਨੇ ਕਰੋਨਾ ਨਾਲ ਲੜਨ ਦਾ ਭਾਰ ਲੋਕਾਂ 'ਤੇ ਸੁੱਟਿਆ

**ਚੰਡੀਗੜ੍ਹ:** ਪੂਰੇ ਵਿਸ਼ਵ ਨੂੰ ਕਰੋਨਾ ਵਾਇਰਸ ਨਾਲ ਸਾਹਮਣਾ ਕਰਦਿਆਂ ਲਗਭਗ 4 ਮਹੀਨੇ ਤੋਂ ਵਧੇਰੇ ਦਾ ਸਮਾਂ ਹੋ ਚੁੱਕਾ ਹੈ ਪਰ ਅਜੇ ਵੀ ਇਸ ਲੜਾਈ ਦੀ ਸਮਾਪਤੀ ਹੋਣ ਦੀ ਸੰਭਾਵਨਾ ਦਿਖਾਈ ਨਹੀਂ ਦਿੰਦੀ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਏਮਜ਼) ਦੀ ਇਕ ਰਿਪੋਰਟ ਨੇ ਚਿੰਤਾ ਦੀਆਂ ਰੇਖਾਵਾਂ ਨੂੰ ਹੋਰ ਸੰਘਣਾ ਕਰ ਦਿੱਤਾ ਹੈ। ਹੁਣ ਜਦੋਂ ਕਿ ਪੂਰਾ ਵਿਸ਼ਵ ਅਤੇ ਭਾਰਤ ਇਸ ਮਹਾਂਮਾਰੀ ਦੇ ਇਲਾਜ ਲਈ ਕਿਸੇ ਟੀਕੇ ਜਾਂ ਦਵਾਈ ਦੀ ਕਾਢ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੈ ਤਾਂ 'ਏਮਜ਼' ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਦੋ ਮਹੀਨਿਆਂ ਦੌਰਾਨ ਦੇਸ਼ ਵਿਚ ਇਸ ਮਹਾਂਮਾਰੀ ਨਾਲ ਪੀੜਤ ਹੋਣ ਵਾਲਿਆਂ ਅਤੇ ਮੌਤਾਂ ਦੀ ਗਿਣਤੀ ਨੂੰ ਲੈ ਕੇ ਅੰਕੜੇ ਕਾਫੀ ਭਿਆਨਕ ਹੋ ਸਕਦੇ ਹਨ। ਇਹ ਵੀ ਕਿ ਇਨ੍ਹਾਂ ਦੋ ਮਹੀਨਿਆਂ ਵਿਚ ਕਰੋਨਾ ਵਾਇਰਸ ਦਾ ਪ੍ਰਕੋਪ ਵਧ ਸਕਦਾ ਹੈ।

ਦੂਜੇ ਪਾਸੇ ਅਮਰੀਕੀ ਵਿਗਿਆਨੀਆਂ ਵਲੋਂ ਜਾਰੀ ਕੀਤੀ ਇਕ ਹੋਰ ਰਿਪੋਰਟ ਵੀ ਚਿੰਤਾ ਵਧਾਉਣ ਵਾਲੀ ਹੈ। ਇਸ ਰਿਪੋਰਟ ਵਿਚ ਵੀ ਇਹ ਖਦਸ਼ਾ ਜ਼ਾਹਰ ਕੀਤਾ ਗਿਆ ਹੈ ਕਿ ਕਰੋਨਾ ਵਾਇਰਸ ਦੇ ਖਤਮ ਹੋਣ ਦੀ ਅਜੇ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ ਅਤੇ ਇਹ ਵੀ ਕਿ ਇਸ ਵਲੋਂ ਆਪਣਾ ਰੂਪ ਬਦਲ ਕੇ ਹੋਰ ਹਮਲਾਵਰ ਹੋ ਜਾਣ ਦਾ ਵੱਡਾ ਖਦਸ਼ਾ ਹੈ। ਇਸ ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਵਿਗਿਆਨੀਆਂ ਨੇ ਵਾਇਰਸ ਦੇ ਇਸ ਨਵੇਂ ਰੂਪ ਦੀ ਪਛਾਣ ਵੀ ਕਰ ਲਈ ਹੈ ਅਤੇ ਉਨ੍ਹਾਂ ਨੇ ਇਸ ਦਾ ਐਲਾਨ ਹੁਣ ਇਸ ਲਈ ਕਰ ਦਿੱਤਾ ਹੈ ਤਾਂ ਕਿ ਜਿਹੜੇ ਵਿਗਿਆਨੀ ਕੋਵਿਡ-19 ਦੇ ਲਈ ਕਿਸੇ ਦਵਾਈ ਜਾਂ ਟੀਕੇ ਦੀ ਖੋਜ ਕਰ ਰਹੇ ਹਨ, ਉਨ੍ਹਾਂ ਨੂੰ ਇਸ ਪਾਸੇ ਪ੍ਰੇਰਿਤ ਕੀਤਾ ਜਾ ਸਕੇ ਤਾਂ ਕਿ ਉਹ ਆਪਣੇ ਯਤਨਾਂ ਵਿਚ ਵਾਇਰਸ ਦੇ ਇਸ ਨਵੇਂ ਰੂਪ ਦੇ ਖਤਰੇ ਨੂੰ ਵੀ ਸ਼ਾਮਲ ਕਰ ਸਕਣ। ਇਸ ਰਿਪੋਰਟ ਦੇ ਅਨੁਸਾਰ ਇਹ ਨਵਾਂ ਰੂਪ ਵੂਹਾਨ ਵਾਲੇ ਜੀਵਾਣੂ ਤੋਂ ਵਧੇਰੇ ਖਤਰਨਾਕ ਵੀ ਹੋ ਸਕਦਾ ਹੈ।

ਮੌਜੂਦਾ ਹਾਲਾਤ ਨੂੰ ਵੇਖਦੇ ਹੋਏ ਸਰਕਾਰ ਨੇ ਕੋਵਿਡ-19 ਦੇ ਟਾਕਰੇ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ 'ਲੋਕਾਂ ਨੂੰ ਵਾਇਰਸ ਨਾਲ ਜਿਊਣ ਦਾ ਵਲ ਸਿੱਖਣਾ ਹੋਵੇਗਾ।' ਸਰਕਾਰ ਨੇ ਕਿਹਾ ਕਿ ਸਾਨੂੰ ਇਨ੍ਹਾਂ ਸੇਧਾਂ ਨੂੰ ਰਵੱਈਏ 'ਚ ਆਏ ਬਦਲਾਅ ਵਜੋਂ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੋਵੇਗਾ।

ਸਿਹਤ ਮੰਤਰਾਲੇ 'ਚ ਜੁਆਇੰਟ ਸਕੱਤਰ ਲਵ ਅਗਰਵਾਲ ਨੇ ਕਿਹਾ ਕਿ ਅਸੀਂ ਲੌਕਡਾਊਨ 'ਚ ਛੋਟਾਂ ਅਤੇ ਪਰਵਾਸੀ ਕਾਮਿਆਂ ਦੇ ਆਪੋ ਆਪਣੇ ਘਰਾਂ ਨੂੰ ਮੁੜਨ ਦੀ ਗੱਲ ਤਾਂ ਕਰਦੇ ਹਾਂ, ਪਰ ਸਾਡੇ ਸਾਹਮਣੇ ਇਸ ਤੋਂ ਵੀ ਵੱਡੀ ਚੁਣੌਤੀ ਹੈ ਕਿ ਸਾਨੂੰ ਇਸ ਵਾਇਰਸ ਦੇ ਨਾਲ ਹੀ ਜਿਊਣ ਦਾ ਵਲ ਸਿੱਖਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਵੱਡੀ ਚੁਣੌਤੀ ਹੈ ਤੇ ਸਰਕਾਰ ਨੂੰ ਇਸ ਲਈ ਭਾਈਚਾਰਕ ਸਹਿਯੋਗ ਦੀ ਲੋੜ ਹੈ। ਇਸ ਤੋਂ ਪਹਿਲਾਂ ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਕਿ ਦੇਸ਼ ਦੇ 216 ਜ਼ਿਲ੍ਹਿਆਂ ਵਿਚ ਹੁਣ ਤਕ ਕੋਵਿਡ-19 ਦਾ ਇਕ ਵੀ ਕੇਸ ਰਿਪੋਰਟ ਨਹੀਂ ਹੋਇਆ। 42 ਜ਼ਿਲ੍ਹੇ ਅਜਿਹੇ ਹਨ ਜਿਥੇ ਪਿਛਲੇ 28 ਦਿਨਾਂ ਤੋਂ ਲਾਗ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ ਤੇ 28 ਜ਼ਿਲ੍ਹਿਆਂ ਵਿਚ ਲੰਘੇ ਤਿੰਨ ਹਫਤਿਆਂ ਤੋਂ ਕਰੋਨਾ ਵਾਇਰਸ ਦਾ ਕੋਈ ਕੇਸ ਦਰਜ ਨਹੀਂ ਹੋਇਆ।

ਕੇਂਦਰੀ ਸਿਹਤ ਮੰਤਰਾਲੇ ਨੇ ਕਰੋਨਾ ਵਾਇਰਸ ਦੇ ਮਰੀਜ਼ਾਂ ਦੀ ਹਸਪਤਾਲ ਤੋਂ ਛੁੱਟੀ ਦੇਣ ਵਾਲੀ ਆਪਣੀ ਨੀਤੀ 'ਚ ਬਦਲਾਅ ਕੀਤਾ ਹੈ। ਹੁਣ ਕਰੋਨਾ ਤੋਂ ਪੀੜਤ ਗੰਭੀਰ ਮਰੀਜ਼ਾਂ ਦਾ ਹਸਪਤਾਲ 'ਚ ਛੁੱਟੀ ਤੋਂ ਪਹਿਲਾਂ ਆਰਟੀ-ਪੀ.ਸੀ.ਆਰ. ਟੈਸਟ ਹੋਵੇਗਾ ਅਤੇ ਇਸ ਦੇ ਨੈਗੇਟਿਵ ਆਉਣ ਦੀ ਸੂਰਤ 'ਚ ਉਸ ਨੂੰ ਛੁੱਟੀ ਮਿਲੇਗੀ। ਨਵੀਂ ਨੀਤੀ ਤਹਿਤ ਕਰੋਨਾ ਦੇ ਹਲਕੇ ਲੱਛਣਾਂ ਵਾਲੇ ਮਰੀਜ਼ਾਂ ਨੂੰ ਛੁੱਟੀ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਟੈਸਟ ਨਹੀਂ ਕੀਤੇ ਜਾਣਗੇ। ਅਜਿਹੇ ਮਰੀਜ਼ਾਂ ਨੂੰ ਛੁੱਟੀ ਦੇਣ ਦੇ ਸਮੇਂ ਸਲਾਹ ਦਿੱਤੀ ਜਾਵੇਗੀ ਕਿ ਉਹ ਨਿਰਦੇਸ਼ਾਂ ਮੁਤਾਬਕ ਸੱਤ ਦਿਨ ਤੱਕ ਘਰਾਂ ਅੰਦਰ ਇਕਾਂਤਵਾਸ 'ਚ ਹੀ ਰਹਿਣ। ਪਹਿਲਾਂ 14 ਦਿਨਾਂ ਮਗਰੋਂ ਜੇਕਰ ਮਰੀਜ਼ ਦੀ ਰਿਪੋਰਟ ਨੈਗੇਟਿਵ ਆਉਂਦੀ ਸੀ ਤਾਂ ਦੁਬਾਰਾ 24 ਘੰਟਿਆਂ ਦੇ ਅੰਦਰ ਰਿਪੋਰਟ ਨੈਗੇਟਿਵ ਆਉਣ ਉਤੇ ਉਸ ਨੂੰ ਛੁੱਟੀ ਦਿੱਤੀ ਜਾਂਦੀ ਸੀ। ਛੁੱਟੀ ਤੋਂ ਮਗਰੋਂ ਜੇਕਰ ਕਿਸੇ 'ਚ ਬੁਖਾਰ, ਖੰਘ ਜਾਂ ਸਾਹ ਲੈਣ 'ਚ ਤਕਲੀਫ ਦੇ ਲੱਛਣ ਦਿਖਾਈ ਦਿੰਦੇ ਹਨ ਤਾਂ ਉਹ ਕੋਵਿਡ ਕੇਅਰ ਸੈਂਟਰ ਜਾਂ ਸੂਬਾ ਹੈਲਪਲਾਈਨ ਜਾਂ 1075 ਉਤੇ ਸੰਪਰਕ ਕਰ ਸਕਦੇ ਹਨ।

## ਉਬਾਮਾ ਵਲੋਂ ਟਰੰਪ ਦੇ ਕਰੋਨਾ ਨਾਲ ਲੜਨ ਦੇ ਤਰੀਕਿਆਂ 'ਤੇ ਸਵਾਲ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਰੋਨਾ ਵਾਇਰਸ ਮਹਾਮਾਰੀ ਨਾਲ ਨਿਪਟਣ ਦੇ ਤਰੀਕਿਆਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਪਹਿਲਾਂ ਤਾਂ ਇਸ ਬਿਮਾਰੀ ਨੂੰ ਲਾਪਰਵਾਹੀ ਨਾਲ ਲਿਆ ਅਤੇ ਜਦੋਂ ਇਹ ਮਾਰਚ ਦੇ ਅੱਧ ਤੱਕ ਫੈਲ ਗਈ ਤਾਂ ਇਸ ਉਤੇ ਗੰਭੀਰਤਾ ਦਿਖਾਉਣੀ ਸ਼ੁਰੂ ਕੀਤੀ।



ਅਮਰੀਕਾ ਦੀਆਂ ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲ ਕਰਦਿਆਂ ਟਰੰਪ ਦੇ ਪਹਿਲੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਦੇ ਖਿਲਾਫ ਨਿਆਂ ਮੰਤਰਾਲੇ ਵਲੋਂ ਅਪਰਾਧਿਕ ਮਾਮਲੇ ਸਮਾਪਤ ਕਰਨ ਦੀ ਵੀ ਨਿਖੇਧੀ ਕੀਤੀ। ਓਬਾਮਾ ਨੇ ਆਪਣੇ ਸਮਰਥਾਂ ਨੂੰ ਰਾਸ਼ਟਰਪਤੀ ਚੋਣਾਂ ਲਈ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਓਬਾਮਾ ਨੇ ਕਿਹਾ, "ਅਸੀਂ ਸਵਾਰਥੀ ਹੋਣ, ਆਪਸ ਵਿਚ ਵੰਡੇ ਹੋਣ ਅਤੇ ਦੂਜਿਆਂ ਨੂੰ ਵਿਰੋਧੀਆਂ ਦੀ ਤਰ੍ਹਾਂ ਦੇਖਣ ਦੀ ਲੰਬੇ ਸਮੇਂ ਤੋਂ ਚੱਲ ਰਹੀ ਪ੍ਰਵਿਰਤੀ ਨਾਲ ਲੜ ਰਹੇ ਹਾਂ ਅਤੇ ਇਹ ਪ੍ਰਵਿਰਤੀਆਂ ਅਮਰੀਕੀ ਜੀਵਨ ਵਿਚ ਮਜ਼ਬੂਤੀ ਨਾਲ ਘਰ ਬਣਾ ਚੁੱਕੀਆਂ ਹਨ। ਅਸੀਂ ਅੰਤਰਰਾਸ਼ਟਰੀ ਪੱਧਰ ਉਤੇ ਵੀ ਇਹ ਸਭ ਦੇਖ ਰਹੇ ਹਾਂ। ਇਹੀ ਕਾਰਨ ਹੈ ਕਿ ਵਿਸ਼ਵ ਸੰਕਟ ਨੂੰ ਲੈ ਕੇ ਪ੍ਰਕਿਰਿਆ ਅਤੇ ਕਾਰਵਾਈ ਇੰਨੀ ਕਮਜ਼ੋਰ ਅਤੇ ਦਾਗਦਾਰ ਹੈ।"

## ਜੂਨ-ਜੁਲਾਈ 'ਚ ਸਿਖਰ 'ਤੇ ਹੋਵੇਗਾ ਕਰੋਨਾ

**ਨਵੀਂ ਦਿੱਲੀ:** ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਏਮਜ਼) ਦੇ ਨਿਰਦੇਸ਼ਕ ਰਣਦੀਪ ਗੁਲੇਰੀਆ ਨੇ ਕਿਹਾ ਕਿ ਜੂਨ-ਜੁਲਾਈ ਵਿਚ ਕਰੋਨਾ ਵਾਇਰਸ ਮਹਾਂਮਾਰੀ ਸਿਖਰ 'ਤੇ ਪਹੁੰਚ ਜਾਵੇਗੀ ਤੇ ਅਜਿਹਾ ਬਿਲਕੁਲ ਨਹੀਂ ਹੈ ਕਿ ਇਹ ਬਿਮਾਰੀ ਇਕ ਵਾਰ ਵਿਚ ਹੀ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਸਾਨੂੰ ਕਰੋਨਾ ਦੇ ਨਾਲ ਜਿਉਣਾ ਹੋਵੇਗਾ। ਕਰੋਨਾ ਦੇ ਮਾਮਲਿਆਂ ਵਿਚ ਹੌਲੀ-ਹੌਲੀ ਕਮੀ ਆਵੇਗੀ, ਜਦੋਂ ਤੋਂ ਮਈ ਦਾ ਮਹੀਨਾ ਸ਼ੁਰੂ ਹੋਇਆ ਹੈ, ਕਰੋਨਾ ਦੇ ਮਾਮਲਿਆਂ ਦੀ ਰਫਤਾਰ ਤੇਜ਼ ਹੋ ਗਈ ਹੈ। ਪਹਿਲੇ ਕਿਹਾ ਜਾ ਰਿਹਾ ਸੀ ਕਿ ਮਈ-ਜੂਨ ਵਿਚ ਜਦੋਂ ਦੇਸ਼ ਵਿਚ ਗਰਮੀ ਵਧਣ ਲੱਗੇਗੀ ਤਾਂ ਕਰੋਨਾ ਦੇ ਮਾਮਲਿਆਂ ਵਿਚ ਕੁਝ ਕਮੀ ਆਵੇਗੀ ਪਰ ਫਿਲਹਾਲ ਅਜਿਹਾ ਕੁਝ ਨਹੀਂ ਦਿਸ ਰਿਹਾ। ਇਸ ਦੌਰਾਨ ਏਮਜ਼ ਦੇ ਨਿਰਦੇਸ਼ਕ ਰਣਦੀਪ ਗੁਲੇਰੀਆ ਨੇ ਕਿਹਾ ਹੈ ਕਿ ਮਈ 'ਚ ਮਾਮਲੇ ਵਧ ਰਹੇ ਹਨ ਤੇ ਜੂਨ ਵਿਚ ਇਹ ਸਿਖਰ ਉਤੇ ਪੁੱਜ ਜਾਣਗੇ।

## ਫਰਾਂਸੀਸੀ ਡਾਕਟਰਾਂ ਨੇ ਦਸੰਬਰ 'ਚ ਦੇਖਿਆ ਸੀ ਵਾਇਰਸ ਦਾ ਪਹਿਲਾ ਕੇਸ

**ਲੰਡਨ:** ਫਰਾਂਸ ਦੇ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਪਿਛਲੇ ਸਾਲ ਦਸੰਬਰ ਵਿਚ ਨਵੇਂ ਕਰੋਨਾ ਵਾਇਰਸ ਦੇ ਸੰਭਾਵੀ ਕੇਸ ਦੀ ਪਛਾਣ ਕੀਤੀ ਸੀ ਜਦੋਂਕਿ ਯੂਰਪ ਵਿਚ ਪਹਿਲੇ ਅਧਿਕਾਰਤ ਕੇਸ ਦੀ ਪੁਸ਼ਟੀ ਇਕ ਮਹੀਨੇ ਮਗਰੋਂ ਜਨਵਰੀ ਵਿਚ ਹੋਈ ਸੀ। ਇੰਟਰਨੈਸ਼ਨਲ ਜਰਨਲ ਆਫ ਮਾਈਕਰੋਬੀਅਲ ਏਜੰਟਸ ਵਿਚ ਪ੍ਰਕਾਸ਼ਤ ਅਧਿਐਨ ਮੁਤਾਬਕ ਪੈਰਿਸ ਦੇ ਉਤਰ ਵਿਚ ਇਕ ਹਸਪਤਾਲ ਦੇ ਡਾਕਟਰਾਂ ਨੇ ਨਿਮੋਨੀਆ ਦੇ ਇਲਾਜ ਲਈ ਆਏ 14 ਮਰੀਜ਼ਾਂ ਦੇ ਨਮੂਨਿਆਂ ਦੀ ਜਾਂਚ ਦੌਰਾਨ ਅਲਜੀਰੀਆ ਨਾਲ ਸਬੰਧਤ ਮੱਛੀ ਵੇਚਣ ਵਾਲੇ 42 ਸਾਲਾ ਐਮੀਰੁਚ ਹੈਮਰ ਵਿਚ ਨਵੇਂ ਕਰੋਨਾ ਵਾਇਰਸ ਦੇ ਲੱਛਣ ਵੇਖੇ ਸਨ। ਹੈਮਰ ਪਿਛਲੇ ਕਈ ਸਾਲਾਂ ਤੋਂ ਫਰਾਂਸ ਵਿਚ ਰਹਿ ਰਿਹਾ ਸੀ ਤੇ ਉਸ ਨੇ ਹਾਲ ਹੀ ਵਿਚ ਕੋਈ ਵਿਦੇਸ਼ ਯਾਤਰਾ ਵੀ ਨਹੀਂ ਕੀਤੀ ਸੀ। ਹੈਮਰ ਨੂੰ ਛਾਤੀ ਵਿਚ ਦਰਦ, ਸਾਹ ਵਿਚ ਤਕਲੀਫ ਤੇ ਬੁਖਾਰ ਮਗਰੋਂ ਦਸੰਬਰ 'ਚ ਹਸਪਤਾਲ ਲਿਆਂਦਾ ਗਿਆ ਸੀ।


Bridging Care Home Health Plus

(IDPH Licensed and Medicare Certified Home Health)

ਸੋਲ ਕੇਅਰ ਸਰਵਿਸਿਜ਼, ਇੰਕ.
Soul Care Services, Inc.
dba
Bridging Care
Home Health Plus

ਬ੍ਰਿਜਿੰਗ ਕੇਅਰ ਹੋਮ ਹੈਲਥ ਪਲੱਸ

(ਆਈ.ਡੀ.ਪੀ.ਐਚ. ਤੋਂ ਲਾਈਸੈਂਸ ਪ੍ਰਾਪਤ ਅਤੇ ਮੈਡੀਕੇਅਰ ਹੋਮ ਹੈਲਥ)

ਤੁਹਾਡੇ ਘਰ ਹੇਠ ਲਿਖੀਆਂ ਸੇਵਾਵਾਂ ਪੁੱਜਦੀਆਂ ਕਰਨ ਦਾ ਮੁਕੰਮਲ ਪ੍ਰਬੰਧ

*ਨਰਸਿੰਗ Nursing
*ਫਿਜ਼ੀਕਲ ਥੈਰੇਪੀ Physical Therapy
*ਆਕਿਊਪੇਸ਼ਨਲ ਥੈਰੇਪੀ Occupational Therapy
*ਸਪੀਚ ਥੈਰੇਪੀ Speech Therapy
*ਹੋਮ ਹੈਲਥ ਏਡ Home Health Aide
*ਸੋਸ਼ਲ ਵਰਕਰ ਸਰਵਿਸਿਜ਼ Social Worker Services

ਡੀ.ਐਮ.ਈ. ਸਪਲਾਈਜ਼ ਦਾ ਪ੍ਰਬੰਧ-ਕੇਨ, ਵਾਕਰ, ਵ੍ਹੀਲਚੇਅਰ, ਡਾਇਪਰਜ਼, ਡਾਇਬਟਿਕ ਸਪਲਾਈਜ਼, ਡਾਇਬਟੀਜ਼ ਸ਼ੂਜ਼, ਫਿਜ਼ੀਸ਼ੀਅਨ ਸੇਵਾਵਾਂ ਦਾ ਪ੍ਰਬੰਧ

ਬਲੱਡ ਟੈਸਟ, ਐਕਸ-ਰੇਅ, 2-ਡੀ ਈਕੋ, ਅਲਟ੍ਰਾਸਾਊਂਡ, ਈ.ਕੇ.ਜੀ., ਡੋਪਲਰ ਟੈਸਟ

ਜੇ ਤੁਸੀਂ ਹਿੰਦੀ ਜਾਂ ਉਰਦੂ ਬੋਲਣ ਵਾਲੇ ਸਪੈਸ਼ਲਿਸਟ ਡਾਕਟਰਾਂ ਜਿਵੇਂ ਦਿਲ ਦੇ ਡਾਕਟਰ, ਹੱਡੀਆਂ ਦੇ ਡਾਕਟਰ, ਦਰਦ ਨਾਲ ਸਬੰਧਤ ਫਿਜ਼ੀਸ਼ੀਅਨ, ਜੋ ਦਰਦ ਤੋਂ ਰਾਹਤ ਲਈ ਤੁਹਾਨੂੰ ਇੰਜੈਕਸ਼ਨ ਰਾਹੀਂ ਦਵਾਈਆਂ ਦੇ ਸਕਦੇ ਹਨ, ਦਾ ਪ੍ਰਬੰਧ ਹੈ।

ਇਹ ਸੇਵਾਵਾਂ ਮੈਡੀਕੇਅਰ, ਇੰਸ਼ੋਰੈਂਸ ਕੰਪਨੀਆਂ ਅਤੇ ਪ੍ਰਾਈਵੇਟ ਪੇਅ ਤਹਿਤ ਕਵਰ ਹਨ।

ਕਿਰਪਾ ਕਰ ਕੇ ਇਸ ਨੰਬਰ 'ਤੇ ਕਾਲ ਕਰੋ: 847-260-5140
www.soulcareservices.com

ਹਿੰਦੀ/ਗੁਜਰਾਤੀ ਵਿਚ ਜਾਣਕਾਰੀ ਲਈ:
ਫੋਨ: 847-372-5423

# ਤੇਲ ਕੀਮਤਾਂ: ਔਖੇ ਵੇਲੇ ਵੀ ਲੋਕਾਂ ਦੀ ਛਿੱਲ ਲਾਹੇਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੈਟਰੋਲ 'ਤੇ 10 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਉਤੇ 13 ਰੁਪਏ ਪ੍ਰਤੀ ਲਿਟਰ ਆਬਕਾਰੀ ਡਿਊਟੀ ਵਧਾ ਦਿੱਤੀ। ਪੈਟਰੋਲ ਅਤੇ ਡੀਜ਼ਲ ਉਤੇ ਆਬਕਾਰੀ ਡਿਊਟੀ ਵਿਚ ਕੀਤੇ ਇਸ ਰਿਕਾਰਡ ਵਾਧੇ ਨਾਲ ਕੇਂਦਰ ਸਰਕਾਰ ਨੂੰ ਇਸ ਵਿੱਤੀ ਵਰ੍ਹੇ ਦੌਰਾਨ 1.6 ਲੱਖ ਕਰੋੜ ਰੁਪਏ ਵੱਧ ਮਾਲੀਆ ਇਕੱਠਾ ਹੋਵੇਗਾ। ਇਸ ਨਾਲ ਵਾਹਨਾਂ ਦੇ ਤੇਲ ਉਤੇ ਟੈਕਸ ਹੁਣ ਕੀਮਤ ਦਾ 70 ਫੀਸਦ ਹੋ ਗਿਆ ਹੈ।

ਸਰਕਾਰ ਨੇ ਇਹ ਫੈਸਲਾ ਉਸ ਸਮੇਂ ਲਿਆ ਹੈ ਜਦੋਂ ਅੰਤਰਰਾਸ਼ਟਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਬਹੁਤ ਘਟ ਗਈਆਂ ਹਨ। ਉਮੀਦ ਸੀ ਕਿ ਇਨ੍ਹਾਂ ਕੀਮਤਾਂ ਅਨੁਸਾਰ ਭਾਰਤ ਵਿਚ ਪੈਟਰੋਲ ਤੇ ਡੀਜ਼ਲ ਬਹੁਤ ਸਸਤੇ ਹੋ ਜਾਣਗੇ ਪਰ ਵਰਤਾਰਾ ਇਸ ਦੇ ਉਲਟ ਹੈ। ਪੈਟਰੋਲ ਅਤੇ ਡੀਜ਼ਲ ਉਤੇ ਆਬਕਾਰੀ ਡਿਊਟੀ 'ਚ ਵਾਧੇ ਨਾਲ ਸਰਕਾਰ ਕੌਮਾਂਤਰੀ ਤੇਲ ਕੀਮਤਾਂ ਵਿਚ ਆਈ ਵੱਡੀ ਗਿਰਾਵਟ ਕਾਰਨ ਮੁਨਾਫਾ ਕਮਾਏਗੀ। ਕੇਂਦਰ ਸਰਕਾਰ ਨੇ ਪੈਟਰੋਲ ਉਤੇ 10 ਰੁਪਏ ਅਤੇ ਡੀਜ਼ਲ 'ਤੇ 13 ਰੁਪਏ ਪ੍ਰਤੀ ਲਿਟਰ ਆਬਕਾਰੀ ਡਿਊਟੀ ਤੇ ਸੈੱਸ ਵਧਾਈ ਹੈ। ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਇਸ ਦਾ ਬੋਝ ਖਪਤਕਾਰਾਂ ਉਤੇ ਨਹੀਂ ਪਵੇਗਾ ਕਿਉਂਕਿ ਵਾਧੇ ਦਾ ਪੈਸਾ ਪੈਟਰੋਲੀਅਮ ਕੰਪਨੀਆਂ ਅਦਾ ਕਰਨਗੀਆਂ। ਇਸ ਤੋਂ ਪਹਿਲਾਂ ਦਿੱਲੀ, ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਵੈਟ ਵਧਾ ਦਿੱਤੇ ਹਨ। ਦਿੱਲੀ ਸਰਕਾਰ ਨੇ ਡੀਜ਼ਲ 'ਤੇ 7.10 ਰੁਪਏ ਅਤੇ ਪੈਟਰੋਲ 'ਤੇ 1.67 ਰੁਪਏ ਵੈਟ ਵਧਾਇਆ ਹੈ ਅਤੇ ਪੰਜਾਬ



ਸਰਕਾਰ ਨੇ ਦੋ ਰੁਪਏ ਫੀ ਲਿਟਰ। ਸਰਕਾਰਾਂ ਨੇ ਇਹ ਵਾਧੇ ਲੌਕਡਾਊਨ ਦੌਰਾਨ ਬੰਦ ਹੋਏ ਕਾਰੋਬਾਰਾਂ ਕਰ ਕੇ ਮਾਲੀਆ ਇਕੱਠਾ ਹੋਣ ਵਿਚ ਆਈ ਕਮੀ ਦੀ ਦਲੀਲ ਦਿੰਦਿਆਂ ਕੀਤੇ ਹਨ। ਕੇਂਦਰ ਸਰਕਾਰ ਨੂੰ ਇਸ ਵਾਧੇ ਕਾਰਨ 1.60 ਲੱਖ ਕਰੋੜ ਰੁਪਏ ਜ਼ਿਆਦਾ ਸਾਲਾਨਾ ਮਾਲੀਆ ਮਿਲੇਗਾ।

ਸਰਕਾਰੀ ਤੇਲ ਕੰਪਨੀਆਂ ਵੱਲੋਂ ਐਕਸਾਈਜ਼ ਡਿਊਟੀ ਵਿਚਲੇ ਵਾਧੇ ਨੂੰ ਕੌਮਾਂਤਰੀ ਤੇਲ ਕੀਮਤਾਂ ਵਿਚ ਗਿਰਾਵਟ ਕਾਰਨ ਮਿਲੇ ਮੁਨਾਫੇ ਵਿਰੁਧ ਅਡਜਸਟ ਕੀਤਾ ਗਿਆ ਹੈ। ਪਿਛਲੇ ਦੋ ਮਹੀਨਿਆਂ ਵਿਚ ਸਰਕਾਰ ਵਲੋਂ ਦੂਜੀ ਵਾਰ ਆਬਕਾਰੀ ਡਿਊਟੀ 'ਚ ਵਾਧਾ ਕੀਤਾ ਗਿਆ ਹੈ ਅਤੇ ਇਸ ਨਾਲ ਸਰਕਾਰ ਨੂੰ 2019-20 ਦੀ ਤੇਲ ਖਪਤ ਅਨੁਸਾਰ 1.7 ਲੱਖ ਕਰੋੜ ਵੱਧ ਮਾਲੀਆ ਇਕੱਠਾ ਹੋਣ ਵਿਚ ਮਦਦ ਮਿਲੇਗੀ। ਕਰੋਨਾ ਵਾਇਰਸ ਦੇ ਲੌਕਡਾਊਨ ਕਰਕੇ ਆਵਾਜਾਈ ਪਾਬੰਦੀਆਂ ਕਾਰਨ ਘਟੀ ਤੇਲ ਖਪਤ ਦੇ ਮੱਦੇਨਜ਼ਰ ਇਹ ਮਾਲੀਆ ਮੌਜੂਦਾ ਵਿੱਤੀ ਵਰ੍ਹੇ ਲਈ 1.6 ਲੱਖ ਕਰੋੜ ਰੁਪਏ ਦੇ ਆਸ-ਪਾਸ ਰਹਿਣ ਦੀ ਸੰਭਾਵਨਾ ਹੈ।

ਇਸੇ ਦੌਰਾਨ ਉਤਰ ਪ੍ਰਦੇਸ਼ ਸਰਕਾਰ ਨੇ ਪੈਟਰੋਲ ਕੀਮਤਾਂ ਵਿਚ ਦੋ ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਕੀਮਤਾਂ ਵਿਚ ਇਕ ਰੁਪਏ ਪ੍ਰਤੀ ਲਿਟਰ ਦਾ ਵਾਧਾ ਕੀਤਾ ਹੈ। ਇਸ ਨਾਲ ਯੂਪੀ ਵਿਚ ਪੈਟਰੋਲ 73.91 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ 63.86 ਰੁਪਏ ਪ੍ਰਤੀ ਲਿਟਰ ਉਪਲਬਧ ਹੋਵੇਗਾ।

## ਕਿਸਾਨ ਜਥੇਬੰਦੀਆਂ ਨੇ ਕੇਂਦਰ ਦੀ ਨੀਅਤ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਸਖਤ ਵਿਰੋਧ ਕੀਤਾ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਜਦੋਂ ਇਕ ਪਾਸੇ ਕਰੋਨਾ ਵਾਇਰਸ ਸੰਕਟ ਦੌਰਾਨ ਸੰਸਾਰ ਪੱਧਰ 'ਤੇ ਤੇਲ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਆਈ ਹੈ, ਉਸ ਸਮੇਂ ਕੇਂਦਰ ਅਤੇ ਪੰਜਾਬ ਸਰਕਾਰ ਰਲ ਕੇ ਆਮ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ 'ਤੇ ਤੁਲੇ ਹੋਏ ਹਨ। ਬਣਦਾ ਤਾਂ ਇਹ ਸੀ ਕਿ ਕਰੋਨਾ ਦੀ ਮਾਰ ਝੱਲ ਰਹੇ ਮੁਲਕ ਦੇ 137 ਕਰੋੜ ਲੋਕਾਂ ਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ ਕੌਮਾਂਤਰੀ ਮੰਡੀ 'ਚ ਘਟੀਆਂ ਤੇਲ ਦੀਆਂ ਕੀਮਤਾਂ ਦਾ ਫਾਇਦਾ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਘੱਟ ਕਰਕੇ ਆਮ ਲੋਕਾਈ ਨੂੰ ਦਿੱਤਾ ਜਾਂਦਾ।

## ਕਾਂਗਰਸ ਨੇ ਕੇਂਦਰ ਸਰਕਾਰ ਨੂੰ ਘੇਰਿਆ

**ਨਵੀਂ ਦਿੱਲੀ:** ਕਾਂਗਰਸ ਨੇ ਕਿਹਾ ਕਿ ਪੈਟਰੋਲ ਅਤੇ ਡੀਜ਼ਲ 'ਤੇ ਟੈਕਸ ਵਧਾ ਕੇ ਭਾਰਤੀਆਂ ਦੀ ਛਿੱਲ ਲਾਹੁਣੀ 'ਵਿੱਤੀ ਤੌਰ 'ਤੇ ਦੇਸ਼ ਵਿਰੋਧੀ' ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਅਜਿਹੇ ਸਮੇਂ ਵਿਚ ਜਦੋਂ ਪਰਵਾਸੀਆਂ, ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਆਦਿ ਕੋਲ ਪੈਸਾ ਨਹੀਂ ਹੈ ਅਤੇ ਸਰਕਾਰ ਵਲੋਂ 'ਗੈਰਕਾਨੂੰਨੀ ਅਤੇ ਜਬਰੀ' ਢੰਗ ਨਾਲ ਪੈਸਾ ਇਕੱਠਾ ਕਰਨਾ 'ਅਣਮਨੁੱਖੀ, ਬੇਰਹਿਮੀ ਅਤੇ ਗੈਰ-ਸੰਵੇਦਨਸ਼ੀਲ' ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਵਲੋਂ ਟੈਕਸ ਵਧਾ ਕੇ ਇਕੱਠੇ ਕੀਤੇ ਜਾ ਰਹੇ ਇਸ ਪੈਸੇ ਦਾ 75 ਫੀਸਦ ਪੈਸਾ ਸੂਬਿਆਂ ਨੂੰ ਦਿੱਤਾ ਜਾਵੇ ਕਿਉਂਕਿ ਇਸ ਨਾਲ ਇਹ ਯਕੀਨੀ ਬਣੇਗਾ ਕਿ ਸੂਬਾ ਸਰਕਾਰਾਂ ਵਲੋਂ ਤੇਲ 'ਤੇ ਟੈਕਸ ਨਹੀਂ ਵਧਾਇਆ ਜਾਵੇਗਾ।

## ਕਰੋਨਾ ਕਾਰਨ ਭਾਰਤੀ ਮੂਲ ਦੇ ਡਾਕਟਰ ਪਿਉ-ਧੀ ਦੀ ਮੌਤ


**ਨਿਊ ਯਾਰਕ:** ਨਿਊ ਜਰਸੀ ਵਿਚ ਭਾਰਤੀ ਮੂਲ ਦੇ ਡਾਕਟਰ ਪਿਉ-ਧੀ ਦੀ ਕੋਵਿਡ-19 ਨਾਲ ਮੌਤ ਹੋ ਗਈ ਹੈ। ਗਵਰਨਰ ਫਿਲ ਮਰਫੀ ਨੇ ਇਨ੍ਹਾਂ ਮੌਤਾਂ ਨੂੰ ਵੱਡਾ ਘਾਟਾ ਕਰਾਰ ਦਿੱਤਾ ਹੈ। ਸਤਿੰਦਰ ਦੇਵ ਖੰਨਾ (78) ਸਰਜਨ ਸਨ, ਜਿਨ੍ਹਾਂ ਨੇ ਦਹਾਕਿਆਂ ਤੋਂ ਨਿਊ ਜਰਸੀ ਦੇ ਕਈ ਹਸਪਤਾਲਾਂ ਵਿਚ ਕੰਮ ਕੀਤਾ। ਉਨ੍ਹਾਂ ਦੀ ਧੀ ਡਾ. ਪ੍ਰਿਆ ਖੰਨਾ (43) ਮੈਡੀਸਨ ਅਤੇ ਨੈਫਰੋਲੌਜੀ ਦੀ ਮਾਹਰ ਸੀ।

ਸਤਿੰਦਰ ਤੇ ਉਨ੍ਹਾਂ ਦੀ ਧੀ ਦੀ ਮੌਤ ਕਲਾਰਾ ਮਾਸ ਮੈਡੀਕਲ ਸੈਂਟਰ ਵਿਚ ਹੋਈ, ਜਿਥੇ ਦੋਵੇਂ ਕੰਮ ਕਰਦੇ ਸਨ। ਸਤਿੰਦਰ ਦੀ ਪਤਨੀ ਕੋਮਲਿਸ਼ ਖੰਨਾ ਬੱਚਿਆਂ ਦੀ ਡਾਕਟਰ ਹੈ। ਇਸ ਜੋੜੇ ਦੀਆਂ ਦੋ ਹੋਰ ਧੀਆਂ ਸੁਗੰਧਾ ਖੰਨਾ ਅਤੇ ਅਨੀਸ਼ਾ ਖੰਨਾ ਵੀ ਡਾਕਟਰ ਹਨ।



Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.




Madan Khatri
Want to Buy/Sell Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL



Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ


*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਕੈਪਟਨ ਵਲੋਂ ਕੇਂਦਰ ਨਾਲ ਔਖੇ ਵੇਲੇ ਪੰਜਾਬ ਦੀ ਬਾਂਹ ਨਾ ਫੜਨ ਦਾ ਗਿਲਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ-19 ਦੌਰਾਨ ਔਖ ਦੀ ਘੜੀ 'ਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਬਾਂਹ ਨਾ ਫੜਨ ਦਾ ਮਸਲਾ ਕਾਂਗਰਸ ਹਾਈਕਮਾਂਡ ਕੋਲ ਰੱਖਿਆ। ਉਨ੍ਹਾਂ ਕਿਹਾ ਕਿ ਕੇਂਦਰ ਦੀ ਬੇਰੁਖੀ ਕਰਕੇ ਪੰਜਾਬ ਨੂੰ ਵਿੱਤੀ ਸੰਕਟ ਝੱਲਣਾ ਪੈ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਵੀਡੀਓ-ਕਾਨਫਰੰਸ ਜ਼ਰੀਏ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਰਾਹੁਲ ਗਾਂਧੀ ਤੇ ਸੀਨੀਅਰ ਆਗੂਆਂ ਕੋਲ ਪੰਜਾਬ ਦੀ ਸਥਿਤੀ ਰੱਖੀ। ਮੁੱਖ ਮੰਤਰੀ ਨੇ ਕਾਂਗਰਸੀ ਆਗੂਆਂ ਨੂੰ ਦੱਸਿਆ ਕਿ ਕਿਵੇਂ ਪੰਜਾਬ ਵਿੱਤੀ ਤੌਰ 'ਤੇ ਮੁਸ਼ਕਲ ਦੌਰ ਵਿਚੋਂ ਲੰਘ ਰਿਹਾ ਹੈ। ਇਕੱਲੇ ਅਪਰੈਲ ਮਹੀਨੇ 'ਚ ਪਏ 88 ਫੀਸਦੀ ਵਿੱਤੀ ਘਾਟੇ ਦਾ ਜ਼ਿਕਰ ਕਰਦੇ ਉਨ੍ਹਾਂ ਆਖਿਆ ਕਿ ਅਪਰੈਲ ਵਿਚ 3,360 ਕਰੋੜ ਦੀ ਅਨੁਮਾਨੀ ਆਮਦਨ ਦੇ ਮੁਕਾਬਲੇ ਖਜਾਨੇ ਨੂੰ ਸਿਰਫ 396 ਕਰੋੜ ਰੁਪਏ ਪ੍ਰਾਪਤ ਹੋਏ ਹਨ। ਪਾਵਰਕੌਮ ਨੂੰ ਬਿਜਲੀ ਖਪਤ 30 ਫੀਸਦੀ ਘਟਣ ਕਰਕੇ ਰੋਜ਼ਾਨਾ 30 ਕਰੋੜ ਦੇ ਮਾਲੀਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਾਲੇ ਤੱਕ ਪੰਜਾਬ ਦੇ ਜੀ.ਐਸ.ਟੀ. ਦੇ 4365.37 ਕਰੋੜ ਰੁਪਏ ਦੇ ਬਕਾਏ ਦੀ ਅਦਾਇਗੀ ਨਹੀਂ ਕੀਤੀ ਗਈ ਹੈ। ਹਾਲਾਤ ਇਹ ਹਨ ਕਿ ਪੰਜਾਬ 'ਚ ਇਸ ਵੇਲੇ ਕੁੱਲ ਉਦਯੋਗਿਕ ਇਕਾਈਆਂ ਦਾ ਲਗਭਗ 1.5 ਹਿੱਸਾ ਹੀ ਕਾਰਜਸ਼ੀਲ ਹੈ।



ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਦੀ ਸਮੁੱਚੀ ਆਰਥਿਕਤਾ ਲੀਹ ਉਤੇ ਲਿਆਉਣ ਲਈ ਸ੍ਰੀ ਮੌਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਾਲੇ ਮਾਹਿਰ ਸਮੂਹ ਦੀ ਰਿਪੋਰਟ ਤਿੰਨ ਮਹੀਨਿਆਂ ਵਿਚ ਮਿਲਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਕਣਕ ਦੇ ਖਰੀਦ ਪ੍ਰਬੰਧਾਂ ਬਾਰੇ ਦੱਸਿਆ ਕਿ 100 ਲੱਖ ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ। ਇਸ 'ਤੇ ਸੋਨੀਆ ਗਾਂਧੀ ਨੇ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਕੈਪਟਨ ਨੇ ਆਖਿਆ ਕਿ ਪਰਵਾਸੀ ਕਾਮਿਆਂ ਦੀ ਘਰ ਵਾਪਸੀ ਲਈ ਰਾਜ ਸਰਕਾਰ ਨੇ 35 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਘਰ ਜਾਣ ਦੇ ਇੱਛੁਕ 10 ਲੱਖ ਕਾਮੇ ਹਨ, ਜਿਨ੍ਹਾਂ ਨੂੰ ਵਾਪਸ ਭੇਜਣ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਰੁਜ਼ਗਾਰ ਗੁਆਉਣ ਵਾਲੇ ਸਾਰੇ ਦਿਹਾੜੀਦਾਰ ਕਾਮਿਆਂ ਦੇ ਹਿੱਤਾਂ ਦੀ ਪੈਰਵੀ ਵੀ ਕਰ ਰਹੀ ਹੈ। ਉਨ੍ਹਾਂ ਨੇ ਲਘੂ ਉਦਯੋਗਾਂ ਅਤੇ ਬਿਜਲੀ ਸੈਕਟਰ ਲਈ ਵੀ ਰਾਹਤ ਦੀ ਮੰਗ ਕੀਤੀ ਹੈ।

ਅਮਰਿੰਦਰ ਸਿੰਘ ਨੇ ਪੰਜਾਬ 'ਚ ਕੋਵਿਡ-19 ਦੌਰਾਨ ਕੀਤੇ ਇੰਤਜ਼ਾਮਾਂ ਅਤੇ ਪੰਜਾਬ ਦੀ ਸਥਿਤੀ ਬਾਰੇ ਵੀ ਦੱਸਿਆ। ਇਹ ਵੀ ਦੱਸਿਆ ਕਿ ਡਿਪਟੀ ਕਮਿਸ਼ਨਰਾਂ ਨੂੰ ਕਰੋਨਾ ਦੇ ਖਤਰੇ ਦੇ ਹਿਸਾਬ ਨਾਲ ਜ਼ੋਨਾਂ ਦੇ ਵਰਗੀਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਮਹਾਰਾਸ਼ਟਰ ਅਤੇ ਰਾਜਸਥਾਨ ਤੋਂ ਪਰਤੇ ਵਿਅਕਤੀਆਂ ਮਗਰੋਂ ਕੇਸਾਂ ਵਿਚ ਵਾਧਾ ਹੋਇਆ ਹੈ।

## ਮੋਦੀ ਲੌਕਡਾਊਨ ਬਾਰੇ ਸਪਸ਼ਟ ਕਰਨ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਲੌਕਡਾਊਨ 3.0 ਤੋਂ ਬਾਹਰ ਨਿਕਲਣ ਦੀ ਰਣਨੀਤੀ ਅਤੇ ਦੇਸ਼ ਦੇ ਅਰਥਚਾਰੇ ਨੂੰ ਮੁੜ ਖੜ੍ਹਾ ਕਰਨ ਲਈ ਸਪੱਸ਼ਟ ਰਸਤਾ ਦਿਖਾਉਣ ਜਿਸ ਦੀ ਸੇਧ ਵਿਚ ਅੱਗੇ ਵਧਿਆ ਜਾ ਸਕੇ। ਉਨ੍ਹਾਂ ਪ੍ਰਧਾਨ ਮੰਤਰੀ ਤੋਂ ਕੋਵਿਡ-19 ਕਰਕੇ ਵਧੇ ਖਰਚਿਆਂ ਦੀ ਪੂਰਤੀ ਲਈ ਇਕ ਤਿਮਾਹੀ ਦੀ ਵਿੱਤੀ ਗਰਾਂਟ ਵੀ ਮੰਗੀ। ਮੁੱਖ ਮੰਤਰੀ ਨੇ ਮਾਲੀਆ ਗਰਾਂਟ ਦੀ ਮੰਗ ਨੂੰ ਉਠਾਉਣ ਤੋਂ ਇਲਾਵਾ ਕੇਂਦਰ ਸਰਕਾਰ ਨੂੰ 15ਵੇਂ ਵਿੱਤ ਕਮਿਸ਼ਨ ਦੁਆਰਾ ਮੌਜੂਦਾ ਸਾਲ ਲਈ ਆਪਣੀ ਰਿਪੋਰਟ ਦੀ ਨਵੇਂ ਸਿਰਿਉਂ ਸਮੀਖਿਆ ਕਰਨ ਦੀ ਹਦਾਇਤ ਦੇਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ 15ਵੇਂ ਵਿੱਤ ਕਮਿਸ਼ਨ ਨੂੰ ਕੋਵਿਡ-19 ਦੇ ਪ੍ਰਭਾਵ ਦਾ ਲੇਖਾ-ਜੋਖਾ ਕਰਨ ਤੋਂ ਬਾਅਦ ਪੰਜ ਸਾਲਾਂ ਲਈ ਫੰਡਾਂ ਦੀ ਵੰਡ ਸਾਲ 2020 ਦੀ ਥਾਂ ਅਪਰੈਲ 2021 ਤੋਂ ਕਰਨੀ ਚਾਹੀਦੀ ਹੈ।

# 'ਘਰ ਘਰ ਸ਼ਰਾਬ' ਦੇ ਮੁੱਦੇ ਉਤੇ ਘਿਰੀ ਕੈਪਟਨ ਅਮਰਿੰਦਰ ਸਿੰਘ ਸਰਕਾਰ

**ਲੁਧਿਆਣਾ:** ਪੰਜਾਬ ਸਰਕਾਰ ਦੇ ਤਾਲਾਬੰਦੀ ਦੌਰਾਨ ਸੂਬੇ ਵਿਚ ਸ਼ਰਾਬ ਦੀ ਹੋਮ ਡਿਲਿਵਰੀ ਦੇ ਫੈਸਲੇ ਖਿਲਾਫ ਕਾਂਗਰਸੀ ਆਗੂਆਂ ਦੀਆਂ ਪਤਨੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਕਾਂਗਰਸ ਪਾਰਟੀ ਦੇ ਵਜ਼ੀਰ ਭਾਰਤ ਭੂਸ਼ਣ ਆਸ਼ੂ ਦੀ ਪਤਨੀ ਕੌਂਸਲਰ ਮਮਤਾ ਆਸ਼ੂ ਨੇ ਮੁੱਖ ਮੰਤਰੀ ਨੂੰ ਟਵੀਟ ਕਰਦਿਆਂ ਆਖਿਆ ਕਿ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ ਪਰ ਸ਼ਰਾਬ ਦੀ ਹੋਮ ਡਿਲਿਵਰੀ ਨਾ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਸ਼ਰਾਬ ਦੀ ਹੋਮ ਡਿਲਿਵਰੀ ਨਾਲ ਘਰੇਲੂ ਹਿੰਸਾ ਦੇ ਮਾਮਲਿਆਂ ਵਿਚ ਵਾਧਾ ਹੋਵੇਗਾ। ਮਮਤਾ ਨੇ ਆਖਿਆ, "ਪੰਜਾਬ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੇ ਨਸ਼ਿਆਂ ਦਾ ਖਾਤਮਾ ਕਰਨ ਦਾ ਵਾਅਦਾ ਕੀਤਾ ਸੀ ਇਸ ਲਈ ਇਸ ਫੈਸਲੇ ਨੂੰ ਮੁੜ ਵਿਚਾਰਿਆ ਜਾਵੇ।"

ਉਨ੍ਹਾਂ ਆਖਿਆ ਕਿ ਤਾਲਾਬੰਦੀ ਦੌਰਾਨ ਵੀ ਸ਼ਰਾਬ ਚੋਰੀ ਵਿਕ ਰਹੀ ਹੈ। ਸਰਕਾਰ ਦੇ ਖਜ਼ਾਨੇ ਨੂੰ ਸ਼ਰਾਬ ਨਾ ਵਿਕਣ ਕਾਰਨ ਖੋਰਾ ਲੱਗ ਰਿਹਾ ਹੈ। ਜਿਵੇਂ ਸਰਕਾਰ ਨੇ ਹੋਰ ਦੁਕਾਨਾਂ ਖੋਲ੍ਹਣ ਦੀ ਆਗਿਆ ਦਿੱਤੀ ਹੈ, ਉਸੇ ਤਰ੍ਹਾਂ ਸ਼ਰਾਬ ਠੇਕੇ ਖੋਲ੍ਹੇ ਜਾਣ ਪਰ ਸ਼ਰਾਬ ਘਰ ਭੇਜਣ ਦਾ ਫੈਸਲਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਸ਼ਰਾਬ ਖਰੀਦਣੀ ਹੈ ਤਾਂ ਉਹ ਠੇਕੇ 'ਤੇ ਜਾ ਕੇ ਸਮਾਜਿਕ ਦੂਰੀ ਦਾ ਪਾਲਣ ਕਰਦਿਆਂ ਖਰੀਦੇ। ਇਸ ਤਰ੍ਹਾਂ ਗਿੱਦੜਬਾਹਾ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਰਾਬ ਦੀ ਹੋਮ ਡਿਲਿਵਰੀ ਦੇ ਫੈਸਲੇ ਉਤੇ ਮੁੜ ਗੌਰ ਕਰਨ ਦੀ ਅਪੀਲ ਕੀਤੀ ਹੈ। ਅੰਮ੍ਰਿਤਾ ਵੜਿੰਗ ਨੇ ਟਵੀਟ ਕਰਦਿਆਂ ਆਖਿਆ ਕਿ ਇਸ ਫੈਸਲੇ ਨਾਲ ਘਰੇਲੂ ਹਿੰਸਾ ਵਧੇਗੀ।

ਅੰਮ੍ਰਿਤਾ ਨੇ ਟਵੀਟ 'ਚ ਆਖਿਆ, "ਕੈਪਟਨ ਅਮਰਿੰਦਰ ਸਿੰਘ ਜੀ, ਮੇਰੀ ਤੁਹਾਨੂੰ ਬੇਨਤੀ ਹੈ ਕਿ ਸ਼ਰਾਬ ਦੀ ਹੋਮ ਡਿਲਿਵਰੀ ਦੇ ਫੈਸਲੇ 'ਤੇ ਮੁੜ ਵਿਚਾਰ ਕੀਤਾ ਜਾਵੇ, ਕਿਉਂਕਿ ਇਸ ਨਾਲ ਘਰੇਲੂ ਹਿੰਸਾ ਵਧੇਗੀ।...ਪਿਛਲੀ ਅਕਾਲੀ ਭਾਜਪਾ ਸਰਕਾਰ ਪਹਿਲਾਂ ਹੀ ਸੂਬੇ ਵਿਚ ਸ਼ਰਾਬ ਤੇ ਨਸ਼ਿਆਂ ਨਾਲ ਲੋਕਾਂ ਦੇ ਘਰ ਬਰਬਾਦ ਕਰ ਚੁੱਕੀ ਹੈ।"

ਜਾਣਕਾਰੀ ਅਨੁਸਾਰ ਪੰਜਾਬ ਐਕਸਾਈਜ਼ ਐਕਟ-1914 ਤਹਿਤ ਸ਼ਰਾਬ ਦੀ ਹੋਮ ਡਿਲਿਵਰੀ ਦੀ ਵਿਵਸਥਾ ਨਹੀਂ ਹੈ ਪਰ ਸੂਬਾ ਸਰਕਾਰ ਨੇ ਕਰੋਨਾ ਵਾਇਰਸ ਕਾਰਨ ਸਮਾਜਿਕ ਦੂਰੀ ਦੀ ਨਿਯਮਾਂ ਦੀ ਪਾਲਣਾ ਹਿੱਤ ਲੋਕਾਂ ਦੇ ਘਰਾਂ ਤੱਕ ਸ਼ਰਾਬ ਪਹੁੰਚਾਉਣ ਦਾ ਫੈਸਲਾ ਕੀਤਾ ਹੈ।

## ਮਹਾਮਾਰੀ ਦੇ ਦੌਰ 'ਚ ਸ਼ਰਾਬ ਦੇ ਠੇਕੇ ਖੋਲ੍ਹਣਾ ਗਲਤ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਰੋਨਾ ਮਹਾਮਾਰੀ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼ਰਾਬ ਦੇ ਠੇਕੇ ਖੋਲ੍ਹਣ ਦੇ ਫੈਸਲੇ 'ਤੇ ਇਤਰਾਜ਼ ਪ੍ਰਗਟ ਕਰਦਿਆਂ ਆਖਿਆ ਕਿ ਇਸ ਨਾਲ ਘਰੇਲੂ ਹਿੰਸਾ ਦੇ ਮਾਮਲੇ ਵਧਣਗੇ। ਉਨ੍ਹਾਂ ਆਖਿਆ ਕਿ ਸ਼ਰਾਬ ਦੀ ਖੁੱਲ੍ਹੀ ਵਿਕਰੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਇਸ ਨਾਲ ਘਰੇਲੂ ਹਿੰਸਾ ਦੇ ਮਾਮਲਿਆਂ ਵਿਚ ਵਾਧਾ ਹੋਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਗੁਰਦੁਆਰੇ, ਮੰਦਿਰ ਤੇ ਹੋਰ ਧਰਮ ਅਸਥਾਨ ਤਾਂ ਨਹੀਂ ਖੋਲ੍ਹ ਰਹੀ ਪਰ ਠੇਕੇ ਜ਼ਰੂਰ ਖੋਲ੍ਹ ਰਹੀ ਹੈ। ਨਾਂਦੇੜ ਤੋਂ ਆਏ ਸ਼ਰਧਾਲੂਆਂ ਨੂੰ ਇਕਾਂਤਵਾਸ ਵਾਸਤੇ ਡੇਰਾ ਬਿਆਸ ਦੇ ਕੇਂਦਰਾਂ ਵਿਚ ਠਹਿਰਾਏ ਜਾਣ ਦੇ ਹੋ ਰਹੇ ਵਿਰੋਧ ਬਾਰੇ ਉਨ੍ਹਾਂ ਆਖਿਆ ਕਿ ਜਿਹੜੀ ਸੰਗਤ ਇਨ੍ਹਾਂ ਕੇਂਦਰਾਂ ਵਿਚ ਠਹਿਰਨਾ ਚਾਹੁੰਦੀ ਹੈ, ਉਨ੍ਹਾਂ ਨੂੰ ਉਥੇ ਰਹਿਣ ਦਿੱਤਾ ਜਾਵੇ ਅਤੇ ਬਾਕੀ ਜਿਹੜੇ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਥੇ ਤਬਦੀਲ ਕਰ ਦਿੱਤਾ ਜਾਵੇ।


ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਕਰੋਨਾ ਵਾਇਰਸ (ਕੋਵਿਡ-19) ਮਹਾਮਾਰੀ ਦੇ ਅਸਰਾਂ ਵਲ ਧਿਆਨ ਦਿਵਾਉਣ ਲਈ

ਸਿੱਖ ਰਿਸੋਰਸ ਸੁਸਾਇਟੀ ਵਲੋਂ ਪੇਸ਼ ਹੈ 'ਵੈਬੀਨਰ'

"ਕੋਵਿਡ-19: ਕੱਲ, ਅੱਜ ਤੇ ਭਲਕ"

ਕਦੋਂ: 18 ਮਈ ਅਤੇ ਪਹਿਲੀ ਜੂਨ 2020

*ਸ਼ਾਮ 6:00 ਤੋਂ 8:15 ਵਜੇ ਤਕ ਸੀ. ਐਸ. ਟੀ.*
*(ਈ. ਐਸ. ਟੀ. ਮੁਤਾਬਕ ਸ਼ਾਮ 7:00 ਤੋਂ 9:15)*

ਕਿਵੇਂ: ਬਰਾਸਤਾ ਜ਼ੂਮ ਮੀਟਿੰਗ

ਆਪਣੀ ਰਜਿਸਟਰੇਸ਼ਨ ਲਈ ਹਾਮੀ ਭਰੋ ਤੇ ਆਰ.ਐਸ.ਵੀ.ਪੀ. ਕਰੋ:
ਵੈਬਨਰ ਕੋਰਸ ਡਾਇਰੈਕਟਰ, ਡਾ. ਜਸਵਿੰਦਰ ਸਿੰਘ ਚਾਵਲਾ
ਈਮੇਲ: jchawla100@gmail.com
ਇਸ ਤੋਂ ਬਾਅਦ ਲਿੰਕ ਦਿੱਤਾ ਜਾਵੇਗਾ, ਜਿਸ ਰਾਹੀਂ ਜ਼ੂਮ ਮੀਟਿੰਗ ਨਾਲ ਜੁੜਿਆ ਜਾ ਸਕੇਗਾ।

ਇਸ ਮੀਟਿੰਗ ਮੁਫਤ ਹੈ। ਉਂਜ, ਇਹ ਸੈਸ਼ਨ ਵੱਧ ਤੋਂ ਵੱਧ 100 ਜਣਿਆਂ ਤਕ ਸੀਮਤ ਹੋਵੇਗਾ।

www.sikhresourcesociety.org

ਬੁਲਾਰੇ ਅਤੇ ਵਿਸ਼ਾ

1. ਸ਼ਾਮ 6:00 ਵਜੇ - ਡਾ. ਜਸਵਿੰਦਰ ਚਾਵਲਾ
"ਕੋਵਿਡ-19: ਪਿਛੋਕੜ, ਸੁਰੱਖਿਆ ਤੇ ਇਲਾਜ।"
2. ਸ਼ਾਮ 6:15 ਵਜੇ - ਮਿਸ ਮਨਜੀਤ ਕੌਰ, ਆਰ. ਐਨ.
"ਘਰ ਵਿਚ ਅਤੇ ਹਸਪਤਾਲੋਂ ਛੁੱਟੀ ਤੋਂ ਬਾਅਦ ਕੋਵਿਡ-19 ਬਾਰੇ ਧਿਆਨ ਕਿਵੇਂ ਰੱਖੀਏ।"
3. ਸ਼ਾਮ 6:30 ਵਜੇ - ਡਾ. ਹਰਜਿੰਦਰ ਸਿੰਘ ਖਹਿਰਾ
"ਕੋਵਿਡ-19 ਦੌਰਾਨ ਦੰਦਾਂ ਦੀ ਸਾਂਭ-ਸੰਭਾਲ।"
4. ਸ਼ਾਮ 6:45 ਵਜੇ - ਡਾ. ਰੀਤੂ ਤਲਵਾਰ
"ਕੋਵਿਡ-19 ਅਤੇ ਮਾਨਸਿਕ ਸਿਹਤ।"
5. ਸ਼ਾਮ 7:00 ਵਜੇ - ਮਿਸ ਮਨਮੀਤ ਕੌਰ, ਜੌਬ ਕੋਚ
"ਵਿਦਿਆਰਥੀਆਂ ਅਤੇ ਪਰਿਵਾਰਾਂ ਉਤੇ ਘਰੇ ਬੈਠਿਆਂ ਪੜ੍ਹਨ ਦਾ ਅਸਰ।"
6. ਸ਼ਾਮ 7:15 ਵਜੇ - ਸ੍ਰੀ ਰੋਜਰ ਚਾਵਲਾ, ਸੀ. ਪੀ. ਏ.
"ਨੌਕਰੀਆਂ ਤੇ ਤਨਖਾਹਾਂ ਦੀ ਸੁਰੱਖਿਆ ਅਤੇ ਆਰਥਕ ਰਾਹਤ ਲੋਨ ਬਾਰੇ।"
7. ਸ਼ਾਮ 7:30 ਵਜੇ - ਮਿਸ ਗੁਰਪ੍ਰੀਤ ਸਿੰਘ, ਵਿੱਤੀ ਸਲਾਹਕਾਰ
"ਕੀ ਤੁਹਾਨੂੰ ਰਿਟਾਇਰਮੈਂਟ ਬਾਰੇ ਚਿੰਤਾ ਕਰਨੀ ਚਾਹੀਦੀ ਹੈ?"
8. ਸ਼ਾਮ 7:45 ਵਜੇ - ਸ੍ਰੀ ਟੀ. ਪਾਲ ਐਸ. ਚਾਵਲਾ, ਈ. ਐਸ. ਕਿਊ.
"ਕੋਵਿਡ-19 ਦੇ ਦੌਰ ਵਿਚ ਕਾਰੋਬਾਰੀ ਅਤੇ ਕਾਨੂੰਨੀ ਵਿਚਾਰਾਂ।"
9. ਸ਼ਾਮ 8:00 ਵਜੇ - ਸਵਾਲ ਅਤੇ ਸੁਝਾਅ।

# ਛੋਟੀ ਉਮਰੇ ਵੱਡੀਆਂ ਮੱਲਾਂ ਮਾਰ ਗਿਆ ਸ਼ਹੀਦ ਮੇਜਰ ਅਨੁਜ ਸੂਦ

**ਨਾਭਾ (ਸੁਕੰਨਿਆ ਭਾਰਦਵਾਜ):** ਹੰਦਵਾੜਾ (ਜੰਮੂ ਕਸ਼ਮੀਰ) ਵਿਚ 2 ਮਈ ਨੂੰ ਅਤਿਵਾਦੀਆਂ ਦੇ ਚੁੰਗਲ ਵਿਚੋਂ ਕੁਝ ਸਥਾਨਕ ਸ਼ਹਿਰੀਆਂ ਨੂੰ ਬਚਾਉਣ ਹਿੱਤ ਹੋਏ ਮੁਕਾਬਲੇ ਵਿਚ ਸ਼ਹੀਦ ਹੋਏ ਮੇਜਰ ਅਨੁਜ ਸੂਦ (30) ਪੁੱਤਰ ਸੇਵਾ ਮੁਕਤ ਬ੍ਰਿਗੇਡੀਅਰ ਚੰਦਰ ਕਾਂਤ ਸੂਦ ਦੀ ਖਬਰ ਜਿਉਂ ਹੀ ਨੌਰਥ ਇੰਡੀਆ ਦੇ ਨਾਮੀ ਗਰਾਮੀ ਸਕੂਲ ਪੀ. ਪੀ. ਐਸ. ਨਾਭਾ ਵਿਖੇ ਪਹੁੰਚੀ, ਚਾਰੇ ਪਾਸੇ ਉਦਾਸੀ ਛਾ ਗਈ। ਲਾਕ ਡਾਊਨ ਕਰਕੇ ਸਕੂਲ ਬੰਦ ਸਨ। ਲੱਗੀਆਂ ਫੋਨਾਂ ਦੀਆਂ ਘੰਟੀਆਂ ਖੜਕਣ। ਹਰ ਕੋਈ ਗਮਜ਼ਦਾ ਸੀ ਕਿ ਇਹ ਕੀ ਭਾਣਾ ਵਰਤ ਗਿਆ। ਸਕੂਲ ਮੁਖੀ ਡਾ. ਜਗਪ੍ਰੀਤ ਸਿੰਘ ਨੇ ਮੇਜਰ ਸੂਦ ਦੇ ਪਰਿਵਾਰ ਦੇ ਦੁਖ ਵਿਚ ਸ਼ਾਮਲ ਹੁੰਦਿਆਂ ਕਿਹਾ ਕਿ ਸਕੂਲ ਵਾਸਤੇ ਦੂਜੀ ਵੱਡੀ ਦੁਖਦਾਈ ਖਬਰ ਹੈ, ਹਾਲੇ 2019 ਵਿਚ ਹੀ ਉਨ੍ਹਾਂ ਫਲਾਇਟ ਲੈਫਟੀਨੈਂਟ ਮੋਹਿਤ ਗਰਗ ਨੂੰ ਗੁਆਇਆ ਸੀ। ਇਹ ਦੂਜਾ ਵੱਡਾ ਸਦਮਾ ਮੇਜਰ ਸੂਦ ਵਾਲਾ ਪਰਿਵਾਰ, ਸਕੂਲ, ਦੋਸਤਾਂ-ਮਿੱਤਰਾਂ ਤੇ ਸਮੂਹ ਨਾਭਾ ਵਾਲਿਆਂ ਨੂੰ ਪਹੁੰਚਿਆ ਹੈ ਤੇ ਉਸ ਨੂੰ ਚਾਹੁਣ ਵਾਲਾ ਹਰ ਕੋਈ ਝੰਜੋੜਿਆ ਗਿਆ ਹੈ। ਸਕੂਲ ਦੀ ਸ਼ਾਨ ਇਨ੍ਹਾਂ ਦੋਹਾਂ ਬੱਚਿਆਂ ਦਾ ਬੇਵਕਤ ਤੁਰ ਜਾਣਾ ਉਨ੍ਹਾਂ ਲਈ ਨ ਪੂਰਿਆ ਜਾਣ ਵਾਲਾ ਘਾਟਾ ਹੈ।



*ਸ਼ਹੀਦ ਮੇਜਰ ਅਨੁਜ ਸੂਦ*

ਸਕੂਲ ਸਟਾਫ ਤੇ ਉਸ ਦੇ ਸਕੂਲੀ ਸਾਥੀਆਂ-ਡਾ. ਮਨਜੋਤ ਸਿੰਘ ਚੱਢਾ, ਰਾਘਵ ਵਰਮਾ, ਨਮਰਤਾ ਮਝੈਲ ਦਾ ਇਹ ਹਰਮਨ ਪਿਆਰਾ 'ਫੌਜੀ', ਜੋ ਉਸ ਦਾ ਨਾਂ ਉਸ ਦੀ ਫੌਜ ਪ੍ਰਤੀ ਲਲਕ ਕਾਰਨ ਮਿੱਤਰ ਮੰਡਲੀ ਵਿਚ ਪੈ ਗਿਆ ਸੀ। ਜੀਵਨ ਦੇ ਹਰ ਖੇਤਰ ਪੜ੍ਹਾਈ, ਖੇਡਾਂ ਤੇ ਹੋਰ ਗਤੀਵਿਧੀਆਂ ਵਿਚ ਅੱਗੇ ਸੀ। ਘੁੜਸਵਾਰੀ ਵਿਚ ਉਸਨੂੰ ਅਜ਼ੀਮ ਮੁਹਾਰਤ ਹਾਸਲ ਸੀ। ਇਸ ਦੇ ਨਾਲ ਨਾਲ ਉਹਦਾ ਨਿਸ਼ਾਨਾ ਹਮੇਸ਼ਾ ਆਪਣੇ ਟੀਚੇ ਉਤੇ ਰਹਿੰਦਾ ਸੀ। ਉਹ ਆਈ. ਸੀ. ਐਸ. ਸੀ.-2008 ਦਾ ਸਾਇੰਸ ਸਟਰੀਮ ਦਾ ਅੱਵਲ ਦਰਜੇ ਦਾ ਵਿਦਿਆਰਥੀ ਸੀ। ਜਮੁਨਾ ਹਾਊਸ ਦਾ ਉਹ ਪ੍ਰੀਫੈਕਟ ਸੀ।

ਉਸ ਦੇ ਹਾਊਸ ਮਾਸਟਰ ਰਸਲਜੀਤ ਸਿੰਘ ਖੱਟੜਾ ਦਾ ਕਹਿਣਾ ਸੀ ਕਿ ਉਹ ਹਮੇਸ਼ਾ ਇੱਕ ਫੌਜੀ ਵਾਂਗ ਪੂਰੇ ਜਾਬਤੇ ਵਿਚ ਚੰਗਾ ਪ੍ਰਵਕਤਾ ਤੇ ਸਕੂਲ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ। ਉਹ ਸ਼ੁਰੂ ਤੋਂ ਹੀ ਆਪਣੇ ਬ੍ਰਿਗੇਡੀਅਰ ਪਿਤ,ਾ ਜੋ ਆਪ ਵੀ ਇਸੇ ਸਕੂਲ ਦੇ 1976 ਬੈਚ ਦੇ ਵਿਦਿਆਰਥੀ ਸਨ, ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਹਰ ਸੰਭਵ ਕੋਸ਼ਿਸ ਕਰਦਾ। ਉਹ ਹੀ ਉਸ ਦੇ ਆਦਰਸ਼ ਸਨ। ਆਰਮੀ ਉਸ ਦਾ ਵੱਡਾ ਸੁਪਨਾ ਸੀ। ਉਸ ਨੇ ਐਨ. ਡੀ. ਏ. ਦਾਖਲਾ ਪ੍ਰੀਖਿਆ ਆਪਣੇ ਸਕੂਲ ਬੋਰਡ ਦੇ ਇਮਤਿਹਾਨ ਤੋਂ ਪਹਿਲਾਂ ਹੀ ਪਾਸ ਕਰ ਲਈ ਸੀ, ਪਰ ਆਪਣੀ ਸਕੂਲੀ ਸਿਖਿਆ ਦਾ ਵੀ ਵਿਸਾਹ ਨਹੀਂ ਖਾਧਾ। ਇੰਨੀ ਛੋਟੀ ਉਮਰੇ ਇੰਨਾ ਸੰਤੁਲਨ ਰੱਖਣਾ ਹਾਰੀ ਸਾਰੀ ਦਾ ਕੰਮ ਨਹੀਂ।


ਉਸ ਦੇ ਬਚਪਨ ਦੇ ਦੋਸਤ ਰਾਘਵ ਵਰਮਾ ਅਨੁਸਾਰ ਉਹ ਸਾਰੇ ਦੋਸਤ ਫੌਜੀ, ਮਨਜੋਤ, ਹਿਤੇਸ਼ ਰਲ ਕੇ ਸ਼ਰਾਰਤ ਵਜੋਂ ਹੈਡਮਾਸਟਰ, ਬਰਸਰ ਤੇ ਸਮੂਹ ਅਧਿਆਪਕਾਂ ਦੇ ਘਰਾਂ ਦੀਆਂ ਡੋਰਬੈਲ ਵਜਾ ਕੇ ਭੱਜ ਜਾਂਦੇ, ਪਰ ਉਹ ਬਰਸਰ, ਜੋ ਸੇਵਾਮੁਕਤ ਕਰਨਲ ਸੀ, ਉਸ ਦੇ ਘਰ ਦੀ ਡੋਰਬੈਲ ਕਦੇ ਨਾ ਵਜਾਉਂਦਾ। ਆਰਮੀ ਲਈ ਇੰਨਾ ਸਤਿਕਾਰ ਸੀ ਉਹਦੇ ਮਨ ਵਿਚ। ਜੰਮੂ ਕਸ਼ਮੀਰ ਦੀ ਡਿਊਟੀ ਜੁਆਇਨਿੰਗ 'ਤੇ ਉਸ ਦੇ ਇੱਕ ਦੋਸਤ ਨੇ ਕਿਹਾ ਕਿ ਇਹ ਇਲਾਕਾ ਬੜਾ ਖਤਰਨਾਕ ਹੈ, ਪਰ ਉਸ ਦਾ ਜੁਆਬ ਸੀ, "ਇਨ੍ਹਾਂ ਖਤਰਿਆਂ ਨਾਲ ਖੇਡਣ ਲਈ ਤਾਂ ਆਰਮੀ ਜੁਆਇਨ ਕੀਤੀ ਹੈ। ਮੇਰੇ ਲਈ ਇਹ ਇੱਕ ਐਡਵੈਂਚਰ ਤੋਂ ਘੱਟ ਨਹੀਂ।" ਇੰਨਾ ਉਤਸ਼ਾਹ ਤੇ ਇੰਨੀ ਪ੍ਰਤੀਬੱਧਤਾ ਸੀ ਉਸ ਦੀ, ਦੇਸ਼ ਆਰਮੀ ਤੇ ਆਪਣੇ ਲਕਬ ਲਈ।

ਜ਼ਿਕਰਯੋਗ ਹੈ ਕਿ ਇਸ ਸਕੂਲ ਨੂੰ ਸੈਨਿਕ ਸਕੂਲ ਕਰਕੇ ਵੀ ਜਾਣਿਆ ਜਾਂਦਾ ਹੈ। ਹੈਡਮਾਸਟਰ ਡਾ. ਜਗਪ੍ਰੀਤ ਸਿੰਘ ਨੇ ਦਾਅਵਾ ਕੀਤਾ ਕਿ ਪੀ. ਪੀ. ਐਸ. ਦੇ ਡੀ. ਐਨ. ਏ. ਵਿਚ ਉਚੀ ਸੁੱਚੀ ਭਾਵਨਾ ਤੇ ਨਿਸ਼ਕਾਮ ਸੇਵਾ ਦਾ ਸੰਕਲਪ ਹੈ। ਇਹੋ ਕਾਰਨ ਹੈ ਕਿ ਮੇਜਰ ਅਨੁਜ ਸੂਦ ਦੀ ਲਾਮਿਸਾਲ ਨਾਇਕਾਂ ਵਾਲੀ ਸ਼ਹਾਦਤ ਪੀ. ਪੀ. ਐਸ. ਦੀਆਂ ਆਉਣ ਵਾਲੀਆਂ ਸਫਾਂ ਲਈ ਚਾਨਣਮੁਨਾਰਾ ਹੋਵੇਗੀ, ਜੋ ਦੇਸ਼ ਕੌਮ ਦੀ ਰਾਖੀ ਕਰਦਾ ਆਪਣਾ ਜੀਵਨ ਬਲੀਦਾਨ ਕਰ ਗਿਆ।





ਐਟਲਾਂਟਾ, ਜਾਰਜੀਆ ਦੇ ਸਿੱਖ ਭਾਈਚਾਰੇ ਵਲੋਂ ਹਸਪਤਾਲ ਦੇ ਕਰਮਚਾਰੀਆਂ ਨੂੰ ਭੋਜਨ ਵੰਡਣ ਸਮੇਂ ਦੀਆਂ ਤਸਵੀਰਾਂ


SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

For the best deal call:
Jesse Singh (e-PRO, SFR , CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL · RE/MAX PLATINUM CLUB · e-PRO REALTOR · SFR SHORT SALES & FORECLOSURE RESOURCE · CIAS Certified Investor Agent Specialist






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store
MIDWAY Business Broker
We Build Your Dreams
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਰੋਨਾ: 9 ਮਹੀਨਿਆਂ ਦੌਰਾਨ ਭਾਰਤ 'ਚ ਜਨਮ ਲੈਣਗੇ ਦੋ ਕਰੋੜ ਬੱਚੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਅਨੁਸਾਰ ਮਾਰਚ ਮਹੀਨੇ ਵਿਚ ਕੋਵਿਡ-19 ਨੂੰ ਮਹਾਮਾਰੀ ਐਲਾਨੇ ਜਾਣ ਤੋਂ ਬਾਅਦ ਭਾਰਤ ਵਿਚ ਆਉਂਦੇ 9 ਮਹੀਨਿਆਂ ਵਿਚ ਸਭ ਤੋਂ ਵੱਧ ਜਨਮ ਦਰ ਰਿਕਾਰਡ ਹੋਣ ਦਾ ਅਨੁਮਾਨ ਹੈ। ਮਾਰਚ ਅਤੇ ਦਸੰਬਰ ਵਿਚ ਦੇਸ਼ ਵਿਚ ਦੋ ਕਰੋੜ ਤੋਂ ਵੱਧ ਬੱਚਿਆਂ ਦੇ ਜਨਮ ਹੋਣ ਦੀ ਸੰਭਾਵਨਾ ਹੈ।

ਸੰਯੁਕਤ ਰਾਸ਼ਟਰ ਚਿਲਡਰਨ ਫੰਡ (ਯੂਨੀਸੈਫ) ਨੇ ਕਿਹਾ ਕਿ ਇਕ ਅੰਦਾਜ਼ਨ 11.6 ਕਰੋੜ ਬੱਚੇ ਕੋਵਿਡ-19 ਮਹਾਮਾਰੀ ਦੇ ਪਰਛਾਵੇਂ ਹੇਠ ਪੈਦਾ ਹੋਣਗੇ। ਕਰੋਨਾ ਨੂੰ ਮਹਾਮਾਰੀ ਦੀ ਐਲਾਨੇ ਜਾਣ ਤੋਂ ਬਾਅਦ ਭਾਰਤ ਵਿਚ ਆਉਂਦੇ 9 ਮਹੀਨਿਆਂ ਵਿਚ ਸਭ ਤੋਂ ਵੱਧ ਜਨਮ ਦਰ ਹੋਣ ਦੀ ਸੰਭਾਵਨਾ ਹੈ, ਜਿਥੇ 2 ਕਰੋੜ 10 ਲੱਖ ਬੱਚਿਆਂ ਦਾ 11 ਮਾਰਚ ਤੋਂ 16 ਦਸੰਬਰ ਦੇ ਵਿਚਾਲੇ ਜਨਮ ਹੋਣ ਦਾ ਅਨੁਮਾਨ ਹੈ। ਇਸ ਵਿਚ ਚੀਨ (1.35 ਕਰੋੜ), ਨਾਈਜੀਰੀਆ (64 ਲੱਖ), ਪਾਕਿਸਤਾਨ (50 ਲੱਖ) ਤੇ ਇੰਡੋਨੇਸ਼ੀਆ (40 ਲੱਖ) ਬੱਚ ਹੋਣ ਦੀ ਸੰਭਾਵਨਾ ਹੈ।

## ਇੰਦੌਰ 'ਚ ਪਲਾਜ਼ਮਾ ਥੈਰੇਪੀ ਨਾਲ ਠੀਕ ਹੋਏ ਚਾਰ ਕਰੋਨਾ ਪੀੜਤ

**ਇੰਦੌਰ:** ਇੰਦੌਰ ਦੇ ਇਕ ਨਿੱਜੀ ਹਸਪਤਾਲ ਨੇ ਦਾਅਵਾ ਕੀਤਾ ਹੈ ਕਿ ਪਲਾਜ਼ਮਾ ਥੈਰੇਪੀ ਨਾਲ 26 ਸਾਲਾ ਮਹਿਲਾ ਸਮੇਤ ਕਰੋਨਾ ਵਾਇਰਸ ਦੇ ਚਾਰ ਮਰੀਜ਼ ਤੋਂ ਠੀਕ ਹੋ ਗਏ ਹਨ। ਸ੍ਰੀ ਅਰਬਿੰਦੋ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਸੀਨ੍ਹੇ ਦੀਆਂ ਬਿਮਾਰੀਆਂ ਸਬੰਧੀ ਵਿਭਾਗ ਦੇ ਮੁਖੀ ਡਾ. ਰਵੀ ਡੋਸੀ ਨੇ ਦੱਸਿਆ, 'ਅਸੀਂ ਭਾਰਤੀ ਮੈਡੀਕਲ ਖੋਜ ਕੌਂਸਲ ਵਲੋਂ ਨਿਰਧਾਰਤ ਮਾਪਦੰਡਾਂ ਮੁਤਾਬਕ 26 ਸਾਲਾ ਮਹਿਲਾ ਸਮੇਤ ਚਾਰ ਕਰੋਨਾ ਪੀੜਤਾਂ 'ਤੇ ਪਲਾਜ਼ਮਾ ਥੈਰੇਪੀ ਦਾ ਤਜਰਬਾ 26 ਅਪਰੈਲ ਤੋਂ ਸ਼ੁਰੂ ਕੀਤਾ ਸੀ। ਹੁਣ ਇਹ ਚਾਰੋ ਮਰੀਜ਼ ਕੋਵਿਡ-19 ਤੋਂ ਮੁਕਤ ਹੋ ਗਏ ਹਨ।'

ਉਨ੍ਹਾਂ ਦੱਸਿਆ ਕਿ ਪਲਾਜ਼ਮਾ ਥੈਰੇਪੀ ਦੇ ਤਜਰਬੇ ਤੋਂ ਪਹਿਲਾਂ ਚਾਰਾਂ ਮਰੀਜ਼ਾਂ ਤੋਂ ਇਸ ਦੀ ਸਹਿਮਤੀ ਲਈ ਸੀ। ਤਜਰਬੇ ਤਹਿਤ ਇਨ੍ਹਾਂ ਮਰੀਜ਼ਾਂ ਨੂੰ ਤੈਅ ਦਵਾਈ ਦੇਣ ਦੇ ਨਾਲ ਹੀ ਪਲਾਜ਼ਮਾ ਵੀ ਚੜ੍ਹਾਇਆ ਗਿਆ। ਇਹ ਪਲਾਜ਼ਮਾ ਉਨ੍ਹਾਂ ਵਿਅਕਤੀਆਂ ਵਲੋਂ ਦਿੱਤਾ ਗਿਆ ਸੀ ਜੋ ਕੋਵਿਡ-19 ਤੋਂ ਪਹਿਲਾਂ ਹੀ ਠੀਕ ਹੋ ਚੁੱਕੇ ਹਨ।

## ਮੋਦੀ ਵਲੋਂ 20 ਲੱਖ ਕਰੋੜ ਦੇ ਪੈਕੇਜ ਦਾ ਐਲਾਨ

*(ਸਫਾ ਇਕ ਦੀ ਬਾਕੀ)*

ਨੇ ਵੀ ਜੋ ਛੋਟਾਂ ਦਿੱਤੀਆਂ ਹਨ, ਜੇ ਇਨ੍ਹਾਂ ਨੂੰ ਮਿਲਾ ਕੇ ਦੇਖੀਏ ਤਾਂ ਇਹ ਕਰੀਬ 20 ਲੱਖ ਕਰੋੜ ਰੁਪਏ ਬਣਦਾ ਹੈ। ਇਹ ਪੈਕੇਜ ਭਾਰਤ ਦੀ ਜੀ.ਡੀ.ਪੀ. ਦਾ ਕਰੀਬ 10 ਫੀਸਦ ਹੈ। ਇਸ ਦਾ ਲਾਭ ਮੁਲਕ ਦੇ ਸਾਰੇ ਵਰਗਾਂ ਤੇ ਅਰਥ ਵਿਵਸਥਾ ਨੂੰ ਮਿਲੇਗਾ। ਪੈਕੇਜ ਵਿਚ ਮਜ਼ਦੂਰ ਵਰਗ, ਨਗਦੀ ਦੀ ਸਥਿਤੀ ਤੇ ਸਾਰੇ ਕਾਨੂੰਨੀ ਪੱਖਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਪੈਕੇਜ ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਹੈ ਜੋ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਉਨ੍ਹਾਂ ਆਉਣ ਵਾਲੇ ਦਿਨਾਂ 'ਚ ਵੱਡੇ ਪੱਧਰ ਉਤੇ ਆਰਥਕ ਸੁਧਾਰਾਂ ਦਾ ਸੰਕੇਤ ਵੀ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੌਕਡਾਊਨ ਦੇ ਚੌਥੇ ਗੇੜ ਨਾਲ ਸਬੰਧਤ ਜਾਣਕਾਰੀ 18 ਮਈ ਤੋਂ ਪਹਿਲਾਂ ਸਾਂਝੀ ਕਰ ਦਿੱਤੀ ਜਾਵੇਗੀ। ਇਹ ਪਹਿਲੇ ਗੇੜਾਂ ਨਾਲੋਂ ਵੱਖ ਹੋਵੇਗਾ।

# ਕੈਪਟਨ ਨੇ ਕਰੋਨਾ ਦੇ ਟਾਕਰੇ ਖਾਤਰ ਰਾਜਾਂ ਲਈ ਵੱਧ ਅਧਿਕਾਰ ਮੰਗੇ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੌਕਡਾਊਨ ਵਿਚ ਵਾਧੇ ਦੀ ਹਮਾਇਤ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਅਜਿਹਾ ਕਰਨ ਮੌਕੇ ਸੂਬਿਆਂ ਦੇ ਵਿੱਤੀ ਹਾਲਾਤ ਅਤੇ ਗਰੀਬ ਲੋਕਾਂ ਦੇ ਵਸੀਲਿਆਂ ਨੂੰ ਧਿਆਨ 'ਚ ਰੱਖਣ। ਮੁੱਖ ਮੰਤਰੀ ਨੇ ਆਫਤ ਦੌਰਾਨ ਪੰਜਾਬ 'ਚ ਬਣੇ ਆਰਥਿਕ ਸੰਕਟ ਦੇ ਮੱਦੇਨਜ਼ਰ ਵਿੱਤੀ ਮਦਦ ਦੀ ਗੱਲ ਵੀ ਰੱਖੀ। ਪ੍ਰਧਾਨ ਮੰਤਰੀ ਨੇ ਵੀਡੀਓ ਕਾਨਫਰੰਸ ਜ਼ਰੀਏ ਲੌਕਡਾਊਨ 'ਚ ਵਾਧੇ ਬਾਰੇ ਮੁੱਖ ਮੰਤਰੀਆਂ ਦਾ ਪੱਖ ਜਾਣਿਆ ਅਤੇ ਸਥਿਤੀ ਦਾ ਜਾਇਜ਼ਾ ਲਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੌਮੀ ਪੱਧਰ ਉਤੇ ਕੋਵਿਡ ਕੇਸਾਂ ਵਿਚ ਵਾਧੇ ਨੂੰ ਦੇਖਦੇ ਹੋਏ ਲੌਕਡਾਊਨ ਵਿਚ ਵਾਧੇ ਦਾ ਪੱਖ ਪੂਰਿਆ। ਉਨ੍ਹਾਂ ਕਿਹਾ ਕਿ ਰਣਨੀਤੀ ਘੜਨ ਮੌਕੇ ਹੇਠਲੇ ਪੱਧਰ ਉਤੇ ਯੋਜਨਾਬੰਦੀ ਲਈ ਰਾਜਾਂ ਨੂੰ ਵਧੇਰੇ ਅਖਤਿਆਰ ਦਿੱਤੇ ਜਾਣ। ਮੁੱਖ ਮੰਤਰੀ ਨੇ ਕਿਹਾ ਕਿ ਲੌਕਡਾਊਨ ਤੋਂ ਬਾਹਰ ਨਿਕਲਣ ਦੀ ਰਣਨੀਤੀ 'ਚ ਸੂਬਿਆਂ ਨੂੰ ਵਧੇਰੇ ਆਰਥਿਕ ਤਾਕਤਾਂ ਦਿੱਤੀਆਂ ਜਾਣ ਕਿਉਂਕਿ ਸੂਬੇ ਹੀ ਆਮ ਲੋਕਾਂ ਦੀ ਜ਼ਿੰਦਗੀ ਨਾਲ ਸਿੱਧੇ ਤੌਰ ਉਤੇ ਜੁੜੇ ਹੁੰਦੇ ਹਨ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸੂਬਿਆਂ ਨੂੰ ਸੂਖਮ ਯੋਜਨਾਬੰਦੀ ਵਿਚ ਵਧੇਰੇ ਲਚਕਦਾਰ ਪਹੁੰਚ ਅਪਣਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਲਾਲ, ਸੰਤਰੀ ਅਤੇ ਪੀਲੇ ਜ਼ੋਨ ਮਨੋਨੀਤ ਕਰਨ ਦਾ ਫੈਸਲਾ ਸੂਬਿਆਂ 'ਤੇ ਛੱਡਣਾ ਚਾਹੀਦਾ ਹੈ। ਵਿੱਤੀ ਘਾਟੇ ਦੀ ਪੂਰਤੀ ਲਈ ਸੂਬਿਆਂ ਨੂੰ ਤਿੰਨ ਮਹੀਨੇ ਲਈ ਮਾਲੀਆਂ ਗਰਾਂਟ ਦੇਣ ਦੇ ਨਾਲ ਨਾਲ ਰਾਜਾਂ ਨੂੰ ਆਪਣੀਆਂ ਘੱਟੋ ਘੱਟ 33 ਫੀਸਦੀ ਪ੍ਰਤੀਬੱਧ ਦੇਣਦਾਰੀਆਂ ਲਈ ਵੀ ਤੁਰਤ ਮਾਲੀ ਮਦਦ ਦਿੱਤੀ ਜਾਵੇ।

## ਵਿਦੇਸ਼ੀ ਨਰਸਾਂ ਤੇ ਡਾਕਟਰਾਂ ਨੂੰ ਮਿਲਣਗੇ ਗਰੀਨ ਕਾਰਡ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ 'ਚ 40 ਹਜ਼ਾਰ ਵਿਦੇਸ਼ੀ ਨਰਸਾਂ ਅਤੇ ਡਾਕਟਰਾਂ ਨੂੰ ਗਰੀਨ ਕਾਰਡ ਦੇਣ ਲਈ ਬਿੱਲ ਪੇਸ਼ ਕੀਤਾ ਗਿਆ ਹੈ। ਅਮਰੀਕਾ 'ਚ ਕਰੋਨਾ ਵਾਇਰਸ ਮਹਾਮਾਰੀ ਦੇ ਭਿਆਨਕ ਰੂਪ ਧਾਰਨ ਕਰਨ ਉਤੇ ਇਹ ਫੈਸਲਾ ਲਿਆ ਗਿਆ ਹੈ। ਬਿੱਲ ਤਹਿਤ ਕਾਂਗਰਸ ਵਲੋਂ ਪ੍ਰਵਾਨ ਕੀਤੇ ਗਏ ਗਰੀਨ ਕਾਰਡਾਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ ਜੋ ਪਿਛਲੇ ਕਈ ਵਰ੍ਹਿਆਂ ਤੋਂ ਅਣਵਰਤੇ ਪਏ ਹਨ। ਇਸ ਨਾਲ 25 ਹਜ਼ਾਰ ਨਰਸਾਂ ਅਤੇ 15 ਹਜ਼ਾਰ ਡਾਕਟਰਾਂ ਦੇ ਅਮਰੀਕਾ 'ਚ ਆਉਣ ਦਾ ਰਾਹ ਪੱਧਰਾ ਹੋ ਜਾਵੇਗਾ। ਇਸ ਕਦਮ ਨਾਲ ਅਮਰੀਕਾ 'ਚ ਐਚ-1ਬੀ ਜਾਂ ਜੇ-2 ਵੀਜ਼ਿਆਂ ਵਾਲੇ ਵੱਡੀ ਗਿਣਤੀ ਭਾਰਤੀ ਨਰਸਾਂ ਅਤੇ ਡਾਕਟਰਾਂ ਨੂੰ ਲਾਭ ਹੋਵੇਗਾ।

## ਕਰੋਨਾ ਨੇ ਵ੍ਹਾਈਟ ਹਾਊਸ ਵਿਚ ਪੈਰ ਪਸਾਰੇ

**ਵਾਸ਼ਿੰਗਟਨ:** ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਦੀ ਪ੍ਰੈਸ ਸਕੱਤਰ ਕੈਟੀ ਮਿੱਲਰ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਇਵਾਂਕਾ ਦੀ ਨਿੱਜੀ ਸਹਾਇਕ ਵੀ ਕਰੋਨਾ ਤੋਂ ਪੀੜਤ ਹੋ ਗਏ ਹਨ। ਵ੍ਹਾਈਟ ਹਾਊਸ ਨਾਲ ਜੁੜੇ ਤੀਜੇ ਵਿਅਕਤੀ ਨੂੰ ਕਰੋਨਾ ਹੋਇਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਹ ਵ੍ਹਾਈਟ ਹਾਊਸ ਵਿਚ ਫੈਲ ਰਹੇ ਕਰੋਨਾ ਵਾਇਰਸ ਤੋਂ "ਚਿੰਤਤ ਨਹੀਂ" ਹਨ। ਅਧਿਕਾਰੀਆਂ ਨੇ ਕਿਹਾ ਕਿ ਉਹ ਕੈਂਪਸ ਲਈ ਸੁਰੱਖਿਆ ਪ੍ਰੋਟੋਕੋਲ ਸਖਤ ਕਰ ਰਹੇ ਹਨ।

ਪਿਛਲੇ ਸ਼ੁੱਕਰਵਾਰ ਨੂੰ ਕੈਟੀ ਕਰੋਨ ਪਾਜ਼ੇਟਿਵ ਨਿਕਲੀ ਸੀ। ਉਹ ਹਾਲ ਹੀ ਵਿਚ ਪੈਂਸ ਦੇ ਸੰਪਰਕ ਵਿਚ ਆਈ ਸੀ ਪਰ ਰਾਸ਼ਟਰਪਤੀ ਨੂੰ ਨਹੀਂ ਮਿਲੀ। ਉਹ ਟਰੰਪ ਖਾਸ ਸਲਾਹਕਾਰ ਸਟੀਫਨ ਮਿਲਰ ਦੀ ਪਤਨੀ ਹੈ। ਵ੍ਹਾਈਟ ਹਾਊਸ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਕਿ ਸਟੀਫਨ ਮਿਲਰ ਦੀ ਵੀ ਜਾਂਚ ਕੀਤੀ ਗਈ ਹੈ ਜਾਂ ਉਹ ਅਜੇ ਵੀ ਵ੍ਹਾਈਟ ਹਾਊਸ ਵਿਚ ਕੰਮ ਕਰ ਰਿਹਾ ਹੈ। ਇਵਾਂਕਾ ਟਰੰਪ ਦੇ ਨਿੱਜੀ ਸਹਾਇਕ ਦੀ ਰਿਪੋਰਟ ਵੀ ਕਰੋਨਾ ਪਾਜ਼ੇਟਿਵ ਆਈ ਹੈ। ਸੀ.ਐਨ.ਐਨ. ਦੀ ਰਿਪੋਰਟ ਅਨੁਸਾਰ ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਦੀ ਨਿੱਜੀ ਸਹਾਇਕ ਦਾ ਕਈ ਹਫਤਿਆਂ ਤੋਂ ਇਵਾਂਕਾ ਨਾਲ ਸਿੱਧਾ ਸੰਪਰਕ ਨਹੀਂ ਸੀ।

# ਸੁਮੇਧ ਸੈਣੀ ਨੂੰ ਜ਼ਮਾਨਤ ਨਾਲ ਫਿਰ ਉੱਠੇ ਸਵਾਲ

*(ਸਫਾ ਇਕ ਦੀ ਬਾਕੀ)*

ਨਹੀਂ ਸੀ, ਫਿਰ ਵੀ ਇਸ ਉਤੇ ਕਾਨੂੰਨੀ ਕਾਰਵਾਈ ਦੀ ਥਾਂ ਹੁਣ ਤੱਕ ਵੱਡੇ ਅਹੁਦਿਆਂ ਨਾਲ ਨਿਵਾਜਿਆ ਗਿਆ।



ਬੀਬੀ ਮਾਨ ਦਾ ਦਾਅਵਾ ਹੈ ਕਿ ਸੈਣੀ ਦੇ ਹੁਕਮਾਂ 'ਤੇ ਪੁਲਿਸ ਮੁਲਾਜ਼ਮ 11 ਦਸੰਬਰ 1991 ਨੂੰ ਉਸ ਨੂੰ ਉਸ ਦੇ ਪਤੀ ਪ੍ਰਤਾਪ ਸਿੰਘ ਮਾਨ ਅਤੇ ਉਨ੍ਹਾਂ ਦੇ ਮਾਸੂਮ ਬੇਟੇ ਸ਼ਗਨ (2) ਨੂੰ 1991 ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਘਰੋਂ ਜ਼ਬਰਦਸਤੀ ਚੁੱਕ ਕੇ ਥਾਣੇ ਲੈ ਗਈ ਸੀ ਅਤੇ ਸੈਕਟਰ-17 ਥਾਣੇ ਵਿਚ ਉਸ ਦੀਆਂ ਅੱਖਾਂ ਦੇ ਸਾਹਮਣੇ ਬਲਵੰਤ ਸਿੰਘ ਮੁਲਤਾਨੀ 'ਤੇ ਤਸ਼ੱਦਦ ਢਾਹਿਆ ਗਿਆ ਸੀ। ਮੁਲਤਾਨੀ 'ਤੇ ਇੰਨਾ ਜ਼ਿਆਦਾ ਤਸ਼ੱਦਦ ਢਾਹਿਆ ਗਿਆ ਸੀ ਕਿ ਉਸ ਕੋਲੋਂ ਚੰਗੀ ਤਰ੍ਹਾਂ ਖੜ੍ਹਾ ਵੀ ਨਹੀਂ ਹੋਇਆ ਜਾ ਰਿਹਾ ਸੀ। ਸਿਰਫ ਬਲਵੰਤ ਮੁਲਤਾਨੀ ਦਾ ਦੋਸਤ ਹੋਣ ਕਾਰਨ ਉਨ੍ਹਾਂ ਨੂੰ ਵੀ ਕੇਸ ਵਿਚ ਫਸਾ ਦਿੱਤਾ ਗਿਆ।

ਯਾਦ ਰਹੇ ਕਿ ਵਿਵਾਦਾਂ ਵਿਚ ਘਿਰੇ ਹੋਣ ਦੇ ਬਾਵਜੂਦ ਸਿਆਸੀ ਧਿਰਾਂ ਇਸ ਅਫਸਰ ਉਤੇ ਮਿਹਰਬਾਨ ਰਹੀਆਂ। ਸੁਮੇਧ ਸੈਣੀ ਨੂੰ ਪਹਿਲਾਂ ਚੀਫ ਵਿਜੀਲੈਂਸ ਅਫਸਰ ਅਤੇ ਫਿਰ ਡੀ.ਜੀ.ਪੀ. ਬਣਾਉਣ ਸਮੇਂ ਬਾਦਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਸੁਮੇਧ ਸੈਣੀ ਖਿਲਾਫ ਸਾਲ 1994 ਵਿਚ ਬਹੁਚਰਚਿਤ ਸੈਣੀ ਮੋਟਰਜ਼ ਨਾਲ ਸਬੰਧਤ ਅਗਵਾ ਅਤੇ ਤੀਹਰੇ ਕਤਲ ਕਾਂਡ ਦਾ ਮਾਮਲਾ ਦਿੱਲੀ ਦੀ ਵਿਸ਼ੇਸ਼ ਸੀ.ਬੀ.ਆਈ. ਕੋਰਟ ਵਿਚ ਵਿਚਾਰ ਅਧੀਨ ਹੈ।

ਇਹੀ ਨਹੀਂ, ਕਾਂਗਰਸ ਸਰਕਾਰ ਬਣਨ ਪਿੱਛੋਂ ਇਸ ਅਫਸਰ ਨੇ ਤੁਰੰਤ ਪਾਲਾ ਬਦਲ ਲਿਆ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਲਾਡਲਾ ਬਣ ਗਿਆ। ਬਰਗਾੜੀ ਕਾਂਡ ਵਿਚ ਇਸ ਅਫਸਰ ਦਾ ਨਾਮ ਆਉਣ ਦੇ ਬਾਵਜੂਦ ਸੈਣੀ ਆਪਣੇ ਅਹੁਦੇ ਉਤੇ ਕਾਇਮ ਰਿਹਾ। ਚੇਤੇ ਰਹੇ ਕਿ ਅਕਾਲੀ ਸਰਕਾਰ ਦੌਰਾਨ ਕੈਪਟਨ ਉਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ ਸਨ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦਾ ਮੁਖੀ (2007-12) ਸੀ। ਕਾਂਗਰਸ ਸਰਕਾਰ ਸੱਤਾ ਵਿਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿਚ ਕਲੋਜ਼ਰ ਰਿਪੋਰਟ ਜਮ੍ਹਾਂ ਕਰਵਾ ਦਿੱਤੀ ਗਈ ਅਤੇ ਕੈਪਟਨ ਨੂੰ ਬਰੀ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਖਾਲੜਾ ਕਮਿਸ਼ਨ ਮੁਤਾਬਕ, ਖਾੜਕੂਵਾਦ ਦੇ ਦੌਰ ਦੌਰਾਨ ਜੂਨ 1984 ਤੋਂ ਲੈ ਕੇ ਦਸੰਬਰ 1994 ਦੌਰਾਨ ਹਜ਼ਾਰ ਬੇਕਸੂਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਕੇ ਲਾਸ਼ਾਂ ਨੂੰ ਅਣਪਛਾਤੀਆਂ ਦੱਸ ਕੇ ਸਾੜ ਦਿੱਤਾ ਗਿਆ। ਕਮਿਸ਼ਨ ਨੇ 6017 ਅਣਪਛਾਤੀਆਂ ਲਾਸ਼ਾਂ ਦੇ ਵੇਰਵਾ ਤਿਆਰ ਕੀਤੇ ਸਨ। ਇਹ ਵੇਰਵੇ ਸਿਰਫ ਅੰਮ੍ਰਿਤਸਰ, ਪੱਟੀ ਤੇ ਤਰਨ ਤਾਰਨ ਦੇ ਸਿਵਿਆਂ ਤੋਂ ਇਕੱਠੇ ਕੀਤੇ ਗਏ ਸਨ। ਇਸ ਕਮਿਸ਼ਨ ਨੇ ਦਹਾਕਿਆਂ ਤੱਕ ਝੂਠੇ ਮੁਕਾਬਲੇ ਬਣਾਉਣ ਵਾਲੇ ਦੋਸ਼ੀ ਅਫਸਰਾਂ ਨੂੰ ਸਜ਼ਾ ਦਿਵਾਉਣ ਲਈ ਹਰ ਹੀਲਾ ਵਰਤਿਆ ਪਰ ਸਮੇਂ ਦੀ ਸਰਕਾਰਾਂ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਸਗੋਂ ਲੰਮੀ ਜੱਦੋ-ਜਹਿਦ ਬਾਅਦ ਜਿਨ੍ਹਾਂ ਅਫਸਰਾਂ ਨੂੰ ਕੀਤੇ ਸਜ਼ਾ ਮਿਲੀ, ਉਨ੍ਹਾਂ ਨੂੰ ਵੀ ਰਿਹਾਅ ਕਰਨ ਲਈ ਜ਼ੋਰ ਲੱਗਦਾ ਹੈ। ਇਸ ਦੀ ਉਦਾਹਰਨ ਪਿਛਲੇ ਹਫਤੇ ਵੀ ਦੇਖਣ ਨੂੰ ਮਿਲੀ, ਜਦੋਂ ਕੈਪਟਨ ਸਰਕਾਰ ਨੇ ਸਾਬਕਾ ਐਸ.ਐਸ.ਪੀ. ਪ੍ਰੀਤਪਾਲ ਸਿੰਘ ਵਿਰਕ ਅਤੇ ਸਾਬਕਾ ਡੀ.ਐਸ.ਪੀ. ਸ਼ਮਸ਼ੇਰ ਸਿੰਘ ਦੀ ਰਹਿੰਦੀ ਸਜ਼ਾ ਮੁਆਫ ਕੀਤੀ ਗਈ ਹੈ। ਦੋਹਾਂ ਨੂੰ ਸੀ.ਬੀ.ਆਈ. ਅਦਾਲਤ ਨੇ 10-10 ਸਾਲ ਦੀ ਸਜ਼ਾ ਸੁਣਾਈ ਸੀ। ਉਕਤ ਪੁਲਿਸ ਅਫਸਰਾਂ ਸਮੇਤ ਅੱਧੀ ਦਰਜਨ ਪੁਲਿਸ ਮੁਲਾਜ਼ਮਾਂ 'ਤੇ ਖਾੜਕੂਵਾਦ ਦੇ ਦੌਰ ਵੇਲੇ ਸੁਨਾਮ ਦੇ ਇਕ ਨੌਜਵਾਨ ਨੂੰ ਅਗਵਾ ਕਰਨ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਦੀ ਲੰਮੀ ਪੜਤਾਲ ਉਪਰੰਤ ਸੀ.ਬੀ.ਆਈ. ਨੇ ਪ੍ਰੀਤਪਾਲ ਸਿੰਘ ਵਿਰਕ ਸਮੇਤ ਹੋਰਨਾਂ ਪੁਲਿਸ ਅਫਸਰਾਂ ਖਿਲਾਫ ਸੀ.ਬੀ.ਆਈ. ਅਦਾਲਤ ਵਿਚ ਦੋਸ਼ ਪੱਤਰ ਦਾਖਲ ਕੀਤਾ ਸੀ।

## ਇਰਾਨ ਨੇ ਆਪਣੇ ਹੀ 19 ਜਲ ਸੈਨਿਕ ਮਾਰੇ

**ਤਹਿਰਾਨ:** ਇਰਾਨ ਦੀ ਫੌਜ ਦੇ ਇਕ ਅਭਿਆਸ ਪ੍ਰੋਗਰਾਮ ਦੌਰਾਨ ਮਿਜ਼ਾਈਲ ਗਲਤੀ ਨਾਲ ਮਿਥੇ ਨਿਸ਼ਾਨੇ ਦੀ ਬਜਾਇ ਇਕ ਸਮੁੰਦਰੀ ਜਹਾਜ਼ ਨਾਲ ਟਕਰਾਉਣ ਕਾਰਨ ਜਹਾਜ਼ 'ਚ ਸਵਾਰ 19 ਜਣਿਆਂ ਦੀ ਮੌਤ ਹੋ ਗਈ ਜਦਕਿ 15 ਜਖਮੀ ਹੋ ਗਏ। ਇਹ ਘਟਨਾ ਨੇ ਇਸ ਮੁਲਕ ਦੀ ਅਮਰੀਕਾ ਨਾਲ ਜੰਗ ਲਈ ਤਿਆਰੀ ਸਬੰਧੀ ਦਾਅਵਿਆਂ 'ਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਖਾਲਸਾ ਗਲੋਬਲ ਰੀਚ ਫਾਊਂਡੇਸ਼ਨ (ਅਮਰੀਕਾ) ਵੱਲੋਂ ਭੇਜੀ ਰਾਹਤ ਸਮੱਗਰੀ ਜਿਲਾ ਪ੍ਰਸ਼ਾਸਨ ਨੂੰ ਭੇਟ

**ਅੰਮ੍ਰਿਤਸਰ (ਬਿਊਰੋ):** ਖਾਲਸਾ ਗਲੋਬਲ ਰੀਚ ਫਾਊਂਡੇਸ਼ਨ (ਅਮਰੀਕਾ) ਵਲੋਂ ਕੋਵਿਡ-19 ਦੇ ਖਾਤਮੇ ਲਈ ਵਿੱਢੀ ਲੜਾਈ 'ਚ ਅਹਿਮ ਯੋਗਦਾਨ ਪਾਉਂਦਿਆਂ ਸਥਾਨਕ ਇਤਿਹਾਸਕ ਖਾਲਸਾ ਕਾਲਜ ਨੂੰ ਭੇਜੀ ਗਈ ਵਿਸ਼ੇਸ਼ ਰਾਹਤ ਸਮੱਗਰੀ ਜਿਲਾ ਪ੍ਰਸ਼ਾਸਨ ਨੂੰ ਐਸ. ਡੀ. ਐਮ. ਵਿਕਾਸ ਹੀਰਾ ਨੂੰ ਇਹ ਰਾਹਤ ਸਮੱਗਰੀ ਸਪੁਰਦ ਕੀਤੀ ਗਈ, ਜਿਸ ਵਿਚ ਪੀ. ਪੀ. ਕਿੱਟਾਂ, ਸੈਨੇਟਾਈਜ਼ਰ, 500 ਕਿੱਟਾਂ ਜਿਸ 'ਚ ਲੋੜੀਂਦਾ ਸਮਾਨ ਜਿਵੇਂ ਕਿ ਭਾਫ ਲੈਣ ਲਈ ਸਟੀਮਰ, ਬਾਥਰੂਮ ਚੌਕੀਆਂ ਆਦਿ ਸ਼ਾਮਲ ਹਨ।

ਸ੍ਰੀ ਵਿਕਾਸ ਹੀਰਾ ਨੇ ਦੱਸਿਆ ਕਿ ਗਲੋਬਲ ਇਹ ਦੋਵੇਂ ਸੰਸਥਾਵਾਂ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਜਿਲਾ ਪ੍ਰਸ਼ਾਸਨ ਨੂੰ 500 ਕਿੱਟਾਂ 'ਚ ਬਾਲਟੀਆਂ, ਮੱਗ, ਨਹਾਉਣ ਤੇ ਕੱਪੜੇ ਧੋਣ ਵਾਲਾ ਸਾਬਣ, ਟਿਸ਼ੂ ਪੇਪਰ ਦਾ ਪੈਕੇਟ, ਟੂਥ ਬ੍ਰਸ਼, ਟੂਥ ਪੇਸਟ, ਸ਼ੈਂਪੂ, ਕੰਘੀ, ਹੇਅਰ ਆਇਲ, ਓਡੋਮਾਸ, ਕੈਰੀ ਬੈਗ, ਭਾਫ ਲੈਣ ਵਾਲੇ 100 ਸਟੀਮਰ,



*ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਅੰਮ੍ਰਿਤਸਰ-1 ਦੇ ਐਸ. ਡੀ. ਐਮ. ਵਿਕਾਸ ਹੀਰਾ ਨੂੰ ਕਾਲਜ ਦੇ ਵਿਹੜੇ 'ਚ ਰਾਹਤ ਸਮੱਗਰੀ ਪ੍ਰਦਾਨ ਕਰਦੇ ਹੋਏ। ਨਾਲ ਖੜ੍ਹੇ ਹਨ, ਰਜਿਸਟਰਾਰ ਪ੍ਰੋ. ਦਵਿੰਦਰ ਸਿੰਘ, ਡਾ. ਚਰਨਜੀਤ ਸਿੰਘ, ਮਨਮੋਹਨ ਸਿੰਘ ਤੇ ਹੋਰ।*

ਕੁਆਂਰਨਟੀਨ ਸੈਂਟਰਾਂ 'ਚ ਮਦਦ ਵਜੋਂ ਜਰੂਰੀ ਵਸਤਾਂ ਪ੍ਰਦਾਨ ਕਰਨ ਲਈ ਭੇਟ ਕੀਤੀ ਗਈ।

ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕੋਵਿਡ-19 ਜਿਹੀ ਭਿਆਨਕ ਮਹਾਮਾਰੀ ਦੇ ਪੀੜਤਾਂ ਦੇ ਇਲਾਜ ਅਤੇ ਏਕਾਂਤਵਾਸ ਕੀਤੇ ਵਿਅਕਤੀਆਂ ਲਈ ਜਰੂਰੀ ਵਸਤੂਆਂ, ਸੰਕਟ ਸਮੇਂ ਸੇਵਾਵਾਂ ਨਿਭਾ ਰਹੇ ਕਰਮਚਾਰੀਆਂ, ਅਧਿਕਾਰੀਆਂ ਨੂੰ ਮਦਦ ਪ੍ਰਦਾਨ ਕਰਨ ਲਈ ਅੰਮ੍ਰਿਤਸਰ-1 ਦੇ ਰੀਚ ਫਾਊਂਡੇਸ਼ਨ ਦੀ ਪ੍ਰਧਾਨ ਸ੍ਰੀਮਤੀ ਗੁਰਵਰਿੰਦਰ ਕੌਰ ਸੰਧੂ ਵੱਲੋਂ ਦੁਨੀਆਂ ਭਰ 'ਚ ਫੈਲੇ ਗੰਭੀਰ ਸੰਕਟ ਕੋਵਿਡ-19 ਲਈ ਯੋਗਦਾਨ ਪਾਉਂਦਿਆਂ ਉਕਤ ਮਦਦ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਅਤੇ ਗਲੋਬਲ ਰੀਚ ਫਾਊਂਡੇਸ਼ਨ ਲੋੜਵੰਦਾਂ ਦੀ ਮਦਦ ਲਈ ਪਹਿਲਾਂ ਵੀ ਪਹਿਲਕਦਮੀ ਕਰਦਾ ਆਇਆ ਹੈ ਅਤੇ ਕੌਮ, ਸਮਾਜ ਤੇ ਵਿੱਦਿਅਕ ਅਦਾਰਿਆਂ ਦੀ ਸੇਵਾ ਲਈ 50 ਬਾਥਰੂਮ ਚੌਕੀਆਂ, 100 ਪੀ. ਪੀ. ਕਿੱਟਾਂ ਅਤੇ 1000 ਸੈਨੇਟਾਈਜ਼ਰ ਸਪੁਰਦ ਕੀਤੇ ਗਏ।

ਉਨ੍ਹਾਂ ਕਿਹਾ ਕਿ ਸੀਨੀਅਰ ਅਧਿਆਪਕਾਂ ਦੀ ਇਕ ਟੀਮ ਬਣਾ ਕੇ ਲੋੜਵੰਦਾਂ ਦੀ ਮਦਦ ਲਈ, ਜਿਸ 'ਚ ਕਰੋਨਾ ਪੀੜਤਾਂ ਦੇ ਏਕਾਂਤਵਾਸ ਕੈਂਪਾਂ, ਸੈਂਟਰਾਂ, ਹਸਪਤਾਲਾਂ 'ਚ ਮਾਸਕ ਤੇ ਸੈਨੇਟਾਈਜ਼ਰ ਵਗੈਰਾ ਦੇਣ; ਕਰੋਨਾ ਪੀੜਤ ਦੇ ਬੱਚਿਆਂ ਦੀ ਪੜ੍ਹਾਈ ਸਬੰਧੀ ਵਿੱਤੀ ਮਦਦ ਤੋਂ ਇਲਾਵਾ ਦਵਾਈਆਂ ਜਾਂ ਕਿੱਟਾਂ ਦੇਣ; ਖਾਣ-ਪੀਣ ਦੀਆਂ ਲੋੜੀਂਦੀਆਂ ਵਸਤਾਂ, ਰਾਸ਼ਨ ਦੇਣ ਜਾਂ ਫਿਰ ਆਪਣੇ ਜਿਲਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੀ ਲੋੜ ਮੁਤਾਬਕ ਮਦਦ ਕਰਨ ਦੀ ਰੂਪ-ਰੇਖਾ ਉਲੀਕੀ ਗਈ ਸੀ। ਉਨ੍ਹਾਂ ਕਿਹਾ ਕਿ ਮਨੁੱਖਤਾ ਦੇ ਭਲੇ ਲਈ ਇਹ ਸੇਵਾ ਵੱਡੇ ਪੁੰਨ ਦਾ ਕਾਰਜ ਹੈ ਤੇ ਅਜਿਹੀ ਸੇਵਾ ਸਾਡੇ ਗੁਰੂ ਸਾਹਿਬਾਨ ਤੇ ਸਿੱਖੀ ਦੇ ਅਸਲ ਮਾਰਗ ਮੁਤਾਬਕ ਹੈ।

ਸ੍ਰੀ ਵਿਕਾਸ ਹੀਰਾ ਨੇ ਖਾਲਸਾ ਗਲੋਬਲ ਰੀਚ ਫਾਊਂਡੇਸ਼ਨ ਅਤੇ ਖਾਲਸਾ ਕਾਲਜ ਮੈਨੇਜਮੈਂਟ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਨਾਜ਼ੁਕ ਸਮੇਂ 'ਚ ਅਜਿਹੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਸਹਿਯੋਗ ਦੀ ਅਤਿ ਲੋੜ ਹੁੰਦੀ ਹੈ, ਕਿਉਂਕਿ ਲੋਕਾਂ ਨੂੰ ਇਸ ਮਹਾਮਾਰੀ ਤੋਂ ਬਚਾਉਣ ਲਈ ਜੇ ਸਮੂਹ ਸੰਸਥਾਵਾਂ, ਜਥੇਬੰਦੀਆਂ ਸਹਿਯੋਗ ਦੇਣਗੀਆਂ ਤਾਂ ਜਲਦ ਹੀ ਇਸ ਬਿਮਾਰੀ 'ਤੇ ਕਾਬੂ ਪਾ ਲਿਆ ਜਾਵੇਗਾ। ਇਸ ਮੌਕੇ ਉਨ੍ਹਾਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਦੇ ਜਲਦ ਸਿਹਤਯਾਬ ਹੋਣ ਲਈ ਪਰਮਾਤਮਾ ਅੱਗੇ ਅਰਜੋਈ ਕਰਨ ਅਤੇ ਕਰਫਿਊ ਦੌਰਾਨ ਲੋਕਾਂ ਨੂੰ ਸਿਰਫ ਜਰੂਰੀ ਕੰਮ ਲਈ ਘਰੋਂ ਬਾਹਰ ਆਉਣ ਦਾ ਕਹਿੰਦਿਆਂ ਸਹਿਯੋਗ ਦੀ ਆਸ ਪ੍ਰਗਟਾਈ।

ਇਸ ਦੌਰਾਨ ਗਵਰਨਿੰਗ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਅਤੇ ਸੁਸਾਇਟੀ ਦੇ ਆਨਰੇਰੀ ਸਕੱਤਰ ਸ. ਛੀਨਾ ਨੇ ਕੋਵਿਡ-19 ਮਹਾਮਾਰੀ ਲਈ ਬੇਖੌਫ ਆਪਣੀਆਂ ਸੇਵਾਵਾਂ ਨਿਭਾ ਰਹੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਾਇਰਸ ਨਾਲ ਗ੍ਰਸਤ ਰੋਗੀਆਂ ਲਈ ਇਲਾਜ ਦੌਰਾਨ ਵਰਤੋਂ 'ਚ ਆਉਣ ਵਾਲੀਆਂ ਵਸਤੂਆਂ ਨੂੰ ਰਾਹਤ ਵਜੋਂ ਪ੍ਰਦਾਨ ਕਰਨ ਦੇ ਮਨਸ਼ੇ ਤਹਿਤ ਸ੍ਰੀਮਤੀ ਸੰਧੂ ਵੱਲੋਂ ਭੇਜੀ ਗਈ ਮਦਦ ਲਈ ਧੰਨਵਾਦ ਕੀਤਾ। ਇਸ ਮੌਕੇ ਕਾਲਜ ਰਜਿਸਟਰਾਰ ਪ੍ਰੋ. ਦਵਿੰਦਰ ਸਿੰਘ, ਡਾ. ਚਰਨਜੀਤ ਸਿੰਘ, ਸੁਪਰਡੈਂਟ ਮਨਮੋਹਨ ਸਿੰਘ ਅਤੇ ਹੋਰ ਸੱਜਣ ਹਾਜ਼ਰ ਸਨ।

## ਪੁਲਿਸ ਮੁਲਾਜ਼ਮਾਂ ਨੂੰ ਮੰਦਾ ਬੋਲਣ 'ਤੇ ਭਾਰਤੀ ਨੂੰ ਕੈਦ

**ਸਿੰਗਾਪੁਰ:** ਸਿੰਗਾਪੁਰ ਵਿਚ ਪੁਲਿਸ ਤੇ ਸਿਹਤ ਕਰਮੀਆਂ ਨਾਲ ਭੱਦੀ ਸ਼ਬਦਾਵਲੀ ਵਰਤਣ 'ਤੇ ਭਾਰਤੀ ਮੂਲ ਦੇ ਇਕ 53 ਸਾਲਾ ਵਿਅਕਤੀ ਨੂੰ ਸੱਤ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੁਲਿਸ ਵਿਅਕਤੀ ਨੂੰ ਕੋਵਿਡ-19 ਨਾਲ ਜੁੜੇ ਨੇਮਾਂ ਦੀ ਪਾਲਣਾ ਲਈ ਬੇਨਤੀ ਕਰ ਰਹੀ ਸੀ। ਰਵੀ ਸੁਬਰਾਮਨੀਅਮ 'ਤੇ ਪਹਿਲਾਂ ਵੀ ਵੱਖ-ਵੱਖ ਮੌਕਿਆਂ ਉਤੇ ਕਈ ਕੇਸ ਦਰਜ ਹੋ ਚੁੱਕੇ ਹਨ।


# Wanted Workers

**Need workers for Restaurant and Gas stations In Eureka, CA.**

*Housing and food provide.*

**ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

**ਰਿਹਾਇਸ਼ ਅਤੇ ਖਾਣਾ ਮੁਫਤ**

Call, Gurpreet Singh Sohal

**Ph: 707-498-9325**

redwoodpetroleum@gmail.com

20-23



## Shan Grill Indian Restaurant

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

*Our speciality: Chicken Seekh Kabob*

Special Catering offer $10 package

Minimum 25 people

**Ph: 847-358-1900**

9-



# Matrimonials

### ਲੜਕੀ ਦੀ ਲੋੜ ਹੈ

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

### ਲੜਕੀ ਦੀ ਲੋੜ ਹੈ

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

### ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11


# ਬੈਂਕਾਂ ਨੂੰ 411 ਕਰੋੜ ਰੁਪਏ ਦਾ ਚੂਨਾ ਲਾ ਕੇ ਫਰਾਰ

**ਨਵੀਂ ਦਿੱਲੀ:** ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਦੀ ਅਗਵਾਈ ਹੇਠਲੇ ਛੇ ਬੈਂਕਾਂ ਦੇ ਗੱਠਜੋੜ ਨਾਲ 411 ਕਰੋੜ ਰੁਪਏ ਦੀ ਧੋਖਾਧੜੀ ਤੋਂ ਬਾਅਦ ਰਾਮ ਦੇਵ ਇੰਟਰਨੈਸ਼ਨਲ ਦੇ ਤਿੰਨ ਪ੍ਰਮੋਟਰ ਦੇਸ਼ ਤੋਂ ਫਰਾਰ ਹੋ ਗਏ ਹਨ। ਸੀ.ਬੀ.ਆਈ. ਨੇ ਹਾਲ ਹੀ ਵਿਚ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਹੈ।

ਅਧਿਕਾਰੀਆਂ ਨੇ ਕਿਹਾ ਕਿ ਐਸ. ਬੀ. ਆਈ. ਵੱਲੋਂ ਸ਼ਿਕਾਇਤ ਦਰਜ ਕਰਨ ਤੋਂ ਪਹਿਲਾਂ ਹੀ ਉਹ ਦੇਸ਼ ਭੱਜ ਗਏ ਸਨ। ਸੀ.ਬੀ.ਆਈ. ਨੇ ਹਾਲ ਹੀ ਵਿਚ ਐਸ.ਬੀ.ਆਈ. ਦੀ ਸ਼ਿਕਾਇਤ 'ਤੇ ਪੱਛਮੀ ਏਸ਼ੀਆਈ ਦੇਸ਼ਾਂ ਅਤੇ ਯੂਰਪੀਅਨ ਦੇਸ਼ਾਂ ਨੂੰ ਬਾਸਮਤੀ ਚੌਲ ਬਰਾਮਦ ਕਰਨ ਵਾਲੀ ਕੰਪਨੀ ਦੇ ਡਾਇਰੈਕਟਰਾਂ ਨਰੇਸ਼ ਕੁਮਾਰ, ਸੁਰੇਸ਼ ਕੁਮਾਰ ਅਤੇ ਸੰਗੀਤਾ ਨੂੰ ਵਿਰੁੱਧ ਕੇਸ ਦਰਜ ਕੀਤਾ ਸੀ। ਐਸ.ਬੀ.ਆਈ. ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਨੇ ਉਸ ਨਾਲ 173 ਕਰੋੜ ਰੁਪਏ ਦਾ ਧੋਖਾ ਕੀਤਾ ਹੈ। ਕੰਪਨੀ ਦੇ ਸਾਊਦੀ ਅਰਬ ਅਤੇ ਦੁਬਈ ਵਿੱਚ ਦਫਤਰ ਵੀ ਹਨ। ਐਸ.ਬੀ.ਆਈ. ਤੋਂ ਇਲਾਵਾ ਬੈਂਕ ਨੂੰ ਕਰਜ਼ਾ ਦੇਣ ਵਾਲੇ ਬੈਂਕਾਂ ਵਿੱਚ ਕੇਨਰਾ ਬੈਂਕ, ਯੂਨੀਅਨ ਬੈਂਕ ਆਫ਼ ਇੰਡੀਆ, ਆਈ.ਡੀ.ਬੀ.ਆਈ., ਕੇਂਦਰੀ ਬੈਂਕ ਆਫ ਇੰਡੀਆ ਅਤੇ ਕਾਰਪੋਰੇਸ਼ਨ ਬੈਂਕ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਕਰੋਨਾ ਵਾਇਰਸ ਕਾਰਨ ਲਾਗੂ ਲੌਕਡਾਊਨ ਕਾਰਨ ਇਸ ਮਾਮਲੇ ਵਿਚ ਅਜੇ ਤੱਕ ਛਾਪੇਮਾਰੀ ਨਹੀਂ ਕੀਤੀ ਗਈ ਹੈ।


# SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

EARLY BIRD SALE!!!!

Domestic fares available



# Desi Bazar

**Under new management.**

916 E. Main Street #118, Greenwood, IN, 46143

Tel: 317-888-2040, Fax: 317-887-6116

Lakhvir S. Johal, Ph: 317-709-7800

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਹਿਰਾਸਤੀ ਮੌਤਾਂ: 29 ਸਾਲਾਂ ਪਿੱਛੋਂ ਸੁਮੇਧ ਸੈਣੀ ਖਿਲਾਫ ਕੇਸ ਦਰਜ

**ਮੁਹਾਲੀ:** ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਖਿਲਾਫ ਮੁਹਾਲੀ ਦੇ ਮਟੌਰ ਥਾਣੇ ਵਿਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸੈਣੀ ਉਤੇ 29 ਸਾਲ ਪਹਿਲਾਂ ਮੁਹਾਲੀ 'ਚੋਂ ਸਾਬਕਾ ਆਈ. ਏ. ਐਸ. ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੇਈ ਬਲਵੰਤ ਸਿੰਘ ਮੁਲਤਾਨੀ ਨੂੰ ਫੇਜ਼-7 ਸਥਿਤ ਘਰੋਂ ਚੁੱਕ ਕੇ ਤਸ਼ੱਦਦ ਢਾਹੁਣ ਦਾ ਦੋਸ਼ ਹੈ। ਇਸੇ ਦੌਰਾਨ ਮੁਹਾਲੀ ਦੀ ਅਦਾਲਤ ਨੇ ਉਸ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ ਅਤੇ ਕਿਹਾ ਹੈ ਕਿ ਉਹ ਹਫਤੇ ਦੇ ਅੰਦਰ ਅੰਦਰ ਜਾਂਚ ਅਧਿਕਾਰੀ ਕੋਲ ਪੇਸ਼ ਹੋ ਕੇ ਤਫਤੀਸ਼ ਵਿਚ ਸ਼ਾਮਲ ਹੋਵੇ।

ਇਸ ਨੌਜਵਾਨ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ ਸੀ। ਉਸ ਸਮੇਂ ਸੁਮੇਧ ਸੈਣੀ ਚੰਡੀਗੜ੍ਹ ਵਿਚ ਐਸ.ਐਸ.ਪੀ. ਦੇ ਅਹੁਦੇ ਉਤੇ ਤਾਇਨਾਤ ਸਨ। ਪੀੜਤ ਪਰਿਵਾਰ ਨੇ ਇਨਸਾਫ ਪ੍ਰਾਪਤੀ ਲਈ ਵੱਡੇ ਪੱਧਰ 'ਤੇ ਕਾਨੂੰਨੀ ਚਾਰਾਜੋਈ ਕੀਤੀ ਸੀ ਪਰ ਉਦੋਂ ਸੈਣੀ ਦੇ ਰੁਤਬੇ ਅੱਗੇ ਉਨ੍ਹਾਂ ਦੀ ਕੋਈ ਵਾਹ ਨਹੀਂ ਚੱਲੀ ਸੀ। ਹੁਣ ਮੁਹਾਲੀ ਦੇ ਮਟੌਰ ਥਾਣੇ ਵਿਚ ਸੈਣੀ ਸਮੇਤ ਅੱਠ ਹੋਰਾਂ ਖਿਲਾਫ ਧਾਰਾ 364, 201, 344, 330, 219 ਅਤੇ 120ਬੀ ਤਹਿਤ ਕੇਸ ਦਰਜ ਕੀਤਾ ਗਿਆ। ਇਹ ਕਾਰਵਾਈ ਮ੍ਰਿਤਕ ਨੌਜਵਾਨ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਇਸ ਮਾਮਲੇ ਵਿਚ ਐਸ.ਪੀ. ਬਲਦੇਵ ਸਿੰਘ ਸੈਣੀ, ਸਤਵੀਰ ਸਿੰਘ, ਹਰ ਸਹਾਏ, ਜਗੀਰ ਸਿੰਘ, ਅਨੂਪ ਸਿੰਘ (ਸਾਰੇ ਸਬ ਇੰਸਪੈਕਟਰ), ਏ.ਐਸ.ਆਈ. ਕੁਲਦੀਪ ਸਿੰਘ ਤੇ ਇਕ ਅਣਪਛਾਤੇ ਵਿਅਕਤੀ ਦਾ ਨਾਂ ਸ਼ਾਮਲ ਹੈ।

ਇਹ ਮਾਮਲਾ ਅਗਸਤ 1991 ਦਾ ਹੈ, ਜਦੋਂ ਚੰਡੀਗੜ੍ਹ ਦੇ ਤਤਕਾਲੀ ਐਸ.ਐਸ.ਪੀ. ਸੁਮੇਧ ਸੈਣੀ 'ਤੇ ਹਮਲਾ ਹੋਇਆ ਸੀ। ਹਮਲੇ 'ਚ ਸੈਣੀ ਜ਼ਖਮੀ ਹੋ ਗਿਆ ਸੀ ਜਦਕਿ ਤਿੰਨ ਪੁਲਿਸ ਕਰਮੀਆਂ ਦੀ ਮੌਤ ਹੋ ਗਈ ਸੀ। ਧਮਾਕੇ ਮਗਰੋਂ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਸੈਣੀ ਅਤੇ ਉਸ ਦੇ ਵਫਾਦਾਰ ਅਧਿਕਾਰੀਆਂ ਦੀ ਟੀਮ ਨੇ ਕਥਿਤ ਤੌਰ 'ਤੇ ਕੁਝ ਸ਼ੱਕੀ ਨੌਜਵਾਨਾਂ ਨੂੰ ਚੁੱਕ ਲਿਆ ਸੀ। ਚੰਡੀਗੜ੍ਹ ਪੁਲਿਸ ਨੇ ਦਵਿੰਦਰ ਸਿੰਘ ਭੁੱਲਰ ਸਮੇਤ ਕੁਝ ਹੋਰ ਸਿੱਖ ਨੌਜਵਾਨਾਂ ਖਿਲਾਫ ਕੇਸ ਦਰਜ ਕੀਤਾ ਸੀ। ਭੁੱਲਰ ਨਹੀਂ ਮਿਲਿਆ ਸੀ ਤਾਂ ਚੰਡੀਗੜ੍ਹ ਪੁਲਿਸ ਉਸ ਦੇ ਪਿਤਾ ਅਤੇ ਰਿਸ਼ਤੇਦਾਰ ਨੂੰ ਚੁੱਕ ਕੇ ਲੈ ਗਈ ਸੀ। ਵਧੀਕ ਸੈਸ਼ਨ ਜੱਜ ਨੇ ਉਸ ਨੂੰ ਅਤੇ ਦੋ ਹੋਰਾਂ ਨੂੰ ਬਰੀ ਕਰ ਦਿੱਤਾ ਸੀ। ਯੂਟੀ ਨੇ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ ਜਿਸ ਮਗਰੋਂ ਪਤਾ ਲੱਗਾ ਕਿ ਕੁਝ ਮੁਲਜ਼ਮਾਂ ਨੂੰ ਭਗੌੜਾ (ਪੀ.ਓ.) ਕਰਾਰ ਦਿੱਤਾ ਗਿਆ ਹੈ। ਯੂਟੀ ਪੁਲਿਸ ਦੇ ਯਤਨਾਂ ਤੋਂ ਨਾਖੁਸ਼ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਇਨ੍ਹਾਂ ਭਗੌੜਿਆਂ ਦਾ ਪਤਾ ਲਾਉਣ ਲਈ ਕਿਹਾ। ਇਸ ਦੌਰਾਨ ਸਾਬਕਾ ਆਈ.ਏ.ਐਸ. ਅਧਿਕਾਰੀ ਨੇ



ਅਦਾਲਤ ਦਾ ਰੁਖ ਕਰਕੇ ਦੋਸ਼ ਲਾਇਆ ਕਿ ਉਸ ਦੇ ਪੁੱਤਰ ਬਲਵੰਤ ਸਿੰਘ ਮੁਲਤਾਨੀ ਨੂੰ ਮਾਰ ਦਿੱਤਾ ਗਿਆ ਹੈ। ਇਕ ਹੋਰ ਕੇਸ 'ਚ ਭੁੱਲਰ ਨੇ ਵੀ ਹਾਈ ਕੋਰਟ 'ਚ ਦਰਖਾਸਤ ਦੇ ਕੇ ਕਿਹਾ ਕਿ ਉਸ ਦੇ ਪਿਤਾ ਅਤੇ ਰਿਸ਼ਤੇਦਾਰ ਨੂੰ ਤਸੀਹੇ ਦੇ ਕੇ ਮਾਰ ਮੁਕਾਇਆ ਗਿਆ ਹੈ। ਉਸ ਨੇ ਕਿਹਾ ਕਿ ਜਦੋਂ ਮੁਲਤਾਨੀ ਨੂੰ ਚੁੱਕਿਆ ਗਿਆ ਤਾਂ ਉਸ ਦੇ ਪਿਤਾ ਬਲਵੰਤ ਸਿੰਘ ਭੁੱਲਰ ਅਤੇ ਰਿਸ਼ਤੇਦਾਰ ਮਨਜੀਤ ਸਿੰਘ ਨੂੰ ਵੀ ਅਗਵਾ ਕੀਤਾ ਗਿਆ ਸੀ।

ਸੀ.ਬੀ.ਆਈ. ਨੇ ਬੰਬ ਹਮਲੇ ਸਬੰਧੀ ਬਲਵੰਤ ਸਿੰਘ ਮੁਲਤਾਨੀ ਅਤੇ ਬਲਵੰਤ ਸਿੰਘ ਭੁੱਲਰ ਨੂੰ ਤਸੀਹੇ ਦੇਣ 'ਚ ਸੈਣੀ ਦੀ ਸ਼ਮੂਲੀਅਤ ਕਬੂਲੀ ਅਤੇ ਉਸ (ਸੈਣੀ) ਦੇ ਅਤੇ ਤਿੰਨ ਹੋਰ ਪੁਲਿਸ ਅਧਿਕਾਰੀਆਂ ਖਿਲਾਫ ਅਗਵਾ, ਗੈਰਕਾਨੂੰਨੀ ਹਿਰਾਸਤ 'ਚ ਰੱਖਣ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਪਲਵਿੰਦਰ ਸਿੰਘ ਮੁਲਤਾਨੀ ਅਨੁਸਾਰ 11 ਦਸੰਬਰ 1991 ਨੂੰ ਸੈਣੀ ਦੇ ਹੁਕਮਾਂ ਉਤੇ ਡੀ.ਐਸ.ਪੀ. ਬਲਦੇਵ ਸਿੰਘ ਸੈਣੀ ਦੀ ਅਗਵਾਈ ਵਾਲੀ ਟੀਮ ਉਸ ਦੇ ਭਰਾ ਬਲਵੰਤ ਸਿੰਘ ਮੁਲਤਾਨੀ ਨੂੰ ਘਰੋਂ ਜਬਰੀ ਚੁੱਕ ਕੇ ਸੈਕਟਰ-17 ਦੇ ਥਾਣੇ ਲੈ ਗਈ ਸੀ। ਚੰਡੀਗੜ੍ਹ ਪੁਲਿਸ ਮੁਲਤਾਨੀ ਤੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਟਿਕਾਣੇ ਬਾਰੇ ਪੁੱਛ ਰਹੀ ਸੀ ਜੋ ਉਨ੍ਹਾਂ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਇਸ ਮਗਰੋਂ ਪੁਲਿਸ ਨੇ ਫੇਜ਼-10 ਸਥਿਤ ਹਾਊਸਫੈੱਡ ਕੰਪਲੈਕਸ ਵਿਚ ਛਾਪਾ ਮਾਰ ਕੇ ਪਿਤਾ-ਪੁੱਤ ਨੂੰ ਹਿਰਾਸਤ ਵਿਚ ਲੈ ਲਿਆ। ਇਨ੍ਹਾਂ ਸਾਰਿਆਂ ਉਤੇ ਅੰਨ੍ਹੇਵਾਹ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ ਸੀ ਅਤੇ ਮੁਲਤਾਨੀ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ ਸੀ। ਪਰਿਵਾਰ ਨੂੰ ਉਸ ਦੀ ਕੋਈ ਸੂਹ ਨਹੀਂ ਦਿੱਤੀ ਗਈ ਅਤੇ ਬਾਅਦ ਵਿਚ ਇਹ ਗੱਲ ਉਡਾ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ 'ਚੋਂ ਫਰਾਰ ਹੋ ਗਿਆ ਹੈ।

ਇਸ ਮਗਰੋਂ ਸੁਮੇਧ ਸੈਣੀ ਸੁਪਰੀਮ ਕੋਰਟ ਦੀ ਸ਼ਰਨ ਵਿਚ ਚਲਾ ਗਿਆ ਸੀ। ਸੁਪਰੀਮ ਕੋਰਟ ਨੇ ਜੁਲਾਈ 2008 'ਚ ਸੈਣੀ ਨੂੰ ਵੱਡੀ ਰਾਹਤ ਦਿੰਦਿਆਂ ਕਲੀਨ ਚਿੱਟ ਦੇ ਦਿੱਤੀ ਸੀ। ਪਰਿਵਾਰ ਨੂੰ 14 ਦਸੰਬਰ 2015 ਨੂੰ ਇਕ ਮੈਗਜ਼ੀਨ ਵਿਚ ਖਬਰ ਪੜ੍ਹ ਕੇ ਪਤਾ ਲੱਗਾ ਕਿ ਬਲਵੰਤ ਮੁਲਤਾਨੀ ਦੀ ਮੌਤ ਹੋ ਗਈ ਹੈ ਕਿਉਂਕਿ ਮੈਗਜ਼ੀਨ ਵਿਚ ਸੈਣੀ ਦੇ ਖਾਸ ਸਮਝੇ ਜਾਂਦੇ ਇਕ ਸਾਬਕਾ ਪੁਲਿਸ ਅਧਿਕਾਰੀ ਦੇ ਹਵਾਲੇ ਨਾਲ ਰਿਪੋਰਟ ਪ੍ਰਕਾਸ਼ਿਤ ਕੀਤੀ ਹੋਈ ਸੀ।

### ਸਿਆਸੀ ਦਖਲਅੰਦਾਜ਼ੀ ਨਹੀਂ ਕਰਾਂਗੇ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਵਲੋਂ ਪੁਰਾਣੇ ਅਗਵਾ ਕੇਸ ਵਿਚ ਦਰਜ ਪੁਲਿਸ ਕੇਸ ਨੂੰ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੋਣ ਦੇ ਲਾਏ ਇਲਜ਼ਾਮਾਂ ਨੂੰ ਮੂਲੋਂ ਖਾਰਜ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਵਿਚ ਸਿਆਸੀ ਦਖਲਅੰਦਾਜ਼ੀ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਹੈ ਅਤੇ ਕਾਨੂੰਨ ਆਪਣਾ ਕੰਮ ਕਰੇਗਾ। ਉਨ੍ਹਾਂ ਪੁਲਿਸ ਨੂੰ ਪੂਰੇ ਮਾਮਲੇ ਦੀ ਡੂੰਘਾਈ ਨਾਲ ਨਿਰਪੱਖ ਜਾਂਚ ਦੇ ਆਦੇਸ਼ ਵੀ ਦਿੱਤੇ ਹਨ।

# ਕੈਪਟਨ ਸਰਕਾਰ ਨੇ ਲੌਕਡਾਊਨ ਆਸਰੇ 'ਜਿੱਤੀ' ਨਸ਼ਿਆਂ ਖਿਲਾਫ ਜੰਗ

**ਚੰਡੀਗੜ੍ਹ:** ਲੌਕਡਾਊਨ ਦੌਰਾਨ ਪੰਜਾਬ ਸਰਕਾਰ ਨੂੰ ਨਸ਼ਿਆਂ ਵਿਰੁੱਧ ਜੰਗ 'ਚ ਵੱਡੀ ਸਫਲਤਾ ਮਿਲੀ ਹੈ। ਸਿਰਫ ਮਹੀਨੇ 'ਚ ਸੂਬੇ ਭਰ 'ਚੋਂ ਨਸ਼ੇ ਦੇ ਆਦੀ 86371 ਨਵੇਂ ਮਰੀਜ਼ 198 ਆਊਟਪੇਸ਼ੈਂਟ ਓਪੀਓਡ ਅਸਿਸਟੈਂਟ ਟ੍ਰੀਟਮੈਂਟ (ਓਓਏਟੀ) ਕਲੀਨਿਕਾਂ ਵਿਚ ਇਲਾਜ ਲਈ ਭਰਤੀ ਹੋਏ ਹਨ। ਸਰਕਾਰ ਦਾ ਦਾਅਵਾ ਹੈ ਕਿ ਨਸ਼ਿਆਂ ਵਿਰੁੱਧ ਜੰਗ 'ਚ 6 ਮਈ 2020 ਤੱਕ ਓਟ, ਨਸ਼ਾ ਛੁਡਾਊ ਕੇਂਦਰਾਂ ਤੇ ਨਿੱਜੀ ਕੇਂਦਰਾਂ ਵਿਚ 5,00,552 ਮਰੀਜ਼ਾਂ ਦਾ ਇਲਾਜ ਕੀਤਾ ਜਾ ਚੁੱਕਾ ਹੈ।

ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੇ ਚੀਫ-ਕਮ-ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਵਿਸ਼ਵ ਭਰ ਵਿਚ ਨਸ਼ਾ ਛੁਡਾਉਣ ਦੇ ਇਲਾਜ ਵਿਚ 'ਓਟ' ਕਲੀਨਿਕ ਪ੍ਰੋਗਰਾਮ ਪੂਰੀ ਤਰ੍ਹਾਂ ਸਫਲ ਅਤੇ ਸਭ ਤੋਂ ਪ੍ਰਮੁੱਖ ਕੋਸ਼ਿਸ਼ ਸਾਬਤ ਹੋਈ ਹੈ। ਓਟ ਕਲੀਨਿਕਾਂ ਵਿਚ ਰਜਿਸਟ੍ਰੇਸ਼ਨ ਵਿਚ ਵਾਧਾ ਹੋਣ ਕਰਕੇ, ਮਰੀਜ਼ਾਂ ਨੂੰ ਘਰਾਂ ਵਿਚ ਹੀ ਦਵਾਈ ਲੈਣ ਦੀ ਮਿਆਦ 21 ਦਿਨਾਂ ਤੱਕ ਵਧਾ ਦਿੱਤੀ ਗਈ ਜਿਸ ਨਾਲ ਮਰੀਜ਼ਾਂ ਅਤੇ ਸਟਾਫ ਨੂੰ ਵੱਡੀ ਰਾਹਤ ਮਿਲੀ। ਸ੍ਰੀ ਸਿੱਧੂ ਨੇ ਕਿਹਾ ਕਿ ਓਓਏਟੀ ਮਾਡਲ ਆਊਟਪੇਸ਼ੈਂਟ ਕਲੀਨਿਕ ਦਵਾਈ-ਸਲਾਹ-ਪੀਅਰ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ।

ਐਸ.ਟੀ.ਐਫ. ਮੁੱਖੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਇਸ ਪ੍ਰੋਗਰਾਮ ਤਹਿਤ ਨਸ਼ਾ ਰੋਕੂ ਅਧਿਕਾਰੀ (ਡੈਪੋ) ਆਪਣੇ ਗੁਆਂਢੀ ਇਲਾਕਿਆਂ ਵਿਚ ਨਸ਼ਿਆਂ ਦੀ ਰੋਕਥਾਮ ਲਈ ਅਤੇ ਨਸ਼ਾ ਛੁਡਾਊ ਇਲਾਜ ਕੇਂਦਰਾਂ ਨਾਲ ਜੋੜਨ ਲਈ ਕਮਿਊਨਿਟੀ ਗਤੀਵਿਧੀਆਂ ਦੀ ਨਿਗਰਾਨੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕਰੀਬ 5.43 ਲੱਖ ਡੈਪੋਜ਼ ਪਹਿਲਾਂ ਹੀ ਰਜਿਸਟਰ ਹੋ ਚੁੱਕੇ ਹਨ, ਜਿਨ੍ਹਾਂ ਵਿਚੋਂ 88710 ਅਧਿਕਾਰੀ ਹਨ ਅਤੇ 4,54,332 ਨਾਗਰਿਕ ਹਨ।

ਸ੍ਰੀ ਸਿੱਧੂ ਨੇ ਕਿਹਾ ਕਿ ਐਸ.ਟੀ.ਐਫ. ਨੇ 'ਡਰੱਗ ਦੀ ਵਰਤੋਂ ਖਿਲਾਫ ਵਿਆਪਕ ਕਾਰਵਾਈ' (ਸੀ.ਏ.ਡੀ.ਏ.) ਰਣਨੀਤੀ ਤਿਆਰ ਕੀਤੀ ਹੈ ਜੋ ਇਨਫੋਰਸਮੈਂਟ-ਡੀਅਡਿਕਸ਼ਨ-ਪ੍ਰੀਵੈਂਸ਼ਨ (ਈ.ਡੀ.ਪੀ.) ਪਹੁੰਚ ਉਤੇ ਅਧਾਰਤ ਹੈ। ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸੂਬੇ ਵਿਚ ਨਸ਼ਾਖੋਰੀ ਨੂੰ ਕਾਬੂ ਕਰਨ ਲਈ 360 ਡਿਗਰੀ ਪਹੁੰਚ ਹੈ ਅਤੇ ਨਸ਼ਾਖੋਰੀ ਦੀ ਰੋਕਥਾਮ ਲਈ ਸਾਰੇ ਸਰਕਾਰੀ ਵਿਭਾਗਾਂ ਦੇ ਨਾਲ ਨਾਲ ਸਮਾਜ ਦੇ ਸਾਰੇ ਵਰਗਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਂਦੀ ਹੈ।

ਉਨ੍ਹਾਂ ਦੱਸਿਆ ਕਿ 14,90,516 ਵਿਅਕਤੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਹੈ। ਇਸ ਤੋਂ ਇਲਾਵਾ 2,05,619 ਨਸ਼ਾ ਪੀੜਤਾਂ ਨਾਲ ਸੰਪਰਕ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 98,278 ਪੀੜਤਾਂ ਨੂੰ ਨਸ਼ਾ ਛੁਡਾਊ / ਓ.ਓ.ਏ.ਟੀ. ਸੈਂਟਰਾਂ ਵਿਚ ਭੇਜਿਆ ਜਾ ਚੁੱਕਾ ਹੈ। ਐਸ.ਟੀ.ਐਫ. ਦੇ ਮੁਖੀ ਨੇ ਅੱਗੇ ਦੱਸਿਆ ਕਿ ਫੋਰਸ ਵੱਲੋਂ ਸ਼ੁਰੂ ਕੀਤੇ 'ਬੱਡੀ ਪ੍ਰੋਗਰਾਮ' ਦਾ ਉਦੇਸ਼ ਸਕੂਲ ਦੇ ਬੱਚਿਆਂ, ਕਾਲਜ/ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਹੈ।

ਇਸ ਪਹਿਲਕਦਮੀ ਤਹਿਤ ਹੁਣ ਤੱਕ ਲਗਭਗ 15,976 ਵਿਦਿਅਕ ਸੰਸਥਾਵਾਂ ਨੂੰ ਕਵਰ ਕੀਤਾ ਜਾ ਚੁੱਕਾ ਹੈ ਜਿਸ ਵਿਚ 37,36,718 ਵਿਦਿਆਰਥੀਆਂ ਨੇ ਸਰਗਰਮ ਹਿੱਸਾ ਲਿਆ। ਇਸ ਤੋਂ ਇਲਾਵਾ 12,124 ਨੋਡਲ ਅਧਿਕਾਰੀਆਂ, 1,27,146 ਸੀਨੀਅਰ ਬੱਡੀਜ਼ ਅਤੇ 7,48,926 ਬੱਡੀ ਗਰੁੱਪ ਵੀ ਗਠਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, 37,24,090 ਵਿਦਿਆਰਥੀਆਂ ਨੇ ਬੱਡੀ ਗਰੁੱਪ ਬਣਾਏ ਅਤੇ ਹੁਣ ਤੱਕ 6,28,606 ਪ੍ਰੋਗਰਾਮ/ਗਤੀਵਿਧੀਆਂ ਕਰਵਾਈਆਂ ਗਈਆਂ ਹਨ।

### ਨਸ਼ਾ ਤਸਕਰ ਰਣਜੀਤ ਚੀਤਾ ਤੇ ਉਸ ਦਾ ਭਰਾ ਗ੍ਰਿਫਤਾਰ

**ਸਿਰਸਾ:** ਪੰਜਾਬ ਦੀ ਅੰਮ੍ਰਿਤਸਰ ਪੁਲਿਸ, ਐਨ.ਆਈ.ਏ. ਤੇ ਹਰਿਆਣਾ ਪੁਲਿਸ ਦੀ ਸਾਂਝੀ ਟੀਮ ਨੇ 532 ਕਿਲੋ ਹੈਰੋਇਨ ਦੇ ਮਾਮਲੇ ਵਿਚ ਨਸ਼ਾ ਤਸਕਰ ਰਣਜੀਤ ਸਿੰਘ ਉਰਫ ਚੀਤਾ ਅਤੇ ਉਸ ਦੇ ਭਰਾ ਗਗਨ ਨੂੰ ਸਿਰਸਾ ਦੇ ਪਿੰਡ ਬੇਗੂ ਤੋਂ ਗ੍ਰਿਫਤਾਰ ਕੀਤਾ ਹੈ। ਰਣਜੀਤ ਤੇ ਉਸ ਦੇ ਭਰਾ ਨੂੰ ਸਿਰਸਾ ਵਿਚ ਪਨਾਹ ਦੇਣ ਵਾਲੇ ਪਿੰਡ ਵੈਦਵਾਲਾ ਦੇ ਗੁਰਮੀਤ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਰਣਜੀਤ ਉਸ ਚੀਤਾ ਦੇ ਹਿਜ਼ਬੁਲ ਮੁਜਾਹਦੀਨ ਨਾਲ ਸਬੰਧ ਹੋਣ ਦਾ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਅੰਮ੍ਰਿਤਸਰ ਪੁਲਿਸ ਤੇ ਐਨ.ਆਈ.ਏ. ਦੀ ਟੀਮ ਨੂੰ ਰਣਜੀਤ ਸਿੰਘ ਉਰਫ ਚੀਤਾ ਦੇ ਸਿਰਸਾ ਵਿਚ ਲੁਕੇ ਹੋਣ ਦੀ ਸੂਹ ਮਿਲੀ, ਜਿਸ ਮਗਰੋਂ ਪੁਲਿਸ ਨੇ ਸਿਰਸਾ ਦੇ ਪੁਲਿਸ ਨੇ ਸੰਪਰਕ ਕੀਤਾ ਤੇ ਤੜਕੇ ਵੱਖ-ਵੱਖ ਥਾਵਾਂ ਉਤੇ ਛਾਪਿਆਂ ਦੌਰਾਨ ਰਣਜੀਤ ਸਿੰਘ, ਉਸ ਦੇ ਭਰਾ ਗਗਨ ਅਤੇ ਪਿੰਡ ਵੈਦਵਾਲਾ ਦੇ ਗੁਰਮੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

### 'ਨਸ਼ਾ ਅਤਿਵਾਦ ਫੈਲਾਉਣ ਤੋਂ ਬਾਜ਼ ਆਵੇ ਪਾਕਿ'

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨੂੰ ਸਰਹੱਦ ਪਾਰ ਤੋਂ ਨਸ਼ਾ ਅਤਿਵਾਦ ਫੈਲਾਉਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਵਿਰੁੱਧ ਸਖਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਨੇ ਦ੍ਰਿੜਤਾ ਜ਼ਾਹਿਰ ਕਰਦਿਆਂ ਆਖਿਆ ਕਿ ਕੋਵਿਡ ਦੇ ਸੰਕਟ ਦਰਮਿਆਨ ਵੀ ਪੰਜਾਬ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਸਰਹੱਦ ਪਾਰ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਪੁਲਿਸ ਵਲੋਂ ਨਸ਼ਿਆਂ ਦੇ ਕਾਰੋਬਾਰ 'ਚ ਵੱਡੀ ਮੱਛੀਆਂ ਨੂੰ ਕਾਬੂ ਕਰਨ ਦੇ ਸੰਦਰਭ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਸਭ ਕੁਝ ਦਿਸ ਰਿਹਾ ਹੈ ਕਿ ਪਾਕਿਸਤਾਨ ਕਰ ਕੀ ਰਿਹਾ ਹੈ।

# ਇੰਗਲੈਂਡ 'ਚ ਕਬੱਡੀ ਦੇ ਬੂਟੇ ਲਾਉਣ ਵਾਲਾ ਮਹਿੰਦਰ ਮੌੜ ਸੁਰਗਵਾਸ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਬਰਤਾਨੀਆ 'ਚ ਪੰਜਾਬੀਆਂ ਦੀ ਮਨਪਸੰਦ ਖੇਡ ਕਬੱਡੀ ਨੂੰ ਪ੍ਰਫੁਲਿਤ ਕਰਨ ਵਾਲੇ ਮਹਿੰਦਰ ਮੌੜ ਕਾਲਾ ਸੰਘਿਆਂ ਵਾਲੇ ਲੰਘੇ



ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਕਰੀਬ 89 ਸਾਲ ਦੇ ਸਨ। ਉਨ੍ਹਾਂ ਦੀ ਮੌਤ ਦੀ ਖਬਰ ਨੇ ਉਨ੍ਹਾਂ ਦੇ ਚਾਹੁਣ ਵਾਲਿਆਂ, ਯਾਰਾਂ-ਬੇਲੀਆਂ, ਕਬੱਡੀ ਖਿਡਾਰੀਆਂ ਅਤੇ ਖੇਡਾਂ ਨਾਲ ਜੁੜੀਆਂ ਸ਼ਖਸੀਅਤਾਂ ਨੂੰ ਹਲੂਣ ਕੇ ਰੱਖ ਦਿੱਤਾ ਹੈ।

ਮਹਿੰਦਰ ਮੌੜ ਨੇ ਸੈਂਕੜੇ ਕਬੱਡੀ ਖਿਡਾਰੀ ਇੰਗਲੈਂਡ ਸੱਦੇ, ਵਿਆਹ ਕੀਤੇ ਤੇ ਪੱਕੇ ਕਰਵਾਏ। ਹਜ਼ਾਰਾਂ ਪੌਂਡ ਆਪਣੇ ਪੱਲਿਓਂ ਖਰਚ ਕੇ ਮੁੰਦੀਆਂ, ਕੜੇ, ਚੇਨੀਆਂ ਅਤੇ ਹੋਰ ਖਰਚਾ ਕਰ ਕੇ ਸਾਰੇ ਕਾਰ-ਵਿਹਾਰ ਕੀਤੇ। ਉਨ੍ਹਾਂ ਦੀ ਮੌਤ ਨਾਲ ਖਿਡਾਰੀ ਭਾਵੁਕ ਹਨ, ਜਿਨ੍ਹਾਂ ਦਾ ਮਾਂ-ਬਾਪ ਬਣ ਕੇ ਉਨ੍ਹਾਂ ਨੇ ਸਾਰੀਆਂ ਰਸਮਾਂ ਨਿਭਾਈਆਂ। ਸ਼ਾਹੀ ਫਕੀਰ ਸੁਭਾਅ ਦੇ ਇਨਸਾਨ ਸਨ ਤੇ ਕਬੱਡੀ ਲਈ ਜੇਬਾਂ ਖਾਲੀ ਕਰਦੇ ਰਹੇ। ਉਹ ਧਰਮ, ਜਾਤ-ਪਾਤ, ਊਚ-ਨੀਚ ਤੋਂ ਉਪਰ ਉਠ ਕੇ ਕੋਈ ਸੱਠ ਸਾਲ ਕਬੱਡੀ ਤੇ ਖਿਡਾਰੀਆਂ ਦੀ ਬਿਹਤਰੀ ਲਈ ਡਟੇ ਰਹੇ। ਉਨ੍ਹਾਂ ਦੀ ਮੌਤ ਖੇਡ ਜਗਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ, ਪਰ ਖੇਡ ਜਗਤ ਵਿਚ ਉਨ੍ਹਾਂ ਦਾ ਨਾਂ ਚੜ੍ਹਦੇ ਸੂਰਜ ਵਾਂਗ ਚਮਕਦਾ ਰਹੇਗਾ।

---

*(ਨੋਟ: ਮਹਿੰਦਰ ਮੌੜ ਬਾਰੇ ਇਕਬਾਲ ਜੱਬੋਵਾਲੀਏ ਦਾ ਵਿਸਥਾਰ ਵਿਚ ਲਿਖਿਆ ਇਕ ਲੇਖ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ। -ਸੰਪਾਦਕ)*

## ਇਕਾਂਤਵਾਸ ਕੀਤੇ ਕਿਸਾਨ ਨੇ ਲਿਆ ਫਾਹਾ

**ਮਹਿਲ ਕਲਾਂ:** ਕਰੋਨਾ ਵਾਇਰਸ ਕਾਰਨ ਘਰ ਵਿਚ ਇਕਾਂਤਵਾਸ ਕੀਤੇ ਪਿੰਡ ਮਾਂਗੇਵਾਲ ਦੇ ਕਿਸਾਨ ਨੇ ਘਰ ਵਿਚ ਹੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਪਿੰਡ ਮਾਂਗੇਵਾਲ ਦੇ ਕਿਸਾਨ ਪੱਪੂ ਸਿੰਘ (37) ਪੁੱਤਰ ਤੇਜਾ ਸਿੰਘ ਕੋਲ ਆਪਣੀ ਜ਼ਮੀਨ ਨਾ ਹੋਣ ਕਾਰਨ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਬਾਹਰੀ ਸੂਬੇ ਹਰਿਆਣਾ 'ਚ ਮਜ਼ਦੂਰੀ ਕਰਨ ਗਿਆ ਸੀ।

ਪਿਛਲੇ ਦਿਨੀਂ ਜਦੋਂ ਉਹ ਵਾਪਸ ਪਿੰਡ ਆਇਆ ਤਾਂ ਸਿਹਤ ਵਿਭਾਗ ਦੀ ਟੀਮ ਨੇ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਉਸ ਨੂੰ 30 ਅਪਰੈਲ ਤੋਂ 20 ਮਈ ਤੱਕ ਘਰ ਵਿਚ ਹੀ ਇਕਾਂਤਵਾਸ ਕਰ ਦਿੱਤਾ। ਇਸ ਘਟਨਾ ਸਬੰਧੀ ਥਾਣਾ ਠੁੱਲੀਵਾਲ ਦੇ ਏ.ਐਸ.ਆਈ. ਸਤਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਬਾਹਰੀ ਸੂਬੇ 'ਚੋਂ ਆਇਆ ਸੀ, ਜਿਸ ਕਾਰਨ ਉਸ ਨੂੰ ਘਰ ਵਿਚ ਹੀ ਇਕਾਂਤਵਾਸ ਕੀਤਾ ਹੋਇਆ ਸੀ। ਪਿੰਡ ਨਾਲ ਸਬੰਧਤ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਗੁਰਦੇਵ ਸਿੰਘ ਮਾਂਗੇਵਾਲ ਨੇ ਕਿਹਾ ਕਿ ਪੱਪੂ ਸਿੰਘ ਗਰੀਬ ਕਿਸਾਨ ਸੀ। ਉਹ ਘਰ ਵਿਚ ਇਕੱਲਾ ਹੀ ਕਮਾਉਣ ਵਾਲਾ ਸੀ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਇਸ ਗਰੀਬ ਪਰਿਵਾਰ ਦੀ ਆਰਥਿਕ ਸਹਾਇਤਾ ਕਰਨੀ ਚਾਹੀਦੀ ਹੈ।

# ਦੋ ਪੁਲਿਸ ਅਫਸਰਾਂ ਦੀ ਸਜ਼ਾ ਮੁਆਫ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦੋ ਸਾਬਕਾ ਪੁਲਿਸ ਅਧਿਕਾਰੀਆਂ ਦੀ ਸਜ਼ਾ ਮੁਆਫ ਕਰ ਦਿੱਤੀ ਹੈ। ਸੂਬੇ ਦੇ ਪ੍ਰਮੁੱਖ ਸਕੱਤਰ (ਜੇਲ੍ਹਾਂ) ਆਰ ਵੈਂਕਟਰਤਨਮ ਵੱਲੋਂ ਜਾਰੀ ਹੁਕਮਾਂ ਮੁਤਾਬਕ ਸਾਬਕਾ ਐਸ.ਐਸ.ਪੀ. ਪ੍ਰੀਤਪਾਲ ਸਿੰਘ ਵਿਰਕ ਅਤੇ ਸਾਬਕਾ ਡੀ.ਐਸ.ਪੀ. ਸ਼ਮਸ਼ੇਰ ਸਿੰਘ ਦੀ ਰਹਿੰਦੀ ਸਜ਼ਾ ਮੁਆਫ ਕੀਤੀ ਗਈ ਹੈ।

ਦੋਹਾਂ ਨੂੰ ਸੀ.ਬੀ.ਆਈ. ਅਦਾਲਤ ਨੇ 10-10 ਸਾਲ ਦੀ ਸਜ਼ਾ ਸੁਣਾਈ ਸੀ। ਸੂਤਰਾਂ ਮੁਤਾਬਕ ਦੋਵੇਂ ਪੁਲਿਸ ਅਫਸਰਾਂ ਦੀ ਰਹਿੰਦੀ ਸਜ਼ਾ ਮੁਆਫ ਕਰਨ ਦਾ ਫੈਸਲਾ ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗਰਮ ਦਲੀਆਂ ਅਤੇ ਪੁਲਿਸ ਅਫਸਰਾਂ ਦੀ ਸਜ਼ਾ ਮੁਆਫੀ ਨਾਲ ਹੀ ਸਬੰਧਤ ਹੈ। ਇਸ ਸਬੰਧੀ ਰਾਜ ਸਰਕਾਰ ਵੱਲੋਂ ਪ੍ਰਵਾਨਗੀ ਹੀ ਦੇਰੀ ਨਾਲ ਦਿੱਤੀ ਗਈ ਹੈ। ਉਧਰ, ਪੁਲਿਸ ਅਧਿਕਾਰੀਆਂ ਮੁਤਾਬਕ ਇਨ੍ਹਾਂ ਪੁਲਿਸ ਅਫਸਰਾਂ ਨੇ ਸਜ਼ਾ ਤਕਰੀਬਨ ਭੁਗਤ ਲਈ ਸੀ ਅਤੇ ਸਰਕਾਰ ਵੱਲੋਂ ਮਹਿਜ਼ ਰਸਮੀ ਕਾਰਵਾਈ ਕੀਤੀ ਗਈ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਉਕਤ ਪੁਲਿਸ ਅਫਸਰਾਂ ਸਮੇਤ ਅੱਧੀ ਦਰਜਨ ਪੁਲਿਸ ਮੁਲਾਜ਼ਮਾਂ 'ਤੇ ਖਾੜਕੂਵਾਦ ਦੇ ਦੌਰ ਵੇਲੇ ਸੁਨਾਮ ਦੇ ਇਕ ਨੌਜਵਾਨ ਨੂੰ ਅਗਵਾ ਕਰਨ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਦੀ ਲੰਮੀ ਪੜਤਾਲ ਉਪਰੰਤ ਸੀ.ਬੀ.ਆਈ. ਨੇ ਪ੍ਰੀਤਪਾਲ ਸਿੰਘ ਵਿਰਕ ਸਮੇਤ ਹੋਰਨਾਂ ਪੁਲਿਸ ਅਫਸਰਾਂ ਖਿਲਾਫ ਸੀ.ਬੀ.ਆਈ. ਅਦਾਲਤ ਵਿਚ ਦੋਸ਼ ਪੱਤਰ ਦਾਖਲ ਕੀਤਾ ਸੀ।

ਸੀ.ਬੀ.ਆਈ. ਅਦਾਲਤ ਨੇ ਸਾਲ 2013 ਵਿਚ ਸਾਰਿਆਂ ਨੂੰ 10-10 ਦੀ ਸਜ਼ਾ ਸੁਣਾਈ ਸੀ ਅਤੇ ਜੁਰਮਾਨੇ ਕੀਤੇ ਸਨ। ਹਾਈ ਕੋਰਟ ਨੇ ਜ਼ਿਆਦਾਤਰ ਪੁਲਿਸ ਅਫਸਰਾਂ ਨੂੰ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਸੀ। ਪ੍ਰਮੁੱਖ ਸਕੱਤਰ (ਜੇਲ੍ਹਾਂ) ਦੇ ਇਸ ਹੁਕਮ ਮੁਤਾਬਕ ਸ਼ਮਸ਼ੇਰ ਸਿੰਘ ਨੂੰ ਉਪਰਲੀ ਅਦਾਲਤ ਤੋਂ ਜ਼ਮਾਨਤ ਮਿਲੀ ਹੋਈ ਹੈ। ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਇਕ ਪੁਲਿਸ ਕਰਮਚਾਰੀ ਅਵਤਾਰ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਬਲਬੀਰ ਸਿੰਘ ਦੀ ਸਜ਼ਾ ਮੁਆਫੀ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਪ੍ਰਮੁੱਖ ਸਕੱਤਰ (ਜੇਲ੍ਹਾਂ) ਦੇ ਹੁਕਮ ਮੁਤਾਬਕ ਜਿਨ੍ਹਾਂ ਸਾਬਕਾ ਪੁਲਿਸ ਅਫਸਰਾਂ ਦੀ ਸਜ਼ਾ ਮੁਆਫ ਕੀਤੀ ਗਈ ਹੈ, ਉਨ੍ਹਾਂ ਨੇ 4-4 ਸਾਲ ਤੋਂ ਵਧੇਰੇ ਸਜ਼ਾ ਭੁਗਤ ਲਈ ਹੈ ਅਤੇ ਬਾਕੀ ਰਹਿੰਦੀ ਸਜ਼ਾ ਮੁਆਫ ਕਰ ਦਿੱਤੀ ਹੈ। ਜੇਲ੍ਹ ਵਿਭਾਗ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਹ ਸਜ਼ਾ ਮੁਆਫੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਆਮ ਕੈਦੀਆਂ ਨੂੰ ਚੰਗੇ ਆਚਰਣ ਕਰਕੇ ਮੁਆਫੀ ਦਿੱਤੀ ਜਾਂਦੀ ਹੈ। ਉਂਜ ਇਸ ਨੂੰ 'ਪਾਰਡਨ' ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਹੈ।

# ਕੇਂਦਰ ਦੇ ਭੇਜੇ ਰਾਸ਼ਨ ਨੂੰ ਲੈ ਕੇ ਉਲਝੀਆਂ ਪੰਜਾਬ ਦੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਕਰੋਨਾ ਕਾਰਨ ਕਾਰੋਬਾਰ ਠੱਪ ਹੋਣ ਕਰ ਕੇ ਬੇਰੁਜ਼ਗਾਰ ਹੋਏ ਦਿਹਾੜੀਦਾਰਾਂ ਦੇ ਪਰਿਵਾਰ ਭੁੱਖ ਨਾਲ ਜੂਝ ਰਹੇ ਹਨ ਪਰ ਸਿਆਸੀ ਆਗੂ ਇਕ-ਦੂਸਰੇ ਉਤੇ ਦੋਸ਼ ਮੜ੍ਹ ਕੇ ਸਿਆਸੀ ਰੋਟੀਆਂ ਸੇਕ ਰਹੇ ਹਨ। ਦੇਸ਼ ਵਿਚ ਲੌਕਡਾਊਨ ਲਾਗੂ ਹੋਣ ਤੋਂ ਬਾਅਦ ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਕੈਪਟਨ ਸਰਕਾਰ ਉਤੇ ਲਗਾਤਾਰ ਇਹ ਦੋਸ਼ ਲਗਾ ਰਹੇ ਹਨ ਕਿ ਕੇਂਦਰ ਵਲੋਂ ਅਨਾਜ ਅਤੇ ਦਾਲਾਂ ਭੇਜਣ ਦੇ ਬਾਵਜੂਦ ਸੂਬਾ ਸਰਕਾਰ ਇਹ ਵਸਤਾਂ ਲੋੜਵੰਦਾਂ ਤੱਕ ਨਹੀਂ ਪਹੁੰਚਾ ਰਹੀ।

ਕੇਂਦਰੀ ਖਪਤਕਾਰ ਮਾਮਲਿਆਂ ਦੇ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਵੀ ਵੱਖ-ਵੱਖ ਸੂਬਿਆਂ ਨੂੰ ਜਾਰੀ ਕੀਤੇ ਅਨਾਜ ਬਾਰੇ ਟਵੀਟ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਣਕ ਅਤੇ ਦਾਲ ਵੰਡਣ ਵਿਚ ਦੇਰੀ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਕਣਕ ਤਾਂ ਪੰਜਾਬ ਕੋਲ ਪਈ ਸੀ ਪਰ ਦਾਲਾਂ ਇਕ ਮਈ ਤੱਕ ਵੀ ਜ਼ਰੂਰਤ ਤੋਂ ਕਿਤੇ ਘੱਟ ਭੇਜੀਆਂ ਗਈਆਂ। ਕੇਂਦਰ ਨੇ 10,800 ਟਨ ਦਾਲਾਂ ਦੇਣ ਦਾ ਵਾਅਦਾ ਕੀਤਾ ਸੀ ਪਰ 2,500 ਟਨ ਦਾਲਾਂ ਹੀ ਮੁਹੱਈਆ ਕਰਵਾਈਆਂ ਗਈਆਂ।

ਮੁੱਖ ਮੰਤਰੀ ਨੇ ਇਕ ਮਈ ਤੋਂ ਸੂਬੇ ਦੇ 18 ਜ਼ਿਲ੍ਹਿਆਂ ਵਿਚ ਕਣਕ ਦੀ ਵੰਡ ਸ਼ੁਰੂ ਹੋਣ ਦਾਅਵਾ ਕੀਤਾ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਵਲੋਂ ਦਸ ਕਿੱਲੋ ਆਟਾ, ਦੋ ਕਿੱਲੋ ਦਾਲ ਅਤੇ 2 ਕਿੱਲੋ ਖੰਡ ਦੇ 15 ਲੱਖ ਪੈਕੇਟ ਸੂਬਾ ਸਰਕਾਰ ਵਲੋਂ ਦੇਣ ਦੇ ਅੰਕੜੇ ਵੀ ਪੇਸ਼ ਕੀਤੇ ਹਨ। ਖੁਰਾਕ ਸੁਰੱਖਿਆ ਕਾਨੂੰਨ ਅਨੁਸਾਰ ਇਸ ਕਾਨੂੰਨ ਦੇ ਦਾਇਰੇ ਵਿਚ ਆਉਣ ਵਾਲੇ ਪਰਿਵਾਰਾਂ ਦੇ ਹਰ ਜੀਅ ਨੂੰ ਪੰਜ ਕਿੱਲੋ ਪ੍ਰਤੀ ਮਹੀਨਾ ਕਣਕ ਦਿੱਤੀ ਜਾਂਦੀ ਹੈ। ਪੰਜਾਬ ਵਿਚ ਲਾਭਪਾਤਰੀਆਂ ਨੂੰ ਫਰਵਰੀ ਅਤੇ ਮਾਰਚ ਵਿਚ 30 ਕਿਲੋ ਕਣਕ ਦਿੱਤੀ ਗਈ। ਆਗੂਆਂ ਦੀ ਬਹਿਸ ਸਾਬਤ ਕਰਦੀ ਹੈ ਕਿ ਉਹ ਸੰਕਟ ਦੇ ਸਮੇਂ ਵੀ ਸੌੜੀ ਸਿਆਸਤ ਤੋਂ ਉਪਰ ਉਠਣ ਲਈ ਤਿਆਰ ਨਹੀਂ।



ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਦੋਸ਼ ਲਾਇਆ ਹੈ ਕਿ ਕੇਂਦਰ ਵਲੋਂ ਅਪਰੈਲ ਮਹੀਨੇ ਲਈ ਭੇਜੀ ਖੁਰਾਕ ਰਾਹਤ ਸਮੱਗਰੀ ਨੂੰ ਪੰਜਾਬ ਦੇ ਲੋਕਾਂ ਵਿਚ ਨਹੀਂ ਵੰਡਿਆ ਗਿਆ। ਉਨ੍ਹਾਂ ਕਿਹਾ ਕਿ ਪੂਰੇ ਸੂਬੇ ਵਿਚੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ ਕਿ ਭਾਵੇਂ ਮਈ ਮਹੀਨੇ ਲਈ ਕੇਂਦਰੀ ਰਾਹਤ, ਜਿਸ ਵਿਚ ਕਣਕ ਤੇ ਦਾਲਾਂ ਸ਼ਾਮਲ ਹਨ, ਪੰਜਾਬ ਵਿਚ ਪੁੱਜ ਚੁੱਕੀ ਹੈ ਪਰ ਅਜੇ ਤੱਕ ਪਿਛਲੇ ਮਹੀਨਾ ਦਾ ਰਾਸ਼ਨ ਵੀ ਲੋਕਾਂ ਵਿਚ ਨਹੀਂ ਵੰਡਿਆ ਗਿਆ। ਬੀਬੀ ਬਾਦਲ ਨੇ ਕਿਹਾ ਕਿ ਹੁਣ ਤੱਕ ਬਹੁਤ ਥੋੜ੍ਹਾ ਰਾਸ਼ਨ ਵੰਡਿਆ ਗਿਆ ਹੈ, ਜਦਕਿ ਹੁਣ ਤੱਕ ਕੇਂਦਰ ਵਲੋਂ ਸੂਬਾ ਸਰਕਾਰ ਨੂੰ ਪੰਜਾਬ ਦੀ ਅੱਧੀ ਆਬਾਦੀ ਭਾਵ 1.4 ਕਰੋੜ ਲੋਕਾਂ ਲਈ ਇਕ ਲੱਖ ਮੀਟਰਕ ਟਨ ਕਣਕ ਅਤੇ ਛੇ ਹਜ਼ਾਰ ਮੀਟਰਕ ਟਨ ਦਾਲਾਂ ਭੇਜੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਰਾਹਤ ਸਮੱਗਰੀ ਦੀ ਵੰਡ ਅਜੇ ਸਿਰਫ ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਦੀ ਨੁਮਾਇੰਦਗੀ ਕ੍ਰਮਵਾਰ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਅਤੇ ਮੁੱਖ ਮੰਤਰੀ ਕਰਦੇ ਹਨ। ਇਸ ਤੋਂ ਇਲਾਵਾ ਰਾਹਤ ਸਮੱਗਰੀ ਵਾਰੀ ਅਨੁਸਾਰ ਵੰਡਣ ਦੀ ਥਾਂ ਕਾਂਗਰਸੀ ਆਗੂ ਸਭ ਤੋਂ ਪਹਿਲਾਂ ਆਪਣੇ ਸਮਰਥਕਾਂ ਵਿਚ ਵੰਡਣ ਲਈ ਜ਼ਿਲ੍ਹਾ ਪ੍ਰਸ਼ਾਸਨਾਂ ਉਤੇ ਕਥਿਤ ਦਬਾਅ ਪਾ ਰਹੇ ਹਨ। ਇਸ ਤੋਂ ਇਲਾਵਾ ਕਣਕ ਅਤੇ ਦਾਲਾਂ ਦੇ ਸਟੋਰਾਂ ਵਿਚ ਹੇਰਾ-ਫੇਰੀ ਦੀਆਂ ਵੀ ਰਿਪੋਰਟਾਂ ਆਈਆਂ ਹਨ। ਬੀਬੀ ਬਾਦਲ ਨੇ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਦੇ ਹੱਕਦਾਰ 1.4 ਕਰੋੜ ਲਾਭਪਾਤਰੀਆਂ ਨੂੰ ਇਹ ਜਾਨਣ ਦਾ ਹੱਕ ਹੈ ਕਿ ਉਨ੍ਹਾਂ ਨੂੰ ਇਹ ਲਾਭ ਕਿਉਂ ਨਹੀਂ ਦਿੱਤਾ ਗਿਆ।

### ਕੇਂਦਰ ਨੇ ਪੂਰੀ ਮਾਤਰਾ 'ਚ ਦਾਲ ਨਹੀਂ ਭੇਜੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ, ਜਿਨ੍ਹਾਂ ਵਿਚ ਹਰਸਿਮਰਤ ਬਾਦਲ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਕੇਂਦਰੀ ਖੁਰਾਕ ਮੰਤਰੀ ਨੂੰ ਗੁਮਰਾਹ ਕੀਤਾ ਹੈ ਅਤੇ ਕੇਂਦਰੀ ਅਨਾਜ ਦੀ ਵੰਡ ਵਿਚ ਦੇਰੀ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਕੇਂਦਰ ਸਰਕਾਰ ਵਲੋਂ ਕੀਤੇ ਵਾਅਦੇ ਦੇ ਉਲਟ ਦਾਲ ਦੀ ਮਿਕਦਾਰ 50 ਫੀਸਦੀ ਘੱਟ ਮੁਹੱਈਆ ਕਰਵਾਈ ਗਈ ਹੈ, ਜਿਸ ਦੀ ਅਣਹੋਂਦ ਕਾਰਨ ਕੇਂਦਰ ਦੇ ਨਿਰਦੇਸ਼ਾਂ ਅਨੁਸਾਰ ਕਣਕ ਦੀ ਵੰਡ ਨਹੀਂ ਕੀਤੀ ਜਾ ਸਕੀ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੇ ਨਿਰਦੇਸ਼ਾਂ ਅਨੁਸਾਰ ਕਰਫਿਊ/ਲੌਕਡਾਊਨ ਦੌਰਾਨ ਯੋਗ ਲਾਭਪਾਤਰੀਆਂ ਨੂੰ ਕਣਕ ਅਤੇ ਦਾਲ ਦੀ ਵੰਡ ਕੀਤੀ ਜਾਣੀ ਸੀ ਪਰ ਸਚਾਈ ਇਹ ਹੈ ਕਿ ਸੂਬੇ ਦੇ ਗੁਦਾਮਾਂ ਅੰਦਰ ਕਣਕ ਪਹਿਲਾਂ ਹੀ ਚੋਖੀ ਮਿਕਦਾਰ ਵਿਚ ਪਈ ਹੈ ਜਦਕਿ ਕੇਂਦਰ ਵਲੋਂ ਦਾਲਾਂ ਦੀ ਲੋੜੀਂਦੀ ਸਪਲਾਈ ਨਹੀਂ ਕੀਤੀ ਜਾ ਰਹੀ।

### ਕੈਪਟਨ ਨੂੰ ਸ਼ਰਾਬ ਦੀ ਵੱਧ ਫਿਕਰ: ਹਰਸਿਮਰਤ

**ਲੰਬੀ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਕੇਂਦਰ ਵਲੋਂ ਸੂਬੇ 'ਚ ਭੇਜਿਆ ਗਿਆ ਰਾਸ਼ਨ ਤੁਰਤ ਵੰਡਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵੱਡੀ ਤ੍ਰਾਸਦੀ ਹੈ ਕਿ ਸੂਬੇ ਦੇ ਮੁੱਖ ਮੰਤਰੀ ਨੂੰ ਕਰੋਨਾ ਜਿਹੇ ਵਿਸ਼ਵਵਿਆਪੀ ਸੰਕਟ ਮੌਕੇ ਪ੍ਰਭਾਵਿਤ ਲੋਕਾਂ ਤੱਕ ਸਿਹਤ ਸਹੂਲਤਾਂ ਅਤੇ ਢੁਕਵਾਂ ਰਾਸ਼ਨ ਪਹੁੰਚਾਉਣ ਦੀ ਥਾਂ ਘਰ-ਘਰ ਸ਼ਰਾਬ ਪਹੁੰਚਾਉਣ ਦੀ ਜ਼ਿਆਦਾ ਫਿਕਰ ਹੈ। ਉਨ੍ਹਾਂ ਨੇ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਲੋਕ ਤਰਜੀਹਾਂ ਤੋਂ ਥਿੜਕੀ ਤੇ ਅੰਦਰੂਨੀ ਬੇਭਰੋਸਗੀ ਦੀ ਸ਼ਿਕਾਰ ਕਰਾਰ ਦਿੱਤਾ ਹੈ।

## ਅਪਰੈਲ 'ਚ ਰੋਜ਼ਾਨਾ ਕਰੋਨਾ ਦੇ 80 ਹਜ਼ਾਰ ਮਾਮਲੇ ਆਏ ਸਾਹਮਣੇ

**ਸੰਯੁਕਤ ਰਾਸ਼ਟਰ:** ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ) ਨੇ ਕਿਹਾ ਕਿ ਅਪਰੈਲ ਮਹੀਨੇ ਵਿਚ ਕੋਵਿਡ-19 ਦੇ ਰੋਜ਼ਾਨਾ ਔਸਤਨ 80,000 ਮਾਮਲੇ ਸਾਹਮਣੇ ਆਏ। ਸੰਗਠਨ ਨੇ ਦੱਸਿਆ ਕਿ ਭਾਰਤ ਅਤੇ ਬੰਗਲਾਦੇਸ਼ ਵਰਗੇ ਦੱਖਣੀ ਏਸ਼ਿਆਈ ਦੇਸ਼ਾਂ 'ਚ ਕਰੋਨਾ ਦੇ ਮਾਮਲੇ ਵਧ ਰਹੇ ਹਨ ਜਦੋਂਕਿ ਪੱਛਮੀ ਯੂਰਪ ਵਰਗੇ ਖੇਤਰਾਂ 'ਚ ਇਸ ਦੀ ਗਿਣਤੀ ਘੱਟ ਹੋ ਰਹੀ ਹੈ।

ਡਬਲਿਊ.ਐਚ.ਓ. ਦੇ ਡਾਇਰੈਕਟਰ ਜਨਰਲ ਟੇਡਰੋਸ ਅਧਨੋਮ ਘੇਬ੍ਰੇਯੇਸਸ ਨੇ ਕਿਹਾ ਕਿ ਦੇਸ਼ਾਂ ਨੂੰ ਉਨ੍ਹਾਂ ਦੇ ਖੇਤਰਾਂ 'ਚ ਬਾਹਰ ਤੋਂ ਆਉਣ ਵਾਲੀ ਬਿਮਾਰੀ ਦੇ ਹਰ ਪ੍ਰਕਾਰ ਦੇ ਖਤਰੇ ਨਾਲ ਨਜਿੱਠਣ ਦੇ ਸਮਰੱਥ ਹੋਣਾ ਚਾਹੀਦਾ ਹੈ ਅਤੇ ਭਾਈਚਾਰਿਆਂ ਨੂੰ ਇਸ ਸਬੰਧੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਹਾਲਾਤ 'ਚ ਆਏ ਇਸ ਬਦਲਾਅ ਦੇ ਅਨੁਕੂਲ ਕਿਸ ਤਰ੍ਹਾਂ ਢਲਣਾ ਹੈ। ਉਨ੍ਹਾਂ ਜਨੇਵਾ 'ਚ ਦੱਸਿਆ ਕਿ ਅਪਰੈਲ ਦੀ ਸ਼ੁਰੂਆਤ ਤੋਂ ਰੋਜ਼ਾਨਾ ਕਰੀਬ 80 ਹਜ਼ਾਰ ਨਵੇਂ ਮਾਮਲੇ ਸਾਹਮਣੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਪੱਛਮੀ ਯੂਰਪ 'ਚ ਪੀੜਤ ਹੋ ਰਹੇ ਲੋਕਾਂ ਦੀ ਗਿਣਤੀ 'ਚ ਕਮੀ ਆ ਰਹੀ ਹੈ ਪਰ ਪੂਰਬੀ ਯੂਰਪ, ਅਫਰੀਕਾ, ਦੱਖਣੀ-ਪੂਰਬੀ ਏਸ਼ੀਆ, ਪੂਰਬੀ ਭੂਮੱਧਸਾਗਰ ਅਤੇ ਉਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ 'ਚ ਮਾਮਲੇ ਵਧ ਰਹੇ ਹਨ।

### ਦੁਨੀਆਂ ਨੂੰ ਬਚਾਉਣ ਲਈ ਅਰਬਪਤੀ ਅੱਗੇ ਆਉਣ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਕਮਜ਼ੋਰ ਦੇਸ਼ਾਂ ਵਿਚ ਕਰੋਨਾ ਵਾਇਰਸ ਖਿਲਾਫ ਲੜਾਈ ਵਿਚ ਜ਼ਰੂਰੀ ਚੀਜ਼ਾਂ ਲਈ ਸਰਕਾਰਾਂ, ਕੰਪਨੀਆਂ ਅਤੇ ਅਰਬਪਤੀਆਂ ਨੂੰ 7 6.7 ਬਿਲੀਅਨ ਡਾਲਰ ਦਾਨ ਕਰਨ ਦੀ ਅਪੀਲ ਕੀਤੀ ਹੈ। ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਮਦਦ ਨਾ ਕਰਨ ਨਾਲ ਭੁੱਖਮਰੀ, ਅਕਾਲ, ਦੰਗੇ ਅਤੇ ਹੋਰ ਕਈ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਵਿਚ ਵਾਧਾ ਹੋ ਜਾਵੇਗਾ। ਸੰਯੁਕਤ ਰਾਸ਼ਟਰ ਮਾਨਵਤਾਵਾਦੀ ਸਹਾਇਤਾ ਦੇ ਮੁਖੀ ਮਾਰਕ ਲੋਕੋਕ ਨੇ ਕਿਹਾ, "ਕੋਵਿਡ-19 ਹੁਣ ਹਰ ਦੇਸ਼ ਅਤੇ ਧਰਤੀ ਦੇ ਹਰ ਵਿਅਕਤੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਦੇ ਗਰੀਬ ਦੇਸ਼ਾਂ ਵਿਚ ਅਗਲੇ ਤਿੰਨ ਤੋਂ ਛੇ ਮਹੀਨਿਆਂ ਵਿਚ ਵਿਸ਼ਵ ਮਹਾਂਮਾਰੀ ਦੇ ਸਿਖਰ ਤੱਕ ਪਹੁੰਚਣ ਦਾ ਖਦਸ਼ਾ ਹੈ।

## ਕਰੋਨਾ ਡਿਊਟੀ ਦੌਰਾਨ ਜਾਨਾਂ ਗੁਆਉਣ ਵਾਲੇ ਮੁਲਾਜ਼ਮਾਂ ਦੇ ਵਾਰਸਾਂ ਨੂੰ ਮਿਲਣਗੇ 50 ਲੱਖ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਵਿਭਾਗ ਵਲੋਂ ਕਰੋਨਾ ਵਾਇਰਸ ਮਹਾਂਮਾਰੀ ਵਿਰੁੱਧ ਜੰਗ 'ਚ ਆਪਣੀ ਡਿਊਟੀ ਦੌਰਾਨ ਜਾਨ ਗੁਆਉਣ ਵਾਲੇ ਸਰਕਾਰੀ ਮੁਲਾਜ਼ਮਾਂ ਦੇ ਕਾਨੂੰਨੀ ਵਾਰਸਾਂ ਨੂੰ ਮੁਆਵਜ਼ੇ ਵਜੋਂ 50 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗ੍ਰਾਂਟ ਦੇਣ ਸਬੰਧੀ ਵਿਸਥਾਰਤ ਦਿਸ਼ਾ ਨਿਰਦੇਸ਼ ਨੋਟੀਫਾਈ ਕੀਤੇ ਗਏ ਹਨ।

ਇਹ ਮੁਆਵਜ਼ਾ ਸਿਰਫ ਕੋਵਿਡ-19 ਮਹਾਂਮਾਰੀ ਲਈ ਸਵੀਕਾਰਯੋਗ ਹੈ ਅਤੇ ਇਹ ਪਹਿਲੀ ਅਪਰੈਲ 2020 ਤੋਂ 31 ਜੁਲਾਈ 2020 ਤੱਕ ਲਾਗੂ ਰਹੇਗਾ, ਜਿਸ ਦੀ ਬਾਅਦ 'ਚ ਸਮੀਖਿਆ ਕੀਤੀ ਜਾ ਸਕੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਐਕਸ ਗ੍ਰੇਸ਼ੀਆ ਮੁਆਵਜ਼ਾ ਸੂਬਾ ਸਰਕਾਰ ਦੇ ਰੈਗੂਲਰ ਕਰਮਚਾਰੀਆਂ, ਜਿਨ੍ਹਾਂ ਦੀ ਕੋਵਿਡ-19 ਵਿਰੁੱਧ ਜੰਗ 'ਚ ਡਿਊਟੀ ਦੌਰਾਨ



ਜਾਨ ਚਲੀ ਗਈ ਹੋਵੇ, ਦੀਆਂ ਸਾਰੀਆਂ ਸ਼੍ਰੇਣੀਆਂ ਉਤੇ ਲਾਗੂ ਹੋਵੇਗਾ। ਪੁਰਾਣੀ ਪੈਨਸ਼ਨ ਸਕੀਮ ਅਧੀਨ ਆਉਣ ਵਾਲੇ ਸਾਰੇ ਕਰਮਚਾਰੀਆਂ ਅਤੇ ਪਹਿਲੀ ਜਨਵਰੀ 2004 ਅਤੇ ਉਸ ਤੋਂ ਬਾਅਦ ਭਰਤੀ ਹੋਏ ਅਤੇ ਨਵੀਂ ਪੈਨਸ਼ਨ ਸਕੀਮ (ਐਨ.ਪੀ.ਐਸ.) ਦੇ ਅਧੀਨ ਆਉਣ ਵਾਲੇ ਸਾਰੇ ਕਰਮਚਾਰੀ ਇਸ ਐਕਸ਼ ਗ੍ਰੇਸ਼ੀਆ ਅਧੀਨ ਯੋਗ ਹੋਣਗੇ।


ਇਹ ਐਕਸ-ਗ੍ਰੇਸ਼ੀਆ ਸਿਰਫ ਉਨ੍ਹਾਂ ਮਾਮਲਿਆਂ ਵਿਚ ਸਵਿਕਾਰਯੋਗ ਹੋਵੇਗੀ ਜਿਥੇ ਕਰਮਚਾਰੀ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਸੂਬੇ ਦੀ ਲੜਾਈ ਵਿਚ ਸਿੱਧੇ ਤੌਰ ਉਤੇ ਸ਼ਾਮਲ ਹੋਵੇ ਜਿਵੇਂ ਕਿ ਕੋਵਿਡ ਹਸਪਤਾਲਾਂ, ਕ੍ਰਿਟੀਕਲ ਕੇਅਰ ਸੈਂਟਰਾਂ ਵਿਖੇ ਡਿਊਟੀ ਕਰ ਰਹੇ ਕਰਮਚਾਰੀ, ਸੂਬੇ ਦੇ ਨਾਗਰਿਕਾਂ ਨੂੰ ਦੂਜੇ ਰਾਜਾਂ ਤੋਂ ਲਿਆਉਣ, ਕੋਵਿਡ ਮਰੀਜ਼ਾਂ ਤੇ ਸ਼ੱਕੀ ਮਰੀਜ਼ਾਂ ਆਦਿ ਦੀ ਢੋਆ-ਢੁਆਈ ਵਿਚ ਲੱਗੇ ਡਰਾਈਵਰ, ਰਾਸ਼ਨ ਦੀ ਵੰਡ, ਕਰਫਿਊ ਤੇ ਤਾਲਾਬੰਦੀ ਲਾਗੂ ਕਰਨ ਵਿਚ ਲੱਗੇ ਅਧਿਕਾਰੀ।

ਬੁਲਾਰੇ ਨੇ ਦੱਸਿਆ ਕਿ ਠੇਕੇ ਉਤੇ ਜਾਂ ਆਊਟਸੋਰਸਿੰਗ ਰਾਹੀਂ ਕੰਮ ਕਰ ਰਹੇ ਕਾਮਿਆਂ, ਜਿਨ੍ਹਾਂ ਦੀ ਡਿਊਟੀ ਦੌਰਾਨ ਕੋਵਿਡ-19 ਕਰਕੇ ਜਾਨ ਗਈ ਹੋਵੇ, ਦੇ ਵਾਰਸਾਂ ਨੂੰ ਵਿੱਤੀ ਰਾਹਤ ਪ੍ਰਦਾਨ ਕਰਨ ਦੇ ਮਾਮਲਿਆਂ ਨੂੰ ਮੁੱਖ ਮੰਤਰੀ ਰਾਹਤ ਫੰਡ ਦੇ ਸ਼ਰਤ ਵਿਧਾਨ ਅਧੀਨ ਵਿਚਾਰਿਆ ਜਾਵੇਗਾ।

## ਦਿੱਲੀ-ਅੰਮ੍ਰਿਤਸਰ-ਕਟੜਾ ਹਾਈਵੇ ਬਾਰੇ ਭੰਬਲਭੂਸਾ ਬਰਕਰਾਰ

**ਅੰਮ੍ਰਿਤਸਰ:** ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸ ਹਾਈਵੇ ਪ੍ਰੋਜੈਕਟ ਨੂੰ ਲੈ ਕੇ ਸਿਆਸੀ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਇਸ ਪ੍ਰੋਜੈਕਟ ਵਿਚੋਂ ਅੰਮ੍ਰਿਤਸਰ ਨੂੰ ਬਾਹਰ ਕਰ ਦੇਣ ਸਬੰਧੀ ਚੱਲੀ ਚਰਚਾ ਤੋਂ ਬਾਅਦ ਇਸ ਨਗਰੀ ਨੂੰ ਇਸ ਪ੍ਰੋਜੈਕਟ ਨਾਲ ਜੋੜਨ ਲਈ ਸਥਾਨਕ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖਿਆ ਗਿਆ ਸੀ।

ਇਸ ਉਪਰੰਤ ਇਸ ਪ੍ਰੋਜੈਕਟ 'ਚ ਅੰਮ੍ਰਿਤਸਰ ਨੂੰ ਰੱਖਣ ਲਈ ਸਥਾਨਕ ਕਈ ਹੋਰ ਸਿਆਸੀ ਆਗੂਆਂ ਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਆਪਣੀ ਪਹੁੰਚ ਤੱਕ ਹੱਥ ਪੈਰ ਮਾਰੇ ਗਏ ਪਰ ਇਸ ਪ੍ਰੋਜੈਕਟ ਬਾਰੇ ਸਥਿਤੀ ਅਜੇ ਵੀ ਭੰਬਲਭੂਸੇ ਵਾਲੀ ਹੈ। ਪ੍ਰੋਜੈਕਟ ਨੂੰ ਲੈ ਕੇ ਕੇਂਦਰ 'ਤੇ ਕਾਬਜ਼ ਪਾਰਟੀ ਦੇ ਆਗੂਆਂ ਵਲੋਂ ਵੀ ਇਸ ਬਾਰੇ ਵੱਖਰੇ-ਵੱਖਰੇ ਦਾਅਵੇ ਕੀਤੇ ਜਾ ਰਹੇ ਹਨ। ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਵਲੋਂ ਪ੍ਰਧਾਨ ਮੰਤਰੀ ਦਫਤਰ ਦੇ ਰਾਜ ਮੰਤਰੀ ਤੇ ਨੈਸ਼ਨਲ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਦਿੱਲੀ-



ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ 'ਚੋਂ ਅੰਮ੍ਰਿਤਸਰ ਨੂੰ ਬਾਹਰ ਨਹੀਂ ਰੱਖਿਆ ਗਿਆ। ਸ੍ਰੀ ਜੋਸ਼ੀ ਨੇ ਕਿਹਾ ਕਿ ਬੀਤੇ ਦਿਨਾਂ ਤੋਂ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਹਾਈਵੇ ਪ੍ਰੋਜੈਕਟ ਵਿਚੋਂ ਅੰਮ੍ਰਿਤਸਰ ਨੂੰ ਬਾਹਰ ਕੀਤੇ ਜਾਣ ਸਬੰਧੀ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਸਬੰਧੀ ਉਨ੍ਹਾਂ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਤੇ ਪ੍ਰਧਾਨ ਮੰਤਰੀ ਦਫਤਰ ਦੇ ਰਾਜ ਮੰਤਰੀ ਡਾ. ਜਤਿੰਦਰ ਸਿੰਘ ਨੂੰ ਪੱਤਰ ਲਿਖ ਕੇ ਉਨ੍ਹਾਂ ਦਾ ਧਿਆਨ ਇਸ ਮੁੱਦੇ ਵੱਲ ਲਿਆਂਦਾ ਸੀ। ਸ੍ਰੀ ਜੋਸ਼ੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਡਾ. ਜਤਿੰਦਰ ਸਿੰਘ ਨਾਲ ਹੋਈ ਗੱਲਬਾਤ ਦੌਰਾਨ ਰਾਜ ਮੰਤਰੀ ਨੇ ਭਾਰਤ ਸਰਕਾਰ ਦੀ ਕੌਮੀ ਹਾਈਵੇ ਅਥਾਰਿਟੀ ਨਾਲ ਗੱਲਬਾਤ ਕਰਕੇ ਇਨ੍ਹਾਂ ਚਰਚਾਵਾਂ ਨੂੰ ਬੇਬੁਨਿਆਦ ਤੇ ਅਫਵਾਹਾਂ ਦੱਸਦੇ ਹੋਏ ਭਰੋਸਾ ਦਿੱਤਾ ਹੈ ਕਿ ਇਹ ਪ੍ਰੋਜੈਕਟ ਉਨ੍ਹਾਂ ਦਾ ਸੁਪਨਾ ਪ੍ਰੋਜੈਕਟ ਹੈ, ਜਿਸ ਦਾ ਐਲਾਨ ਉਹ 2018 'ਚ ਅੰਮ੍ਰਿਤਸਰ 'ਚ ਕਰਕੇ ਗਏ ਸਨ ਤੇ ਇਸ ਸਬੰਧੀ ਫੈਲਾਈਆਂ ਜਾਣ ਵਾਲੀਆਂ ਅਫਵਾਹਾਂ 'ਤੇ ਭਰੋਸਾ ਨਾ ਕੀਤਾ ਜਾਵੇ।

ਦੂਜੇ ਪਾਸੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਇਹ ਮਾਮਲਾ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਧਿਆਨ 'ਚ ਲਿਆਉਣ ਤੇ ਕੇਂਦਰੀ ਮੰਤਰੀ ਵਲੋਂ ਇਸ ਪ੍ਰੋਜੈਕਟ ਉਤੇ ਮੁੜ ਚਰਚਾ ਕਰਨ ਤੇ ਅੰਮ੍ਰਿਤਸਰ ਨੂੰ ਸ਼ਾਮਲ ਕਰਨ ਦਾ ਭਰੋਸਾ ਦੇਣ ਦਾ ਦਾਅਵਾ ਕੀਤਾ ਗਿਆ ਹੈ। ਸ੍ਰੀ ਮਲਿਕ ਇਸ ਪ੍ਰੋਜੈਕਟ ਨੂੰ ਅੰਮ੍ਰਿਤਸਰ ਹੱਥੋਂ ਨਿਕਲਣ ਲਈ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਦੱਸਦੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਅਤੇ ਪੂਰੇ ਮਾਝਾ ਖੇਤਰ ਨੂੰ ਇਸ ਹਾਈਵੇ ਦੀ ਬਹੁਤ ਲੋੜ ਹੈ ਪਰ ਨਿੱਜੀ ਸਵਾਰਥਾਂ ਲਈ ਪੰਜਾਬ ਸਰਕਾਰ ਵਲੋਂ ਕਥਿਤ ਤੌਰ 'ਤੇ ਯੋਜਨਾ ਤਹਿਤ ਇਹ ਸੁਗਾਤ ਮਾਝੇ ਦੇ ਲੋਕਾਂ ਤੋਂ ਖੋਹੀ ਹੈ। ਉਨ੍ਹਾਂ ਕਿਹਾ ਕਿ ਇਸ ਹਾਈਵੇ ਦੇ ਬਣਨ ਨਾਲ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸੁਲਤਾਨਪੁਰ ਲੋਧੀ, ਸ੍ਰੀ ਗੋਇੰਦਵਾਲ ਸਾਹਿਬ, ਸੀ ਖਡੂਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਕਰਤਾਰ ਸਾਹਿਬ, ਸ੍ਰੀ ਦੁਰਗਿਆਣਾ ਤੀਰਥ, ਭਗਵਾਨ ਵਾਲਮੀਕਿ ਤੀਰਥ ਦਰਸ਼ਨ ਕਰਨ ਆਉਣ ਵਾਲੇ ਸ਼ਰਧਾਲੂਆਂ ਅਤੇ ਜਲ੍ਹਿਆਂਵਾਲਾ ਬਾਗ ਅਤੇ ਅਟਾਰੀ ਸਰਹੱਦ 'ਤੇ ਝੰਡੇ ਦੀ ਰਸਮ ਦੇਖਣ ਆਉਣ ਵਾਲੇ ਸੈਲਾਨੀਆਂ ਨੂੰ ਸਹੂਲਤ ਮਿਲੇਗੀ।

### ਮੈਂ ਤੰਦਰੁਸਤ ਹਾਂ: ਮੈਡੋਨਾ

**ਲਾਸ ਏਂਜਲਸ:** ਪੌਪ ਸਟਾਰ ਮੈਡੋਨਾ ਨੇ ਕਿਹਾ ਕਿ ਉਹ 'ਮੈਡੋਨਾ ਐਕਸ' ਲਈ ਪੈਰਿਸ ਯਾਤਰਾ ਦੇ ਆਖਰੀ ਦੌਰ 'ਚ ਕਰੋਨਾ ਵਾਇਰਸ ਤੋਂ ਪੀੜਤ ਹੋ ਗਈ ਸੀ ਪਰ ਹੁਣ ਉਹ ਤੰਦਰੁਸਤ ਹੈ। ਛੇ ਮਈ ਨੂੰ ਇੰਸਟਾਗ੍ਰਾਮ 'ਤੇ ਇਕ ਪੋਸਟ ਵਿਚ ਮੈਡੋਨਾ ਨੇ ਆਪਣੀ ਸਿਹਤ ਸਬੰਧੀ ਚੱਲ ਰਹੀਆਂ ਅਫਵਾਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ।

ਉਸ ਨੇ ਕਿਹਾ, 'ਮੈਂ ਲੋਕਾਂ ਲਈ ਚੀਜ਼ਾਂ ਸਪੱਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਮੈਂ ਹੁਣ ਬਿਮਾਰ ਨਹੀਂ ਹਾਂ। ਮੈਂ ਸੱਤ ਹਫਤੇ ਪਹਿਲਾਂ ਕਈ ਹੋਰ ਕਲਾਕਾਰਾਂ ਨਾਲ ਪੈਰਿਸ ਦੀ ਯਾਤਰਾ ਦੌਰਾਨ ਕਰੋਨਾ ਤੋਂ ਪ੍ਰਭਾਵਿਤ ਹੋ ਗਈ ਸੀ।'

# ਸਮਾਜ ਨੂੰ 'ਉੱਤਮ ਖੇਤੀ' ਦਾ ਮੰਤਰ ਹੀ ਬਚਾ ਸਕਦੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਤਿਹਾਸ ਦਾ ਦੁਖਾਂਤ ਹੀ ਹੈ ਕਿ ਬੰਦਾ ਅੱਜ ਉਸ ਮੋੜ 'ਤੇ ਆ ਪਹੁੰਚਿਆ ਹੈ, ਜਿੱਥੇ ਖੁਦ ਆਪਣੇ ਪ੍ਰਛਾਵੇਂ ਤੋਂ ਵੀ ਡਰ ਲੱਗਣ ਲੱਗ ਪਿਆ ਹੈ। ਆਪਣੇ ਬਹੁਤ ਨੇੜੇ ਦੀ ਸਾਂਝ ਵਾਲੇ ਲੋਕਾਂ ਨਾਲ ਮਿਲਣ ਵੇਲੇ ਵੀ ਹੱਥ ਮਿਲਾਉਣ ਦੀ ਹਿੰਮਤ ਨਹੀਂ ਪੈਂਦੀ ਤੇ ਦੂਰੋਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਜਾਂ ਨਮਸਤੇ ਕਹਿਣੀ ਪੈਂਦੀ ਹੈ। ਜੋ ਬੰਦਾ ਕੱਲ੍ਹ ਮਿਲਿਆ ਹੁੰਦਾ ਹੈ, ਅੱਜ ਉਸ ਨੂੰ ਮਿਲਣ ਵੇਲੇ ਮਨ ਵਿਚ ਇਹ ਸੋਚ ਆਉਂਦੀ ਹੈ ਕਿ ਇਹ ਕੱਲ੍ਹ ਕਿਸੇ ਹੋਰ ਨੂੰ ਮਿਲਿਆ ਹੋਇਆ ਤਾਂ ਪਤਾ ਨਹੀਂ ਕਿਸੇ ਕੋਲੋਂ ਬਿਮਾਰੀ ਦਾ ਗੱਫਾ ਨਾ ਲੈ ਆਇਆ ਹੋਵੇ। ਏਦਾਂ ਤਾਂ ਕਦੀ ਨਹੀਂ ਸੀ ਹੋਈ! ਮਾਨਸ ਜਾਤ ਇਸ ਵਕਤ ਉਸ ਔਝੜ ਵਿਚ ਪੈ ਗਈ ਹੈ, ਜਿਸ ਤੋਂ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆ ਰਿਹਾ।

ਅਸਲੋਂ ਡਰਾਉਣੇ ਇਨ੍ਹਾਂ ਹਾਲਾਤ ਵਿਚ ਅਜੇ ਕੁਝ ਹੋਰ ਡਰਾਉਣ ਵਾਲਾ ਬਾਕੀ ਹੈ। ਸੰਸਾਰ ਭਰ ਦੇ ਆਰਥਕਤਾ ਦੇ ਮਾਹਰ ਕਹੀ ਜਾ ਰਹੇ ਹਨ ਕਿ ਪਹਿਲਾਂ ਇਸ ਬੀਮਾਰੀ ਨੇ ਬਹੁਤ ਬੁਰੀ ਤਰ੍ਹਾਂ ਝੰਜੋੜ ਦੇਣਾ ਹੈ ਤੇ ਫਿਰ ਇਸ ਦਾ ਕਾਰੋਬਾਰ ਤੇ ਰੁਜ਼ਗਾਰ ਨੂੰ ਏਦਾਂ ਦਾ ਝਟਕਾ ਲੱਗਣ ਵਾਲਾ ਹੈ ਕਿ ਸੋਚ ਕੇ ਤ੍ਰਾਹ ਨਿਕਲ ਜਾਂਦਾ ਹੈ। ਛੋਟੇ ਪੱਧਰ ਦਾ ਕਾਰੋਬਾਰ ਕਰਨ ਵਾਲੇ ਬਹੁਤ ਸਾਰੇ ਲੋਕਾਂ ਲਈ ਏਨੇ ਦਿਨਾਂ ਦਾ ਲੌਕਡਾਊਨ ਜਾਂ ਕਰਫਿਊ ਏਨਾ ਮਾਰੂ ਸਾਬਤ ਹੋਣ ਵਾਲਾ ਹੈ ਕਿ ਇਸ ਪਿਛੋਂ ਉਨ੍ਹਾਂ ਕੋਲੋਂ ਆਪਣਾ ਕੰਮ ਫਿਰ ਚਲਾਇਆ ਨਹੀਂ ਜਾ ਸਕਣਾ। ਭਾਰਤ ਦੀ ਮਾਰੂਤੀ ਕਾਰ ਕੰਪਨੀ ਇਹ ਮੰਗ ਕਰਨ ਵਾਲਿਆਂ ਵਿਚ ਸ਼ਾਮਲ ਸੀ ਕਿ ਉਨ੍ਹਾਂ ਨੂੰ ਕੰਮ ਚਲਾਉਣ ਦੀ ਆਗਿਆ ਦਿੱਤੀ ਜਾਵੇ, ਪਰ ਜਦੋਂ ਆਗਿਆ ਮਿਲੀ ਤਾਂ ਕੰਮ ਸ਼ੁਰੂ ਨਹੀਂ ਕਰ ਸਕੀ। ਪੈਸੇ ਦੀ ਉਸ ਕੋਲ ਕਮੀ ਨਹੀਂ, ਸਗੋਂ ਇਸ ਦਾ ਕਾਰਨ ਇਹ ਹੈ ਕਿ ਉਸ ਨਾਲ ਜੁੜਦੇ ਕਈ ਕੰਮ ਨਾਲ ਦੀਆਂ ਛੋਟੀਆਂ ਪ੍ਰਾਈਵੇਟ ਕੰਪਨੀਆਂ ਤੋਂ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਦੇ ਬਣਾਏ ਪੁਰਜ਼ੇ ਮਾਰੂਤੀ ਕਾਰਾਂ ਵਿਚ ਫਿੱਟ ਕੀਤੇ ਜਾਂਦੇ ਹਨ। ਉਹ ਛੋਟੀਆਂ ਕੰਪਨੀਆਂ ਏਨੇ ਲੰਮੇ ਬੰਦ ਪਿੱਛੋਂ ਕਾਰੋਬਾਰ ਚਲਾਉਣ ਜੋਗੀਆਂ ਹਾਲੇ ਨਹੀਂ ਹੋਈਆਂ ਅਤੇ ਨਤੀਜੇ ਵਜੋਂ ਮਾਰੂਤੀ ਦਾ ਕੰਮ ਵੀ ਠੱਪ ਜਿਹਾ ਹੈ। ਏਦਾਂ ਦੇ ਸਾਰੇ ਕਾਰੋਬਾਰਾਂ ਦੀ ਇੱਕ ਚੇਨ ਜਿਹੀ ਹੁੰਦੀ ਹੈ, ਉਸ ਲੜੀ ਦਾ ਇੱਕ ਕੁੰਡਾ ਵੀ ਜਦੋਂ ਠੀਕ ਤਰ੍ਹਾਂ ਕੰਮ ਨਹੀਂ ਕਰਦਾ ਤਾਂ ਬਾਕੀ ਸਾਰੀ ਚੇਨ ਉਤੇ ਅਜਿਹਾ ਅਸਰ ਪੈਂਦਾ ਹੈ ਕਿ ਉਹ ਅੱਗੇ ਨਹੀਂ ਤੁਰ ਸਕਦੀ। ਜੋ ਹਾਲਤ ਮਾਰੂਤੀ ਕੰਪਨੀ ਦੀ ਮੀਡੀਏ ਵਿਚ ਦੱਸੀ ਜਾ ਰਹੀ ਹੈ, ਦੁਨੀਆ ਦੇ ਕਈ ਦੇਸ਼ਾਂ ਵਿਚੋਂ ਏਸੇ ਤਰ੍ਹਾਂ ਦੀਆਂ ਰਿਪੋਰਟਾਂ ਕਈ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਬਾਰੇ ਪੜ੍ਹਨ ਨੂੰ ਮਿਲ ਰਹੀਆਂ ਹਨ।

ਨੱਬੇ ਕੁ ਸਾਲ ਪਹਿਲਾਂ ਜਦੋਂ ਸੰਸਾਰ ਪੱਧਰ ਦਾ ਮੰਦਾ ਆਇਆ ਸੀ ਤਾਂ ਉਸ ਦੀ ਇੱਕ ਕਹਾਣੀ ਚਰਚਿਤ ਹੋਣ ਪਿੱਛੋਂ ਅੱਜ ਤੱਕ ਸੂਝਵਾਨ ਲੋਕਾਂ ਵੱਲੋਂ ਯਾਦ ਕੀਤੀ ਜਾਂਦੀ ਹੈ। ਇੱਕ ਬੱਚਾ ਕੜਾਕੇ



ਦੀ ਠੰਢ ਵਿਚ ਆਪਣੀ ਮਾਂ ਨੂੰ ਕਹਿੰਦਾ ਹੈ ਕਿ ਅੰਗੀਠੀ ਬਾਲ ਲਈਏ, ਪਰ ਮਾਂ ਕਹਿੰਦੀ ਹੈ ਕਿ ਸਾਡੇ ਘਰ ਕੋਲਾ ਨਹੀਂ ਹੈ। ਬੱਚਾ ਕੋਲਾ ਨਾ ਹੋਣ ਦਾ ਕਾਰਨ ਪੁੱਛਦਾ ਹੈ ਤਾਂ ਮਾਂ ਕਹਿੰਦੀ ਹੈ, 'ਇਸ ਲਈ ਕਿ ਕੋਲਾ ਬਹੁਤਾ ਹੋ ਗਿਆ ਹੈ।' ਬੱਚਾ ਸਮਝ ਨਹੀਂ ਸੀ ਸਕਿਆ। ਫਿਰ ਮਾਂ ਨੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਤੇਰਾ ਬਾਪ ਇੱਕ ਕੋਲੇ ਦੀ ਖਾਣ ਦਾ ਮਜ਼ਦੂਰ ਹੈ, ਉਸ ਖਾਣ ਵਿਚੋਂ ਕੋਲਾ ਬਹੁਤ ਜ਼ਿਆਦਾ ਕੱਢ ਲਿਆ ਜਾਣ ਪਿੱਛੋਂ ਵਿਕ ਨਹੀਂ ਰਿਹਾ ਅਤੇ ਇਸ ਲਈ ਤੇਰੇ ਬਾਪ ਨੂੰ ਕੰਮ ਨਹੀਂ ਮਿਲ ਰਿਹਾ। ਕਿਉਂਕਿ ਕੋਲਾ ਬਹੁਤਾ ਹੋਣ ਕਾਰਨ ਤੇਰੇ ਬਾਪ ਨੂੰ ਕੰਮ ਨਹੀਂ ਮਿਲਦਾ, ਇਸ ਲਈ ਘਰ ਵਿਚ ਪੈਸੇ ਨਹੀਂ ਤੇ ਜ਼ਿਆਦਾ ਕੋਲਾ ਕੱਢਣ ਵਾਲੇ ਸਾਡੇ ਜਿਹੇ ਮਜ਼ਦੂਰਾਂ ਦੇ ਪਰਿਵਾਰ ਆਪਣੀ ਅੰਗੀਠੀ ਭਖਾਉਣ ਜੋਗਾ ਕੋਲਾ ਵੀ ਨਹੀਂ ਖਰੀਦ ਸਕਦੇ।

ਉਦੋਂ ਸਥਿਤੀ ਵਧੇਰੇ ਮਾਲ ਬਣਨ ਦੇ ਬਾਅਦ ਵਿਕਰੀ ਦੇ ਮੰਦੇ ਦੀ ਸੀ, ਅੱਜ ਇਹ ਹੋ ਗਈ ਹੈ ਕਿ ਕਿਸੇ ਫੈਕਟਰੀ ਕੋਲ ਮਾਲ ਬਣਾਉਣ ਲਈ ਪਹਿਲਾਂ ਕੱਚਾ ਮਾਲ ਲੱਭਣਾ ਔਖਾ ਹੋ ਜਾਣਾ ਹੈ, ਕੱਚਾ ਮਾਲ ਮਿਲ ਗਿਆ ਤਾਂ ਅੱਗੇ ਆਮ ਆਦਮੀ ਦੀ ਖਰੀਦ ਸ਼ਕਤੀ ਏਨੀ ਨਹੀਂ ਰਹਿਣੀ ਕਿ ਉਸ ਮਾਲ ਨੂੰ ਧੜਾਧੜ ਖਰੀਦਣ ਵਾਲੇ ਗਾਹਕ ਭੱਜੇ ਆਉਣ। ਜਦੋਂ ਫੈਕਟਰੀਆਂ ਦਾ ਇਹ ਹਾਲ ਹੋਇਆ ਕਿ ਨਾ ਕੱਚਾ ਮਾਲ ਮਿਲਿਆ, ਤੇ ਨਾ ਬਣਿਆ ਮਾਲ ਵੇਚਣ ਲਈ ਗਾਹਕ ਮਿਲੇ, ਤਾਂ ਇਹ ਉਸ ਮੰਦੀ ਨਾਲੋਂ ਵੀ ਵੱਡੀ ਮੰਦੀ ਲਿਆਵੇਗਾ।

ਅਸੀਂ ਬਚਪਨ ਵਿਚ ਬਜ਼ੁਰਗਾਂ ਕੋਲੋਂ 'ਉਤਮ ਖੇਤੀ, ਮੱਧਮ ਵਪਾਰ; ਨਖਿਧ ਚਾਕਰੀ, ਭੀਖ ਦੁਆਰ' ਦਾ ਮੁਹਾਵਰਾ ਸੁਣਦੇ ਹੁੰਦੇ ਸਾਂ। ਫਿਰ ਹਾਲਾਤ ਬਦਲਦੇ ਗਏ। ਸਦੀਆਂ ਤੋਂ ਉਤਮ ਗਿਣੀ ਜਾਂਦੀ ਖੇਤੀ ਨਾਲੋਂ ਦੂਜੇ ਧੰਦਿਆਂ ਦਾ ਦਰਜਾ ਉਪਰ ਹੁੰਦਾ ਗਿਆ। ਪਹਿਲ ਸਰਕਾਰੀ ਨੌਕਰੀ ਨੂੰ ਦਿੱਤੀ ਜਾਣ ਲੱਗ ਪਈ ਤੇ ਜਿਨ੍ਹਾਂ ਦਾ ਆਪਣਾ ਕਾਰੋਬਾਰ ਸੀ, ਉਨ੍ਹਾਂ ਦੀ ਤਰੱਕੀ ਵੇਖ ਕੇ ਲੋਕ ਈਰਖਾ ਕਰਨ ਲੱਗ ਪਏ। ਹੈਸੀਅਤ ਵਿਖਾਉਣ ਦੀ ਮੁਕਾਬਲੇਬਾਜ਼ੀ ਵਿਚ ਕਿਸਾਨਾਂ ਦੇ ਪੁੱਤ ਵੀ ਉਨ੍ਹਾਂ ਚੀਜ਼ਾਂ ਦੀ ਖਰੀਦਾ-ਖਰਾਦੀ ਦੇ ਰਾਹ ਪੈ ਗਏ, ਜਿਨ੍ਹਾਂ ਦੇ ਬਿਨਾ ਸਰ ਸਕਦਾ ਸੀ ਤੇ ਇਸ ਖਿੱਚ ਦੇ ਖਿੱਚੇ ਕਿਸਾਨਾਂ ਨੂੰ ਬੈਂਕਾਂ ਵਾਲਿਆਂ ਨੇ ਇੱਕ-ਇੱਕ ਖੇਤ ਉਤੇ ਦੋ-ਤਿੰਨ ਥਾਂਈਂ ਕਰਜ਼ਾ ਦਿਵਾ ਕੇ ਹੋਰ ਨੀਵਾਣਾਂ ਦੇ ਰਾਹ ਪਾ ਦਿੱਤਾ। ਭਾਈਚਾਰੇ ਨਾਲ ਮਿਲ ਕੇ ਧੀਆਂ-ਭੈਣਾਂ ਦੇ ਵਿਆਹ ਕਰਨ ਦੀ ਥਾਂ ਮੈਰਿਜ ਪੈਲਿਸਾਂ ਵੱਲ ਤੁਰ ਪਏ ਅਤੇ ਮਾੜੇ ਤੋਂ ਮਾੜਾ ਕਿਸਾਨ ਵੀ ਆਪਣੇ ਨਾਲ ਪਰਵਾਸੀ ਕਾਮਾ ਰੱਖਣ ਲੱਗ ਪਿਆ। ਖੁਦਕੁਸ਼ੀਆਂ ਦੀ ਚਰਚਾ ਹੁੰਦੀ ਸੀ, ਪਰ ਕਿਸੇ ਕਿਸਾਨ ਜਥੇਬੰਦੀ ਨੇ ਇਹ ਹੋਕਾ ਨਹੀਂ ਸੀ ਦਿੱਤਾ ਕਿ ਚਾਦਰ ਵੇਖ ਕੇ ਪੈਰ ਪਸਾਰੀਏ ਤੇ ਭਾਈਚਾਰਕ ਸਾਂਝ ਦੀ ਪਿਰਤ ਫਿਰ ਆਪਣੇ ਸੱਭਿਆਚਾਰ ਦਾ ਅੰਗ ਬਣਾ ਲਈਏ ਤਾਂ ਸਾਡਾ ਬਚਾਅ ਹੋ ਸਕਦਾ ਹੈ। ਸਰਕਾਰਾਂ ਨੂੰ ਲੋਕਾਂ ਦੀ ਚਿੰਤਾ ਹੀ ਨਹੀਂ ਹੁੰਦੀ, ਹਾਕਮ ਤਾਂ ਸਿਰਫ ਰਾਜ ਕਰਨ ਲਈ ਅੱਗੇ ਆਉਂਦੇ ਹਨ ਤੇ ਆਪਣੇ ਨੇੜਲਿਆਂ ਤੇ ਚਹੇਤਿਆਂ ਨੂੰ ਮਲਾਈਦਾਰ ਅਹੁਦਿਆਂ ਦਾ ਗੱਫਾ ਵੰਡਣ ਤੋਂ ਅੱਗੇ ਵਧਣ ਦੀ ਲੋੜ ਹੀ ਘੱਟ ਸਮਝਦੇ ਹਨ। ਆਮ ਆਦਮੀ ਦਾ ਚੇਤਾ ਪੰਜ ਸਾਲਾਂ ਪਿੱਛੋਂ ਕੀਤਾ ਜਾਂਦਾ ਹੈ।

ਅਜੋਕਾ ਸਮਾਂ ਬਿਨਾ ਸ਼ੱਕ ਸਾਨੂੰ ਸਭ ਨੂੰ ਕਰੋਨਾ ਦੀ ਮਹਾਮਾਰੀ ਦਾ ਦੌਰ ਦਿੱਸਦਾ ਹੈ ਤੇ ਇਹ ਹੈ ਵੀ, ਪਰ ਇਸ ਦੇ ਨਾਲ ਅਗਲੇ ਦਿਨਾਂ ਵਿਚ ਆਰਥਕ ਮੰਦਵਾੜੇ ਤੇ ਬੇਰੁਜ਼ਗਾਰੀ ਦਾ ਜੋ ਦੈਂਤ ਰਾਹ ਰੋਕੀ ਖੜਾ ਦਿਸ ਰਿਹਾ ਹੈ, ਉਸ ਬਾਰੇ ਸੋਚਣ ਦਾ ਵੇਲਾ ਵੀ ਇਹੋ ਹੈ। ਦੁਨੀਆਂ ਦਾ ਤਜਰਬਾ ਦੱਸਦਾ ਹੈ ਕਿ ਜਦੋਂ ਸਾਰੇ ਰਾਹ ਬੰਦ ਹੁੰਦੇ ਦਿੱਸਦੇ ਹਨ, ਉਦੋਂ ਵੀ ਖੇਤੀ ਦਾ ਖੇਤਰ ਹਜ਼ਾਰ ਸੱਟਾਂ ਖਾਣ ਦੇ ਬਾਵਜੂਦ ਢਿੱਡ ਭਰਨ ਜੋਗਾ ਟਿਕਿਆ ਰਹਿੰਦਾ ਹੈ। ਅਸੀਂ ਅਫਗਾਨਿਸਤਾਨ ਦੀ ਵੀਹ ਤੋਂ ਵੱਧ ਸਾਲ ਰਾਤ-ਦਿਨ ਚੱਲਦੀ ਜੰਗ ਦਾ ਹਾਲ ਵੇਖਿਆ ਹੈ, ਕੋਈ ਫੈਕਟਰੀਆਂ ਚੱਲਣ ਦੀ ਖਬਰ ਨਹੀਂ ਆਉਂਦੀ, ਸਕੂਲ ਵੀ ਬੰਦ ਕੀਤੇ ਪਏ ਹਨ, ਪਰ ਏਨਾ ਲੰਮਾ ਸਮਾਂ ਉਥੋਂ ਦੇ ਪੇਂਡੂ ਲੋਕ ਆਪਣੇ ਖੇਤਾਂ ਵਿਚੋਂ ਲੋੜ ਜੋਗਾ ਅੰਨ ਪੈਦਾ ਕਰ ਕੇ ਜਿਊਣ ਦਾ ਜੁਗਾੜ ਕਰਦੇ ਰਹੇ ਹਨ। ਵੱਡੀਆਂ ਮਹਾਮਾਰੀਆਂ ਦੇ ਦੌਰ ਵਿਚ ਵੀ ਪਿੰਡਾਂ ਦੀ ਆਰਥਕਤਾ ਇਸ ਕਰ ਕੇ ਇੱਕ ਹੱਦ ਤੱਕ ਟਿਕੀ ਰਹਿੰਦੀ ਸੀ ਕਿ ਉਸ ਨੂੰ ਸ਼ਹਿਰੀ ਅਲਾਮਤਾਂ ਦੀ ਮਾਰ ਛੇਤੀ ਵਲ੍ਹੇਟੇ ਵਿਚ ਨਹੀਂ ਲੈ ਸਕਦੀ। ਜੰਗਲ ਨਾਲ ਜੁੜੀ ਆਦਿ ਵਾਸੀ ਆਬਾਦੀ ਦੀ ਬਹੁਤਾਤ ਵਾਲੇ ਝਾਰਖੰਡ, ਛੱਤੀਸਗੜ੍ਹ ਜਿਹੇ ਰਾਜਾਂ ਵਿਚ ਕਰੋਨਾ ਦੀ ਮਾਰ ਘੱਟ ਪੈ ਰਹੀ ਹੈ, ਖੁਸ਼ਹਾਲ ਗਿਣੇ ਜਾਂਦੇ ਮਹਾਰਾਸ਼ਟਰ ਅਤੇ ਗੁਜਰਾਤ ਜਿਹੇ ਰਾਜਾਂ ਦੀਆਂ ਸ਼ਹਿਰੀ ਬਸਤੀਆਂ ਵਿਚੋਂ ਮੌਤਾਂ ਅਤੇ ਚੀਕਾਂ ਦੀਆਂ ਕਹਾਣੀਆਂ ਦੀ ਗਿਣਤੀ ਕਰਨੀ ਵੀ ਔਖੀ ਹੋ ਜਾਂਦੀ ਹੈ। ਸਿਰਫ ਕੇਰਲਾ ਰਾਜ ਖੁਸ਼ਹਾਲੀ ਦੇ ਬਾਵਜੂਦ ਹਾਲੇ ਤੱਕ ਬਚਿਆ ਹੋਇਆ ਹੈ ਤਾਂ ਇਸ ਲਈ ਕਿ ਉਥੇ ਵਾਰੀ-ਵਾਰੀ ਰਾਜ ਕਰਦੀਆਂ ਦੋਹਾਂ ਮੁੱਖ ਸਿਆਸੀ ਧਿਰਾਂ ਨੇ ਵੱਖਰੀ ਕਿਸਮ ਦਾ ਮਾਹੌਲ ਬਣਾ ਰੱਖਿਆ ਹੈ, ਜਿਸ ਵਿਚ ਆਮ ਲੋਕ ਅਤੇ ਸਿਆਸੀ ਧਿਰਾਂ ਵਾਲੇ ਵੀ ਮੁਸ਼ਕਿਲ ਸਮੇਂ 'ਚ ਇਕੱਠੇ ਹੋ ਜਾਂਦੇ ਹਨ ਤੇ ਲੀਡਰਾਂ ਵਿਚ ਵੀ ਭਾਰਤ ਦੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਹਾਲੇ ਦੇਸ਼ ਦੇ ਪੱਧਰ ਤੱਕ ਨਹੀਂ ਪਹੁੰਚੀ।

ਕਰੋਨਾ ਦਾ ਕਹਿਰ ਕਦੋਂ ਮੁੱਕੇਗਾ, ਇਸ ਬਾਰੇ ਅਜੇ ਤੱਕ ਦੁਨੀਆਂ ਦਾ ਕੋਈ ਮਾਹਰ ਹਿੱਕ ਠੋਕ ਕੇ ਦਾਅਵਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਫਿਰ ਵੀ ਆਸ ਹੈ ਕਿ ਕਦੇ ਨਾ ਕਦੇ ਤਾਂ ਇਹ ਦੌਰ ਮੁੱਕੇਗਾ ਹੀ। ਆਸ਼ਾਵਾਦੀ ਲੋਕਾਂ ਦੇ ਕੋਲ ਇੱਕੋ ਜ਼ੋਰਦਾਰ ਦਲੀਲ ਹੁੰਦੀ ਹੈ ਕਿ ਸਮੇਂ ਦਾ ਚੱਕਾ ਕਦੀ ਖੜੋਂਦਾ ਨਹੀਂ, ਇਹ ਚੱਲਦਾ ਰਹਿੰਦਾ ਹੈ, ਇਸ ਲਈ ਚੰਗੇ ਦਿਨ ਨਹੀਂ ਰਹੇ ਤਾਂ ਮਾੜੇ ਵੀ ਨਹੀਂ ਰਹਿਣ ਲੱਗੇ। ਅਸੀਂ ਵੀ ਇਹ ਆਸ ਰੱਖਦੇ ਹਾਂ ਕਿ ਇਹ ਦੌਰ ਖਤਮ ਹੋ ਜਾਵੇਗਾ, ਪਰ ਕਦੋਂ ਕੁ ਤੱਕ ਹੋਵੇਗਾ, ਇਹ ਕਹਿਣਾ ਔਖਾ ਹੈ। ਜਦੋਂ ਵੀ ਇਸ ਦੌਰ ਤੋਂ ਖਹਿੜਾ ਛੁੱਟੇਗਾ, ਉਸ ਪਿੱਛੋਂ ਸਾਡੇ ਜੀਵਨ ਦਾ ਹਰ ਖੇਤਰ ਇਸ ਤੋਂ ਵਲੂੰਧਰਿਆ ਜਾਣ ਕਾਰਨ ਪੈਰਾਂ ਸਿਰ ਖੜੋਣ ਨੂੰ ਲੰਮਾ ਸਮਾਂ ਲਵੇਗਾ, ਪਰ ਇੱਕੋ ਕਿਸਾਨੀ ਖੇਤਰ ਹੈ, ਜਿਸ ਨਾਲ ਜੁੜੇ ਲੋਕ ਪੁਰਾਣੀ ਲੀਹ 'ਤੇ ਛੇਤੀ ਆ ਸਕਦੇ ਹਨ। ਇੱਕ ਵਾਰ ਫਿਰ ਸਮੇਂ ਨੇ 'ਉਤਮ ਖੇਤੀ' ਦੇ ਅਖਾਣ ਨੂੰ ਸੱਚਾ ਸਾਬਤ ਕਰਨ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਇਹੀ ਵਕਤ ਹੈ ਕਿ ਸਰਕਾਰਾਂ ਅਤੇ ਸਮਾਜੀ ਜਥੇਬੰਦੀਆਂ ਨਾਲ ਜੁੜੇ ਹੋਏ ਲੋਕਾਂ ਨੂੰ ਇਸ ਖੇਤਰ ਵੱਲ ਧਿਆਨ ਦੇਣਾ ਚਾਹੀਦਾ ਹੈ। ਖੇਤੀ ਬਚਾਉਣ ਦੇ ਨਾਲ ਕਈ ਕੁਝ ਬਚ ਜਾਵੇਗਾ। ਸਾਨੂੰ ਇਸ ਦਾ ਯਕੀਨ ਹੈ ਕਿ ਅਚੇਤ ਜਾਂ ਸੁਚੇਤ ਤੌਰ 'ਤੇ ਇਸ ਵੇਲੇ ਇਹੋ ਸੈਕਟਰ ਮਨੁੱਖਤਾ ਦੀ ਵਾਰਸ ਬਣ ਸਕਦਾ ਹੈ।

# ਮੁੜ ਚੱਲ ਕੁਦਰਤ ਦੀ ਗੋਦ 'ਚ

ਐ ਮਾਨਵ! ਤੂੰ ਕਰੋਨਾ ਵਾਇਰਸ ਦੇ ਚਲੰਤ ਘਟਨਾ ਚੱਕਰ ਵਿਚ ਕਿਉਂ ਤੇ ਕਿਵੇਂ ਫਸ ਗਿਐਂ! ਜ਼ਰਾ ਸੋਚ ਤੇ ਸੂਝ ਨੂੰ ਅੰਤਰਝਾਤ ਕਰ। ਉਹ ਏਡਾ ਵੱਡਾ ਮਹਾ ਬਲੀ ਕੌਣ ਹੈ, ਜਿਸ ਨੇ ਵਿਸ਼ਵੀ ਮਾਨਵੀ ਸੰਗਠਨਾਂ, ਸੰਸਾਰ ਭਰ ਦੀਆਂ ਸਰਕਾਰਾਂ ਦੀਆਂ ਵਿਧਾਨਕ ਤੇ ਨਿਆਇਕ ਸੰਸਥਾਵਾਂ, ਫੌਜਾਂ, ਨੀਮ ਸੁਰੱਖਿਆ ਬਲਾਂ ਆਦਿ ਨੂੰ ਨੱਥ ਪਾਈ ਹੋਈ ਐ। ਜਿੱਦਾਂ ਦੇ ਫੈਸਲੇ ਕਰਾਉਣੇ ਚਾਹੁੰਦਾ ਹੈ, ਕਰਵਾਈ ਜਾ ਰਿਹੈ। ਜਿੱਥੇ ਖੜ੍ਹੇ ਹੋਣ 'ਤੇ ਹਾਮੀ ਭਰਨ ਲਈ ਕਹਿੰਦਾ ਹੈ, ਕਰਵਾਈ ਜਾ ਰਿਹੈ। ਜਿੱਥੇ ਜੰਗ ਛੇੜਨੀ ਚਾਹੁੰਦੈ, ਮਿਜ਼ਾਈਲਾਂ ਦੇ ਬਟਨ ਦਬਵਾ ਲੈਂਦੈ। ਜਿੱਥੇ ਸਮਝੌਤੇ ਕਰਨੇ ਚਾਹੁੰਦੈ, ਬਾਹਾਂ ਮਰੋੜ



ਪ੍ਰਿੰ. ਬਲਕਾਰ ਸਿੰਘ ਬਾਜਵਾ
ਫੋਨ: 91-95305-17132

ਕਰਵਾ ਲੈਂਦਾ। ਜਿੱਧਰ ਚਾਹੁੰਦੈ, ਓਧਰ ਤੋਰ ਲੈਂਦੈ। ਅਜੋਕੇ ਨਿਜ਼ਾਮ ਵਿਚ ਤੇਰਾ ਚਾਲਕ ਈ ਪੂੰਜੀਪਤੀ, ਸਰਮਾਏਦਾਰ, ਸਭ ਦਾ ਸਵਾਮੀ। ਇਹ ਮੁਨਾਫੇ ਦੀ ਹਵਸ ਦਾ ਵੱਢਿਆ ਹਲਕਾ ਹੋ ਸੁਆਰਥੀ ਜੀਭ ਲਮਕਾਈ, ਰਾਲ੍ਹਾਂ ਸੁੱਟਦਾ ਅੰਨਾ ਹੋਇਆ ਫਿਰਦਾ ਏ। ਇਹਦੀਆਂ ਨਿੱਜੀਕਰਨ, ਸ਼ਹਿਰੀਕਰਨ, ਅੰਨਾ ਉਦਯੋਗੀਕਰਨ ਆਦਿ ਨੇ ਵਾਤਾਵਰਣ ਪ੍ਰਦੂਸ਼ਿਤ ਕਰ ਦਿੱਤੈ। ਇਹਨੇ ਜਨ, ਜਲ, ਜ਼ਮੀਨ, ਜੰਗਲ-ਸੱਭੇ ਕੁਦਰਤੀ ਸੋਮੇ ਨਫੇ ਖਾਤਰ ਲੁੱਟੇ ਅਤੇ ਨਸ਼ਟ ਕਰ ਦਿੱਤੇ ਹਨ। ਕੁਦਰਤ ਦਾ ਸੰਤੁਲਨ ਵਿਗਾੜ ਦਿੱਤਾ ਹੈ। ਗਰਮੀ, ਤਪਸ਼, ਮੀਂਹ, ਸੁਨਾਮੀ ਤੇ ਪ੍ਰਦੂਸ਼ਣ ਜਿਹੇ ਕਹਿਰ ਵਾਪਰ ਰਹੇ ਹਨ।

ਇਸ ਹਾਲਾਤ ਵਿਚ ਬਿਮਾਰੀ, ਭੁੱਖ, ਮੰਦਹਾਲੀ, ਬੇਚੈਨੀ, ਪ੍ਰੇਸ਼ਾਨੀ ਆਦਿ ਫੈਲ ਰਹੇ ਹਨ। ਇਹ ਦਸ਼ਾ ਕਿਸੇ ਵੇਲੇ ਵੀ ਬਦਅਮਨੀ, ਬਰਬਰਤਾ ਦਾ ਕਾਰਨ ਬਣ ਸਕਦੀ ਹੈ। 90 ਪ੍ਰਤੀਸ਼ਤ ਲੋਕਾਈ ਨਰਕ ਕੁੰਬੀ 'ਚ ਧੱਕੀ ਪਈ ਹੈ। ਸਰਕਾਰਾਂ ਨੂੰ ਆਬਾਦੀ ਕੰਟਰੋਲ ਦੀ ਕੋਈ ਦੂਰਦ੍ਰਿਸ਼ਟ ਨੀਤੀ ਨਹੀਂ ਬਣਾਉਣ ਦਿੰਦਾ-ਸਿਰਫ ਸਸਤੀ ਲੇਬਰ ਵਾਸਤੇ। ਚੰਗੀ ਸਿੱਖਿਆ, ਸਿਹਤ ਤੇ ਸੁਰੱਖਿਆ ਸਹੂਲਤਾਂ ਤੋਂ ਬਹੁਤੀ ਵੱਸੋਂ ਵਾਂਝੀ ਹੈ। ਕੋਠੀਆਂ ਤੇ ਝੌਂਪੜੀਆਂ, ਮਹਿਲ ਮਾੜੀਆਂ ਤੇ ਝੁੱਗੀਆਂ ਦੇ ਮੰਜ਼ਰ ਹਰ ਸ਼ਹਿਰ, ਕਸਬੇ ਤੇ ਪਿੰਡ 'ਚ ਨਜ਼ਰੀਂ ਪੈਂਦੇ ਹਨ। ਐਸ਼ਪ੍ਰਸਤੀ ਦੀ ਰਹਿੰਦ ਖੂਹੰਦ ਦੇ ਢੇਰਾਂ 'ਚੋਂ ਗਰੀਬੀ ਕਾਂ, ਕੁੱਤਿਆਂ, ਸੂਰਾਂ ਨਾਲ ਰਲ ਆਪਣੇ ਪੇਟ ਨੂੰ ਝੁਲਕਾ ਦੇਣ ਦੇ ਦ੍ਰਿਸ਼ ਆਮ ਵੇਖਣ ਨੂੰ ਮਿਲਦੇ ਹਨ। ਇਹ ਈ ਬੰਦਿਆ ਤੇਰੀ ਤਰੱਕੀ ਦਾ ਸਬੂਤ! ਕੁਦਰਤੀ ਤੋਂ ਦੂਰੀ ਵਧਦੀ ਜਾ ਰਹੀ ਹੈ। ਇਸ ਮੁਕਾਮ 'ਤੇ ਅਮੀਰ ਗਰੀਬਾਂ ਨੂੰ ਰੱਬ ਦੇ ਡਰ, ਵਹਿਮਾਂ ਭਰਮਾਂ ਤੇ ਮਿੱਥਾਂ ਵਿਚ ਡੋਬੀ ਰੱਖਣ ਦੇ ਪਰਪੰਚਾਂ ਦੀ ਸਰਪ੍ਰਸਤੀ ਕਰਦੇ ਹਨ। ਬੰਦੇ ਦਾ ਸਤਿਕਾਰ ਛੱਡ ਮੂਰਤੀ ਤੇ ਪੈਸਾ ਪੂਜਣ ਦੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ। ਲੱਗਦੈ, ਮੇਰੀ ਮਾਰ (ਕਰੋਨਾ ਵਾਇਰਸ) ਤੋਂ ਬਚੇ ਭੁੱਖ ਦੀ ਮਾਰ ਤੋਂ ਨਹੀਂ ਬਚਣੇ।

ਓਏ ਧਨਾਢੋ! ਕੁਦਰਤ ਦਾ ਅੰਤ ਨਾਲ ਵੈਰ ਹੁੰਦੈ। ਰੂਸੋ ਨੇ 'ਕੁਦਰਤੀ ਸਿੱਟਿਆਂ ਦੀ ਸਜ਼ਾ ਦਾ ਸਿਧਾਂਤ' ਵੀ ਦਿੱਤਾ ਹੋਇਐ। ਮੈਂ (ਕਰੋਨਾ ਵਾਇਰਸ) ਕੁਦਰਤ ਤੇ ਲੋਕਾਈ ਨਾਲ ਹੱਦੋਂ ਵਧ ਹੋ ਰਹੀਆਂ ਵਧੀਕੀਆਂ ਦੇ ਫਲਸਰੂਪ ਹੋਂਦ 'ਚ ਆਇਆ ਹਾਂ। ਪਹਿਲਾਂ ਵੀ ਮੈਂ ਸਮੇਂ ਸਮੇਂ, ਵੱਖ ਵੱਖ ਰੂਪਾਂ, ਖੌਫਨਾਕ ਰਾਖਸ਼ਸ਼ਾਂ, ਡਰਾਉਣੇ ਸ਼ਕਤੀਸ਼ਾਲੀ ਡਾਇਨਾਸੋਰ ਦੇ ਰੂਪ ਵਿਚ ਪ੍ਰਗਟ ਹੁੰਦਾ ਆਇਆਂ। ਭੱਜ ਲੈ ਜਿੱਧਰ ਭੱਜਣਾ ਈ। ਜ਼ਰਾ ਵੇਖ, ਮੈਂ ਲੋਕਾਈ ਨੂੰ ਭਜਾਈ ਜਾਂਦੇ ਸਮੇਂ ਅਤੇ ਇਹਦੇ ਚਾਲਕਾਂ ਨੂੰ ਬਾਹੋਂ ਫੜ ਰੋਕ ਲਿਐ। ਇਹ ਈ ਮੇਰੀ ਸ਼ਕਤੀ! ਮੈਂ ਬੜੇ ਸਮੇਂ ਤੇ ਸਬਰ ਨਾਲ ਵੇਖਦਾ ਆ ਰਿਹਾਂ। ਤੇਰੀਆਂ ਧੱਕੇਸ਼ਾਹੀਆਂ, ਕੋਤਾਹੀਆਂ, ਕਹਿਰਾਂ, ਤਬਾਹੀਆਂ ਤੇ ਖਿਲਵਾੜਾਂ ਨੇ ਹੀ ਮੈਨੂੰ ਪਨਪਿਐ। ਸਮੇਂ ਸਮੇਂ ਸਾਰਸ, ਸਰਸ, ਈਬੋਲਾ, ਪਲੇਗ, ਮਲੇਰੀਆ ਆਦਿ ਆਏ, ਜੋ ਮੇਰੇ ਹੀ ਸੰਗੀ ਸਾਥੀ ਸਨ। ਤੂੰ ਥੋੜ੍ਹਾ ਰੁਕਿਆ ਜ਼ਰੂਰ, ਪਰ ਛੇਤੀ ਹੀ ਮੁੜ ਪੂਛ ਚੁੱਕ ਭੱਜ ਤੁਰਿਐਂ, ਉਨ੍ਹਾਂ ਹੀ ਚਹਿਨ ਚੱਕਰਾਂ 'ਤੇ।

ਪੂੰਜੀਦਾਰ ਨੂੰ ਤਾਂ ਆਪਣੇ ਆਪ ਦੀ ਹੀ ਸੋਝੀ ਨਹੀਂ। ਉਹਨੇ ਤਾਂ ਆਪਣੇ ਹੀ ਆਲ੍ਹਣੇ, ਪਾਣੀ, ਖਾਦ-ਖੁਰਾਕਾਂ, ਜਲਵਾਯੂ, ਧਰਤ ਪ੍ਰਦੂਸ਼ਿਤ ਕਰ ਦਿੱਤੇ ਹਨ। ਸਿਰਫ ਠਾਠ-ਬਾਠ ਤੇ ਟੌਹਰੀ ਥੀਣ ਤੇ ਹੋਣ ਵਾਸਤੇ। ਇਹ ਕਿਸੇ ਕੰਮ ਨਹੀਂ! ਮੇਰੇ ਤੋਂ ਤਾਂ ਸਭ ਨੂੰ ਇੱਕੋ ਜਿਹਾ ਖਤਰਾ ਈ। ਜੇ ਤੂੰ ਆਪ ਹੀ ਨਾ ਰਿਹਾ, ਤੇਰੇ ਸੰਗੀ ਸਾਥੀ ਤੇ ਸਮਾਜ ਹੀ ਨਾ ਰਿਹਾ, ਤਾਂ ਇਹ ਸਾਰੇ ਪਰਪੰਚ ਕਿਸ ਕੰਮ! ਜ਼ਰਾ ਸੋਚ। ਤੂੰ ਤਾਂ ਉਨ੍ਹਾਂ ਹੀ ਸਰੋਤਾਂ ਨੂੰ ਬਰਬਾਦ ਕਰੀ ਜਾ ਰਿਹੈਂ, ਜਿਨ੍ਹਾਂ ਆਸਰੇ ਤੂੰ ਜਿਉਣਾ ਹੈ। ਸਿਰੇ ਦੀ ਮੂਰਖਤਾ! ਨਿਰੋਲ ਨਖਲਿਸਤਾਨੀ ਮ੍ਰਿਗ ਤ੍ਰਿਸ਼ਨਾ! ਭੁੱਲ ਨਾ 'ਇਤਿਹਾਸ ਬਾਦਸ਼ਾਹਾਂ ਦਾ ਗੁਲਾਮ ਨਹੀਂ ਹੁੰਦਾ, ਸਗੋਂ ਬਾਦਸ਼ਾਹ ਇਤਿਹਾਸ ਦੇ ਗੁਲਾਮ ਹੁੰਦੇ ਹਨ।'

ਮਾਨਵਤਾ, ਮੈਂ ਇੱਕ ਉਹ ਵੱਡਾ ਹਕੀਮ ਹਾਂ, ਜੋ ਉਤੋਂ ਤਾਂ ਦੁਸ਼ਮਣ ਭਾਸਦਾਂ, ਪਰ ਵਿਚੋਂ ਤੇਰੇ ਰੋਗਾਂ ਦਾ ਦਾਰੂ ਹਾਂ, ਕੌੜੀ ਕੁਨੈਨ ਵਾਂਗ। ਕਹਿਰ ਤੂੰ ਬਹੁਤ ਕੀਤੇ ਨੇ, ਹੁਣ ਵੇਖ ਮੇਰਾ ਕਹਿਰ ਮਿੱਤਰਾ! ਵੇਖ ਮੇਰਾ ਕ੍ਰਿਸ਼ਮਾ। ਉਚੇ ਅਸਮਾਨੀਂ ਉਡਦਿਆਂ ਨੂੰ ਥੱਲੇ ਲਾਹ ਲਿਆ, ਹਵਾ ਨੂੰ ਗੰਢਾਂ ਦਿੰਦੇ ਵਾਹਨ ਅੱਡਿਆਂ 'ਚ ਜਾ ਖੜਾਏ। ਸਾਹੋ ਸਾਹੀ ਹੋਈ ਲੋਕਾਈ ਨੂੰ ਰੋਕ ਲਿਆ। ਸਮਾਂ ਬੰਨ੍ਹ ਦਿੱਤਾ। ਸ਼ਿਫਟਾਂ ਵਿਚ ਜਕੜੇ ਬੰਦੇ ਨੂੰ ਬਾਂਹੋਂ ਫੜ ਰੋਕਣਾ ਕੋਈ ਆਸਾਨ ਨਹੀਂ ਹੁੰਦਾ। ਮੈਂ ਪੂਰੀ ਦੁਨੀਆਂ ਨੂੰ ਫੌਜੀ ਕਮਾਂਡਰ ਵਾਂਗ ਸਾਵਧਾਨ ਕਰ ਖੜ੍ਹਾ ਲਿਐ, ਘਰੀਂ ਡੱਕ ਦਿੱਤੈ। ਉਪਲਬਧ ਇਲਾਜ ਤੋਂ ਮੇਰਾ ਇਲਾਜ ਆਕੀ ਈ। ਇਨ੍ਹਾਂ ਨਾਲ ਮੇਰੀ ਮਹਾਮਾਰੀ ਕਾਬੂ ਨਹੀਂ ਆ ਰਹੀ। ਤੇਰੇ ਸਿਰ 'ਤੇ ਕੋਈ ਭੂਤ ਈ ਸਵਾਰ ਹੋਇਆ ਲੱਗਦਾ ਸੀ। ਆਪਣੇ ਸਿਰਜੇ ਸਮਾਜ ਦੇ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦਾ ਫਿਰਦਾ ਸੀ। ਸੜਕਾਂ 'ਤੇ ਆਪਣੇ ਹੀ ਸੰਗੀ ਸਾਥੀਆਂ ਦੇ ਖੂਨ ਦੀ ਹੋਲੀ ਖੇਡੀ ਜਾਂਦਾ ਸੀ।

ਵੇਖ ਲੈ! ਮੈਂ ਅੱਜ ਤੈਨੂੰ ਆਰਾਮ ਨਾਲ ਬੈਠਣ, ਸੋਚਣ, ਮੰਥਨ, ਚਿੰਤਨ ਤੇ ਵਿਸ਼ਲੇਸ਼ਣ ਕਰਨ ਲਈ ਮਜਬੂਰ ਕਰ ਦਿੱਤੈ। ਮੇਰੀ ਇਸ ਪਹਿਲੀ ਝਲਕ ਨੇ ਹੀ ਸ਼ੁਧ ਆਕਸੀਜਨ, ਸਾਫ ਨੀਲੇ ਗਗਨ, ਧੌਲਧਾਰ ਦੇ ਪਹਾੜਾਂ 'ਤੇ ਪਈ ਬਰਫ ਦਿੱਸਣ ਲਾ ਦਿੱਤੀ ਐ ਅਤੇ ਚਹਿਚਹਾਉਂਦੇ ਪੰਛੀਆਂ ਦੀਆਂ ਸੰਗੀਤਕ ਅਵਾਜ਼ਾਂ ਸੁਣਾਈ ਦੇਣ ਲੱਗ ਪਈਆਂ ਨੇ। ਬਨਸਪਤੀ ਸਾਫ ਸੁਥਰੀ, ਹਰੀ ਭਰੀ ਦਿੱਸਣ ਲੱਗ ਪਈ ਏ। ਸਰਕਾਰਾਂ ਵੱਲੋਂ ਦਰਿਆਵਾਂ ਦਾ ਪਾਣੀ ਸਾਫ ਨਹੀਂ ਸੀ ਹੋ ਰਿਹਾ। ਹੁਣ ਸਾਫ ਹੋਣੇ ਅਰੰਭ ਹੋ ਗਏ ਹਨ। ਇਨ੍ਹਾਂ ਨੂੰ ਗੰਦਾ ਵੀ ਫੈਕਟਰੀਆਂ ਦੇ ਦੂਸ਼ਤ ਪਾਣੀਆਂ ਨੇ ਕੀਤਾ ਸੀ, ਜੋ ਸਰਕਾਰਾਂ ਰੋਕ ਨਹੀਂ ਸਕੀਆਂ। ਵੋਟ ਸਿਆਸਤ ਦੀਆਂ ਮਾਰੀਆਂ-ਧੋਖੇਬਾਜ, ਖੇਖਣ ਪੱਟੀਆਂ।

ਐ ਲੋਕੋ! ਤੇ ਉਨ੍ਹਾਂ ਦੀਆਂ ਲੋਕਰਾਜੀ ਸਰਕਾਰੋ! ਦਾਨਸ਼ਵਰਾਂ ਦੇ ਮਹਾਨ ਕਥਨਾਂ ਨੂੰ ਆਪਣੇ ਜ਼ਿਹਨ 'ਚ ਓਤਾਰੋ। ਮਹਾਨ ਸਿੱਖਿਆ ਸ਼ਾਸਤਰੀ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ, "ਅਸੀਂ ਦੂਰ ਆਸਮਾਨਾਂ ਵਿਚ ਉਡਣਾ ਸਿੱਖ ਲਿਆ, ਖੰਗਾਲ ਸੁੱਟਿਐ ਡੂੰਘੇ ਸਾਗਰਾਂ ਨੂੰ, ਪਰ ਧਰਤੀ 'ਤੇ ਜਿਉਣਾ ਸਾਥੋਂ ਸਿੱਖਿਆ ਨਹੀਂ ਗਿਆ।" ਲੋੜ ਹੈ, ਇਸ ਧਰਤੀ 'ਤੇ ਰਹਿਣਾ ਸਿੱਖਣ ਦੀ। ਮੇਰੇ ਕਲਮਕਾਰ ਨੂੰ ਯਾਦ ਨੇ ਇਹ ਸਤਰਾਂ,

ਫਰਸ਼ੀ ਹਾਂ ਅਰਸ਼ਾਂ ਦੀਆਂ ਗੱਲ ਨਹੀਂ ਕਰਦਾ,
ਹੂਰਾਂ ਤੇ ਭਗਵਾਨ ਦੀਆਂ ਗੱਲਾਂ ਨਹੀਂ ਕਰਦਾ।
ਰੋਟੀ ਤੇ ਦੁੱਖਾਂ ਦੀਆਂ ਗੱਲਾਂ ਹੀ ਬਹੁਤ ਨੇ,
ਮੌਲਾ ਤੇ ਸ਼ੈਤਾਨ ਦੀਆਂ ਗੱਲਾਂ ਨਹੀਂ ਕਰਦਾ।

ਸਰਕਾਰੋ ਤੇ ਵਿਗਿਆਨੀਓ! ਤਾਰਿਆਂ, ਸਿਤਾਰਿਆਂ ਦੀਆਂ ਖੋਜਾਂ ਕੁਝ ਚਿਰ ਰੋਕ ਲਵੋ। ਮਾਨਵ ਜੀਵਨ ਪਹਿਲਾਂ ਸੁਖਾਲਾ ਕਰੋ। ਚੇਤੇ ਕਰੋ, ਤੇਰਾ ਸਿੰਘ ਚੰਨ ਦੇ ਹਨੇਰੇ ਭਰੇ ਬੋਲ,

ਤਾਰਿਆਂ ਦੇ ਦੇਸ਼ ਉਡਣ ਵਾਲਿਓ,
ਧਰਤੀ 'ਤੇ ਫੁੱਲ ਕੋਈ ਖਿੜ੍ਹਦਾ ਨਹੀਂ।
ਕੀ ਕਰੋਗੇ ਚੰਨ 'ਤੇ ਪਾ ਆਲ੍ਹਣੇ,
ਆਦਮੀ 'ਚੋਂ ਆਦਮੀ ਮਿਲਦਾ ਨਹੀਂ।

ਪਹਿਲੀ ਲੋੜ ਹੈ, ਇਸ ਧਰਤੀ 'ਤੇ ਜਿਉਣਾ ਸਿੱਖਣ ਦੀ। ਇਸ ਵਾਸਤੇ ਕੋਈ ਵਧੀਆ ਮਾਡਲ ਹੋਂਦ 'ਚ ਲਿਆਓ। ਪਿੰਡਾਂ, ਕਸਬਿਆਂ ਤੇ ਛੋਟੇ ਸ਼ਹਿਰਾਂ ਵਾਸਤੇ ਸਿਹਤ, ਸਿੱਖਿਆ, ਸੁਰੱਖਿਆ, ਸੰਚਾਰ ਤੇ ਆਵਾਜਾਈ ਦੇ ਸਾਧਨਾਂ ਨੂੰ ਸਟੇਟ ਅਧੀਨ ਕਰ ਮਜ਼ਬੂਤ ਕਰੋ। ਵਿਸ਼ਵ ਦੀਆਂ ਕਈ ਸਰਕਾਰਾਂ ਇਸ ਮਾਰਗ 'ਤੇ ਤੁਰ ਪਈਆਂ ਹਨ। ਅਮਰੀਕਾ, ਯੂ. ਕੇ., ਸਪੇਨ ਤੇ ਹੋਰ ਯੂਰਪੀ ਸਰਕਾਰਾਂ ਨੇ ਪਹਿਲ ਕਰ ਵਿਖਾਈ ਹੈ। ਕਈਆਂ

*(ਬਾਕੀ ਅਗਲੇ ਸਫੇ 'ਤੇ)*

# ਦੇਵ ਪੁਰਸ਼ ਫਿਰ ਹਾਰਨਗੇ

***ਕਰੋਨਾ ਵਾਇਰਸ ਨੇ ਇਕ ਤਰ੍ਹਾਂ ਨਾਲ ਸਮੁੱਚੀ ਦੁਨੀਆਂ ਨੂੰ ਮਧੋਲ ਸੁੱਟਿਆ ਹੈ ਪਰ ਇਹ ਸਭ ਤੈਅ ਹੈ ਕਿ ਵਿਗਿਆਨ ਨੇ ਇਸ ਦਾ ਤੋੜ ਵੀ ਲੱਭ ਲੈਣਾ ਹੈ ਅਤੇ ਅੰਧ-ਵਿਸ਼ਵਾਸ , ਜੋ ਅਜਿਹੇ ਔਖੇ ਸਮਿਆਂ ਵਿਚ ਅਕਸਰ ਪੈਰ ਪਸਾਰਨ ਲੱਗਦਾ ਹੈ, ਨੂੰ ਹੂੰਝ ਕੇ ਲਾਂਭੇ ਕਰ ਦੇਣਾ ਹੈ। ਇਸ ਬਾਰੇ ਚਰਚਾ ਰਵਿੰਦਰ ਚੋਟ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਇਸ ਸਮੇਂ ਦੁਨੀਆਂ ਦੇ ਬਹੁਤੇ ਹਿੱਸਿਆਂ ਵਿਚ ਨਾਮੁਰਾਦ ਬਿਮਾਰੀ ਕੋਵਿਡ-19 ਨੇ ਪ੍ਰਾਣੀਆਂ ਨੂੰ ਔਖੀ ਘੜੀ ਦੇ ਸਨਮੁਖ ਲਿਆ ਖੜ੍ਹਾ ਕੀਤਾ ਹੈ। ਔਖੀ ਘੜੀ ਸਾਡੇ ਲਈ ਉਦੋਂ ਔਖੀ ਬਣ ਜਾਂਦੀ ਹੈ-ਜਦੋਂ ਸਮੱਸਿਆ ਸਾਡੇ ਵਸੀਲਿਆਂ ਤੋਂ ਬਾਹਰ ਹੋ ਜਾਵੇ, ਸਾਡੀ ਦਲੀਲ ਤਰਕ ਤੋਂ ਊਣੀ ਹੋ ਜਾਵੇ ਅਤੇ ਸਾਨੂੰ ਸਾਰੇ ਦਰਵਾਜੇ ਬੰਦ ਹੋ ਰਹੇ ਮਹਿਸੂਸ ਹੋਣ ਲੱਗ ਪੈਣ। ਸਾਡੇ ਗਿਆਨ-ਵਿਗਿਆਨ ਵੀ ਕੁਦਰਤ ਦੇ ਭੇਤਾਂ ਨੂੰ ਖੋਲ੍ਹਣ ਵਿਚ ਜਦੋ-ਜਹਿਦ ਕਰ ਰਹੇ ਹੋਣ, ਪਰ ਹੱਥ-ਪੱਲੇ ਕੁਝ ਨਾ ਪੈ ਰਿਹਾ ਹੋਵੇ ਤਾਂ ਕਮਜ਼ੋਰ ਮਨੁੱਖੀ ਮਨ, ਚਿੰਤਾ ਵਸ ਗੈਬੀ ਸ਼ਕਤੀਆਂ ਵਲ ਝੁਕਣ ਲਈ



**ਰਵਿੰਦਰ ਚੋਟ**
ਫੋਨ: +91-98726-73703

ਮਜਬੂਰ ਹੋ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਗਿਆਨ ਦੇਰ-ਸਵੇਰ ਇਸ ਮਹਾਮਾਰੀ ਦਾ ਇਲਾਜ ਲੱਭ ਕੇ ਇਸ 'ਤੇ ਕਾਬੂ ਪਾ ਲਵੇਗਾ। ਪਹਿਲਾਂ ਆਈਆਂ ਮਹਾਮਾਰੀਆਂ ਵੇਲੇ ਵੀ ਆਖਰ ਕੋਈ ਨਾ ਕੋਈ ਹੱਲ ਲੱਭਦਾ ਰਿਹਾ ਹੈ, ਪਰ ਕਮਜ਼ੋਰ ਮਨ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਉਹ ਦੇਵੀ-ਦੇਵਤਿਆਂ ਦਾ ਆਸਰਾ ਲੱਭੇ ਜਾਂ ਵਿਗਿਆਨ ਦਾ ਪੱਲਾ ਘੁਟ ਕੇ ਫੜ ਰੱਖੇ। ਭਾਰਤ ਵਿਚ ਤੇਤੀ ਕਰੋੜ ਦੇਵੀ-ਦੇਵਤਿਆਂ ਦਾ ਪ੍ਰਤਾਪ ਮੁੱਢ-ਕਦੀਮ ਤੋਂ ਰਹੱਸ ਬਣਿਆ ਹੋਇਆ ਹੈ। ਇਹ ਰਹੱਸ ਸਾਡੇ ਦੇਸ਼ ਦੇ ਲੋਕ-ਮਨਾਂ ਵਿਚ ਡੂੰਘਾ ਘਰ ਕਰੀ ਬੈਠਾ ਹੈ, ਜੋ ਤਰਕਹੀਣ ਲੋਕਾਂ ਨੂੰ ਭੀੜ ਵੇਲੇ ਆਪਣੇ ਵਲ ਖਿੱਚਦਾ ਰਹਿੰਦਾ ਹੈ।

ਵਿਸ਼ਵਾਸ ਇਕ ਮਨੋਵਿਗਿਆਨਕ ਥੰਮ੍ਹ ਹੈ, ਜਿਸ 'ਤੇ ਸਾਡੀ ਸ਼ਖਸੀਅਤ ਦਾ ਮਹਿਲ ਟਿਕਿਆ ਹੁੰਦਾ ਹੈ। ਜੇ ਵਿਸ਼ਵਾਸ ਦਾ ਆਧਾਰ ਵਿਗਿਆਨਕ ਹੋਵੇਗਾ ਤਾਂ ਇਹ ਮਨੁੱਖ ਲਈ ਸਕਾਰਾਤਮਕ ਰਸਤੇ ਖੋਲ੍ਹੇਗਾ; ਜੇ ਆਧਾਰ ਅੰਧ-ਵਿਸ਼ਵਾਸ ਹੋਵੇਗਾ ਤਾਂ ਉਹ ਹਨੇਰੀਆਂ ਗੁਫਾਵਾਂ ਵਲ ਲੈ ਜਾਵੇਗਾ। ਅੰਨ੍ਹੀ ਸ਼ਰਧਾ ਵੀ ਮਨੁੱਖ ਲਈ ਵਿਗਿਆਨਕ ਸੋਚ ਅਪਨਾਉਣ ਵਿਚ ਅੜਿੱਕਾ ਬਣ ਖਲੋਂਦੀ ਹੈ। ਸਾਡੇ ਸਭਿਆਚਾਰ ਵਿਚ ਅਸੀਂ ਜੰਮਦੇ ਬੱਚੇ ਦੇ ਮਨ ਵਿਚ ਅਦਿਖ ਡਰ ਭਰਨ ਵਿਚ ਕੋਈ ਕਸਰ ਨਹੀ ਛੱਡਦੇ ਤੇ ਵੱਡੇ ਹੋਣ 'ਤੇ ਉਸ ਦੀ ਸ਼ਖਸੀਅਤ ਦਾ ਵੱਡਾ ਹਿੱਸਾ ਅੰਨ੍ਹੀ ਸ਼ਰਧਾ, ਅੰਧ-ਵਿਸ਼ਵਾਸ ਤੇ ਅਵਿਗਿਆਨਕ ਸੋਚ ਨੇ ਮੱਲਿਆ ਹੁੰਦਾ ਹੈ। ਇਸ ਵਿਚ ਮੀਡੀਆ ਅਤੇ ਸੋਸ਼ਲ ਮੀਡੀਆ ਵੀ ਹਨੇਰਾ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡਦਾ। ਭਾਰਤ ਦੀ ਬਹੁਤੀ ਜਨਤਾ ਅਜਿਹੇ ਹਾਲਾਤ ਦੀ ਪੈਦਾਇਸ਼ ਹੈ; ਭਾਵੇਂ ਇਹ ਸੱਚ ਹੈ ਕਿ ਗਰੀਬੀ ਅਤੇ ਅੰਧ-ਵਿਸ਼ਵਾਸ ਦੋਵੇਂ ਸਕੇ ਭੈਣ-ਭਰਾ ਹਨ, ਪਰ ਪੜ੍ਹੇ-ਲਿਖੇ ਅਤੇ ਧਨਾਢ ਲੋਕ ਵੀ ਅੰਧ-ਵਿਸ਼ਵਾਸੀ ਕਰਮ ਕਾਂਡਾਂ ਤੋਂ ਨਿਰਲੇਪ ਨਹੀਂ ਹਨ।

ਇਸ ਮਹਾਮਾਰੀ ਦੀ ਸਮੱਸਿਆ ਨੇ ਮਨੁੱਖ ਨੂੰ ਮਨੁੱਖ ਨਾਲ ਮਹਿਣੋ-ਮਹਿਣੀ ਕਰਾ ਦਿਤਾ ਹੈ, "ਬੰਦਾ ਰੱਬ ਦਾ ਸ਼ਰੀਕ ਬਣ ਬੈਠਾ ਸੀ; ਇਹ ਖੁਦ ਨੂੰ ਖੁਦਾ ਸਮਝਣ ਲੱਗਾ ਸੀ; ਸਾਰੀ ਕਾਇਨਾਤ ਨੂੰ ਆਪਣੇ ਅਧੀਨ ਕਰਨ ਤੁਰਿਆ ਸੀ; ਇਹ ਸਿਕੰਦਰ ਦੀ ਹੋਣੀ ਨੂੰ ਵੀ ਭੁੱਲ ਗਿਆ ਸੀ, ਜੋ ਇਥੋਂ ਖਾਲੀ ਹੱਥ ਗਿਆ ਸੀ; ਆਈਨਸਟਾਈਨ ਵੀ ਮਨੁੱਖ ਮਾਰੂ ਬੰਬ ਬਣਾ ਕੇ ਆਖਰ ਆਪ ਪਾਗਲ ਹੋ ਕੇ ਮਰਿਆ ਸੀ; ਉਸ ਸਰਬ ਸ਼ਕਤੀਮਾਨ ਨੂੰ ਭੁੱਲ ਕੇ ਮੈਂ-ਮੈਂ ਕਰਦਾ ਫਿਰਦਾ; ਪਰਮਾਤਮਾ ਨੇ ਇਕ ਪਲ ਵਿਚ ਸਭ ਬੰਦ ਕਰਵਾ ਦਿੱਤਾ, ਉਸ ਨੇ ਵੱਡੇ-ਵੱਡੇ ਦੇਸ਼ਾਂ ਦੇ ਗੋਡੇ ਲਵਾ ਦਿਤੇ; ਹੁਣ ਸਾਰੀ ਦੁਨੀਆਂ ਦੇ ਸਾਰੇ ਕਾਲੇ-ਚਿੱਟੇ ਲੋਕ ਥਰ-ਥਰ ਕੰਬਦੇ ਬੰਦੇ ਦੇ ਪੁੱਤ ਬਣੇ ਬੈਠੇ ਹਨ। ਉਹ ਵੀ ਇਕ ਦੂਜੇ 'ਤੇ ਕਰੋਨਾ ਵਾਇਰਸ ਦੇ ਸਬੰਧ ਵਿਚ ਮੁਕੱਦਮੇ ਦਰਜ ਕਰਵਾ ਰਹੇ ਹਨ।"

ਇਹੋ ਜਿਹੀ ਗੱਲਬਾਤ ਭਾਰਤ ਵਿਚ ਆਮ ਸੁਣਨ ਨੂੰ ਮਿਲਦੀ ਹੈ, ਕਿਉਂਕਿ ਇਥੇ ਤਾਂ ਅੱਜ ਵੀ ਟੀ. ਵੀ. 'ਤੇ ਚੱਲ ਰਹੇ ਸੀਰੀਅਲਾਂ ਅੱਗੇ ਧੂਫ ਧੁਖਾਏ ਜਾਂਦੇ ਹਨ ਅਤੇ ਅੱਜ ਲੋਕਾਂ ਨੂੰ ਆਪਣੀ ਲਿਆਕਤ, ਵਿਦਿਆ ਤੇ ਸੋਚ 'ਤੇ ਸ਼ੱਕ ਹੋ ਰਿਹਾ ਹੈ! ਹੁਣ ਆਸਥਾ ਅਤੇ ਵਿਗਿਆਨ ਵਿਚ ਟੱਕਰ ਗੂੜ੍ਹੀ ਹੋ ਰਹੀ ਹੈ, ਜੋ ਹਮੇਸ਼ਾ ਰਹੀ ਹੈ। ਬੰਦੇ ਦਾ ਸੁਭਾਅ ਹੀ ਇਹੋ ਜਿਹਾ ਹੈ। ਇਥੇ ਛੋਟੀ ਜਿਹੀ ਵਾਰਤਾ ਦੇਣੀ ਬਣਦੀ ਹੈ। ਇਕ ਆਦਮੀ ਵਰਖਾ ਦੇ ਦਿਨਾਂ ਵਿਚ ਦਰਿਆ ਵਿਚ ਹੜ੍ਹ ਗਿਆ। ਉਸ ਨੇ ਅੰਤਰ-ਧਿਆਨ ਹੋ ਖੁਆਜ਼ੇ ਪੀਰ ਨੂੰ ਬੇਨਤੀ ਕੀਤੀ ਕਿ ਪੀਰ ਜੀ, ਬਚਾ ਲਓ ਇਸ ਭੰਵਰ ਵਿਚੋਂ, ਮੈਂ ਤੇਰਾ ਸੇਵਕ ਤੇਰੀ ਨਿਆਜ਼ ਦੇਊਂ। ਥੋੜ੍ਹਾ ਅੱਗੇ ਜਾ ਕੇ ਉਸ ਨੇ ਦੇਖਿਆ ਕਿ ਦਰਿਆ ਦੇ ਵਿਚਕਾਰ ਵੱਡਾ ਸਾਰਾ ਕਾਨਿਆਂ ਦਾ ਬੂਝਾ ਸੀ। ਉਹ ਕਾਨੇ ਫੜ ਕੇ ਉਸ ਉਪਰ ਚੜ੍ਹ ਕੇ ਬੈਠ ਗਿਆ। ਝੱਟ ਉਸ ਦੀ ਸੋਚ ਨੇ ਪਲਟਾ ਖਾਧਾ, 'ਅਖੇ, ਖੁਆਜ਼ੇ ਨੇ ਤਾਂ ਕੋਈ ਕਸਰ ਨਹੀਂ ਛੱਡੀ ਸੀ ਮਾਰਨ ਦੀ, ਭਲਾ ਹੋਵੇ ਕਾਨਿਆਂ ਦੇ ਇਸ ਬੂਝੇ ਦਾ, ਜਿਸ ਨੇ ਬਚਾ ਲਿਆ।' ਥੋੜ੍ਹੀ ਦੇਰ ਬਾਅਦ ਪਾਣੀ ਬੂਝੇ ਨੂੰ ਜੜ੍ਹਾਂ ਖੋਰ ਕੇ ਆਦਮੀ ਸਣੇ ਲੈ ਤੁਰਿਆ। ਬੰਦਾ ਫਿਰ ਸੋਚਣ ਲੱਗਾ, 'ਖੁਆਜ਼ਾ ਤਾਂ ਬੰਦਿਆਂ ਨਾਲੋਂ ਵੀ ਹੋਛਾ ਨਿਕਲਿਆ, ਮੈਂ ਕਿਹੜਾ ਨਿਆਜ਼ ਦੇਣ ਤੋਂ ਨਾਂਹ ਕੀਤੀ ਸੀ।' ਉਹ ਫਿਰ ਬੇਨਤੀਆਂ ਕਰਨ ਲੱਗਾ। ਇਹ ਹੈ ਮਨੁੱਖੀ ਮਨ ਦੀ ਦਿਸ਼ਾ ਤੇ ਦਸ਼ਾ; ਆਪਣੀ ਹਰ ਕਮਜ਼ੋਰੀ ਨੂੰ ਕਿਸਮਤ 'ਤੇ ਸੁੱਟਦਾ ਆਇਆ ਹੈ। ਇਸ ਬਾਰੇ ਰੂਸ ਦੇ ਵੱਡੇ ਲੇਖਕ ਮੈਕਸਿਮ ਗੋਰਕੀ ਨੇ ਲਿਖਿਆ ਹੈ, 'ਅਰਦਾਸਾਂ ਕਰਨ ਵਿਚ ਸਮਾਂ ਨਸ਼ਟ ਕਰਨ ਵਾਲੇ ਹਰਗਿਜ਼ ਨਹੀਂ ਜਾਣਦੇ ਕਿ ਪਰਿਵਰਤਨ ਕੁਝ ਕੀਤਿਆਂ ਹੀ ਵਾਪਰਦਾ ਹੈ।' ਚਿਕਿਤਸਾ ਵਿਗਿਆਨੀ ਪੂਰੇ ਜ਼ੋਰ ਨਾਲ ਆਪਣੇ ਕਾਰਜ ਵਿਚ ਲੱਗੇ ਹੋਏ ਹਨ ਅਤੇ ਸਫਲ ਵੀ ਹੋਣਗੇ।

ਕੁਦਰਤ ਦੇ ਗਿਆਨ ਅਤੇ ਵਿਗਿਆਨ ਨੂੰ ਵੱਖਰਾ ਕਰ ਕੇ ਨਹੀਂ ਦੇਖਿਆ ਜਾ ਸਕਦਾ, ਸਗੋਂ ਇਹ ਇਕ ਦੂਜੇ ਦੇ ਪੂਰਕ ਹਨ। ਅੰਧ-ਵਿਸ਼ਵਾਸ ਲਈ ਇਨ੍ਹਾਂ ਵਿਚਾਲੇ ਕੋਈ ਥਾਂ ਨਹੀਂ ਹੈ। ਇਸ ਬਾਰੇ ਕਾਰਲ ਮਾਰਕਸ ਨੇ ਦੱਸਿਆ ਹੈ ਕਿ 'ਕੁਦਰਤ ਦਾ ਵਿਗਿਆਨ ਹੌਲੀ-ਹੌਲੀ ਮਨੁੱਖੀ ਵਿਗਿਆਨ ਵਿਚ ਸ਼ਾਮਲ ਹੋ ਰਿਹਾ ਹੈ। ਕਦੇ ਨਾ ਕਦੇ ਇਹ ਦੋਵੇਂ ਇਕ ਹੋ ਜਾਣਗੇ ਅਤੇ ਇਨ੍ਹਾਂ ਦੇ ਨਤੀਜੇ ਮਨੁੱਖ ਲਈ ਕਲਿਆਣਕਾਰੀ ਹੋਣਗੇ।' ਜੋ ਲੋਕ ਤਰਕ ਦਾ ਪੱਲਾ ਫੜਦੇ ਹਨ, ਉਹ ਅੰਨ੍ਹੀ ਸ਼ਰਧਾ ਤੋਂ ਦੂਰ ਰਹਿੰਦੇ ਹਨ ਅਤੇ ਉਹ ਵਿਗਿਆਨ ਦੀ ਮਿਹਨਤ 'ਤੇ ਹੀ ਵਿਸ਼ਵਾਸ ਕਰਦੇ ਹਨ, ਭਾਵੇਂ ਇਸ ਦੇ ਸਿੱਟਿਆਂ ਦੀ ਕੁਝ ਦੇਰ ਉਡੀਕ ਕਰਨੀ ਪਵੇ, ਪਰ ਕੁਦਰਤ ਦੇ ਗਿਆਨ ਤੋਂ ਵਿਹੂਣਾ ਅੰਦਰੋਂ ਖੋਖਲਾ ਮਨੁੱਖ ਝੱਟ ਗੈਬੀ ਸ਼ਕਤੀਆਂ ਦੀ ਅਰਾਧਨਾ ਦੇ ਚੱਕਰ ਵਿਚ ਆਪਣੇ ਆਪ ਨੂੰ ਧੋਖਾ ਦਿੰਦਾ ਹੈ।

ਕੁਝ ਦੇਰ ਪਹਿਲਾਂ ਨਿਊ ਯਾਰਕ ਪਤ੍ਰਿਕਾ ਵਿਚ ਛਪੀ ਅਮਰੀਕਾ ਫਿਜ਼ੀਕਲ ਸੁਸਾਇਟੀ ਦੀ ਰਿਪੋਰਟ ਮੁਤਾਬਕ ਆਸਟਰੇਲੀਆ, ਕੈਨੇਡਾ, ਚੈਕ ਰਿਪਬਲਿਕ, ਆਇਰਲੈਂਡ, ਸਵਿਟਜ਼ਰਲੈਂਡ ਅਤੇ ਆਸਟਰੀਆ ਜਿਹੇ ਦੇਸ਼ਾਂ ਵਿਚ ਤਰਕ ਵਧ ਰਿਹਾ ਹੈ ਅਤੇ ਉਨ੍ਹਾਂ ਲੋਕਾਂ ਵਿਚ ਰੱਬ ਤੇ ਅੰਧੇ-ਧਰਮ ਵਿਚ ਵਿਸ਼ਵਾਸ ਘਟ ਰਿਹਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਦੁਨੀਆਂ ਦੇ ਪਹਿਲੇ ਪੰਜ ਖੁਸ਼ ਦੇਸ਼ ਨਾਸਤਕ ਹਨ। ਉਥੇ ਇਨਸਾਨ ਅਤੇ ਇਨਸਾਨੀਅਤ ਦੀ ਕਦਰ ਹੈ। ਧਰਮ ਅਤੇ ਤੇਤੀ ਕਰੋੜ ਦੇਵਤਿਆਂ ਵਾਲੇ ਦੇਸ਼ ਦੇ ਨੌਜੁਆਨ ਨਾਗਰਿਕ ਉਨ੍ਹਾਂ ਦੇਸ਼ਾਂ ਵਲ ਰੋਟੀ ਰੋਜ਼ੀ ਲਈ ਭੱਜ ਰਹੇ ਹਨ। ਸਾਡੇ ਦੇਸ਼ ਵਿਚ ਇਸ ਔਖੀ ਘੜੀ ਵਿਚ ਵੀ ਗਰੀਬੀ ਦੇ ਮਾਰੇ ਲੋਕਾਂ ਦੀ ਦੋ ਰੋਟੀਆਂ ਦੀ ਮਦਦ ਕਰਕੇ ਚਾਰ ਦਿਨ ਅਖਬਾਰਾਂ ਵਿਚ ਫੋਟੋ ਛਪਵਾਈ ਜਾਂਦੀ ਹੈ। ਇਸ ਵੇਲੇ ਵੀ ਇਨਸਾਨੀਅਤ ਨੂੰ ਛਿੱਕੇ ਟੰਗ ਕੇ ਸਿਆਸੀ ਲੋਕ ਆਪੋ-ਆਪਣੀ ਪਾਰਟੀ ਦਾ ਟੇਢੇ ਢੰਗ ਨਾਲ ਪ੍ਰਚਾਰ ਕਰਨ ਤੋਂ ਬਾਜ਼ ਨਹੀਂ ਆ ਰਹੇ।

ਇਸ ਮਹਾਮਾਰੀ ਦੀ ਦੁਖਦਾਈ ਅਤੇ ਅਤਿਅੰਤ ਮਾਰੂ ਹੋਂਦ ਨੇ ਲੋਕਾਂ ਦੇ ਡੋਲਦੇ ਵਿਸ਼ਵਾਸ ਨੂੰ ਦੋ ਹਿਸਿਆਂ ਵਿਚ ਵੰਡ ਦਿੱਤਾ ਹੈ। ਕੁਝ ਲੋਕਾਂ ਦੇ ਘਰਾਂ ਵਿਚ ਪੂਜਾ-ਅਰਾਧਨਾ ਪਹਿਲਾਂ ਨਾਲੋਂ ਵਧ ਗਈ ਹੈ। ਕਰੋਨਾ ਵਾਇਰਸ ਕਾਰਨ ਲੋਕਾਂ ਦੇ ਮਰਨ ਦੀਆਂ ਖਬਰਾਂ ਸੁਣ ਕੇ ਉਨ੍ਹਾਂ ਦਾ ਵਿਸ਼ਵਾਸ ਬੱਝ ਰਿਹਾ ਹੈ ਕਿ ਇਹ ਸਭ ਦੇਵੀ ਦੇਵਤਿਆਂ ਦੀ ਕਰੂਪੀ ਕਾਰਨ ਹੋ ਰਿਹਾ ਹੈ, ਕਿਉਂਕਿ ਲੋਕਾਂ ਵਿਚ ਧਰਮ-ਕਰਮ ਘਟ ਗਿਆ ਹੈ। ਭਾਂਡੇ ਖੜਕਾਉਣਾ ਜਾਂ ਮੋਮਬੱਤੀਆਂ ਜਗਾਉਣਾ ਵੀ ਇਸੇ ਧਾਰਨਾ ਦੇ ਪ੍ਰਤੀਕ ਹਨ। ਇਹ ਵੀ ਦੇਖਿਆ-ਸੁਣਿਆ ਗਿਆ ਕਿ ਜੇ ਸਿਰ ਦੇ ਵਾਲ ਉਸਤਰੇ ਨਾਲ ਕਟਵਾ ਲਏ ਜਾਣ ਤਾਂ ਕਰੋਨਾ ਵਾਇਰਸ ਨੇੜੇ ਨਹੀਂ ਆਵੇਗਾ। ਦੂਜੇ ਪਾਸੇ ਸਾਡੇ ਕੋਲ 'ਚੜ੍ਹਦੀ ਕਲਾ ਵਿਚ ਰਹਿਣ' ਅਤੇ ਨਰੋਏ ਇਮਿਊਨ ਸਿਸਟਮ ਦਾ ਫਲਸਫਾ ਹੈ। 1930 ਵਿਚ ਦੁਨੀਆਂ ਵਿਚ ਆਈ ਡਿਪਰੈਸ਼ਨ ਵੇਲੇ ਅਤੇ ਉਸ ਤੋਂ ਪਹਿਲਾਂ ਕਈ ਗੰਭੀਰ ਬਿਮਾਰੀਆਂ ਫੈਲਣ ਵੇਲੇ ਲੱਗਦਾ ਸੀ ਕਿ ਇਨਸਾਨੀ ਜਾਤੀਆਂ ਖਤਮ ਹੋ ਜਾਣਗੀਆਂ, ਫਿਰ ਵੀ ਦੁਨੀਆਂ ਇਸੇ ਤਰ੍ਹਾਂ ਚਲਦੀ ਰਹੀ। ਇਹ ਵੀ ਸੁਣਨ ਵਿਚ ਆਇਆ ਹੈ ਕਿ ਅਮਰੀਕਾ, ਚੀਨ ਅਤੇ ਹੋਰ ਵੀ ਕਈ ਦੇਸ਼ਾਂ ਦੇ ਵਿਗਿਆਨੀ ਇਸ ਵਾਇਰਸ ਦਾ ਤੋੜ ਲੱਭਣ ਲਈ ਦਿਨ ਰਾਤ ਲੱਗੇ ਹੋਏ ਹਨ। ਬਹੁਤ ਸਾਰੀਆਂ ਦਵਾਈਆਂ ਲੱਭੀਆਂ ਵੀ ਗਈਆਂ ਹਨ, ਜਿਨ੍ਹਾਂ ਦੇ ਅਜੇ ਜਾਨਵਰਾਂ 'ਤੇ ਇਸ ਦੇ ਪ੍ਰੀਖਣ ਹੋ ਰਹੇ ਹਨ। ਕਈ ਦੇਸ਼ਾਂ ਨੇ ਵੈਕਸੀਨ ਬਣਾਉਣ ਦਾ ਦਾਅਵਾ ਵੀ ਕੀਤਾ ਹੈ। ਸਮਾਂ ਆਉਣ 'ਤੇ ਇਹ ਇਨਸਾਨਾਂ ਲਈ ਵੀ ਕਾਰਗਰ ਸਿੱਧ ਹੋਣਗੇ। ਅਸਲ ਜ਼ਿੰਦਗੀ ਵਿਚ ਹਮੇਸ਼ਾ ਦੇਵ ਪੁਰਸ਼ ਹਾਰਦੇ ਰਹੇ ਹਨ ਅਤੇ ਤਰਕ ਦੇ ਝੰਡੇ ਬੁਲੰਦ ਰਹੇ ਹਨ। ਸ਼ੇਖ ਮੁਹੰਮਦ ਇਬਰਾਹਿਮ ਜ਼ੌਕ ਦਾ ਇਹ ਸ਼ਿਅਰ ਇਸੇ ਤੱਥ ਦੀ ਤਰਜਮਾਨੀ ਕਰਦਾ ਹੈ,

ਜੋ ਫਰਿਸ਼ਤੇ ਕਰਤੇ ਹੈ
ਕਰ ਸਕਤਾ ਹੈ ਇਨਸਾਨ ਭੀ,
ਪਰ ਫਰਿਸ਼ਤੋਂ ਸੇ ਨ ਹੋ
ਜੋ ਕਾਮ ਹੈ ਇਨਸਾਨ ਕਾ।

# ਮੁੜ ਚੱਲ ਕੁਦਰਤ ਦੀ ਗੋਦ 'ਚ

***(ਪਿਛਲੇ ਸਫੇ ਦੀ ਬਾਕੀ)***

ਨੇ ਜਨਤਕ ਪਬਲਿਕ ਅਦਾਰੇ ਸਰਕਾਰ ਦੇ ਅਧਿਕਾਰ ਖੇਤਰ 'ਚ ਕਰ ਦਿੱਤੇ ਨੇ। ਐਗਰੋ ਆਧਾਰਤ ਛੋਟੇ ਛੋਟੇ ਉਦਯੋਗ ਸਥਾਪਤ ਕਰੋ। ਸੜਕਾਂ 'ਤੇ ਭੀੜਾਂ ਘਟਣਗੀਆਂ। ਹਰ ਪਿੰਡ ਨੂੰ ਛੋਟੇ ਛੋਟੇ ਰਿਪਬਲਿਕ ਬਣਾਉਣ ਵੱਲ ਮੁਹਾਰਾਂ ਮੋੜੋ। ਨਮਕ ਨੂੰ ਛੱਡ ਹਰ ਲੋੜੀਂਦੀ ਬੁਨਿਆਦੀ ਉਪਜ ਜੈਵਿਕਾ ਖੇਤੀ ਰਾਹੀਂ ਪ੍ਰਾਪਤ ਹੋਵੇ। ਹੁਣ 'ਅਵਾਜ਼-ਏ-ਖਲਕਤ, ਅਵਾਜ਼-ਏ-ਖੁਦਾ' ਦਾ ਤੋੜਾ ਏਸੇ ਦਿਸ਼ਾ ਵਿਚ ਹੀ ਟੁੱਟ ਰਿਹੈ। ਇਹੀ ਜੇ 'ਧਰਤ ਮਹੱਤ!' ਪੂਰੀ ਕੁਦਰਤ ਤੇ ਮਾਨਵ ਦੀ ਜਣਨੀ! ਮਹਾਨ ਮਾਤਾ। ਮੀਆਂ ਮੁਹੰਮਦ ਬਖਸ਼ ਨੇ ਕਿਹਾ ਸੀ, 'ਮਾਂਵਾਂ ਬਾਝ ਮੁਹੰਮਦ ਬਖਸ਼ਾ ਕੌਣ ਕਰੇ ਰੱਖਵਾਲੀ।'

ਐ ਮਾਨਵ, ਰੂਸੋ ਦਾ ਬੇਬਾਕ ਨਾਹਰਾ ਚੇਤੇ ਕਰ, 'ਮੁੜ ਚੱਲੋ ਪਿਛਾਂਹ ਕੁਦਰਤ ਵੱਲ। ਉਹ ਕਦੀ ਧੋਖਾ ਨਹੀਂ ਦਿੰਦੀ, ਇਹ ਅਸੀਂ ਹੀ ਹਾਂ, ਜੋ ਉਸ ਨੂੰ ਧੋਖਾ ਦਿੰਦੇ ਹਾਂ।' ਮੈਂ ਵੀ ਮਾਨਵਤਾ ਨੂੰ ਸੱਦਾ ਦਿੰਦੀ ਹਾਂ, 'ਮੁੜ ਚੱਲ, ਮੁੜ ਚੱਲ, ਹੋਰ ਦੇਰ ਨਾ ਕਰ।' ਅਨੰਦਾਂ ਭਰਪੂਰ ਆਪਣੀ ਮੂਲ ਅਵਸਥਾ, ਸੌਖੀ, ਸੁਖੀ, ਸਰਲ ਤੇ ਸੁਰੱਖਿਅਤ ਕੁਦਰਤ ਨਾਲ ਇੱਕ ਸੁਰ ਹੋ ਕੇ ਜੀਅ, 'ਉਪਭੋਗ ਅਤੇ ਖਾਣ ਦੇ ਵਧੇਰੇ ਕੁਦਰਤੀ ਤਰੀਕਿਆਂ ਨੂੰ ਅਪਨਾ।' ਧਰਤ ਮਾਂ ਦੀ ਗੋਦ ਵਿਚੋਂ ਹੀ ਲੋਕੋ! ਤੁਹਾਨੂੰ ਢੋਈ ਮਿਲਣੀ ਏ। ਜੈਵਿਕਾ ਖੇਤੀ ਦੁਆਰਾ ਪਵਨ ਗੁਰੂ, ਪਾਣੀ ਪਿਤਾ ਤੇ ਮਾਤਾ ਧਰਤ ਤੁਹਾਨੂੰ ਓੜਕ ਖੁਸ਼ੀਆਂ ਪ੍ਰਦਾਨ ਕਰੇਗੀ। ਕੂੰਡੇ ਨਾਲ ਬਣੇ ਸੁਆਦੀ ਸਾਲਨ, ਚਟਨੀਆਂ ਅਤੇ ਬਾਬੇ ਦੇ ਖੂੰਡੇ ਵਾਲੇ ਸਮਾਜਕ ਇਕਮੁੱਠਤਾ ਤੇ ਨਿਯੰਤਰਣ ਕਾਰਗਰ ਸਿੱਧ ਹੋਣਗੇ। ਤੁਹਾਡੀਆਂ ਅੰਦਰਲੀਆਂ ਤੇ ਬਾਹਰਲੀਆਂ ਰੋਗ ਨਿਰੋਧਕ ਪ੍ਰਣਾਲੀਆਂ ਮਜ਼ਬੂਤ ਹੋਣਗੀਆਂ। ਇਸ ਨਾਲ ਹੀ ਮੈਂ ਆਪੇ ਉਡ ਜਾਵੇਗਾ। ਭੈਅ ਜ਼ਰੂਰ ਹੈ ਕਿ ਜਿਸ ਵਿਰਾਟ, ਵਿਸ਼ਾਲ, ਵਿਸਥਾਰਤ ਪੱਧਰ 'ਤੇ ਸਰਮਾਏ ਨੇ ਆਪਣੇ ਅਡੰਬਰਾਂ ਰਾਹੀਂ ਸ਼ਿਕੰਜੇ ਕੱਸੇ ਹੋਏ ਹਨ, ਉਸ ਤੋਂ ਵਾਪਸ ਮੁੜਨਾ ਵੀ ਸੌਖਾ ਨਹੀਂ।

ਜਦੋਂ ਇਨ੍ਹਾਂ ਚਰਚਾਵਾਂ ਦਾ ਧਰਤੀ 'ਤੇ ਰੌਲਾ ਪਿਆ ਹੋਇਆ ਸੀ, 'ਸਾਡੀ ਹਕੂਮਤ, ਸਾਡੀ ਮਰਜ਼ੀ', ਓਧਰੋਂ ਅਸਮਾਨੋਂ ਗੂੰਜ ਪਈ, 'ਮੇਰੀ ਹਕੂਮਤ, ਮੇਰੀ ਮਰਜ਼ੀ।' ਕਾਦਰ ਦੀ ਇਹ ਗੂੰਜ ਪਹਾੜਾਂ ਨਾਲ ਟਕਰਾ ਕੇ ਮੁੜ ਮੁੜ ਸੁਣਦੀ ਹੈ। ਪ੍ਰਤੀਕਰਮ ਹੈ, ਅਸੀਂ ਸੰਸਾਰੀਕਰਨ ਤੇ ਸੰਸਾਰਕਤਾ ਸਿਰਜਣੀ ਹੈ। ਸਰਬਤ ਦਾ ਭਲਾ ਚੌਹੀਂ ਕੂਟੀਂ ਫੈਲਾਉਣਾ ਹੈ। ਇਸ ਵਿਚ ਸਰਬ ਸੱਤਾਵਾਦੀ ਨਿਗਰਾਨੀ ਪ੍ਰਬੰਧ ਦਾ ਬੋਲਬੋਲਾ ਹੋਵੇਗਾ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਰਾਜ ਹੋਵੇਗਾ। ਹੱਥੀਂ ਕਿਰਤ, ਨਿਆਂ, ਵੰਡ ਛਕਣ, ਸ਼ੁੱਧ ਸਾਦਾ ਭੋਜਨ, ਸਬਰ ਸੰਤੋਖ ਨਾਲ ਸੰਤੁਸ਼ਟ ਹੋ ਇਕੱਠਿਆਂ ਜਿਉਣ ਦਾ ਬੋਲਬਾਲਾ ਹੋਵੇਗਾ। ਸਥਾਨਕ ਤੇ ਵਿਸ਼ਵੀ ਮੰਡੀਕਰਨ ਨੱਥੀ ਜਾਵੇਗੀ। ਕੁਦਰਤ ਦਾ ਰਾਜ, ਸਿਸਟਮ ਤੇ ਸਿਧਾਂਤ ਲਾਗੂ ਹੋਣਗੇ। ਇਹ ਗੱਲਾਂ ਹਾਲੀ ਕੈਚ-22 (ਅਸੰਭਵ ਸਥਿਤੀ) ਜਾਪਦੀ ਹੈ। ਸ਼ੇਖ ਚਿੱਲੀ ਦੀ ਗੱਲ ਭਾਸਦੀ ਹੈ, ਪਰ ਇਸ ਬਿਨਾ ਕੋਈ ਚਾਰਾ ਨਹੀਂ, ਕਿਉਂਕਿ ਸੁਚੱਮ-ਸੱਚਾ ਤਰਕਸ਼ੀਲ ਟੀਚਾ ਤੇ ਮਾਰਗ ਹੈ।

ਹਰ ਮਹਾਸੰਕਟ ਪਿੱਛੋਂ ਮਨੁੱਖ ਦੇ ਆਰਥਕ, ਸਮਾਜਕ ਢਾਂਚੇ ਪਹਿਲਾਂ ਜਿਹੇ ਨਹੀਂ ਰਹਿੰਦੇ। ਵਿਸ਼ਵ ਭਰ ਦੀਆਂ ਸਰਕਾਰਾਂ ਤੇ ਰਹਿਬਰਾਂ ਨੂੰ ਮਾਨਵੀ ਹਿੱਤਾਂ ਖਾਤਰ ਇਸ ਦਸ਼ਾ ਤੇ ਦਿਸ਼ਾ ਵੱਲ ਗੰਭੀਰ ਚਰਚੇ ਕਰ ਇਨ੍ਹਾਂ ਮਨਸੂਬਿਆਂ ਨੂੰ ਸੰਬੋਧਿਤ ਹੋਣਾ ਪੈਣਾ ਹੈ। ਮਹਾਸੰਕਟਾਂ ਦੇ ਹੱਲ ਵਾਸਤੇ ਸਿਧਾਂਤਾਂ ਨੂੰ ਛੱਡ ਸਮਾਧਾਨ ਲੱਭਣੇ ਪੈਂਦੇ ਹਨ। ਚੀਨ, ਰੂਸ, ਕਿਊਬਾ, ਵੀਅਤਨਾਮ, ਕੋਰੀਆ ਆਦਿ ਜਿਹੇ ਕਈ ਦੇਸ਼ ਕਾਮਯਾਬ ਹੋਈ ਜਾ ਰਹੇ ਹਨ। ਆਦਰਸ਼ ਭਾਵੇਂ ਕਠਨ ਲੱਗਦੈ, ਪਰ ਜੇਤੂ ਹੋਣ ਤੱਕ ਲੜਦੇ ਰਹਿਣਾ ਪੈਣਾ ਹੈ। ਮਾਨਵੀ ਪਹੁੰਚ ਨਾਲ ਕਾਰਪੋਰੇਟੀ ਸਮਰਾਟਾਂ ਵੱਲੋਂ ਮੁਨਾਫ਼ ਲਈ ਲੱਗੀ ਦੌੜ ਨੂੰ ਬੇਨਕਾਬੀ ਕਰਨਾ ਹੀ ਪੈਣਾ। ਇਸ ਵਿਚ ਹੀ ਸਭ ਦਾ ਭਲਾ ਹੈ। ਕੁਦਰਤ ਤੁਹਾਨੂੰ ਉਡੀਕ ਰਹੀ ਹੈ। ਜਾਓ, ਬੈਠੋ ਉਹਦੀ ਗੋਦ ਵਿਚ। ਵੇਖੀਂ ਫਿਰ ਮੜਕ ਭਰੀ ਜ਼ਿੰਦਗੀ ਤੇਰੇ ਵਿਹੜਿਆਂ ਵਿਚ ਗਾਏਗੀ, ਨੱਚੇਗੀ।

# ਕਰੋਨਾ ਦੌਰ ਦੀਆਂ ਸਾਹਿਤਕ ਸੰਭਾਵਨਾਵਾਂ

ਕਰੋਨਾ ਵਾਇਰਸ ਵੱਲੋਂ ਸਾਰੇ ਵਿਸ਼ਵ ਵਿਚ ਮਚਾਈ ਤਬਾਹੀ ਨੂੰ ਤਸੱਵਰ ਕਰਦਿਆਂ ਸਾਹਿਰ ਲੁਧਿਆਣਵੀ ਦੀਆਂ ਇਨ੍ਹਾਂ ਸਤਰਾਂ ਵੱਲ ਧਿਆਨ ਮੱਲੋ ਮੱਲੀ ਚਲਾ ਗਿਆ,

ਕਲ ਜਹਾਂ ਬਸੀਂ ਥੀ ਖੁਸ਼ੀਆਂ
ਆਜ ਹੈ ਮਾਤਮ ਵਹਾਂ,
ਵਕਤ ਲਾਇਆ ਥਾ ਬਹਾਰੇਂ
ਵਕਤ ਲਾਇਆ ਹੈ ਖਿਜਾਂ।

ਅੱਜ ਉਹ ਵਕਤ ਹੈ, ਜਦ ਇਸ ਮਹਾਮਾਰੀ ਨੇ ਬਿਨਾ ਕਿਸੇ ਐਟਮ ਬੰਬ ਜਾਂ ਗੋਲੀ ਬਾਰੂਦ ਦੇ, ਤੀਜੇ ਮਹਾਯੁੱਧ ਜਿਹੇ ਹਾਲਾਤ ਬਣਾ ਦਿੱਤੇ

**ਇੰਦਰਜੀਤ ਪਾਲ**
ਫੋਨ: 91-908554-26160

ਹਨ। ਗੋਲੀ ਬਾਰੂਦ ਜਾਂ ਐਟਮ ਬੰਬ ਚਲਾਇਆ ਵੀ ਕਿਸ 'ਤੇ ਜਾਵੇ? ਦੁਸ਼ਮਣ ਤਾਂ ਅਦ੍ਰਿਸ਼ ਹੈ ਅਤੇ ਘਾਤਕ ਵੀ। ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਹੈ, ਜਿਸ ਵਿਚ ਮਨੁੱਖ ਨਾ ਚਾਹੁੰਦਿਆਂ ਵੀ ਦੂਜੇ ਮਨੁੱਖ ਤੋਂ ਅਣਕਿਆਸਿਆ ਖਤਰਾ ਮਹਿਸੂਸ ਕਰ ਰਿਹਾ ਹੈ। ਸਮੁੱਚਾ ਵਿਸ਼ਵ ਇੱਕ ਵਾਰ ਫਿਰ 1930 ਜਿਹੀ ਮਹਾਮੰਦੀ ਵਿਚ ਫਸਦਾ ਨਜ਼ਰ ਆ ਰਿਹਾ ਹੈ। ਸੰਯੁਕਤ ਰਾਸ਼ਟਰੀ ਸੰਗਠਨ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਅੰਦਾਜ਼ਾ ਹੈ ਕਿ ਕਰੀਬ 50% ਲੋਕ ਬੇਰੋਜ਼ਗਾਰ ਹੋ ਸਕਦੇ ਹਨ। ਗਰੀਬਾਂ ਦੀ ਗਿਣਤੀ ਚੋਖੀ ਵਧ ਸਕਦੀ ਹੈ। ਲੌਕਡਾਊਨ ਨਾਲ ਵਸਤਾਂ ਤੇ ਸੇਵਾਵਾਂ ਦੀ ਮੰਗ ਦੇ ਬਨਿਸਬਤ ਉਨ੍ਹਾਂ ਦੀ ਪੂਰਤੀ ਘੱਟ ਹੋਣ ਨਾਲ ਉਨ੍ਹਾਂ ਦੀਆਂ ਕੀਮਤਾਂ ਦੇ ਵਾਧੇ ਦੀ ਪ੍ਰਵਿਰਤੀ ਦੇਖਣ ਨੂੰ ਮਿਲ ਸਕਦੀ ਹੈ। ਅਰਥ ਸ਼ਾਸਤਰੀ ਤਾਂ ਕੁਝ ਦੇਸ਼ਾਂ ਦੇ ਸਕਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਮਨਫੀ ਵੀ ਦੱਸ ਰਹੇ ਹਨ।

ਪੂਰਾ ਵਿਸ਼ਵ ਇੱਕ ਸਦਮੇ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਦਮੇ ਦੇ ਸਾਲਾਂ ਸਬੰਧੀ ਨੈਓਮੀ ਕਲੇਨ ਦੀ ਪੁਸਤਕ 'ਸ਼ਾੱਕ ਡਾਕਟਰਾਈਨ: ਦ ਰਾਈਜ਼ ਆਫ ਡਿਜ਼ਾਸਟਰ ਕੈਪੀਟਲਿਜ਼ਮ' (2007) ਅਨੁਸਾਰ ਸਦਮੇ ਦੇ ਅਜਿਹੇ ਦੌਰ ਵਿਚ ਧਨਾਢ ਮੁਲਕ ਛੋਟੇ ਮੁਲਕਾਂ ਨੂੰ ਅਤੇ ਸਿਆਸਤਦਾਨ, ਪ੍ਰਸ਼ਾਸਨਿਕ ਅਧਿਕਾਰੀ ਤੇ ਬਹੁਕੌਮੀ ਕੰਪਨੀਆਂ ਆਪਣੇ ਮੁਨਾਫੇ ਲਈ ਆਮ ਲੋਕਾਂ ਨੂੰ ਲਿਤਾੜਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਸਦਮੇ ਦੀ ਦੋਹਰੀ ਮਾਰ ਸਹਿਣੀ ਪੈਂਦੀ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਤਾਂ ਇਹ ਸੰਕਟ ਹੋਰ ਵੀ ਗਹਿਰਾ ਹੋ ਨਿਬੜਦਾ ਹੈ।

ਕਿਸੇ ਸਮਾਜ ਦੇ ਆਰਥਕ ਹਾਲਾਤ 'ਚ ਆਏ ਬਦਲਾਓ ਉਸ ਦੇ ਸਮਾਜਕ ਹਾਲਾਤ 'ਤੇ ਗਹਿਰੀ ਛਾਪ ਛੱਡਦੇ ਹਨ। ਸਮਾਜਕ ਦੂਰੀ ਤੇ ਆਪਸੀ ਮੇਲ ਮਿਲਾਪ ਤੋਂ ਸੰਕੋਚ ਦੇ ਨਿਯਮ ਲੋਕਾਂ ਦਾ ਸਮਾਜਕ ਆਚਾਰ-ਵਿਹਾਰ ਬਦਲ ਰਹੇ ਹਨ। ਸਹਿਮ ਵਾਲੇ ਇਸ ਮਾਹੌਲ 'ਚ ਆਪਸੀ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ। ਲੌਕਡਾਊਨ ਕਾਰਨ ਆਨਲਾਈਨ ਵਿਆਹ, ਰਿਸ਼ਤੇਦਾਰਾਂ ਦਾ ਵਿਆਹ 'ਚ ਆਨਲਾਈਨ ਸ਼ਾਮਿਲ ਹੋਣਾ, ਸਮਾਜਕ ਤੇ ਪਰਿਵਾਰਕ ਸਮਾਗਮਾਂ 'ਚ ਲੋਕਾਂ ਦੀ ਗਿਣਤੀ ਦਾ ਸੀਮਤ ਹੋਣਾ, ਆਨਲਾਈਨ ਪੜ੍ਹਾਈ ਆਦਿ ਦਾ ਵਰਤਾਰਾ ਚਲਨ 'ਚ ਆ ਰਿਹਾ ਹੈ-ਭਾਵੇਂ ਇਹ ਸਭ ਕੁਝ ਮਜਬੂਰੀ ਵੱਸ ਹੀ ਸਹੀ, ਪਰ ਇਸ ਨੂੰ ਬਦਲ ਦੇ ਰੂਪ 'ਚ ਅਪਨਾਇਆ ਜਾ ਰਿਹਾ ਹੈ।

ਜਦੋਂ ਵੀ ਕੋਈ ਵਿਸ਼ਵ ਵਿਆਪੀ ਸੰਕਟ ਆਉਂਦਾ ਹੈ ਤਾਂ ਉਸ ਦਾ ਪ੍ਰਭਾਵ ਬਹੁਪੱਖੀ ਹੁੰਦਾ ਹੈ। ਭਾਵੇਂ ਕਰੋਨਾ ਵਾਇਰਸ ਨੇ ਹਮਲਾ ਸਿੱਧੇ ਰੂਪ ਵਿਚ ਮਨੁੱਖ ਦੀ ਸਿਹਤ 'ਤੇ ਕੀਤਾ ਹੈ, ਪਰ ਅਸਿੱਧੇ ਰੂਪ ਵਿਚ ਮਨੁੱਖ ਦੀਆਂ ਆਰਥਕ, ਸਮਾਜਕ ਤੇ ਮੁਲਕਾਂ ਦੀਆਂ ਸਿਆਸੀ ਸਰਗਰਮੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਸਮੇਂ ਦੌਰਾਨ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜੋ ਸ਼ਾਇਦ ਆਮ ਹਾਲਾਤ ਵਿਚ ਨਾ ਵਾਪਰਦੀਆਂ। ਅਜਿਹਾ ਬਹੁਤ ਕੁਝ ਹੈ, ਜੋ ਨਾਟਕੀ ਰੂਪ ਵਿਚ ਘਟਿਆ ਹੈ।

ਸਾਹਿਤਕਾਰ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਡੂੰਘੀ ਨੀਝ ਨਾਲ ਵੇਖਦਾ ਤੇ ਚਿਤਵਦਾ ਹੈ। ਇਸ ਲਈ ਇੱਕ ਸਾਹਿਤਕਾਰ ਨੂੰ ਅਜਿਹੀਆਂ ਨਿਵੇਕਲੀਆਂ ਘਟਨਾਵਾਂ ਸਾਹਿਤ ਲਿਖਣ ਲਈ ਪ੍ਰੇਰਦੀਆਂ ਹਨ। ਲੋਕਾਂ ਦਾ ਕਈ ਸੌ ਮੀਲ ਪੈਦਲ ਤੁਰ ਕੇ ਤਰ੍ਹਾਂ-ਤਰ੍ਹਾਂ ਦੀਆਂ ਔਕੜਾਂ ਝਾਗ ਕੇ ਆਪਣੇ ਘਰਾਂ ਤੱਕ ਪੁੱਜਣਾ, ਰੇਲ ਗੱਡੀ ਦੀ ਟਿਕਟ ਦਾ ਇੰਤਜ਼ਾਰ, ਵਿਦੇਸ਼ਾਂ ਵਿਚ ਫਸੇ ਲੋਕਾਂ ਦੀ ਆਪਣੇ ਦੇਸ਼ ਪਰਤਣ ਦੀ ਤਾਂਘ, ਜੀਵਨ ਰੱਖਿਆ ਲਈ ਭੋਜਨ ਜੁਟਾਉਣ ਤੋਂ ਲੈ ਕੇ ਹੋਰ ਅਸਮਾਜਕ ਅਨਸਰਾਂ ਤੋਂ ਆਪਣੀ ਤੇ ਪਰਿਵਾਰ ਦੀ ਰੱਖਿਆ ਕਰਨਾ-ਅਜਿਹਾ ਬਹੁਤ ਕੁਝ ਹੈ, ਜੋ ਸਾਹਿਤ ਲਈ ਢੇਰ ਸਾਰੀਆਂ ਕਹਾਣੀਆਂ ਦੇ ਰੂਪ ਵਿਚ ਆਪਣੀ ਬੁੱਕਲ ਵਿਚ ਸੰਜੋਈ ਬੈਠਾ ਹੈ।

ਸਾਹਿਤ ਹਮੇਸ਼ਾ ਸਮਕਾਲ ਨਾਲ ਨੱਥੀ ਹੋ ਕੇ ਤੁਰਦਾ ਹੈ। ਇਹ ਸਮਕਾਲ ਦੌਰਾਨ ਆਈਆਂ ਤਬਦੀਲੀਆਂ ਨਾਲ ਸੰਵਾਦ ਰਚਾਉਂਦਿਆਂ ਸਮਕਾਲੀ ਸਮੱਸਿਆਵਾਂ ਨੂੰ ਵਿਸ਼ਾ ਬਣਾਉਂਦਾ ਹੈ। ਜਿਵੇਂ 20ਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਆਏ ਖਾੜੀ ਸੰਕਟ ਪਿਛੋਂ ਭਾਰਤ ਦੀ ਨਵੀਂ ਆਰਥਕ ਨੀਤੀ ਨੇ ਬਹੁਤ ਸਾਰੀਆਂ ਸਮਾਜਕ ਤਬਦੀਲੀਆਂ ਅਤੇ ਸਮਕਾਲੀ ਸਾਹਿਤ ਨੂੰ ਜਨਮ ਦਿੱਤਾ ਅਤੇ 1990 ਪਿਛੋਂ ਹੁਣ ਤੱਕ ਦੇ ਰਚੇ ਸਾਹਿਤ ਨੂੰ ਸਮਕਾਲੀ ਸਾਹਿਤ ਦਾ ਨਾਂ ਦਿੱਤਾ ਜਾਂਦਾ ਹੈ। ਠੀਕ ਉਵੇਂ ਸੰਭਵ ਹੈ, ਕਰੋਨਾ ਕਾਲ 'ਚ ਰਚੇ ਗਏ ਸਾਹਿਤ ਨੂੰ ਇੱਕ ਸਮਾਂ ਬਿੰਦੂ ਮੰਨ ਕੇ ਇਸ ਪਿਛੋਂ ਰਚੇ ਗਏ ਸਾਹਿਤ ਨੂੰ 'ਕਰੋਨਾ ਕਾਲ ਸਾਹਿਤ' ਦੇ ਨਾਂ ਨਾਲ ਜਾਣਿਆ ਜਾਵੇ।

ਕਹਿੰਦੇ ਹਨ, ਜਦੋਂ ਤੂਫਾਨ ਆਉਂਦਾ ਹੈ ਤਾਂ ਬਹੁਤ ਕੁਝ ਉਜੜਦਾ ਹੈ, ਪਰ ਆਪਣੇ ਵਹਾ ਨਾਲ ਬਹੁਤ ਕੁਝ ਇਕੱਠਾ ਵੀ ਕਰ ਦਿੰਦਾ ਹੈ। ਇਤਿਹਾਸ ਗਵਾਹ ਹੈ ਕਿ ਮਨੁੱਖ ਇਨ੍ਹਾਂ ਤੂਫਾਨਾਂ ਵਿਚੋਂ ਹਮੇਸ਼ਾ ਜੇਤੂ ਬਣ ਕੇ ਉਭਰਿਆ ਹੈ, ਭਾਵ ਮਾੜੇ ਵਿਚੋਂ ਵੀ ਕੁਝ ਨਾ ਕੁਝ ਚੰਗਾ ਹੋਣ ਦੀ ਸੰਭਾਵਨਾ ਹਮੇਸ਼ਾ ਰਹੀ ਹੈ। ਕਰੋਨਾ ਦੌਰ ਦੌਰਾਨ ਵਾਪਰਨ ਵਾਲੀਆਂ ਘਟਨਾਵਾਂ ਤੇ ਤਬਦੀਲੀਆਂ ਸਦਕਾ ਜੋ ਕੁਝ ਵਾਪਰਿਆ ਹੈ, ਉਸ ਦਾ ਸਾਹਿਤ ਦੇ ਰੂਪ ਵਿਚ ਸੰਜੋਇਆ ਜਾਣਾ ਮਾੜੇ ਵਿਚੋਂ ਚੰਗਾ ਹੋਣ ਦੀ ਸੰਭਾਵਨਾ ਹੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 16 ਮਈ 2020

## ਲੌਕਡਾਊਨ ਅਤੇ ਸਰਕਾਰਾਂ

ਵਖ-ਵਖ ਖੇਤਰਾਂ ਦੇ ਮਾਹਿਰਾਂ ਦੀ ਰਾਏ ਆ ਗਈ ਹੈ ਕਿ ਸਾਨੂੰ ਸਭ ਨੂੰ ਹੁਣ ਕਰੋਨਾ ਵਾਇਰਸ ਦੇ ਨਾਲ-ਨਾਲ ਆਪਣੀ ਜ਼ਿੰਦਗੀ ਅਤੇ ਕੰਮ-ਕਾਰ ਵਿਉਂਤਣੇ ਪੈਣਗੇ। ਇਸ ਦਾ ਸਿੱਧਾ ਜਿਹਾ ਅਰਥ ਹੈ ਕਿ ਕਰੋਨਾ ਵਾਇਰਸ ਉਤੇ ਮੁਕੰਮਲ ਕੰਟਰੋਲ ਲਈ ਅਜੇ ਕੁਝ ਸਮਾਂ ਹੋਰ ਲੱਗ ਜਾਣਾ ਹੈ। ਵਿਗਿਆਨੀਆਂ ਦਾ ਆਖਣਾ ਹੈ ਕਿ ਘੱਟੋ-ਘੱਟ ਛੇ ਮਹੀਨੇ ਤਕ ਹੀ ਇਸ ਵਬਾ ਦੀ ਕੋਈ ਵੈਕਸੀਨ ਆ ਸਕੇਗੀ। ਉਸ ਵਕਤ ਤਕ 'ਬਚਾਓ ਵਿਚ ਹੀ ਬਚਾਓ' ਵਾਲਾ ਤਰੀਕਾ ਹੀ ਸਭ ਨੂੰ ਅਪਨਾਉਣਾ ਪਵੇਗਾ। ਉਂਜ, ਵਖ-ਵਖ ਮੁਲਕਾਂ ਵਿਚ ਕਰੋਨਾ ਮਰੀਜ਼ਾਂ ਦੀ ਗਿਣਤੀ ਅਜੇ ਵੀ ਵਧ ਰਹੀ ਹੈ ਅਤੇ ਮੌਤਾਂ ਵੀ ਲਗਾਤਾਰ ਹੋ ਰਹੀਆਂ ਹਨ। ਚੰਗੀ ਗੱਲ ਇਹ ਹੈ ਕਿ ਹੁਣ ਠੀਕ ਹੋਣ ਵਾਲਿਆਂ ਦੀ ਗਿਣਤੀ ਵੀ ਵਧ ਰਹੀ ਹੈ। ਇਸ ਵਬਾ ਕਾਰਨ ਜਿਹੜਾ ਖੌਫ ਪਹਿਲਾਂ-ਪਹਿਲ ਲੋਕਾਂ ਅੰਦਰ ਘਰ ਕਰ ਗਿਆ ਸੀ, ਉਹ ਹੁਣ ਹੌਲੀ-ਹੌਲੀ ਘਟ ਰਿਹਾ ਹੈ ਅਤੇ ਲੋਕ ਬਾਕਾਇਦਾ ਹਦਾਇਤਾਂ ਦਾ ਪਾਲਣ ਕਰਦਿਆਂ, ਆਮ ਵਾਂਗ ਵਿਚਰਨ ਨੂੰ ਤਰਜੀਹ ਦੇਣ ਲੱਗ ਪਏ ਹਨ। ਫਿਲਹਾਲ ਲੌਕਡਾਊਨ ਅਤੇ ਸਾਵਧਾਨੀ ਹੀ ਇਸ ਵਬਾ ਨਾਲ ਲੜਾਈ ਦਾ ਇਕੋ-ਇਕ ਕਾਰਗਰ ਹਥਿਆਰ ਦੱਸਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਲੌਕਡਾਊਨ ਜਿਹੇ ਹਾਲਾਤ ਵਿਚੋਂ ਬਾਹਰ ਆਉਣ ਦੀ ਕਵਾਇਦ ਵੀ ਨਾਲੋ-ਨਾਲ ਸ਼ੁਰੂ ਹੋ ਗਈ ਹੈ। ਅਸਲ ਵਿਚ ਲੌਕਡਾਊਨ ਕਾਰਨ ਸਾਰੇ ਮੁਲਕਾਂ ਦੀ ਅਰਥ ਵਿਵਸਥਾ ਉਤੇ ਸਿੱਧਾ ਅਸਰ ਪੈ ਰਿਹਾ ਹੈ ਅਤੇ ਸਰਕਾਰਾਂ ਹੁਣ ਇਹ ਵਿਉਂਤਾਂ ਬਣਾ ਰਹੀਆਂ ਹਨ ਕਿ ਲੌਕਡਾਊਨ ਵਿਚੋਂ ਹੁਣ ਬਾਹਰ ਕਿਸ ਤਰ੍ਹਾਂ ਆਇਆ ਜਾਵੇ।

ਭਾਰਤ ਦੀ ਸਰਕਾਰ ਨੇ ਲੌਕਡਾਊਨ ਦੇ ਨਾਲ-ਨਾਲ ਕਾਰੋਬਾਰੀ ਸਰਗਰਮੀਆਂ ਨੂੰ ਤਰਜੀਹ ਦੇਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 20 ਲੱਖ ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਉਚੇਚਾ ਐਲਾਨ ਵੀ ਕੀਤਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਆਰਥਕ ਪੈਕੇਜ ਕਿਰਤੀਆਂ, ਕਿਸਾਨਾਂ, ਇਮਾਨਦਾਰ ਟੈਕਸ ਕਰਦਾਤਾਵਾਂ ਅਤੇ ਲਘੂ ਉਦਯੋਗਾਂ ਵਾਲਿਆਂ ਲਈ ਹੈ। ਉਂਜ, ਇਸ ਐਲਾਨ ਦੇ ਦੋ ਪੱਖ ਗੰਭੀਰਤਾ ਨਾਲ ਵਿਚਾਰਨ ਵਾਲੇ ਹਨ। ਪਹਿਲਾ ਤਾਂ ਇਹੀ ਹੈ ਕਿ ਇਸ ਪੈਕੇਜ ਦੇ ਕੁੱਲ 20 ਲੱਖ ਕਰੋੜ ਰੁਪਏ ਵਿਚੋਂ ਕਰੀਬ 8 ਲੱਖ ਕਰੋੜ ਬਾਰੇ ਐਲਾਨ ਸਰਕਾਰ ਪਹਿਲਾਂ ਹੀ ਪਿਛਲੇ ਸਮੇਂ ਦੌਰਾਨ ਕਰ ਚੁਕੀ ਹੈ। ਇਸ ਦਾ ਭਾਵ ਹੈ ਕਿ ਪ੍ਰਧਾਨ ਮੰਤਰੀ ਨੇ ਹੁਣ 12 ਲੱਖ ਕਰੋੜ ਰੁਪਏ ਦਾ ਹੀ ਨਵਾਂ ਐਲਾਨ ਕੀਤਾ ਹੈ। ਸ਼ਾਇਦ ਅਜਿਹਾ ਇਸ ਕਰ ਕੇ ਕੀਤਾ ਗਿਆ ਤਾਂ ਕਿ ਐਲਾਨੀ ਗਈ ਰਕਮ ਕੁਝ ਜ਼ਿਆਰਾ ਭਾਰੀ ਲੱਗੇ। ਅਜਿਹੀ ਚੁਸਤੀ ਮੋਦੀ ਸਰਕਾਰ ਪਹਿਲਾਂ ਵੀ ਕਰਦੀ ਰਹੀ ਹੈ। ਦੂਜਾ ਪੱਖ ਸਰਕਾਰ ਦੀ ਦਿਆਨਤਦਾਰੀ ਨਾਲ ਜੁੜਿਆ ਹੋਇਆ ਹੈ। ਸਿਆਸੀ ਵਿਸ਼ਲੇਸ਼ਕਾਂ ਨੇ ਨਵੇਂ ਰਾਹਤ ਪੈਕੇਜ ਬਾਰੇ ਸਵਾਲ ਉਠਾਇਆ ਹੈ ਕਿ ਪੈਕੇਜ ਵਾਕਿਆ ਹੀ ਕਿਰਤੀਆਂ, ਕਿਸਾਨਾਂ, ਟੈਕਸ ਕਰਦਾਤਾਵਾਂ ਜਾਂ ਲਘੂ ਉਦਯੋਗਾਂ ਲਈ ਹੀ ਹੈ? ਇਸ ਸਰਕਾਰ ਦਾ ਹੁਣ ਤਕ ਦਾ ਰਿਕਾਰਡ ਦੱਸਦਾ ਹੈ ਕਿ ਇਸ ਨੇ ਆਮ ਆਦਮੀ ਦੀ ਭਲਾਈ ਲਈ ਸਦਾ ਹੀ ਫੋਕੇ ਐਲਾਨ ਕੀਤੇ ਹਨ; ਹਾਂ, ਜੇ ਕਿਸੇ ਨੂੰ ਗੱਫੇ ਦਿੱਤੇ ਹਨ ਤਾਂ ਉਹ ਧਨਾਢ ਤਬਕਾ ਹੀ ਹੈ। ਵੱਡੇ ਕਾਰੋਬਾਰੀਆਂ ਨੂੰ ਹੋਰ ਛੋਟਾਂ ਦੇ ਨਾਲ-ਨਾਲ ਕਈ ਪੈਕੇਜ ਦਿੱਤੇ ਜਾ ਚੁਕੇ ਹਨ। ਇਸ ਮਾਮਲੇ ਦੀ ਸਭ ਤੋਂ ਤਾਜ਼ਾ ਮਿਸਾਲ ਤੇਲ ਕੀਮਤਾਂ ਦੀ ਹੈ। ਕੌਮਾਂਤਰੀ ਪੱਧਰ 'ਤੇ ਤੇਲ ਕੀਮਤਾਂ ਬਹੁਤ ਜ਼ਿਆਦਾ ਘਟੀਆਂ ਹਨ, ਪਰ ਮੋਦੀ ਸਰਕਾਰ ਨੇ ਇਸ ਦਾ ਲਾਭ ਆਮ ਬੰਦੇ ਤਕ ਪਹੁੰਚਣ ਹੀ ਨਹੀਂ ਦਿੱਤਾ ਹੈ। ਪਹਿਲਾਂ ਵਾਂਗ ਹੀ ਇਸ ਨੇ ਤੇਲ ਉਤੇ ਡਿਊਟੀ ਵਧਾ ਦਿੱਤੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਜੋ ਲਾਭ ਆਮ ਖਪਤਕਾਰਾਂ ਨੂੰ ਮਿਲਣਾ ਸੀ, ਉਹ ਤੇਲ ਕੰਪਨੀਆਂ ਦੇ ਖਾਤਿਆਂ ਅੰਦਰ ਚਲਾ ਗਿਆ ਹੈ। ਨਵੇਂ ਆਰਥਕ ਪੈਕੇਜ ਬਾਰੇ ਵੇਰਵੇ ਅਜੇ ਦੇਸ਼ ਦੀ ਖਜਾਨਾ ਮੰਤਰੀ ਨੇ ਐਲਾਨਣੇ ਹਨ। ਉਨ੍ਹਾਂ ਵੇਰਵਿਆਂ ਤੋਂ ਹੀ ਪਤਾ ਲੱਗ ਸਕੇਗਾ ਕਿ ਮੋਦੀ ਸਰਕਾਰ ਨੇ ਆਮ ਲੋਕਾਂ ਤਕ ਰਾਹਤ ਪੁੱਜਦੀ ਕਰਨ ਲਈ ਕੀ ਵਿਉਂਬੰਦੀ ਕੀਤੀ ਹੈ।

ਫਿਲਹਾਲ ਤਾਂ ਹਾਲ ਇਹ ਹੈ ਕਿ ਪਰਵਾਸੀ ਮਜ਼ਦੂਰਾਂ ਨੂੰ ਆਪੋ-ਆਪਣੇ ਘਰਾਂ ਤਕ ਅਪੜਾਉਣ ਦੇ ਮਾਮਲੇ ਵਿਚ ਮੋਦੀ ਸਰਕਾਰ ਬਹੁਤ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਭੁੱਖੇ-ਤਿਹਾਏ ਪਰਵਾਸੀ ਮਜ਼ਦੂਰ ਆਪਣੇ ਘਰਾਂ ਤਕ ਪੁੱਜਣ ਲਈ ਕਈ-ਕਈ ਸੈਂਕੜੇ ਮੀਲ ਪੈਦਲ ਯਾਤਰਾ ਕਰ ਰਹੇ ਹਨ। ਇਸ ਪੈਦਲ ਯਾਤਰਾ ਨੇ 1947 ਵਾਲੀ ਵੰਡ ਦਾ ਚੇਤਾ ਕਰਵਾ ਦਿੱਤਾ ਹੈ, ਜਦੋਂ ਨਵਾਂ ਮੁਲਕ ਪਾਕਿਸਤਾਨ ਹੋਂਦ ਵਿਚ ਆਉਣ ਤੋਂ ਬਾਅਦ ਆਬਾਦੀ ਦੀ ਅਦਲਾ-ਬਦਲੀ ਹੋਈ ਸੀ। ਉਂਜ ਸੜਕਾਂ, ਰੇਲ ਪਟੜੀਆਂ ਉਤੇ ਅਜਿਹੇ ਦ੍ਰਿਸ਼ ਦੇਖ ਕੇ ਵੀ ਸਰਕਾਰ ਉਤੇ ਕੋਈ ਅਸਰ ਨਹੀਂ ਹੋਇਆ ਹੈ ਅਤੇ ਇੰਨਾ ਨੁਕਸਾਨ ਹੋ ਜਾਣ ਤੋਂ ਇਸ ਨੇ ਰੇਲਾਂ ਦੀ ਆਵਾਜਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ; ਹਾਲਾਂਕਿ ਦੇਸ਼ ਕੋਲ ਇੰਨਾ ਕੁ ਅਨਾਜ ਹੈ ਸੀ ਕਿ ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਜਿਥੇ-ਜਿਥੇ ਇਹ ਬੈਠੇ ਸਨ, ਅੰਨ-ਪਾਣੀ ਮੁਹੱਈਆ ਕਰਵਾਇਆ ਜਾ ਸਕਦਾ ਸੀ। ਇਸ ਮਸਲੇ ਵਿਚ ਅਸਲ ਮਸਲਾ ਸਰਕਾਰ ਦੀ ਇਛਾ ਸ਼ਕਤੀ ਦਾ ਹੈ। ਇਸ ਮਾਮਲੇ 'ਤੇ ਵਖ-ਵਖ ਸੂਬਿਆਂ ਦੀਆਂ ਸਰਕਾਰਾਂ ਵੀ ਕਰੀਬ ਪਛੜ ਗਈਆਂ ਹਨ। ਇਸ ਮਸਲੇ 'ਤੇ ਪਹਿਲਾ ਧੱਕਾ ਤਾਂ ਕੇਂਦਰ ਸਰਕਾਰ ਨੇ ਕੀਤਾ ਅਤੇ ਸਭ ਸੂਬਿਆਂ ਨੂੰ ਇਕੇ ਰੱਸੇ ਨੂੜ ਦਿੱਤਾ। ਇਸ ਵਿਚ ਇਸ ਦੀ ਕੇਂਦਰਵਾਦੀ ਸਿਆਸਤ ਵਾਲੀ ਚਲਾਕੀ ਵੀ ਲੁਕੀ ਹੋਈ ਸੀ। ਮੋਦੀ ਸਰਕਾਰ ਨੇ ਕਰੋਨਾ ਸੰਕਟ ਨੂੰ ਸੂਬਿਆਂ ਤੋਂ ਸ਼ਕਤੀਆਂ ਖੋਹਣ ਲਈ ਖੂਬ ਵਰਤਿਆ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰਾਂ ਵੀ ਫੈਡਰਲਿਜ਼ਮ ਦੇ ਹਿਸਾਬ ਨਾਲ ਆਪਣਾ ਦਾਅਵਾ ਪੇਸ਼ ਨਹੀਂ ਕਰ ਸਕੀਆਂ। ਕੁਝ ਕੁ ਸੂਬਿਆਂ ਨੇ ਜੁਰਅਤ ਦਿਖਾਈ, ਜਿਨ੍ਹਾਂ ਵਿਚ ਕੇਰਲ ਸੂਬਾ ਸ਼ਾਮਿਲ ਹੈ, ਪਰ ਕੇਰਲ ਜਿਹੀ ਵਿਉਂਤਬੰਦੀ ਕਿਸੇ ਹੋਰ ਸੂਬੇ ਵਿਚ ਘੱਟ ਹੀ ਦੇਖਣ ਨੂੰ ਮਿਲੀ ਹੈ। ਕੇਂਦਰ ਸਰਕਾਰ ਉਤੇ ਨਿਰਭਰਤਾ ਨੇ ਸੂਬਿਆਂ ਨੂੰ ਇਸ ਸੰਕਟ ਦੌਰਾਨ ਹੋਰ ਵੀ ਅਪੰਗ ਬਣਾ ਦਿੱਤਾ ਹੈ। ਜੇ ਅਜੇ ਵੀ ਕੇਰਲ ਜਿਹੀ ਪਹਿਲਕਦਮੀ ਸਾਹਮਣੇ ਨਾ ਆਈ ਤਾਂ ਭਾਰਤ ਵਿਚ ਫੈਡਰਲਿਜ਼ਮ ਨੂੰ ਹੋਰ ਢਾਹ ਲੱਗ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੂੰਅ 'ਤੇ ਜਾਊ ਕਰੋਨਾ?*

ਫੈਲ ਰਿਹਾ ਏ ਜੰਗਲ ਦੀ ਅੱਗ ਵਾਂਗੂੰ, ਛਾਈ ਚਿੰਤਾ ਦੀ ਘਟਾ ਘਨਘੋਰ ਬੇਲੀ।
ਕੋਈ ਨ੍ਹੀਂ ਜਾਣਦਾ ਇਸ ਦੇ ਅੰਤ ਬਾਰੇ, ਖੂਨ ਪੀਣਾ ਇਸ ਕਿੰਨਾ ਕੁ ਹੋਰ ਬੇਲੀ!
ਸਹਿਮੇ ਲੋਕਾਂ ਨੂੰ ਸੁੱਕਣੇ ਪਾਈ ਰੱਖੇ, ਸੋਸ਼ਲ ਮੀਡੀਏ ਉਤੇ ਜੋ ਸ਼ੋਰ ਬੇਲੀ।
ਵਿਆਹ, ਭੰਗੜੇ, ਭੋਗ ਅਲੋਪ ਹੋ ਗਏ, ਚੜ੍ਹਦੀ ਦਿਸੇ ਨਾ ਖੁਸ਼ੀ ਦੀ ਲੋਰ ਬੇਲੀ।
ਦੜ ਵੱਟ ਜਮਾਨਾ ਪਏ ਕੱਟ ਰਹੇ ਆਂ, ਬਹਿ ਕੇ ਘਰਾਂ ਵਿਚ ਹੋਏ ਹਾਂ ਬੋਰ ਬੇਲੀ।
ਘੋੜੇ ਚੜ੍ਹ ਕੇ ਆਉਂਦਾ ਏ ਦੁੱਖ ਕਹਿੰਦੇ, ਜਾਂਦਾ ਹੁੰਦਾ ਏ ਜੂੰਆਂ ਦੀ ਤੋਰ ਬੇਲੀ!

# ਪੰਜਾਬ ਦੀ ਸਮਾਜਕ-ਆਰਥਕ ਮੁੜ ਉਸਾਰੀ ਕਿਵੇਂ ਹੋਵੇ

***ਪਿਛਲੇ ਤਿੰਨ ਸਾਲਾਂ ਤੋਂ ਜਿਹੜੀ ਸਰਕਾਰ ਪੰਜਾਬ ਨੂੰ ਮਿਲੀ, ਉਸ ਨੇ ਲੋਕਾਂ ਦੀ ਆਸ ਮੁਤਾਬਕ ਕੋਈ ਨਿੱਗਰ ਕਦਮ ਨਹੀਂ ਪੁੱਟਿਆ। ਪਹਿਲਾਂ ਇਹ ਸਰਕਾਰ ਖਾਲੀ ਖਜ਼ਾਨੇ ਦੀ ਦੁਹਾਈ ਦਿੰਦੀ ਰਹੀ ਅਤੇ ਫਿਰ ਦਾਅਵੇ ਸ਼ੁਰੂ ਕਰ ਦਿੱਤੇ ਕਿ 'ਅਸੀਂ ਆਹ ਕਰ ਦਿੱਤਾ ਹੈ, ਅਹੁ ਕਰ ਦਿੱਤਾ ਹੈ' ਪਰ ਜ਼ਮੀਨੀ ਪੱਧਰ 'ਤੇ ਇਹ ਸਰਕਾਰ ਕੋਈ ਖਾਸ ਹਾਜ਼ਰੀ ਨਹੀਂ ਲੁਆ ਸਕੀ। ਫਿਰ ਕਰੋਨਾ ਸੰਕਟ ਨੇ ਘੇਰਾ ਪਾ ਲਿਆ ਅਤੇ ਇਸ ਤੋਂ ਬਾਅਦ ਹੋਰ ਸਾਰੇ ਮੁੱਦੇ ਪਿਛਾਂਹ ਛੁਟ ਗਏ। ਉਂਜ, ਪੰਜਾਬ ਦੇ ਆਰਥਕ-ਸਮਾਜਕ ਵਿਕਾਸ ਦਾ ਮੁੱਦਾ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆ ਰਿਹਾ ਹੈ, ਜਿਸ ਦੀ ਨਿਸ਼ਾਨਦੇਹੀ ਡਾ. ਸ. ਸ. ਛੀਨਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਕੋਈ ਉਦਯੋਗਿਕ ਦੇਸ਼ ਹੋਵੇ ਜਾਂ ਖੇਤੀ ਪ੍ਰਧਾਨ, ਕੋਈ ਵਿਕਸਤ ਦੇਸ਼ ਹੋਵੇ ਜਾਂ ਵਿਕਾਸ ਕਰ ਰਿਹਾ, ਅਮੀਰ ਹੋਵੇ ਜਾਂ ਗਰੀਬ, ਕੋਵਿਡ-19 ਨੇ ਦੁਨੀਆਂ ਭਰ ਨੂੰ ਘੇਰੇ ਵਿਚ ਲਿਆ ਹੋਇਆ ਹੈ ਅਤੇ ਪ੍ਰਭਾਵਿਤ ਲੋਕਾਂ ਦੀ ਗਿਣਤੀ ਰੋਜ਼ ਵਧ ਰਹੀ ਹੈ। ਦੁਨੀਆਂ ਭਰ ਦੀਆਂ ਸਰਕਾਰਾਂ ਅਤੇ ਲੋਕਾਂ ਦਾ ਸਮੁੱਚਾ ਧਿਆਨ ਜ਼ਿੰਦਗੀ 'ਤੇ ਕੇਂਦਰਿਤ ਹੈ। ਹਾਲ ਦੀ ਘੜੀ ਉਪਜੀਵਕਾ (ਰੋਟੀ-ਰੋਜ਼ੀ) ਦੀ ਜਗ੍ਹਾ ਜ਼ਿੰਦਗੀ ਨੂੰ ਪਹਿਲ ਦਿੱਤੀ ਗਈ ਹੈ ਅਤੇ ਦੁਨੀਆਂ ਭਰ ਵਿਚ ਸਥਿਰ ਹੋ ਗਈ ਉਪਜੀਵਕਾ ਨੂੰ ਅਜੇ ਇਕ ਪਾਸੇ ਰੱਖਿਆ ਗਿਆ ਹੈ। ਵਿਗਿਆਨੀ ਇਸ ਬਿਮਾਰੀ ਲਈ ਲੋੜੀਂਦੀ ਦਵਾਈ ਤਿਆਰ ਕਰਨ ਵਿਚ



**ਡਾ. ਸ. ਸ. ਛੀਨਾ**

ਲੱਗੇ ਹੋਏ ਹਨ ਅਤੇ ਇਹ ਦਵਾਈ ਜਲਦੀ ਹੀ ਲੱਭ ਵੀ ਜਾਵੇਗੀ ਪਰ ਇਸ ਮਹਾਮਾਰੀ ਨੇ ਦੁਨੀਆਂ ਦੀ ਸਮਾਜਕ ਅਤੇ ਆਰਥਕ ਜ਼ਿੰਦਗੀ ਤੇ ਉਹ ਪ੍ਰਭਾਵ ਪਾਏ ਹਨ ਜਿਨ੍ਹਾਂ ਨੂੰ ਦਰੁਸਤ ਕਰਨ ਲਈ ਲੰਮਾ ਸਮਾਂ ਲੱਗ ਜਾਵੇਗਾ।

ਮਹਾਮਾਰੀ ਦੇ ਪੂਰੀ ਤਰ੍ਹਾਂ ਖਤਮ ਹੋਣ ਪਿਛੋਂ ਵੀ ਲੰਮੇ ਸਮੇਂ ਤੱਕ ਸਮਾਜਕ ਅਤੇ ਆਰਥਕ ਜੀਵਨ ਵਿਚ ਉਹ ਉਭਾਰ ਨਹੀਂ ਆ ਸਕਦਾ ਜਿਸ ਤੋਂ ਉਹ ਥੱਲੇ ਆਇਆ ਹੈ। ਸਮਾਜਕ ਇਕੱਠਾਂ, ਜਨਮ, ਸ਼ਾਦੀ ਅਤੇ ਮੌਤ ਦੇ ਸਮਾਗਮਾਂ ਦੇ ਇਕੱਠ, ਆਮ ਮੇਲੇ ਤੇ ਉਤਸਵਾਂ ਵਿਚ ਸੀਮਤ ਗਿਣਤੀ, ਆਵਾਜਾਈ, ਖਾਸ ਕਰ ਕੌਮਾਂਤਰੀ ਆਵਾਜਾਈ, ਸੈਰ-ਸਪਾਟਾ, ਹੋਟਲਾਂ, ਢਾਬਿਆਂ ਤੇ ਪਾਰਟੀਆਂ, ਇਥੋਂ ਤਕ ਕਿ ਸਭਿਆਚਾਰਕ ਤੇ ਖੇਡਾਂ ਦੇ ਇਕੱਠਾਂ ਵਿਚ ਸੀਮਤ ਹਾਜ਼ਰੀ, ਇਸ ਦੇ ਤਰਕਸੰਗਤ ਪ੍ਰਭਾਵ ਹੋਣਗੇ। ਇਸ ਮਹਾਮਾਰੀ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਪਿਛੋਂ ਵੀ ਆਮ ਵਿਸ਼ਵਾਸ ਪੈਦਾ ਕਰਨ ਲਈ ਲੰਮਾ ਸਮਾਂ ਲੱਗੇਗਾ।

ਭਾਰਤ ਵਿਚ ਇਹ ਬਿਮਾਰੀ ਵਿਦੇਸ਼ਾਂ ਤੋਂ ਆਈ ਹੈ। ਕੇਰਲ ਅਤੇ ਪੰਜਾਬ, ਭਾਰਤ ਦੇ ਦੋ ਪ੍ਰਾਂਤ ਹਨ ਜਿਥੋਂ ਸਭ ਤੋਂ ਵੱਧ ਲੋਕ ਬਾਹਰਲੇ ਦੇਸ਼ਾਂ ਵਿਚ ਗਏ ਹਨ। ਇਹੋ ਵਜ੍ਹਾ ਹੈ ਕਿ ਕੇਰਲ ਅਤੇ ਪੰਜਾਬ ਪ੍ਰਭਾਵਿਤ ਹੋਣ ਵਾਲੇ ਪ੍ਰਾਂਤਾਂ ਵਿਚੋਂ ਪਹਿਲੇ ਸਨ। ਕੇਰਲ ਨੇ ਜਿਸ ਸਫਲਤਾ ਨਾਲ ਇਸ ਨੂੰ ਰੋਕਿਆ ਹੈ, ਉਹ ਬਾਕੀ ਦੇਸ਼ ਅਤੇ ਦੁਨੀਆਂ ਲਈ ਮਿਸਾਲ ਹੈ। ਇਸ ਵਿਚ ਕੇਰਲ ਦੀ ਸਾਖਰਤਾ ਦੀ ਵੱਡੀ ਭੂਮਿਕਾ ਹੈ। 'ਤੇ ਜ਼ਿਆਦਾਤਰ ਪੜ੍ਹੀ-ਲਿਖੀ ਵਸੋਂ ਹੋਣ ਕਰ ਕੇ, ਉਸ ਨੇ ਉਨ੍ਹਾਂ ਹਦਾਇਤਾਂ ਦੀ ਯੋਗ ਪਾਲਣਾ ਕੀਤੀ ਜਿਸ ਨਾਲ ਇਸ ਬਿਮਾਰੀ ਤੇ ਰੋਕ ਲਾਈ ਜਾ ਸਕਦੀ ਸੀ। ਪੰਜਾਬ ਵੀ ਕਾਫੀ ਹੱਦ ਤੱਕ ਇਸ ਨੂੰ ਰੋਕਣ ਲਈ ਕਾਮਯਾਬ ਹੋਇਆ ਹੈ।

ਕਿਉਂ ਜੋ ਇਸ ਬਿਮਾਰੀ ਦੀ ਕੋਈ ਦਵਾਈ ਅਜੇ ਤੱਕ ਨਹੀਂ ਬਣੀ, ਇਸ ਲਈ ਕਿਸੇ ਵੀ ਸ਼ਖਸ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਹੀ ਇਸ ਦਾ ਵੱਡਾ ਹਥਿਆਰ ਹੈ ਜਿਸ ਵਿਚ ਬੰਦੇ ਦਾ ਮਨੋਬਲ ਵੀ ਆਉਂਦਾ ਹੈ। ਰੋਗਾਂ ਨਾਲ ਲੜਨ ਦੀ ਸ਼ਕਤੀ ਬੰਦੇ ਦੀ ਖੁਰਾਕ 'ਤੇ ਨਿਰਭਰ ਕਰਦੀ ਹੈ। ਕੁਝ ਦੇਸ਼ਾਂ ਜਿਵੇਂ ਕਿਊਬਾ ਵਿਚ ਇਸ ਦਾ ਬਹੁਤ ਘੱਟ ਅਸਰ ਹੋਇਆ ਹੈ, ਕਿਉਂ ਜੋ ਉਨ੍ਹਾਂ ਲੋਕਾਂ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧ ਹੈ।

ਮਹਾਮਾਰੀ ਦੇ ਖਤਮ ਹੋਣ ਪਿਛੋਂ ਹਰ ਦੇਸ਼ ਅਤੇ ਹਰ ਪ੍ਰਾਂਤ ਦੀ ਸਰਕਾਰ ਦੀ ਸਮਾਜਕ ਅਤੇ ਆਰਥਕ ਜ਼ਿੰਦਗੀ ਨੂੰ ਫਿਰ ਤੋਂ ਲੀਹ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਜਾਣੀਆਂ ਹਨ। ਜ਼ਿੰਦਗੀ ਪਿਛੋਂ ਉਪਜੀਵਕਾ ਨੂੰ ਅੱਗੇ ਲਿਆਉਣਾ ਪੈਣਾ ਹੈ। ਪੰਜਾਬ ਦੀ ਆਰਥਕਤਾ ਵੱਡੀ ਪੱਧਰ ਤੱਕ ਕਿਸਾਨੀ ਆਧਾਰਿਤ ਹੈ। ਅਜੇ ਵੀ ਪੰਜਾਬ ਦੀ



***ਪੰਜਾਬ ਤੋਂ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਨੇ ਵਿਦੇਸ਼ੀ ਸੰਸਥਾਵਾਂ ਖਾਸ ਕਰ ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ ਵਿਚ ਦਾਖਲੇ ਲਏ ਹੋਏ ਹਨ, ਜਿਥੇ ਉਹ ਪੜ੍ਹਾਈ ਦੇ ਨਾਲ-ਨਾਲ ਕੰਮ ਕਰ ਕੇ ਫੀਸਾਂ ਅਤੇ ਹੋਰ ਖਰਚ ਪੂਰੇ ਕਰ ਲੈਂਦੇ ਹਨ ਪਰ ਮਹਾਮਾਰੀ ਨੇ ਉਨ੍ਹਾਂ ਦੇ ਕੰਮਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਉਹ ਆਪਣੀਆਂ ਫੀਸਾਂ ਤੇ ਹੋਰ ਖਰਚਿਆਂ ਲਈ ਪੰਜਾਬ ਵਿਚ ਆਪਣੇ ਮਾਂ-ਬਾਪ ਦੀ ਕਮਾਈ ਤੇ ਨਿਰਭਰ ਕਰਨਗੇ।***

ਤਕਰੀਬਨ 60% ਵਸੋਂ ਖੇਤੀ 'ਤੇ ਨਿਰਭਰ ਹੈ ਅਤੇ ਦੇਸ਼ ਭਰ ਵਿਚ ਸਭ ਤੋਂ ਵੱਧ 28 ਫੀਸਦੀ ਦਾ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ ਪਾਉਂਦੀ ਹੈ ਜਿਸ ਵਿਚ 9 ਫੀਸਦੀ ਡੇਅਰੀ ਦਾ ਹਿੱਸਾ ਹੈ। ਖੇਤੀ ਲਈ ਪ੍ਰਾਂਤ ਦੀ ਸਾਰੀ ਹੀ ਭੂਮੀ ਵਾਹੀਯੋਗ ਹੈ ਜਿਸ ਵਿਚੋਂ 99% ਨੂੰ ਲਗਾਤਾਰ ਸਿੰਜਾਈ ਸਹੂਲਤਾਂ ਮਿਲਦੀਆਂ ਹਨ। ਇਸ ਲਈ ਸਮਾਜਕ ਅਤੇ ਆਰਥਕ ਉਭਾਰ ਲਈ ਕਿਸਾਨੀ ਨੇ ਹੀ ਆਧਾਰ ਬਣਨਾ ਹੈ।

ਮੁੜ ਉਸਾਰੀ ਦੇ ਕੰਮਾਂ ਦੀ ਸ਼ੁਰੂਆਤ ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਤੋਂ ਕੀਤੀ ਜਾਵੇਗੀ, ਫਿਰ ਇਸ ਨੂੰ ਖੇਤੀ ਆਧਾਰਿਤ ਅਤੇ ਦੂਜੇ ਉਦਯੋਗਾਂ ਵੱਲ ਵਧਾਇਆ ਜਾਵੇਗਾ। ਇਸ ਦਾ ਮੁੱਢ ਪਿੰਡਾਂ ਤੋਂ ਸ਼ੁਰੂ ਹੋਵੇਗਾ ਜਿਥੇ ਪ੍ਰਾਂਤ ਦੀ 70% ਵਸੋਂ ਰਹਿੰਦੀ ਹੈ। ਖੇਤੀ ਦੀ ਕਿਰਿਆ ਭਾਵੇਂ ਕੁਦਰਤੀ ਤੱਤਾਂ 'ਤੇ ਨਿਰਭਰ ਕਰਦੀ ਹੈ ਪਰ ਖੇਤੀ ਆਧਾਰਿਤ ਕੰਮਾਂ ਜਿਵੇਂ ਡੇਅਰੀ, ਪੋਲਟਰੀ, ਖੁੰਭਾਂ, ਸਬਜ਼ੀਆਂ, ਫਲ, ਸ਼ਹਿਦ ਆਦਿ ਦੇ ਉਦਮ ਪ੍ਰਬੰਧਕੀ ਯੋਗਤਾਵਾਂ ਅਤੇ ਰੁਚੀਆਂ 'ਤੇ ਨਿਰਭਰ ਕਰਦੇ ਹਨ। ਪਿਛਲੇ ਸਮਿਆਂ ਵਿਚ ਪੇਂਡੂ ਅਤੇ ਸ਼ਹਿਰੀ ਵਿਕਾਸ ਦਾ ਅਸੰਤੁਲਨ ਪ੍ਰਤੱਖ ਨਜ਼ਰ ਆਉਂਦਾ ਹੈ। ਖੇਤੀ ਆਧਾਰਿਤ ਵਸਤੂਆਂ ਜਿਵੇਂ ਡੇਅਰੀ, ਪੋਲਟਰੀ, ਫਲ ਆਦਿ ਦੇ ਉਦਮੀਆਂ ਦੀਆਂ ਵਸਤੂਆਂ ਦੀ ਜ਼ਿਆਦਾ ਮੰਗ ਸ਼ਹਿਰਾਂ ਵਿਚ ਕੀਤੀ ਜਾਂਦੀ ਹੈ। ਇਨ੍ਹਾਂ ਉਦਮੀਆਂ ਦੀ ਇਹ ਆਮ ਸ਼ਿਕਾਇਤ ਰਹੀ ਹੈ ਕਿ ਖੇਤੀ ਆਧਾਰਿਤ ਕੰਮਾਂ ਵਿਚ ਉਨ੍ਹਾਂ ਨੂੰ ਹਾਨੀ ਉਠਾਉਣੀ ਪੈਂਦੀ ਹੈ।

ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪਿੰਡਾਂ ਦੀ ਵਸੋਂ ਦੀ ਸ਼ਿਕਾਇਤ ਹੈ ਕਿ ਇਹ ਮਹਿੰਗੀਆਂ ਖੁਰਾਕ ਵਸਤੂਆਂ ਹੋਣ ਕਰ ਕੇ ਇਨ੍ਹਾਂ ਦੀ ਮੰਗ ਸੀਮਤ ਹੈ। ਪਿੰਡਾਂ ਦੇ ਲੋਕਾਂ ਦੀ ਖਰੀਦ ਸ਼ਕਤੀ ਘੱਟ ਹੋਣ ਕਰ ਕੇ ਇਹ ਵਸਤੂਆਂ ਪਿੰਡਾਂ ਵਿਚ ਘੱਟ ਵਿਕਦੀਆਂ ਹਨ। ਇਸ ਮਹਾਮਾਰੀ ਦਾ ਜ਼ਿਆਦਾ ਪ੍ਰਭਾਵ ਉਦਯੋਗਾਂ ਅਤੇ ਸ਼ਹਿਰਾਂ 'ਤੇ ਪੈਣ ਕਰ ਕੇ, ਸ਼ਹਿਰੀ ਵਸੋਂ ਵਿਚ ਖੇਤੀ ਆਧਾਰਿਤ ਵਸਤੂਆਂ ਦੀ ਮੰਗ ਘਟਣ ਦੇ ਆਸਾਰ ਬਣਨੇ ਹਨ ਜਿਨ੍ਹਾਂ ਨੇ ਇਨ੍ਹਾਂ ਖੇਤੀ ਆਧਾਰਿਤ ਪੇਸ਼ਿਆਂ ਨੂੰ ਪ੍ਰਭਾਵਿਤ ਕਰਨਾ ਹੈ। ਸਰਕਾਰ ਵਲੋਂ ਨਵ-ਉਸਾਰੀ ਦੇ ਉਦਮਾਂ ਵਿਚ ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨਾ ਜ਼ਿਆਦਾ ਯੋਗ ਹੋਵੇਗਾ ਕਿ ਪਿੰਡਾਂ ਵਿਚ ਰਹਿਣ ਵਾਲੀ 70% ਵਸੋਂ ਦੀ ਖਰੀਦ ਸ਼ਕਤੀ ਨੂੰ ਵਧਾ ਕੇ ਵਿਕਾਸ ਦਾ ਆਧਾਰ ਬਣਾਇਆ ਜਾਵੇ ਅਤੇ ਇਸ ਲਈ ਪਿੰਡਾਂ ਵਿਚ ਖੇਤੀ ਸਹਾਇਕ ਧੰਦਿਆਂ ਤੋਂ ਇਲਾਵਾ ਖੇਤੀ ਆਧਾਰਿਤ ਉਦਯੋਗਾਂ ਤੇ ਘਰੇਲੂ ਉਦਯੋਗਾਂ ਨੂੰ ਫਿਰ ਉਭਾਰਿਆ ਜਾਵੇ। ਇਸ ਨਾਲ ਉਦਯੋਗਿਕ ਵਸਤੂਆਂ ਦੀ ਵਿਕਰੀ ਵਧ ਸਕਦੀ ਹੈ ਅਤੇ ਉਦਯੋਗਿਕ ਵਿਕਾਸ ਲੀਹ 'ਤੇ ਆ ਸਕਦਾ ਹੈ।

ਲੰਮਾ ਸਮਾਂ ਆਵਾਜਾਈ ਪ੍ਰਭਾਵਿਤ ਹੋਣ ਕਰ ਕੇ ਪੰਜਾਬ ਲਈ ਲੋੜੀਂਦਾ ਕੱਚਾ ਮਾਲ ਜਿਵੇਂ ਲੋਹਾ, ਕੋਲਾ ਜਿਹੜਾ 1200 ਕਿਲੋਮੀਟਰ ਤੋਂ ਆਉਂਦਾ ਹੈ ਤੇ ਬਰਾਮਦ ਲਈ ਸਾਮਾਨ 1500 ਕਿਲੋਮੀਟਰ ਦੂਰ ਬੰਦਰਗਾਹਾਂ ਤਕ ਲਿਜਾਣਾ ਪੈਂਦਾ ਹੈ, ਉਸ ਨਾਲ ਵੀ ਉਦਯੋਗਿਕ ਕਾਰੋਬਾਰਾਂ ਨੇ ਪ੍ਰਭਾਵਿਤ ਹੋਣਾ ਹੈ। ਪੰਜਾਬ ਦੇਸ਼ ਭਰ ਵਿਚ ਸਭ ਤੋਂ ਜ਼ਿਆਦਾ ਹੌਜ਼ਰੀ ਵਸਤੂਆਂ ਦੀ ਬਰਾਮਦ ਕਰਦਾ ਹੈ ਪਰ ਆਵਾਜਾਈ ਦੀਆਂ ਮੁਸ਼ਕਿਲਾਂ ਨੇ ਵਿਦੇਸ਼ਾਂ ਵਿਚੋਂ ਆਉਣ ਵਾਲੀ ਉਨ ਅਤੇ ਫਿਰ ਬਰਾਮਦ ਲਈ ਜਾਣ ਵਾਲੇ ਸਾਮਾਨ ਨੂੰ ਪ੍ਰਭਾਵਿਤ ਕਰਨਾ ਹੈ।

ਪੰਜਾਬ ਹੁਣ ਸੈਰ-ਸਪਾਟੇ ਦੀ ਵੱਡੀ ਜਗ੍ਹਾ ਬਣ ਗਿਆ ਸੀ। ਹਰ ਸ਼ਹਿਰ ਵਿਚ ਵੱਡੀ ਗਿਣਤੀ ਵਿਚ ਹੋਟਲ ਹਨ। ਸ੍ਰੀ ਹਰਿਮੰਦਰ ਸਾਹਿਬ ਅਤੇ ਵਾਹਗੇ ਦੀ ਰਿਟਰੀਟ ਸੈਰੇਮਨੀ ਲਈ ਦੇਸ਼ ਭਰ ਅਤੇ ਵਿਦੇਸ਼ਾਂ ਤੋਂ ਵੱਡੀ ਗਿਣਤੀ ਯਾਤਰੀ ਆਉਂਦੇ ਹਨ ਜਿਨ੍ਹਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਹੈ।

ਪੰਜਾਬ ਤੋਂ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਨੇ ਵਿਦੇਸ਼ੀ ਸੰਸਥਾਵਾਂ ਖਾਸ ਕਰ ਕੇ ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ ਅਤੇ ਅਮਰੀਕਾ ਵਿਚ ਦਾਖਲੇ ਲਏ ਹੋਏ ਹਨ, ਜਿਥੇ ਉਹ ਪੜ੍ਹਾਈ ਦੇ ਨਾਲ-ਨਾਲ ਕੰਮ ਕਰ ਕੇ ਆਪਣੀਆਂ ਫੀਸਾਂ ਅਤੇ ਹੋਰ ਖਰਚ ਪੂਰੇ ਕਰ ਲੈਂਦੇ ਹਨ ਪਰ ਮਹਾਮਾਰੀ ਨੇ ਉਨ੍ਹਾਂ ਦੇ ਕੰਮਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਉਹ ਆਪਣੀਆਂ ਫੀਸਾਂ ਤੇ ਹੋਰ ਖਰਚਿਆਂ ਲਈ ਪੰਜਾਬ ਵਿਚ ਆਪਣੇ ਮਾਂ-ਬਾਪ ਦੀ ਕਮਾਈ ਤੇ ਨਿਰਭਰ ਕਰਨਗੇ। ਇਸ ਤੋਂ ਇਲਾਵਾ ਉਹ ਵਿਦਿਆਰਥੀ ਜਿਹੜੇ ਉਨ੍ਹਾਂ ਦੇਸ਼ਾਂ ਵਿਚ ਜਾਣ ਲਈ ਉਡੀਕ ਵਿਚ ਸਨ, ਉਹ ਵੀ ਪ੍ਰਭਾਵਿਤ ਹੋਣਗੇ।

ਪੰਜਾਬ ਸਰਕਾਰ ਨੂੰ ਸਮੁੱਚੀ ਆਰਥਕਤਾ ਦੀ ਨਵ-ਉਸਾਰੀ ਲਈ ਹਰ ਵਰਗ 'ਤੇ ਧਿਆਨ ਕੇਂਦਰਿਤ ਕਰਨਾ ਪੈਣਾ ਹੈ ਪਰ ਇਸ ਵਿਚ ਵੱਡੀ ਗਿਣਤੀ ਦੀ ਖਰੀਦ ਸ਼ਕਤੀ ਵਿਚ ਵਾਧਾ ਕਰਨਾ ਉਸ ਦੀ ਤਰਜੀਹ ਬਣਨੀ ਚਾਹੀਦੀ ਹੈ। ਇਕ ਜਣੇ ਦਾ ਖਰਚ ਦੂਸਰੇ ਦੀ ਆਮਦਨ ਬਣਦੀ ਹੈ। ਜੇ ਪਿੰਡਾਂ ਵਿਚ ਰਹਿਣ ਵਾਲੇ 70% ਲੋਕਾਂ ਦੀ ਖਰੀਦ ਸ਼ਕਤੀ ਵਧਦੀ ਹੈ ਤਾਂ ਉਹ ਸ਼ਹਿਰਾਂ ਦੀਆਂ ਬਣੀਆਂ ਵਸਤੂਆਂ ਤੇ ਸੇਵਾਵਾਂ ਖਰੀਦਣਗੇ ਅਤੇ ਉਨ੍ਹਾਂ ਇਕਾਈਆਂ ਦਾ ਵਿਕਾਸ ਆਪਣੇ ਆਪ ਹੋਵੇਗਾ ਪਰ ਜੇ ਇਸ 70% ਵਸੋਂ ਦੀ ਖਰੀਦ ਸ਼ਕਤੀ ਨਾ ਵਧੀ ਤਾਂ ਇਸ ਨਾਲ ਮੁੜ ਉਸਾਰੀ ਵਿਚ ਰੁਕਾਵਟਾਂ ਆਉਣਗੀਆਂ ਅਤੇ ਵਿਕਰੀ ਦੀ ਘਾਟ ਕਾਰਨ ਉਹ ਇਕਾਈਆਂ ਅੱਗੇ ਨਹੀਂ ਵਧ ਸਕਣਗੀਆਂ। ਸੰਤੁਲਿਤ ਵਿਕਾਸ ਵਧਾਉਣ ਲਈ ਪਿੰਡਾਂ ਨੂੰ ਇਸ ਕਰ ਕੇ ਆਧਾਰ ਬਣਾਉਣਾ ਚਾਹੀਦਾ ਹੈ, ਕਿਉਂ ਜੋ 'ਤੇ ਵਸੋਂ ਤੇ ਲੋੜਾਂ ਦੀ ਬਹੁਤਾਤ ਹੈ ਅਤੇ ਉਹ ਵਿਕਾਸ ਦਾ ਆਧਾਰ ਬਣ ਕੇ ਸਮੁੱਚੀ ਆਰਥਕਤਾ ਨੂੰ ਅੱਗੇ ਵਧਾਉਣਗੇ ਜਿਸ ਨਾਲ ਮੁੜ ਸਮਾਜਕ ਉਸਾਰੀ ਹੋਵੇਗੀ।

# ਜਿਨ੍ਹਾਂ ਲਈ ਪਰਵਾਸ ਮਹਾਮਾਰੀ ਤੋਂ ਘੱਟ ਨਹੀਂ

ਆਮ ਸੁਣਨ ਵਿਚ ਆਉਂਦਾ ਹੈ ਕਿ ਮਹਾਮਾਰੀ ਅਮੀਰ-ਗਰੀਬ ਦਾ ਫਰਕ ਨਹੀਂ ਕਰਦੀ। ਸੱਚ ਇਹ ਹੈ ਕਿ ਮਹਾਮਾਰੀਆਂ, ਆਫਤਾਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਸਾਧਨਹੀਣ, ਗਰੀਬ ਅਤੇ ਹਾਸ਼ੀਆਗ੍ਰਸਤ ਲੋਕ ਹੁੰਦੇ ਹਨ। ਸਟੇਟ ਅਤੇ ਮੁੱਖਧਾਰਾ ਸਮਾਜ ਉਨ੍ਹਾਂ ਨੂੰ ਆਪਣੇ ਉਪਰ ਵਾਧੂ ਬੋਝ ਸਮਝ ਕੇ ਗਲੋਂ ਲਾਹੁਣ ਦੀ ਕੋਸ਼ਿਸ਼ ਕਰਦਾ ਹੈ। ਹਰ ਸੰਕਟ ਦਾ ਸਭ ਤੋਂ ਵੱਧ ਖਮਿਆਜ਼ਾ ਇਹੀ ਲੋਕ ਭੁਗਤਦੇ ਹਨ। ਪਰਵਾਸੀਆਂ ਦੀਆਂ ਹੌਲਨਾਕ ਕਹਾਣੀਆਂ

**ਬੂਟਾ ਸਿੰਘ**
ਫੋਨ: +91-94634-74342

ਪੜ੍ਹ ਕੇ 1947 ਦੀ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ। ਉਦੋਂ ਮੁਲਕ ਦੀ ਵੰਡ ਕਾਰਨ ਲੋਕ ਆਪਣੇ ਹੀ ਮੁਲਕ ਵਿਚ ਬੇਵਤਨੇ ਹੋ ਗਏ, ਹੁਣ ਪਰਵਾਸੀਆਂ ਲਈ ਆਪਣਾ ਹੀ ਰਾਜ ਪਰਾਇਆ ਹੋ ਗਿਆ। ਫੌਜ ਦੀ ਆਹਲਾ ਕਮਾਨ ਆਕਾਸ਼ ਤੋਂ ਹਵਾਈ ਜਹਾਜ਼ਾਂ ਰਾਹੀਂ ਫੁੱਲ ਵਰਸਾ ਕੇ ਫਰਜ਼ਾਂ ਤੋਂ ਸੁਰਖਰੂ ਹੈ, ਧਰਤੀ ਉਪਰ ਲਾਚਾਰ, ਅਸੁਰੱਖਿਅਤ ਪਰਵਾਸੀ ਰੇਲਾਂ/ਟਰੱਕਾਂ ਥੱਲੇ ਕੁਚਲੇ ਜਾ ਰਹੇ ਹਨ। ਵਿਦੇਸ਼ਾਂ ਤੋਂ ਭਾਰਤੀਆਂ ਨੂੰ ਲਿਆਉਣ ਲਈ ਵਿਸ਼ੇਸ਼ ਹਵਾਈ ਜਹਾਜ਼ ਭੇਜਣ ਵਾਲੇ ਹੁਕਮਰਾਨ ਪਰਵਾਸੀਆਂ ਲਈ ਰੇਲਾਂ/ਬੱਸਾਂ ਦਾ ਇੰਤਜ਼ਾਮ ਵੀ ਨਹੀਂ ਕਰ ਰਹੇ। ਦਰਅਸਲ, ਸਟੇਟ ਉਨ੍ਹਾਂ ਨੂੰ ਆਪਣੇ ਨਾਗਰਿਕ ਹੀ ਨਹੀਂ ਮੰਨਦਾ।

ਭਾਜਪਾ ਸਰਕਾਰ ਵਲੋਂ ਕੀਤੇ ਲੌਕਡਾਊਨ ਦਾ ਸਭ ਤੋਂ ਘਾਤਕ ਅਸਰ ਕਰੋੜਾਂ ਪਰਵਾਸੀ ਕਿਰਤੀਆਂ ਦੀ ਜ਼ਿੰਦਗੀ ਉਪਰ ਸਾਫ ਨਜ਼ਰ ਆ ਰਿਹਾ ਹੈ। ਡੇਢ ਮਹੀਨੇ ਦੇ ਲੌਕਡਾਊਨ ਤੋਂ ਬਾਅਦ ਵੀ ਪਰਵਾਸੀਆਂ ਨੂੰ ਉਨ੍ਹਾਂ ਦੇ ਜੱਦੀ ਸੂਬਿਆਂ ਵਿਚ ਭੇਜਣ ਦੀ ਕੋਈ ਠੋਸ ਯੋਜਨਾ ਨਹੀਂ ਹੈ। ਸਰਕਾਰਾਂ ਵਲੋਂ ਪਰਵਾਸੀਆਂ ਨੂੰ ਵਾਪਸ ਭੇਜਣ ਲਈ 'ਸ਼੍ਰਮਿਕ' ਟਰੇਨਾਂ ਦੇ ਐਲਾਨ ਅਜੇ ਵੀ ਜ਼ਿਆਦਾਤਰ ਕਾਗਜ਼ਾਂ ਵਿਚ ਹੀ ਹਨ। 'ਮਹਿਮਾਨ' ਰਾਜ ਕਹਿ ਰਹੇ ਹਨ ਕਿ ਅਸੀਂ ਭੇਜਣ ਲਈ ਤਿਆਰ ਹਾਂ, 'ਮੇਜ਼ਬਾਨ' ਰਾਜ ਕਹਿ ਰਹੇ ਹਨ ਕਿ ਅਸੀਂ ਪਰਵਾਸੀਆਂ ਨੂੰ ਵਾਪਸ ਲੈਣ ਲਈ ਤਿਆਰ ਹਾਂ। ਰੇਲਵੇ ਅਧਿਕਾਰੀ ਕਹਿ ਰਹੇ ਹਨ ਕਿ ਅਸੀਂ ਲੋੜੀਂਦੀਆਂ ਰੇਲ ਗੱਡੀਆਂ ਮੁਹੱਈਆ ਕਰਨ ਲਈ ਤਿਆਰ ਹਾਂ। ਫਿਰ ਸਮੱਸਿਆ ਕਿਥੇ ਹੈ, ਇਹ ਸਟੇਟ ਦੇ ਰਵੱਈਏ ਵਿਚ ਹੈ। ਸਰਕਾਰ ਅਤੇ ਕਾਰੋਬਾਰੀ ਸਸਤੀ ਕਿਰਤ ਵਜੋਂ ਪਰਵਾਸੀਆਂ ਨੂੰ ਰੋਕ ਕੇ ਤਾਂ ਰੱਖਣਾ ਚਾਹੁੰਦੇ ਹਨ ਲੇਕਿਨ ਇਕ ਧੇਲਾ ਵੀ ਖਰਚਣਾ ਨਹੀਂ ਚਾਹੁੰਦੇ। ਨਾ ਸਰਕਾਰਾਂ ਉਨ੍ਹਾਂ ਨੂੰ ਘਰਾਂ ਨੂੰ ਭੇਜਣ ਦਾ ਬੋਝ ਚੁੱਕਣਾ ਚਾਹੁੰਦੀਆਂ ਹਨ। ਹਰ ਰਾਜ, ਹਰ ਮਹਾਂਨਗਰ ਤੋਂ ਇਹ ਕਿਰਤੀ ਸ਼ਰਨਾਰਥੀਆਂ ਦੀ ਤਰ੍ਹਾਂ ਥਾਂ-ਥਾਂ ਭਟਕਦੇ ਅਤੇ ਮਰਦੇ ਦੇਖੇ ਜਾ ਸਕਦੇ ਹਨ।

ਹਰ ਰਾਜ ਵਿਚ ਹੀ ਲੱਖਾਂ ਪਰਵਾਸੀ ਕਿਰਤੀਆਂ ਨੇ ਵਾਪਸ ਜਾਣ ਲਈ ਰਜਿਸਟ੍ਰੇਸ਼ਨ ਕਰਵਾਈ ਹੈ ਲੇਕਿਨ ਟਰੇਨਾਂ ਦਾ ਇੰਤਜ਼ਾਮ ਨਹੀਂ ਹੈ। ਪੰਜਾਬ ਤੋਂ 11 ਲੱਖ ਅਤੇ ਹਰਿਆਣਾ ਤੋਂ ਪੌਣੇ ਅੱਠ ਲੱਖ ਪਰਵਾਸੀ ਵਾਪਸ ਜਾਣਾ ਚਾਹੁੰਦੇ ਹਨ। ਕਰਨਾਟਕ ਵਿਚ 3 ਤੋਂ 5 ਮਈ ਦਰਮਿਆਨ 2.13 ਲੱਖ ਪਰਵਾਸੀਆਂ ਵਲੋਂ ਰਾਜ ਸਰਕਾਰ ਦੇ ਆਨਲਾਈਨ ਪੋਰਟਲ ਉਪਰ ਰਜਿਟਰੇਸ਼ਨ ਕਰਵਾਈ ਗਈ ਜਦਕਿ ਮਹਿਜ਼ 9000 ਲੋਕ ਹੀ ਰੇਲ ਗੱਡੀਆਂ 'ਚ ਸਵਾਰ ਹੋ ਸਕੇ। ਤਕਰੀਬਨ ਇਹੀ ਹਾਲਾਤ ਬਾਕੀ ਸੂਬਿਆਂ ਦੇ ਹਨ। 5 ਮਈ ਨੂੰ ਰੀਅਲ ਐਸਟੇਟ ਕਾਰੋਬਾਰੀਆਂ ਦੀ ਐਸੋਸੀਏਸ਼ਨ ਦੇ ਦਬਾਓ ਹੇਠ ਕਰਨਾਟਕ ਸਰਕਾਰ ਵਲੋਂ ਅੰਤਰ-ਰਾਜੀ ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ। ਕਾਰਨ ਇਹ ਦੱਸਿਆ ਗਿਆ ਕਿ ਉਸਾਰੀ ਦਾ ਕੰਮ ਮੁੜ ਸ਼ੁਰੂ ਕਰਨ ਲਈ ਪਰਵਾਸੀਆਂ ਦਾ ਰੁਕੇ ਰਹਿਣਾ ਜ਼ਰੂਰੀ ਹੈ; ਲੇਕਿਨ ਹੁਕਮਰਾਨ ਉਨ੍ਹਾਂ ਲਈ ਖਾਣੇ, ਸੁਰੱਖਿਅਤ ਰਿਹਾਇਸ਼ ਅਤੇ ਹੋਰ ਜ਼ਰੂਰਤਾਂ ਦੀ ਜ਼ਿੰਮੇਵਾਰੀ ਚੁੱਕਣ ਤੋਂ ਲਗਾਤਾਰ ਟਾਲਾ ਵੱਟ ਰਹੇ ਹਨ। ਸੁਪਰੀਮ ਕੋਰਟ ਸ਼ਰਾਬ ਦੀ ਵਿਕਰੀ ਦੇ ਮਾਮਲੇ ਵਿਚ ਬਹੁਤ ਫਿਕਰਮੰਦ ਸੀ, ਲੇਕਿਨ ਪਰਵਾਸੀਆਂ ਸਬੰਧੀ ਲੋਕ ਹਿਤ ਪਟੀਸ਼ਨ ਉਪਰ ਸੁਣਵਾਈ ਮਹੀਨੇ ਬਾਅਦ ਕੀਤੀ ਗਈ। ਸਰਕਾਰ ਨੂੰ ਆਦੇਸ਼ ਦੇਣ ਦੀ ਬਜਾਏ ਜੱਜ ਸਾਹਿਬਾਨ ਨੇ ਇਹ ਕਹਿ ਕੇ ਸਾਰ ਲਿਆ ਕਿ ਸਰਕਾਰ ਖਾਣਾ ਤਾਂ ਦੇ ਰਹੀ ਹੈ, ਹੁਣ ਪੈਸਾ ਵੀ ਦੇਵੇ ਹਾਲ ਹੀ ਵਿਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਹ ਜਾਣਕਾਰੀ ਦੇਣ ਤੋਂ ਵੀ ਨਾਂਹ ਕਰ ਦਿੱਤੀ ਕਿ ਵਿਸ਼ੇਸ਼ ਰੇਲ ਗੱਡੀਆਂ ਦੇ ਕਿਰਾਏ ਦਾ ਕਿੰਨਾ ਹਿੱਸਾ ਕੇਂਦਰ ਸਰਕਾਰ ਦੇ ਰਹੀ ਹੈ। ਹਕੀਕਤ ਇਹ ਹੈ ਕਿ ਪਰਵਾਸੀਆਂ ਤੋਂ ਵਾਧੂ ਚਾਰਜ ਸਮੇਤ ਪੂਰਾ ਕਿਰਾਇਆ ਵਸੂਲਿਆ ਜਾ ਰਿਹਾ ਹੈ।

ਰਜਿਸਟਰੇਸ਼ਨ ਦੇ ਮੁਕਾਬਲੇ ਰੇਲਾਂ ਦੇ ਇੰਤਜ਼ਾਮ ਬਹੁਤ ਹੀ ਨਿਗੂਣੇ ਹੋਣ ਕਰਕੇ ਆਪਾ-ਧਾਪੀ ਮੱਚੀ ਹੋਈ ਹੈ। ਬਹੁਤ ਸਾਰੇ ਰੇਲਵੇ ਸਟੇਸ਼ਨਾਂ ਤੋਂ ਪਰਵਾਸੀਆਂ ਨੂੰ ਪੁਲਿਸ ਦੇ ਡੰਡੇ ਦੇ ਜ਼ੋਰ ਘਰਾਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਜੋ ਕਿਸੇ ਤਰ੍ਹਾਂ ਕਿਰਾਏ ਦਾ ਇੰਤਜ਼ਾਮ ਕਰ ਲੈਂਦੇ ਹਨ, ਉਹ ਪ੍ਰਤੀ ਵਿਅਕਤੀ ਦੋ ਤੋਂ ਤਿੰਨ ਹਜ਼ਾਰ ਰੁਪਏ ਪੱਲਿਓਂ ਖਰਚ ਕੇ ਟਰੱਕਾਂ ਰਾਹੀਂ ਵਾਪਸ ਜਾ ਰਹੇ ਹਨ। ਕਥਿਤ 'ਸਮਾਜਿਕ ਦੂਰੀ' ਦਾ ਆਲਮ ਇਹ ਹੈ ਕਿ ਇਕ-ਇਕ ਟਰੱਕ ਵਿਚ 70-80 ਬੰਦੇ ਅਕਸਰ ਹੀ ਤੁੰਨ ਦਿੱਤੇ ਜਾਂਦੇ ਹਨ ਜੋ 20-30 ਘੰਟੇ ਇਸੇ ਹਾਲਤ ਵਿਚ ਸਫਰ ਕਰਦੇ ਹਨ। ਜਿਹੜੇ ਕਿਰਾਏ ਦਾ ਜੁਗਾੜ ਨਹੀਂ ਕਰ ਸਕੇ, ਉਹ ਝੁੰਡ ਬਣਾ ਕੇ ਪੈਦਲ ਹੀ ਜਾਣ ਲਈ ਮਜਬੂਰ ਹਨ। ਪੰਜਾਬ ਸਮੇਤ ਪੂਰੇ ਮੁਲਕ ਵਿਚ ਪਰਵਾਸੀ ਨੰਗੇ ਪੈਰੀਂ ਭੱਠ ਵਾਂਗ ਤਪਦੀਆਂ ਸੜਕਾਂ ਉਪਰ ਸਫਰ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਉਨ੍ਹਾਂ ਕੋਲ ਜਾਂ ਤਾਂ ਪੈਰਾਂ ਵਿਚ ਪਾਉਣ ਲਈ ਜੋੜੇ ਹੈ ਹੀ ਨਹੀਂ ਜਾਂ ਫਿਰ ਟੁੱਟੇ ਹੋਏ ਜੋੜੇ ਰਾਹ ਵਿਚ ਹੀ ਸਾਥ ਛੱਡ ਗਏ। ਪੈਰੀਂ ਛਾਲੇ ਅਤੇ ਫਟੀਆਂ ਬਿਆਈਆਂ ਵਾਲੇ ਪਰਵਾਸੀ ਪੈਰਾਂ ਉਪਰ ਪਲਾਸਟਿਕ ਦੀਆਂ ਬੋਤਲਾਂ ਜਾਂ ਲਿਫਾਫੇ ਬੰਨ੍ਹ ਕੇ ਸਫਰ ਕਰਦੇ ਦੇਖੇ ਗਏ। ਇਹ ਰਿਪੋਰਟਾਂ ਵੀ ਹਨ ਕਿ ਕੁਝ ਅੰਤਰ-ਰਾਜੀ ਸਰਹੱਦਾਂ ਉਪਰ ਪਰਵਾਸੀ ਦੋ ਪੁੜਾਂ ਵਿਚਾਲੇ ਫਸੇ ਹੋਏ ਹਨ। ਦੋਨੋਂ ਪਾਸੇ ਪੁਲਿਸ ਡੰਡੇ ਲਈ ਖੜ੍ਹੀ ਹੈ। ਉਨ੍ਹਾਂ ਦੇ ਜ਼ੱਦੀ ਰਾਜ ਉਨ੍ਹਾਂ ਨੂੰ ਵਾਪਸ ਧੱਕ ਰਹੇ ਹਨ ਅਤੇ ਜਿਥੋਂ



ਉਹ ਗਏ ਸਨ, ਉਹ ਵਾਪਸ ਲੈਣ ਲਈ ਤਿਆਰ ਨਹੀਂ। ਮਹਾਮਾਰੀ ਦੌਰਾਨ ਆਪਣੇ ਨਾਗਰਿਕਾਂ ਪ੍ਰਤੀ ਸਟੇਟ ਦੀ ਇਸ ਤੋਂ ਜ਼ਿਆਦਾ ਕਰੂਰਤਾ ਅਤੇ ਬੇਰਹਿਮੀ ਕੀ ਹੋਵੇਗੀ।

ਕੇਂਦਰ ਅਤੇ ਰਾਜ ਸਰਕਾਰਾਂ ਦੇ ਇਹ ਐਲਾਨ ਪੂਰੀ ਤਰ੍ਹਾਂ ਝੂਠੇ ਅਤੇ ਗੁਮਰਾਹਕੁਨ ਹਨ ਕਿ ਪਰਵਾਸੀ ਕਿਰਤੀਆਂ ਦੀ ਵਾਪਸੀ ਦੇ ਮਸਲੇ ਨੂੰ ਸੁਲਝਾਇਆ ਜਾ ਰਿਹਾ ਹੈ। ਜ਼ਮੀਨੀ ਤੱਥ ਦੱਸਦੇ ਹਨ ਕਿ ਇਹ ਪ੍ਰਸ਼ਾਸਨਿਕ ਬਦਇੰਤਜ਼ਾਮੀ ਉਪਰ ਪਰਦਾ ਪਾਉਣ ਦੀ ਅਸਫਲ ਕੋਸ਼ਿਸ਼ ਤੋਂ ਬਿਨਾਂ ਹੋਰ ਕੁਝ ਨਹੀਂ। ਇਸ ਬਦਇੰਤਜ਼ਾਮੀ ਦੀ ਪੋਲ 8 ਮਈ ਦੀ ਰਾਤ ਨੂੰ ਔਰੰਗਾਬਾਦ (ਮਹਾਂਰਾਸ਼ਟਰ) ਨੇੜੇ ਰੇਲਵੇ ਪੱਟੜੀ ਉਪਰ ਹੋਏ ਦਰਦਨਾਕ ਹਾਦਸੇ ਨੇ ਖੋਲ੍ਹ ਦਿੱਤੀ। ਜਿਥੇ ਅਮੁੱਕ ਸਫਰ ਦੇ ਭੰਨੇ, ਪੱਟੜੀ ਉਪਰ ਸੁੱਤੇ ਪਏ 20 ਪਰਵਾਸੀਆਂ ਨੂੰ ਮਾਲ ਗੱਡੀ ਨੇ ਕੁਚਲ ਦਿੱਤਾ, 16 ਮਜ਼ਦੂਰ ਮਾਰੇ ਗਏ। ਰੇਲ ਪੱਟੜੀ ਉਪਰ ਸੁੱਕੀਆਂ ਰੋਟੀਆਂ ਖਿਲਰੀਆਂ ਹੋਈਆਂ ਸਨ ਜਿਸ 'ਰਿਜ਼ਕ' ਖਾਤਰ ਉਹ ਸ਼ਹਿਰਾਂ ਨੂੰ ਗਏ ਸਨ। ਮੱਧ ਪ੍ਰਦੇਸ਼ ਦੇ ਇਨ੍ਹਾਂ ਜਾਇਆਂ ਨੂੰ ਜਿਊਂਦਿਆਂ ਨੂੰ ਘਰ ਜਾਣ ਲਈ ਰੇਲ ਦਾ ਸਫਰ ਨਸੀਬ ਨਹੀਂ ਹੋਇਆ, ਲੇਕਿਨ ਉਨ੍ਹਾਂ ਦੀਆਂ ਲਾਸ਼ਾਂ ਢੋਣ ਲਈ ਵਿਸ਼ੇਸ਼ ਰੇਲ ਗੱਡੀ ਜ਼ਰੂਰ ਭੇਜ ਦਿੱਤੀ ਗਈ। ਇਹ ਭਿਆਨਕ ਖਬਰ ਪੜ੍ਹ-ਸੁਣ ਕੇ ਉਹ ਪਰਵਾਸੀ ਕਿੰਨਾ ਸਹਿਮੇ ਹੋਣਗੇ ਜੋ ਇਸੇ ਤਰ੍ਹਾਂ ਰੇਲ ਪੱਟੜੀਆਂ ਉਪਰ ਨੰਗੇ ਪੈਰੀਂ ਕਈ ਸੈਂਕੜੇ ਕਿਲੋਮੀਟਰ ਦਾ ਬਿਖੜਾ ਪੈਂਡਾ ਗਾਹ ਕੇ ਆਪਣੇ ਘਰਾਂ ਵਿਚ ਪਹੁੰਚੇ। ਰਾਜੇਸ਼ ਦੇਬਨਾਥ ਦੱਸਦਾ ਹੈ ਕਿ ਉਸ ਨੂੰ ਲੱਗਿਆ ਕਿ ਇਹ ਤਾਂ ਉਨ੍ਹਾਂ ਨਾਲ ਵੀ ਵਾਪਰ ਸਕਦਾ ਸੀ। ਉਸ ਸਮੇਤ ਦਸ ਪਰਵਾਸੀ ਅੱਠ ਦਿਨ ਰੇਲ ਪੱਟੜੀ ਉਪਰ ਸਫਰ ਕਰ ਕੇ ਬਿਹਾਰ ਤੋਂ ਆਪਣੇ ਰਾਜ ਬੰਗਾਲ ਵਿਚ ਪਹੁੰਚੇ ਸਨ ਜਿਥੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਕੁਆਰੰਟੀਨ ਕਰ ਦਿੱਤਾ ਗਿਆ। ਯੂ.ਪੀ. ਤੋਂ ਸਾਈਕਲ ਉਪਰ ਮੱਧ ਪ੍ਰਦੇਸ਼ ਵਾਪਸ ਜਾ ਰਹੇ ਇੱਕ ਜੋੜੇ ਨੂੰ ਇਕ ਵਾਹਨ ਨੇ ਕੁਚਲ ਕੇ ਮਾਰ ਦਿੱਤਾ ਅਤੇ ਉਨ੍ਹਾਂ ਦੇ ਛੋਟੇ-ਛੋਟੇ ਬੱਚੇ ਜ਼ਖਮੀ ਹੋ ਗਏ। 9 ਮਈ ਦੀ ਰਾਤ ਨੂੰ ਮੱਧ ਪ੍ਰਦੇਸ਼ ਦੇ ਨਰਸਿੰਘਪੁਰ ਦੇ ਇਕ ਪਿੰਡ ਨੇੜੇ ਇਕ ਟਰੱਕ ਪਲਟਣ ਨਾਲ ਪੰਜ ਪਰਵਾਸੀ ਮਾਰੇ ਗਏ ਅਤੇ 11 ਜ਼ਖਮੀ ਹੋ ਗਏ। ਉਹ ਅੰਬ ਢੋਣ ਵਾਲੇ ਟਰੱਕ ਵਿਚ ਬੈਠ ਕੇ ਹੈਦਰਾਬਾਦ ਤੋਂ ਆਗਰਾ ਨੂੰ ਜਾ ਰਹੇ ਸਨ। ਹੁਣ ਤੱਕ ਸੜਕੀ ਤੇ ਰੇਲਵੇ ਮਾਰਗਾਂ ਉਪਰ 70 ਤੋਂ ਵਧੇਰੇ ਲੋਕ ਮਾਰੇ ਜਾ ਚੁੱਕੇ ਹਨ।

ਆਪਣੇ ਮਹਿਫੂਜ਼ ਘਰਾਂ ਵਿਚ ਬੈਠੇ ਖਾਂਦੇ-ਪੀਂਦੇ ਲੋਕ ਪਰਵਾਸੀਆਂ ਦੀ ਰੇਲ ਪੱਟੜੀਆਂ ਉਪਰ ਚੱਲਣ ਦੀ ਇਸ 'ਬੇਵਕੂਫੀ' ਉਪਰ ਹੱਸਦੇ ਹਨ। ਉਹ ਨਾ ਤਾਂ ਸਟੇਟ ਅਤੇ ਸਮਾਜ ਵਲੋਂ ਦੁਰਕਾਰੇ ਇਨ੍ਹਾਂ ਬੇਵਸ ਇਨਸਾਨਾਂ ਦੀ ਸਮੱਸਿਆ ਨੂੰ ਸਮਝਦੇ ਹਨ ਅਤੇ ਨਾ ਪੁਲਿਸ ਦੀਆਂ ਲਾਠੀਆਂ ਤੋਂ ਡਰ ਕੇ ਰਾਤਾਂ ਨੂੰ ਰੇਲ ਪੱਟੜੀਆਂ ਦੇ ਪੱਥਰਾਂ ਉਪਰ ਨੰਗੇ ਪੈਰੀਂ ਸਫਰ ਕਰਨ ਦੀ ਉਨ੍ਹਾਂ ਦੀ ਲਾਚਾਰੀ ਅਤੇ ਪੀੜਾ ਨੂੰ। ਸੜਕੀ ਮਾਰਗਾਂ ਰਾਹੀਂ ਆਪਣੇ ਘਰਾਂ ਨੂੰ ਜਾ ਰਹੇ ਗਰੀਬਾਂ ਨੂੰ ਥਾਂ-ਥਾਂ ਪੁਲਿਸ ਪਸ਼ੂਆਂ ਵਾਂਗ ਕੁੱਟ ਰਹੀ ਸੀ। ਜਦ ਸਟੇਟ ਨੇ ਉਨ੍ਹਾਂ ਤੋਂ ਸੜਕਾਂ ਖੋਹ ਲਈਆਂ ਤਾਂ ਪੁਲਿਸ ਦੇ ਡੰਡੇ ਤੋਂ ਬਚਣ ਲਈ ਉਨ੍ਹਾਂ ਨੇ ਰਾਤਾਂ ਨੂੰ ਰੇਲ ਪੱਟੜੀਆਂ ਉਪਰ ਚੱਲਣਾ ਸ਼ੁਰੂ ਕਰ ਦਿੱਤਾ।

ਇਹ ਹਾਲਾਤ ਹਨ ਜਿਨ੍ਹਾਂ ਵਿਚ ਪਰਵਾਸੀ ਸਾਈਕਲਾਂ, ਰਿਕਸ਼ਿਆਂ ਅਤੇ ਹੱਥ ਰੇੜ੍ਹੀਆਂ ਉਪਰ ਸਮਾਨ ਲੱਦ ਕੇ ਜਾਂ ਪੈਦਲ ਹੀ ਸਿਰਾਂ ਉਪਰ ਸਮਾਨ ਦੀਆਂ ਗੱਠੜੀਆਂ ਚੁੱਕ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ। ਪਰਵਾਸੀ ਆਪਣੇ ਜ਼ਖਮੀ, ਬਿਮਾਰ ਜੀਆਂ ਨੂੰ ਮੋਢਿਆਂ ਉਪਰ ਚੁੱਕ ਕੇ ਲਿਜਾ ਰਹੇ ਹਨ। ਸਾਧਨਾਂ ਦੀ ਅਣਹੋਂਦ ਅਤੇ ਸਰਕਾਰੀ ਬੇਰੁਖੀ ਕਾਰਨ ਬੜੀ ਮੁਸ਼ਕਿਲ ਨਾਲ ਪੈਦਲ ਚੱਲ ਰਹੀਆਂ ਗਰਭਵਤੀ ਔਰਤਾਂ ਦੇ ਮੰਜ਼ਰ ਦਿਲ ਦਹਿਲਾ ਦੇਣ ਵਾਲੇ ਹਨ। ਤਿੰਨ ਮਹੀਨੇ ਦੀ ਬਾਲੜੀ ਨੂੰ ਗੋਦੀ ਚੁੱਕੀ ਇਕ ਮਾਂ ਹੈਦਰਾਬਾਦ ਤੋਂ ਪੈਦਲ ਚੱਲ ਕੇ 10ਵੇਂ ਦਿਨ ਨਾਗਪੁਰ ਪਹੁੰਚੀ। ਸੋਸ਼ਲ ਮੀਡੀਆ ਉਪਰ ਵਾਇਰਲ ਹੋ ਰਹੀਆਂ ਵੀਡੀਓ ਕਲਿਪ ਅਤੇ ਤਸਵੀਰਾਂ ਹੁਕਮਰਾਨਾਂ ਦੇ ਦਾਅਵਿਆਂ ਦਾ ਪਰਦਾਫਾਸ਼ ਕਰਦੀਆਂ ਹਨ।

ਹੁਕਮਰਾਨਾਂ ਦੇ ਇਸ ਵਤੀਰੇ ਦੇ ਕਾਰਨ ਪਰਵਾਸੀਆਂ ਵਿਚ ਰੋਹ ਵਧ ਰਿਹਾ ਹੈ। ਲੰਘੇ ਸ਼ਨਿਚਰਵਾਰ ਗੁਜਰਾਤ ਦੇ ਸੂਰਤ ਜ਼ਿਲ੍ਹੇ ਵਿਚ ਹਾਜਿਰਾ ਇੰਡਸਟ੍ਰੀਅਲ ਟਾਊਨ ਨੇੜੇ ਸੈਂਕੜੇ ਪਰਵਾਸੀ ਮਜ਼ਦੂਰਾਂ ਸੜਕਾਂ ਉਪਰ ਆ ਗਏ ਅਤੇ ਗੁੱਸੇ ਵਿਚ ਉਨ੍ਹਾਂ ਨੇ ਪਥਰਾਓ ਵੀ ਕੀਤਾ। ਪੁਲਿਸ ਨਾਲ ਝੜਪ ਵੀ ਹੋਈ ਅਤੇ 40 ਤੋਂ ਜ਼ਿਆਦਾ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਹ 'ਰੋਟੀ ਦਿਓ ਜਾਂ ਗੋਲੀ ਮਾਰ ਦਿਓ' ਦੀ ਮੰਗ ਕਰ ਰਹੇ ਹਨ। ਇਹ ਜ਼ਿਆਦਾਤਰ ਕਿਰਤੀ ਹਾਜਿਰਾ ਦੀਆਂ ਉਦਯੋਗਿਕ ਇਕਾਈਆਂ ਵਿਚ ਕੰਮ ਕਰਦੇ ਹਨ। ਭੁੱਖਮਰੀ, ਬੇਕਾਰੀ ਤੋਂ ਤੰਗ ਪਰਵਾਸੀ ਗੁਜਰਾਤ ਵਿਚ ਕਈ ਵਾਰ ਵੱਡੇ-ਵੱਡੇ ਪ੍ਰਦਰਸ਼ਨ ਕਰ ਚੁੱਕੇ ਹਨ। ਪਿਛਲੇ ਦਿਨੀਂ ਸੂਰਤ ਦੇ ਕਡੋਦਾਰਾ ਅਤੇ ਹੋਰ ਸਨਅਤੀ ਇਲਾਕਿਆਂ ਦੇ ਪਰਵਾਸੀਆਂ ਵਲੋਂ ਲੌਕਡਾਊਨ ਤੋੜ ਕੇ ਸੜਕਾਂ ਜਾਮ ਕੀਤੀਆਂ ਗਈਆਂ। ਡਾਇਮੰਡ ਬੋਰਸ ਕੰਪਨੀ ਦੇ ਦਫਤਰ ਉਪਰ ਪਥਰਾਓ ਵੀ ਹੋ ਚੁੱਕਾ ਹੈ ਅਤੇ ਡਾਇਮੰਡ ਨਗਰ ਸਨਅਤੀ ਇਲਾਕੇ ਵਿਚ ਤਾਂ ਅੱਕੇ ਪਰਵਾਸੀਆਂ ਨੇ ਅੱਗਜ਼ਨੀ ਦੀ ਕੋਸ਼ਿਸ਼ ਵੀ ਕੀਤੀ। ਲੁਧਿਆਣਾ ਦੇ ਫੋਕਲ ਪੁਆਇੰਟ ਇਲਾਕੇ ਵਿਚ ਇਕ ਪਰਵਾਸੀ ਮਜ਼ਦੂਰ ਨੇ ਰਾਸ਼ਨ ਨਾ ਮਿਲਣ ਕਾਰਨ ਖੁਦਕੁਸ਼ੀ ਕਰ ਲਈ, ਪਰਵਾਸੀਆਂ ਨੂੰ ਖਿੰਡਾਉਣ ਲਈ ਪੁਲਿਸ ਨੇ ਬੇਤਹਾਸ਼ਾ ਲਾਠੀਚਾਰਜ ਕੀਤਾ। ਇਸ ਤੋਂ ਪਹਿਲਾਂ, ਮੁੰਬਈ ਦੇ ਬਾਂਦਰਾ ਸਟੇਸ਼ਨ ਉਪਰ ਵੀ ਹਜ਼ਾਰਾਂ ਪਰਵਾਸੀ ਕਿਰਤੀ ਇਕੱਠੇ ਹੋ ਕੇ ਘਰ ਭੇਜੇ ਜਾਣ ਦੀ ਮੰਗ ਕਰ ਚੁੱਕੇ ਹਨ। ਇਨ੍ਹਾਂ ਪਰਵਾਸੀਆਂ ਕੋਲ ਨਾ ਢਿੱਡ ਨੂੰ ਝੁਲਕਾ ਦੇਣ ਲਈ ਰਾਸ਼ਨ ਹੈ ਅਤੇ ਨਾ ਰਾਸ਼ਨ ਖਰੀਦਣ ਲਈ ਪੈਸੇ। ਉਪਰੋਂ ਮਹਾਮਾਰੀ ਦੇ ਫੈਲਦੇ ਜਾਣ ਨੇ ਪਰਵਾਸੀਆਂ ਦੇ ਸਹਿਮ ਅਤੇ ਖੌਫ ਵਿਚ ਹੋਰ ਵਾਧਾ ਕਰ ਦਿੱਤਾ ਹੈ।

ਜੋ ਆਪਣੇ ਘਰਾਂ ਨੂੰ ਪਰਤ ਗਏ ਜਾਂ ਪਰਤ ਰਹੇ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਭੁੱਖ ਨਾਲ ਮਰ ਜਾਣਗੇ। ਕੁਝ ਆਪਣੇ ਘਰਾਂ ਨੇੜੇ ਪਹੁੰਚ ਕੇ ਭੁੱਖੇ-ਤਿਹਾਏ ਦਮ ਤੋੜ ਰਹੇ ਹਨ। ਜੋ ਪਿੱਛੇ ਰਹਿ ਗਏ, ਉਹ ਕਿਰਤ ਕਾਨੂੰਨਾਂ ਦੀ ਸੁਰੱਖਿਆ ਖਤਮ ਕਰ ਦਿੱਤੇ ਜਾਣ ਕਾਰਨ ਬੰਧੂਆ ਮਜ਼ਦੂਰ ਬਣ ਜਾਣਗੇ ਅਤੇ ਕਾਰੋਬਾਰਾਂ ਲਈ ਮੁਨਾਫੇ ਪੈਦਾ ਕਰਦੇ ਹੋਏ ਤਿਲ-ਤਿਲ ਮਰਨਗੇ। ਸਮਾਜ ਦੇ ਧਨਾਢ ਹਿੱਸਿਆਂ ਲਈ ਉਹ ਮਹਿਜ਼ ਲੇਬਰ ਦੀ ਥੁੜ੍ਹ ਦੀ ਪੂਰਤੀ ਦਾ ਸਾਧਨ ਹਨ। ਉਨ੍ਹਾਂ ਦੀ ਭਲਾਈ ਅਤੇ ਸੁਰੱਖਿਆ ਨੂੰ ਖਜ਼ਾਨੇ ਉਪਰ ਬੋਝ ਸਮਝਿਆ ਜਾਂਦਾ ਹੈ। ਇਹ ਜਮਾਤੀ ਸਮਾਜ ਦਾ ਕਰੂਪ ਚਿਹਰਾ ਹੈ ਜਿਸ ਦਾ ਘਿਨਾਉਣਾ ਚਿਹਰਾ ਆਫਤਾਂ, ਸੰਕਟਾਂ ਅਤੇ ਮਹਾਮਾਰੀਆਂ ਦੌਰਾਨ ਖੁੱਲ੍ਹ ਕੇ ਸਾਹਮਣੇ ਆਉਂਦਾ ਹੈ।

# ਬਹੁਤ ਹੋ ਚੁੱਕੇ ਦਿਖਾਵੇ! ਹੁਣ ਯੋਜਨਾ ਦੀ ਲੋੜ

ਭਾਰਤੀ ਕੁਲੀਨ ਮੀਡੀਆ ਅਤੇ ਸੱਤਾਧਾਰੀਆਂ ਵਲੋਂ ਬੇਨਾਮ ਪਰਵਾਸੀ ਕਿਰਤੀਆਂ ਦੀ ਅਚਾਨਕ ਤੇ ਦਿਲ ਨੂੰ ਛੂਹ ਜਾਣ ਵਾਲੀ ਤ੍ਰਾਸਦੀ ਦੀ ਖੋਜ ਨੂੰ ਮੈਂ ਨਿੱਤ ਦੇਖਦੀ ਆ ਰਹੀ ਹਾਂ। ਜਾਪਦਾ ਹੈ ਕਿ ਸਭ ਟਿੱਪਣੀਕਾਰ ਸਮਕਾਲੀ ਇਤਿਹਾਸ ਦੇ ਨਾਲ-ਨਾਲ ਅਨੇਕਾਂ ਅਰਥ ਸ਼ਾਸਤਰੀਆਂ, ਬੁੱਧੀਜੀਵੀਆਂ, ਮੀਡੀਆ ਅਤੇ ਮੁੱਖ ਤੌਰ 'ਤੇ ਕਾਂਗਰਸ (ਪੁਰਾਣੀ ਕਾਂਗਰਸ) ਅਤੇ ਭਾਰਤੀ ਜਨਤਾ ਪਾਰਟੀ ਸਮੇਤ ਤਮਾਮ ਰਾਜਨੀਤਕ



**ਅਰੁੰਧਤੀ ਰਾਏ**

ਪਾਰਟੀਆਂ ਦੀ ਸਰਗਰਮ ਭੂਮਿਕਾ ਤੋਂ ਉਕਾ ਹੀ ਬੇਖਬਰ ਹਨ ਜਿਨ੍ਹਾਂ ਦੀ ਵਜ੍ਹਾ ਨਾਲ ਨੌਬਤ ਇਥੋਂ ਤਕ ਪਹੁੰਚੀ ਹੈ। ਉਨ੍ਹਾਂ ਵਿਚੋਂ ਕੁਝ ਲੋਕ ਜੋ ਅੱਜ ਸਦਮੇ ਦੀ ਹਾਲਤ ਵਿਚ ਨਜ਼ਰ ਆ ਰਹੇ ਹਨ, ਉਹ ਉਦੋਂ ਬਹੁਤ ਹੀ ਖੁਸ਼ ਸਨ, ਜਦ ਤਮਾਮ ਸੁਰੱਖਿਆ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਅਤੇ ਗਰੀਬ ਪੇਂਡੂਆਂ ਦੀਆਂ ਜ਼ਮੀਨਾਂ ਅਤੇ ਵਸੀਲੇ ਖੋਹਣ ਦੀ ਹਿੰਸਕ ਮੁਹਿੰਮ ਚਲਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਹੀ ਪਿੰਡਾਂ ਵਿਚੋਂ ਬੇਦਖਲ ਕੀਤਾ ਜਾ ਰਿਹਾ ਸੀ।

ਇਹ ਸਭ ਅਚਾਨਕ ਨਹੀਂ ਵਾਪਰਿਆ। ਦਹਾਕਿਆਂ ਤੋਂ ਇਕ ਯੋਜਨਾਬੱਧ ਨੀਤੀ ਤਹਿਤ ਗਰੀਬ ਲੋਕਾਂ ਨੂੰ ਉਂਜ ਹੀ ਹੂੰਝ ਕੇ ਪਾਸੇ ਕਰ ਦੇਣ ਦਾ ਸਿਲਸਿਲਾ ਚੱਲਦਾ ਰਿਹਾ ਹੈ। ਇਸ ਤਬਾਹੀ ਨੂੰ ਪੇਤਲਾ ਪਾਉਣ ਲਈ ਕਾਂਗਰਸ ਨੇ ਮਹਾਤਮਾ ਗਾਂਧੀ ਕੌਮੀ ਰੁਜ਼ਗਾਰ ਯੋਜਨਾ ਸ਼ੁਰੂ ਕੀਤੀ, ਜਿਸ ਦੇ ਤਹਿਤ ਪੇਂਡੂ ਪਰਿਵਾਰਾਂ ਨੂੰ ਇਕ ਸਾਲ ਵਿਚ ਸੌ ਦਿਨ ਲਈ ਰੁਜ਼ਗਾਰ ਮੁਹੱਈਆ ਕਰਾਇਆ ਜਾਂਦਾ ਹੈ। ਭਾਜਪਾ ਨੇ ਇਹ ਯੋਜਨਾ ਵੀ ਹੋਰ ਜ਼ਿਆਦਾ ਖੋਖਲੀ ਬਣਾ ਦਿੱਤੀ। ਅਸੀਂ ਸਾਰੇ ਲੋਕ ਜੋ ਵਰ੍ਹਿਆਂ ਤੋਂ ਇਸ ਨੂੰ ਲੈ ਕੇ ਦਲੀਲਬਾਜ਼ੀ ਕਰਦੇ ਆ ਰਹੇ ਸੀ, ਉਨ੍ਹਾਂ ਨੂੰ ਰਾਸ਼ਟਰ ਵਿਰੋਧੀ, ਦਹਿਸ਼ਤਗਰਦਾਂ ਦੇ ਹਮਦਰਦ ਅਤੇ ਇਸ ਤੋਂ ਭੈੜੇ ਸ਼ਬਦਾਂ ਨਾਲ ਨਵਾਜਿਆ ਗਿਆ। ਸਾਡੇ ਵਿਚੋਂ ਕਈ ਸਰਬੋਤਮ ਵਕੀਲ, ਵਿਦਵਾਨ ਅਤੇ ਕਾਰਕੁਨ ਸਾਥੀ ਅੱਜ ਜੇਲ੍ਹਾਂ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ, ਜਾਂ ਜੋ ਕਰੋਨਾ ਵਾਇਰਸ ਦੀ ਲਪੇਟ ਵਿਚ ਆਉਣ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਨ।

ਮਹਾਮਾਰੀ ਦੇ ਦੌਰ ਵਿਚ ਭੁੱਖਮਰੀ ਅਤੇ ਨਫਰਤ ਦੇ ਸੰਕਟ ਵਿਚ ਜਿਵੇਂ ਇਜ਼ਾਫਾ ਹੋਇਆ ਹੈ, ਉਸ ਦੇ ਪਾਲਣ-ਪੋਸ਼ਣ ਕਰਨ ਦਾ ਕੰਮ ਮੁੱਖਧਾਰਾ ਦੀਆਂ ਰਾਜਨੀਤਕ ਪਾਰਟੀਆਂ, ਨੀਤੀਘਾੜੇ ਅਤੇ ਮੀਡੀਆ ਸੰਸਥਾਵਾਂ ਵਰ੍ਹਿਆਂ ਤੋਂ ਕਰ ਰਹੇ ਸਨ। ਫਿਰਕਾਪ੍ਰਸਤੀ ਅਤੇ ਕਾਰਪੋਰੇਟ



ਸਰਮਾਏਦਾਰੀ ਇਕ ਦੂਜੇ ਦੀਆਂ ਬਾਹਾਂ ਵਿਚ ਬਾਹਾਂ ਪਾ ਕੇ ਠੁਮਕੇ ਤਾਂ ਨਾ ਜਾਣੇ ਕਦੋਂ ਤੋਂ ਲਗਾ ਰਹੇ ਸਨ ਅਤੇ ਹੁਣ ਅਸੀਂ ਉਨ੍ਹਾਂ ਦੇ ਤਾਂਡਵ ਨਾਚ ਨਾਲ ਹੋ ਰਹੀ ਤਬਾਹੀ ਨੂੰ ਦੇਖ ਰਹੇ ਹਾਂ।

ਅਸੀਂ ਸਾਰੇ ਇਹ ਬਹਾਨਾ ਨਹੀਂ ਬਣਾ ਸਕਦੇ ਕਿ ਜੋ ਕੁਝ ਅੱਜ ਹੋ ਰਿਹਾ, ਇਸ ਦੀ ਤਾਂ ਕਦੇ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ, ਤੇ ਇਸ ਦੇ ਲਈ ਕੋਈ ਜ਼ਿੰਮੇਵਾਰ ਨਹੀਂ ਹੈ। ਮੈਂ 2011 ਵਿਚ ਆਪਣੀ ਕਿਤਾਬ 'ਬਰੋਕਨ ਰਿਪਬਲਿਕ' ਦੀ ਜਾਣ-ਪਛਾਣ ਵਿਚ ਇਸ ਦੀ ਚਰਚਾ ਕੀਤੀ ਸੀ। ਉਸ ਵਕਤ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਇਹ ਸੰਖੇਪ ਹਿੱਸਾ ਉਸ ਪ੍ਰਕਿਰਿਆ ਦੇ ਬਾਰੇ ਹੈ ਜਿਸ ਦੇ ਜ਼ਰੀਏ ਗਰੀਬਾਂ ਨੂੰ ਸਾਡੀ ਸੋਚ ਵਿਚੋਂ ਹੀ ਬਾਹਰ ਕਰ ਦਿੱਤਾ ਗਿਆ ਸੀ। ਬੇਸ਼ੱਕ, ਮਹਾਮਾਰੀ ਦੇ ਇਸ ਦੌਰ ਵਿਚ ਗਰੀਬਾਂ ਉਪਰ ਆਣ ਪਈ ਆਫਤ ਨੂੰ ਲੈ ਕੇ ਲੋਕ ਦੁੱਖ ਜ਼ਾਹਿਰ ਕਰ ਰਹੇ ਹਨ ਇਸ ਦੇ ਬਾਵਜੂਦ ਉਨ੍ਹਾਂ ਦੇ ਹਾਲਾਤ ਨੂੰ ਹੋਰ ਬਦਤਰ ਬਣਾਉਣ ਦੇ ਬੰਦੋਬਸਤ ਬਦਸਤੂਰ ਜਾਰੀ ਹਨ।

ਅਸੀਂ ਭੁੱਖਮਰੀ ਦੀ ਦਿਸ਼ਾ ਵਿਚ ਵਧ ਰਹੇ ਹਾਂ। ਇਨ੍ਹਾਂ ਹਾਲਾਤ 'ਚ ਬੇਹੱਦ ਜ਼ਰੂਰੀ ਹੈ ਕਿ ਮੌਜੂਦਾ ਹਾਲਾਤ ਨਾਲ ਟੁੱਟ ਚੁੱਕੇ ਅਤੇ ਭੁੱਖੇ ਮਰਦੇ ਲੋਕਾਂ ਦੇ ਲਈ ਖਾਣਾ ਅਤੇ ਪੈਸਾ ਮੁਹੱਈਆ ਕਰਾਇਆ ਜਾਵੇ। ਖਾਣਾ ਆਵੇਗਾ ਕਿਥੋਂ? ਉਨ੍ਹਾਂ ਗੋਦਾਮਾਂ ਤੋਂ, ਜਿਨ੍ਹਾਂ ਵਿਚ ਰੱਬ ਜਾਣੇ, ਕਰੋੜਾਂ ਟਨ ਅਨਾਜ ਕਿਨ੍ਹਾਂ ਦੀ ਖਾਤਰ ਭਰ ਰੱਖਿਆ ਹੈ। ਧਨ ਕਿਥੋਂ ਆਵੇਗਾ? ਸਿੱਧੀ ਜਿਹੀ ਗੱਲ ਹੈ, ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਜਿਨ੍ਹਾਂ ਦੇ ਕੋਲ ਧਨ-ਦੌਲਤ ਹੈ।

ਅਸੀਂ ਇਕ ਐਸੇ ਮੁਲਕ ਵਿਚ ਰਹਿ ਰਹੇ ਹਾਂ ਜਿਸ ਦੇ 63 ਅਰਬਪਤੀਆਂ ਕੋਲ ਉਸ ਰਕਮ ਤੋਂ ਜ਼ਿਆਦਾ ਧਨ-ਦੌਲਤ ਹੈ ਜੋ ਕੇਂਦਰੀ ਬਜਟ ਅੰਦਰ ਇਕ ਸਾਲ ਵਿਚ ਖਰਚਣ ਲਈ ਰੱਖੀ ਜਾਂਦੀ ਹੈ। ਜੇ ਸਰਕਾਰ ਭੁੱਖਮਰੀ ਦਾ ਸ਼ਿਕਾਰ, ਨੀਮ-ਗੁਲਾਮੀ ਵਾਲੀ ਜ਼ਿੰਦਗੀ ਜਿਊਣ ਵਾਲੇ ਅਤੇ ਸਦਮੇ ਮਾਰੇ ਲੋਕਾਂ ਦੇ ਲਈ ਦਿਨ ਵਿਚ 12 ਘੰਟੇ ਕੰਮ ਕਰਨ ਵਰਗੇ ਸੰਕਟਕਾਲੀ ਕਿਰਤ ਕਾਨੂੰਨਾਂ ਉਪਰ ਵਿਚਾਰ ਕਰ ਸਕਦੀ ਹੈ ਤਾਂ ਉਹ ਧਨਾਢਾਂ ਦੇ ਲਈ ਵੀ ਕੁਝ ਸੰਕਟਕਾਲੀ ਕਾਨੂੰਨ ਬਣਾ ਸਕਦੀ ਹੈ। ਇਕ ਐਸੀ ਵਿਵਸਥਾ ਕੀਤੀ ਜਾ ਸਕਦੀ ਹੈ ਜਿਸ ਦੇ ਜ਼ਰੀਏ ਕਰੋੜਾਂ ਲੋੜਵੰਦਾਂ ਤੱਕ ਪੈਸੇ ਅਤੇ ਖਾਣਾ ਪਹੁੰਚਣਾ ਯਕੀਨੀ ਬਣਾਇਆ ਜਾ ਸਕੇ।

ਸਾਨੂੰ ਇਹ ਯਕੀਨੀ ਬਣਾਉਣ ਲਈ ਯੋਜਨਾ ਬਣਾਉਣ ਦੀ ਜ਼ਰੂਰਤ ਹੈ ਕਿ ਭਵਿਖ ਵਿਚ ਸਾਨੂੰ ਕਿਸ ਤਰ੍ਹਾਂ ਜੀਣਾ ਪੈਣਾ ਹੈ। ਇਸ ਨੂੰ ਲੈ ਕੇ ਕੋਈ ਵੀ ਸੋਚ-ਵਿਚਾਰ ਨਜ਼ਰ ਨਹੀਂ ਆ ਰਹੀ। ਇਸ ਦੀ ਖਾਤਰ ਸਾਨੂੰ ਲੋੜ ਹੈ ਦਿਮਾਗ ਦੀ। ਲੋੜ ਹੈ ਦਿਲ ਦੀ। ਲੋੜ ਹੈ ਜਵਾਬਦੇਹੀ ਦੀ। ਘਟੀਆ ਅਤੇ ਬੇਅਕਲੀ ਦੀ ਨੁਮਾਇਸ਼ ਬਥੇਰੀ ਲਾ ਲਈ।

*(ਅਨੁਵਾਦ: ਬੂਟਾ ਸਿੰਘ)*

## ਕਰੋਨਾ ਵਾਇਰਸ (ਕੋਵਿਡ-19) ਬਾਰੇ ਕੁਝ ਹੋਰ ਤੱਥ

# ਸਾਡਾ ਸਰੀਰ ਅਤੇ ਵਾਇਰਸ

***ਡਾ. ਗੁਰੁਮੇਲ ਸਿੱਧੂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਤੋਂ ਮਾਈਕਰੋਬੀਅਲ ਜੈਨੇਟਿਕਸ (Microbial Genetics) ਦੇ ਖੇਤਰ ਵਿਚ ਪੀਐਚ.ਡੀ. ਕੀਤੀ ਹੈ। ਉਨ੍ਹਾਂ ਦੀ ਖੋਜ ਦਾ ਵਿਸ਼ਾ ਹੋਸਟ-ਪੈਰਾਸਾਈਟ ਜੈਨੇਟਿਕਸ (Host-Parasite Genetics) ਹੈ। ਮੋਟੇ ਸ਼ਬਦਾਂ ਵਿਚ, ਇਕ ਕਿਟਾਣੂ (Parasite) ਕਿਸੇ ਮੇਜ਼ਬਾਨ (Host) ਵਿਚ ਕਿਵੇਂ ਬੀਮਾਰੀ ਪੈਦਾ ਕਰਦਾ ਹੈ? ਕਿਟਾਣੂਆਂ ਵਿਚ ਬੈਕਟੀਰੀਆ, ਉਲੀ, ਵਾਇਰਸ ਆਦਿ ਹੋ ਸਕਦੇ ਹਨ ਅਤੇ ਮੇਜ਼ਬਾਨ ਵਿਚ ਪਸੂ, ਪੌਦਾ ਜਾਂ ਇਨਸਾਨ ਹੋ ਸਕਦੇ ਹਨ। ਡਾ. ਸਿੱਧੂ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਕਿਟਾਣੂ ਅਤੇ ਮੇਜ਼ਬਾਨ ਦੇ ਜੀਨਜ਼ (Genes) ਵਿਚ ਮੁੱਠਭੇੜ ਹੁੰਦੀ ਹੈ, ਜੇ ਕਿਟਾਣੂ ਦੇ ਜੀਨਜ਼ ਜਿੱਤ ਜਾਣ ਤਾਂ ਬੀਮਾਰੀ ਹੋ ਜਾਂਦੀ ਹੈ ਤੇ ਜੇ ਮੇਜ਼ਬਾਨ ਦੇ ਜੀਨਜ਼ ਜਿੱਤ ਜਾਣ ਤਾਂ ਬਿਮਾਰੀ ਨਹੀਂ ਹੁੰਦੀ। ਇਸ ਖੋਜ 'ਚੋਂ ਜੀਨ ਫਾਰ ਜੀਨ (Gene for Gene) ਦਾ ਸੰਕਲਪ ਪੈਦਾ ਹੋਇਆ, ਜਿਸ ਵਿਚ ਡਾ. ਸਿੱਧੂ ਦਾ ਯੋਗਦਾਨ ਅਕਾਦਮਿਕ ਅਦਾਰਿਆਂ ਵਿਚ ਪ੍ਰਮਾਣਿਤ ਹੈ। ਆਪਣੀ ਖੋਜ ਦੇ ਆਧਾਰ 'ਤੇ ਉਨ੍ਹਾਂ ਨੇ ਵਿਸ਼ਵ ਭਰ ਦੀਆਂ ਕਈ ਕਾਨਫਰੰਸਾਂ ਵਿਚ ਹਿੱਸਾ ਲਿਆ ਹੈ। -ਸੰਪਾਦਕ***

ਬੰਦੇ ਦਾ ਸਰੀਰ ਵਾਇਰਸ ਅਤੇ ਬੈਕਟੀਰੀਆ ਦਾ ਥੈਲਾ ਹੈ। ਵਿਗਿਆਨਕ ਅੰਦਾਜ਼ੇ ਅਨੁਸਾਰ ਸਾਡੇ ਅੰਦਰ-ਬਾਹਰ 380 ਟ੍ਰਿਲੀਅਨ ਵਾਇਰਸ ਅਤੇ 38 ਟ੍ਰਿਲੀਅਨ ਬੈਕਟੀਰੀਆ ਦੀਆਂ ਨਸਲਾਂ (Species) ਹਨ। (ਟ੍ਰਿਲੀਅਨ= 100,000 ਕਰੋੜ)। ਇਕ ਬੰਦੇ ਦਾ ਸਰੀਰ ਔਸਤਨ 37.2 ਟ੍ਰਿਲੀਅਨ ਕੋਸ਼ਾਂ ਦਾ ਕੋਲਾਜ ਹੈ। ਇਸ ਦਾ ਅਰਥ ਇਹ ਹੋਇਆ ਕਿ ਇਕ ਕੋਸ਼ ਦੇ ਅੰਦਰ-ਬਾਹਰ ਹਜ਼ਾਰਾਂ ਹੀ ਵਾਇਰਸ ਦੇ ਕਣ (Particles) ਹਨ। ਜ਼ੁਕਾਮ (Flu) ਸਮੇਂ ਸਾਹ-ਪ੍ਰਬੰਧ (Respiratory System) ਦੇ ਹਰ ਕੋਸ਼ ਵਿਚ ਔਸਤਨ 10,000 ਵਾਇਰਸ ਦੇ ਕਣ ਹੁੰਦੇ ਹਨ, ਜੋ ਥੋੜ੍ਹੇ ਦਿਨਾਂ ਵਿਚ 100 ਟ੍ਰਿਲੀਅਨ ਤਕ ਪਹੁੰਚ ਸਕਦੇ ਹਨ। ਇਹ ਨੰਬਰ ਧਰਤੀ ਦੀ ਸਾਰੀ ਵਸੋਂ (7,577,130,400) ਨਾਲੋਂ ਕਿਤੇ ਵੱਧ ਹੈ। ਸਵਾਲ ਹੈ ਕਿ ਵਾਇਰਸ ਸਰੀਰ ਅੰਦਰ ਕੀ ਕਰਦੇ ਹਨ? ਇਹ ਬੈਕਟੀਰੀਆ ਨੂੰ ਖਾਂਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਬੈਕਟੀਰੀਓਫੇਜਿਜ਼ (Bacteriophages) ਕਹਿੰਦੇ ਹਨ। ਇਹ ਕਿਸੇ ਖਾਸ ਬੀਮਾਰੀ ਦਾ ਕਾਰਨ ਨਹੀਂ ਬਣਦੇ, ਇਸ ਲਈ ਸਾਡੇ ਲਈ ਲਾਭਦਾਇਕ ਹਨ। ਜਦ ਸਾਨੂੰ ਬੈਕਟੀਰੀਆ ਕਾਰਨ ਤਪਦਿਕ/ਟਿਊਬਰਕਲੋਸਿਜ਼, ਕੋਲਰਾ/ਹੈਜ਼ਾ, ਕੋਹੜ/ਲੈਪਰੋਸੀ, ਸ਼ਿਫਲਸ/ਆਤਸ਼ਕ ਆਦਿ, ਬੀਮਾਰੀਆਂ ਲਗਦੀਆਂ ਹਨ ਤਾਂ ਅਸੀਂ ਐਂਟੀਬਾਓਟਿਕਸ (Antibiotics) ਦੀ ਵਰਤੋਂ ਕਰਦੇ ਹਾਂ। ਐਂਟੀਬਾਓਟਿਕਸ ਲਾਭਦਾਇਕ

**ਡਾ. ਗੁਰੁਮੇਲ ਸਿੱਧੂ**
gurmel.sidhu@gmail.com

ਅਤੇ ਖਤਰਨਾਕ ਬੈਕਟੀਰੀਆ ਵਿਚਲੇ ਅੰਤਰ ਨੂੰ ਨਹੀਂ ਸਮਝਦੇ, ਸਭ ਨੂੰ ਮਾਰਦੇ ਹਨ; ਫਲਸਰੂਪ ਸਰੀਰ ਅੰਦਰ ਵਾਇਰਸ ਦੀ ਖੁਰਾਕ 'ਤੇ ਅਸਰ ਪੈਂਦਾ ਹੈ। ਅਜਿਹੀ ਸਥਿਤੀ ਵਿਚ ਅੰਦਰਲੇ ਵਾਇਸ ਸਾਡੇ ਲਈ ਖਤਰਨਾਕ ਸਾਬਤ ਹੋ ਸਕਦੇ ਹਨ, ਪਰ ਬੀਮਾਰੀ ਪੈਦਾ ਕਰਨ ਵਾਲੇ ਵਾਇਰਸ ਅਕਸਰ ਬਾਹਰੋਂ ਲਗਦੇ ਹਨ ਜਿਵੇਂ, ਕਰੋਨਾ ਵਾਇਰਸ (ਕੋਵਿਡ-19)।

ਕਰੋਨਾ ਵਾਇਰਸ ਦੇ ਕੁਨਬੇ ਵਿਚ ਕਰੀਬ 39 ਨਸਲਾਂ (Species) ਹਨ, ਜਿਨ੍ਹਾਂ 'ਚੋਂ ਸੱਤ ਇਨਸਾਨਾਂ ਵਿਚ ਬੀਮਾਰੀਆਂ ਪੈਦਾ ਕਰਦੀਆਂ ਹਨ। ਚਾਰ ਮਾੜੀ-ਮੋਟੀ ਬੀਮਾਰੀ ਦਾ ਕਾਰਨ ਬਣਦੀਆਂ ਹਨ ਜਿਵੇਂ, ਜ਼ੁਕਾਮ (Common cold) ਅਤੇ ਤਿੰਨ ਮਾਰੂ ਤੇ ਘਾਤਕ ਬੀਮਾਰੀਆਂ ਦੀ ਜੜ੍ਹ ਹਨ। ਇਹ ਹਨ: ਸਾਰਸ-ਕਰੋਨਾ ਵਾਇਰਸ (SARS-CoV), ਮਰਜ਼ ਕਰੋਨਾ ਵਾਇਰਸ (MERS-CoV) ਅਤੇ ਸਾਰਸ ਕਰੋਨਾ ਵਾਇਰਸ-2 (SARS-CoV-2) ਜਿਸ ਦਾ ਨਵਾਂ ਨਾਂ ਕੋਵਿਡ-19 ਹੈ। ਇਹ ਸਭ ਸਾਹ-ਪ੍ਰਬੰਧ (Respiratory System) ਦੀਆਂ ਬੀਮਾਰੀਆਂ ਹਨ।

ਸਾਰਸ ਅਤੇ ਕੋਵਿਡ-19 ਚਚੇਰੀਆਂ ਭੈਣਾਂ ਹਨ, ਕਿਉਂਕਿ ਇਨ੍ਹਾਂ ਦੀ ਜੈਨੇਟਿਕ ਬਣਤਰ ਵਿਚ 79% ਸਮਾਨਤਾ ਹੈ। ਸਾਰਸ ਫਰਵਰੀ 2003 ਵਿਚ ਚੀਨ ਵਿਚੋਂ ਫੈਲੀ, ਜਿਸ ਕਾਰਨ 8,098 ਬੰਦੇ ਬੀਮਾਰ ਹੋਏ ਤੇ ਇਨ੍ਹਾਂ 'ਚੋਂ 774 ਦੀ ਮੌਤ ਹੋਈ (=10%)। ਮਰਜ਼ ਸਤੰਬਰ 2012 ਵਿਚ ਸਾਊਦੀ ਅਰਬ ਵਿਖੇ ਫੈਲੀ ਅਤੇ ਇਸ ਨਾਲ 2494 ਬੰਦੇ ਬੀਮਾਰ ਹੋਏ ਤੇ 858 ਦੀ ਮੌਤ ਹੋਈ (=34%)। ਕੋਵਿਡ-19 ਵੀ ਚੀਨ ਤੋਂ ਸ਼ੁਰੂ ਹੋਈ ਤੇ ਜੰਗਲ ਦੀ ਅੱਗ ਵਾਂਗ ਸਾਰੇ ਸੰਸਾਰ ਵਿਚ ਫੈਲ ਗਈ। ਅੱਜ ਦੇ ਅੰਕੜਿਆਂ ਅਨੁਸਾਰ ਇਸ ਨਾਲ 3.66 ਮਿਲੀਅਨ ਬੰਦੇ ਬੀਮਾਰ ਹੋਏ, ਜਿਨ੍ਹਾਂ 'ਚੋਂ 1.2 ਮਿਲੀਅਨ ਬਚ ਗਏ ਤੇ ਕਰੀਬ 2,60,000 ਦੀ ਮੌਤ ਹੋਈ। ਅਮਰੀਕਾ ਵਿਚ ਹੁਣ ਤਕ 1.17 ਮਿਲੀਅਨ ਬੀਮਾਰ ਹੋਏ ਹਨ, ਜਿਨ੍ਹਾਂ 'ਚੋਂ 1,52,000 ਤੋਂ ਵੱਧ ਰਾਜ਼ੀ ਹੋ ਗਏ ਅਤੇ ਕਰੀਬ 67,300 ਦੀ ਮੌਤ ਹੋ ਗਈ ਹੈ (=5.7%)। ਸਿੱਧ ਹੈ ਕਿ ਦੂਜੇ ਦੋ ਵਾਇਰਸ ਨਾਲੋਂ ਕੋਵਿਡ-19 ਨਾਲ ਘੱਟ ਬੰਦੇ ਮਰੇ ਹਨ। ਇਨ੍ਹਾਂ ਤਿੰਨਾਂ ਬਾਰੇ ਸੰਖੇਪ ਜਿਹੀ ਵਾਕਫੀਅਤ ਹੇਠ ਦਰਜ ਹੈ:

**ਸਾਰਸ (SARS= Severe Acute Respiratory Syndrome)**

1. ਪਹਿਲਾਂ ਸੁੱਕੀ ਖੰਘ ਤੇ ਫੇਰ ਬਲਗਮ
2. ਤਾਪ
3. ਮਰੋੜ
4. ਕਿਸੇ ਹੋਰ ਬੀਮਾਰੀ ਦੇ ਸ਼ਿਕਾਰ ਲੋਕਾਂ ਨੂੰ ਵਧੇਰੇ ਚੰਬੜਦੀ ਹੈ
5. ਲੱਗਣ ਦਾ ਜ਼ਰੀਆ-ਖੰਘ, ਛਿੱਕ, ਸਾਹ ਲੈਣਾ
6. ਸ਼ੂਗਰ-ਰੋਗ, ਖੂਨ ਦੇ ਦਬਾਅ ਤੇ ਮੁਸਾਮਿਆਂ ਦੀ ਬੀਮਾਰੀ ਵਾਲੇ ਰੋਗੀਆਂ ਨੂੰ ਵੱਧ ਖਤਰਾ
7. ਹਰ ਉਮਰ ਦੇ ਬੰਦਿਆਂ ਨੂੰ ਲੱਗਦੀ ਹੈ, ਪਰ 60 ਸਾਲ ਤੋਂ ਉਪਰ ਲਈ ਵਧੇਰੇ ਖਤਰਨਾਕ।

**ਮਰਜ਼ (MERS= Middle East Respiratory Syndrome**

1. ਬੁਖਾਰ
2. ਖੰਘ
3. ਸਾਹ ਚੜ੍ਹਨਾ
4. ਪੱਠਿਆਂ ਦਾ ਦਰਦ
5. ਦਸਤ ਲਗਣਾ ਤੇ ਉਲਟੀਆਂ ਦਾ ਆਉਣਾ
6. ਨਿਮੋਨੀਆ
7. ਲੱਗਣ ਦਾ ਜ਼ਰੀਆ-ਖੰਘ ਅਤੇ ਲਾਗਾ
8. ਸੱਠ ਸਾਲ ਤੋਂ ਉਪਰ, ਸ਼ੱਕਰ-ਰੋਗ, ਖੂਨ ਦਾ ਦਬਾਉ ਤੇ ਮੁਸਾਮਿਆਂ ਦੀ ਬੀਮਾਰੀ ਦੇ ਰੋਗੀਆਂ ਲਈ ਵੱਧ ਖਤਰਾ।

**ਕੋਵਿਡ-19**

**(SARS-CoV-2=COVID-19)**

1. ਸੁੱਕੀ ਖੰਘ
2. ਬੁਖਾਰ
3. ਸਾਹ ਚੜ੍ਹਨਾ
4. ਲੱਗਣ ਦਾ ਜ਼ਰੀਆ-ਖੰਘ ਤੇ ਛਿੱਕ ਨਾਲ ਪੈਦਾ ਹੋਏ ਮਹੀਨ ਪ੍ਰਮਾਣੂ ਅਤੇ ਲਾਗੇ ਖੜ੍ਹ ਕੇ ਗੱਲਾਂ ਕਰਨਾ
5. ਕਿਸੇ ਵੀ ਉਮਰ ਦੇ ਬੰਦੇ ਨੂੰ ਲੱਗ ਸਕਦੀ ਹੈ
6. ਸੱਠ ਸਾਲ ਤੋਂ ਉਪਰ, ਸ਼ੱਕਰ ਰੋਗ, ਬਲੱਡ ਪ੍ਰੈਸ਼ਰ ਤੇ ਮੁਸਮਿਆਂ ਦੀ ਬੀਮਾਰੀ ਦੇ ਰੋਗੀਆਂ ਲਈ ਵੱਧ ਘਾਤਕ
9. ਅਜੇ ਤਕ ਕੋਈ ਵੈਕਸੀਨ ਨਹੀਂ, ਪਰ ਅਨੇਕ ਅਦਾਰੇ ਕੋਸ਼ਿਸ਼ ਕਰ ਰਹੇ ਹਨ।

ਉਪਰੋਕਤ ਵਾਇਰਸ ਚਮਗਿੱਦੜਾਂ ਤੋਂ ਸ਼ੁਰੂ ਹੋਏ।

ਪੌਦਿਆਂ ਅਤੇ ਜਾਨਵਰਾਂ ਨੂੰ ਲੱਗਣ ਵਾਲੇ ਵਾਇਰਸ ਦੀਆਂ ਨਸਲਾਂ ਵੱਖਰੀਆਂ ਹਨ, ਭਾਵ ਇਹ ਕਿ ਇਨ੍ਹਾਂ ਦੀਆਂ ਜਿਨਸਾਂ (Subspecies) ਵਿਚ ਫਰਕ ਹੈ। ਬੰਦੇ ਨੂੰ ਬੀਮਾਰ ਕਰਨ ਵਾਲੇ ਵਾਇਰਸ, ਅਕਸਰ ਗਰਮ ਖੂਨ ਅਤੇ ਦੁੱਧ ਦੇਣ ਵਾਲੇ ਜਾਨਵਰਾਂ (Mammals) ਵਿਚ ਹੁੰਦੇ ਹਨ। ਬੰਦੇ ਨੂੰ ਲੱਗਣ ਤੋਂ ਪਹਿਲਾਂ ਇਹ ਕਿਸੇ ਹੋਰ ਜਾਨਵਰ ਨੂੰ ਚੰਬੜਦੇ ਹਨ। ਸਾਰਸ ਚਮਗਿੱਦੜਾਂ ਤੋਂ ਮੁਸ਼ਕਬਿੱਲਿਆਂ (Civet cats) ਨੂੰ ਲੱਗਾ ਤੇ ਮੁਸ਼ਕਬਿੱਲਿਆਂ ਤੋਂ ਬੰਦਿਆਂ ਵਿਚ ਫੈਲਿਆ। ਯਾਦ ਰਹੇ, ਚੀਨੀ ਲੋਕ ਮੁਸ਼ਕਬਿੱਲੇ ਦੇ ਗੋਸ਼ਤ ਨੂੰ ਬੜੇ ਸ਼ੌਕ ਨਾਲ ਖਾਂਦੇ ਹਨ। ਮਰਜ਼ ਵਾਇਰਸ ਚਮਗਿੱਦੜਾਂ ਤੋਂ ਊਠਾਂ ਨੂੰ ਲੱਗਾ, ਜਿਨ੍ਹਾਂ ਤੋਂ ਅਰਬੀ ਬੰਦਿਆਂ ਨੂੰ ਚੰਬੜ ਗਿਆ। ਅਰਬੀ ਲੋਕ ਊਠ ਦਾ ਮਾਸ ਖਾਂਦੇ ਹਨ। ਕੋਵਿਡ-19 ਵੀ ਚਮਗਿੱਦੜਾਂ ਤੋਂ ਬੰਦਿਆਂ ਨੂੰ ਲੱਗਾ। ਸਵਾਲ ਹੈ ਕਿ ਵਾਇਰਸ ਚਮਗਿੱਦੜਾਂ ਨੂੰ ਕਿਉਂ ਨਹੀਂ ਮਾਰਦੇ? ਚਮਗਿੱਦੜ ਇਕੋ ਇਕ ਥਣਧਾਰੀ ਜਾਨਵਰ ਹੈ, ਜੋ ਉਡਦਾ ਹੈ ਤੇ ਇਕ ਥਾਂ ਟਿਕ ਕੇ ਨਹੀਂ ਬੈਠਦਾ। ਥਾਂ ਬਦਲੀ ਨਾਲ ਇਨ੍ਹਾਂ ਦਾ ਵਾਤਾਵਰਣ ਅਤੇ ਖੁਰਾਕ ਦੇ ਸਾਧਨ ਬਦਲ ਜਾਂਦੇ ਹਨ, ਫਲਸਰੂਪ ਇਨ੍ਹਾਂ ਵਿਚ ਜੈਨੇਟਿਕ-ਵਖਰਾਓ (Genetic variation) ਪੈਦਾ ਹੋ ਗਿਆ ਹੈ। ਭਾਵ ਇਹ ਕਿ ਇਨ੍ਹਾਂ ਦੇ ਜੀਨਜ਼ (Genes) ਵਿਚ ਫਰਕ ਹੋਣ ਕਰਕੇ ਵਾਇਰਸ ਸਭ ਨੂੰ ਨਹੀਂ ਲਗਦੀ/ਮਾਰਦੀ।

ਜਾਨਵਰਾਂ ਨੂੰ ਲੱਗਣ ਵਾਲੇ ਵਾਇਰਸ ਦਾ ਨਿਕਾਸ ਤੇ ਵਿਕਾਸ ਦੋ ਪਹਿਲੂਆਂ 'ਤੇ ਨਿਰਭਰ ਹੈ। ਪਹਿਲਾ, ਜਾਨਵਰ ਲਈ ਵਾਇਰਸ ਕਿੰਨੀ ਕੁ ਘਾਤਕ (Pathogenic) ਹੈ ਅਤੇ ਦੂਜਾ, ਜਾਨਵਰ ਦਾ ਰੋਗ-ਸੁਰੱਖਿਅਤ ਪ੍ਰਬੰਧ (Immune System) ਕਿੰਨਾ ਕੁ ਤਗੜਾ ਹੈ। ਪਹਿਲੀ ਵਾਰ ਲੱਗਣ ਸਾਰ ਵਾਇਸ ਦਾ ਘਾਤਕ ਹੋਣਾ ਬੜਾ ਸੁਭਾਵਿਕ ਹੈ, ਪਰ ਜਾਨਵਰਾਂ ਵਿਚ ਕੁਝ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਵਿਚ ਬੀਮਰੀ ਨੂੰ ਰੋਕਣ ਦੇ ਜੀਨਜ਼ (Genes/Antibodies) ਦਾ ਵਿਕਾਸ ਹੋ ਚੁਕਾ ਹੁੰਦਾ ਹੈ। ਡਾਰਵਿਨ ਦੇ ਵਿਕਾਸ ਦੇ ਸਿਧਾਂਤ (Theory of Evolution) ਅਨੁਸਾਰ ਇਸ ਕਾਬਲੀਅਤ ਨੂੰ 'ਯੋਗਤਾ ਦੀ ਜੈ' (Survival of the fittest) ਕਹਿੰਦੇ ਹਨ-ਭਾਵ ਤਗੜੇ ਬਚ ਜਾਂਦੇ ਹਨ ਤੇ ਕਮਜ਼ੋਰ ਮਾਰੇ ਜਾਂਦੇ ਹਨ। ਸਵਾਲ ਹੈ ਕਿ ਜੇ ਵਾਇਰਸ ਸਾਰੇ ਜਾਨਵਰਾਂ ਨੂੰ ਮਾਰ ਦੇਵੇ ਤਾਂ ਉਸ ਦੇ ਨਿਰਵਾਹ ਦਾ ਕੀ ਬਣੇਗਾ? ਇਸ ਲਈ ਕੋਈ ਬੀਮਾਰੀ (Parasite) ਕਦੇ ਵੀ ਆਪਣੇ ਮੇਜ਼ਵਾਨ (Host) ਨੂੰ ਮੂਲੋਂ ਨਸ਼ਟ ਨਹੀਂ ਕਰਦੀ, ਕਿਉਂਕਿ ਇਸ ਵਿਚ ਉਸ ਦੀ ਆਪਣੀ ਮੌਤ ਲੁਕੀ ਹੋਈ ਹੈ। ਇਹ ਟਾਹਣੇ 'ਤੇ ਬਹਿ ਕੇ ਟਾਹਣਾ ਕੱਟਣ ਵਾਲੀ ਗੱਲ ਹੋਵੇਗੀ।

ਚੀਨ ਵਿਚ ਵਾਇਰਸ ਦੀ ਮਾਹਰ, ਸ਼ੀ ਜ਼ੈਂਗੀ (Virologist Shi Zhengli) ਦੀ ਖੋਜ ਨੇ ਸਿੱਧ ਕੀਤਾ ਕਿ ਕਰੋਨਾ ਵਾਇਰਸ ਚਮਗਿੱਦੜਾਂ ਤੋਂ ਸ਼ੁਰੂ ਹੋਏ। ਉਸ ਨੇ ਸਾਲਾਂਬੱਧੀ ਚਮਗਿੱਦੜਾਂ ਦੀਆਂ ਗੁਫਾਵਾਂ ਦੀ ਖੋਜ ਕਰਕੇ ਮਾਲੂਮ ਕੀਤਾ ਕਿ ਚਮਗਿੱਦੜਾਂ ਵਿਚ ਕਰੋਨਾ ਵਾਇਰਸ ਦੇ ਵਿਰੁੱਧ ਐਂਟੀਬੌਡੀਜ਼ (antibodies) ਹਨ। ਐਂਟੀਬੌਡੀਜ਼ ਵਾਇਰਸ ਦੇ ਲਾਗੇ ਤੋਂ ਬਾਅਦ ਪੈਦਾ ਹੁੰਦੀਆਂ ਹਨ। ਚਮਗਿੱਦੜਾਂ ਦੀ ਮਾਹਰ ਹੋਣ ਕਰਕੇ ਸ਼ੀ ਜ਼ੈਂਗੀ ਨੂੰ 'ਬੈਟ ਵੂਮਨ' (Bat women) ਕਿਹਾ ਜਾਂਦਾ ਹੈ।

**ਕੋਵਿਡ-19 ਵਿਰੁੱਧ ਵੈਕਸੀਨ ਦੀ ਭਾਲ**

ਵੈਕਸੀਨ ਕੀ ਹੈ? ਇਹ ਉਹ ਤੱਤ (ਪ੍ਰੋਟੀਨ) ਹੈ, ਜੋ ਸਰੀਰ ਅੰਦਰ ਬੀਮਾਰੀ ਵਿਰੁੱਧ ਐਂਟੀਬੌਡੀਜ਼ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। ਕੋਵਿਡ-19 ਦੀ ਮਾਹਾਮਾਰੀ ਨੂੰ ਰੋਕਣ ਲਈ ਦੁਨੀਆਂ ਭਰ ਦੀਆਂ ਬਾਇਓਜੈਨੇਟਿਕ (Biogenetic) ਕੰਪਨੀਆਂ ਅਤੇ ਯੂਨੀਵਰਸਿਟੀਆਂ ਦੇ ਅਕਾਦਮਿਕ ਅਦਾਰੇ ਵੈਕਸੀਨ ਲੱਭਣ ਵਿਚ ਲੱਗੇ ਹੋਏ ਹਨ। ਵੈਕਸੀਨ ਬਣਾਉਣ ਲਈ ਹੇਠ ਲਿਖੇ ਤਰੀਕੇ ਵਰਤੇ ਜਾ ਰਹੇ ਹਨ:

1. ਵਾਇਰਸ ਦੇ ਕਣਾਂ ਨੂੰ ਨਸ਼ਟ ਕਰਕੇ ਟੀਕਾ ਤਿਆਰ ਕਰਨਾ।
2. ਵਾਇਰਸ ਦੇ ਆਰ. ਐਨ. ਏ. ਦੇ ਟੋਟੇ ਕਰਕੇ ਸਰੀਰ ਅੰਦਰ ਚਾੜ੍ਹਨਾ।
3. ਵਾਇਰਸ ਤੋਂ ਬਚੇ ਬੰਦਿਆਂ ਦੇ ਪਲਾਜ਼ਮਾ (Plasma) ਵਿਚੋਂ ਐਂਟੀਬੌਡੀਜ਼ ਕੱਢ ਕੇ ਬੀਮਾਰ ਬੰਦਿਆਂ ਵਿਚ ਦਾਗਣਾ।
4. ਵਾਇਰਸ ਵਿਰੁੱਧ ਪਹਿਲਾਂ ਵਰਤੇ ਗਏ ਵੈਕਸੀਨ ਅਤੇ ਦਵਾਈਆਂ ਨੂੰ ਅਜ਼ਮਾਉਣਾ।

ਵਰਲਡ ਹੈਲਥ ਆਰਗੇਨਾਈਜੇਸ਼ਨ (WHO) ਅਨੁਸਾਰ ਹੁਣ ਤਕ 100 ਕੁ ਕੰਪਨੀਆਂ ਅਤੇ ਯੂਨੀਵਰਸਿਟੀਆਂ ਦੇ ਖੋਜ ਕੇਂਦਰਾਂ ਵਿਚ ਵੈਕਸੀਨ ਲੱਭਣ ਲਈ ਦੌੜ ਲੱਗੀ ਹੋਈ ਹੈ। ਇਨ੍ਹਾਂ 'ਚੋਂ ਕੁਝ ਨੂੰ ਕਾਮਯਾਬੀ ਮਿਲੀ ਹੈ। ਬੋਸਟਨ ਦੀ ਬਾਇਓਟਿਕ ਕੰਪਨੀ 'ਮੌਡਰਨਾ ਥੈਰਾਪਿਔਟਿਕਸ' (Moderna Therapeutics) ਨੇ ਇਨਸਾਨਾਂ 'ਤੇ ਤਜਰਬੇ ਸ਼ੁਰੂ ਕੀਤੇ ਹਨ। ਕੰਪਨੀ ਨੇ ਜਨਵਰੀ ਦੇ ਅੱਧ ਵਿਚ ਕੋਵਿਡ-19 ਦੇ ਵੈਕਸੀਨ ਨੂੰ ਟੈਸਟ ਕਰਨ ਲਈ ਚੀਨ ਦੇ ਖੋਜੀਆਂ ਨੂੰ ਭੇਜਿਆ ਸੀ। ਚੀਨ ਵਿਚ ਕੁਝ ਸਫਲਤਾ ਪਿਛੋਂ ਅਮਰੀਕਾ ਦੀ ਨਾਇਡ ਸੰਸਥਾ (NIAID=National Institute of Allergy and Infectious Disease) ਨੇ ਇਸ ਵੈਕਸੀਨ ਨੂੰ ਇਨਸਾਨਾਂ 'ਤੇ ਟੈਸਟ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਵੈਕਸੀਨ ਕੋਵਿਡ-19 ਦੇ ਮੈਸਿੰਗਰ ਆਰ. ਐਨ. ਏ. (mRNA) ਤੋਂ ਬਣਾਇਆ ਗਿਆ ਹੈ। ਉਮੀਦ ਹੈ, ਇਹ ਇਨਸਾਨ ਦੇ ਸਰੀਰ ਵਿਚ ਢੇਰ ਸਾਰੀਆਂ ਪ੍ਰੋਟੀਨਜ਼ (ਐਂਟੀਬੌਡੀਜ਼) ਪੈਦਾ ਕਰੇਗਾ, ਜੋ ਰੋਗ-ਸੁਰੱਖਿਅਤ ਪ੍ਰਬੰਧ ਨੂੰ ਤਗੜਾ ਕਰਨਗੀਆਂ। 'ਮੌਡਰਨਾ ਕੰਪਨੀ' ਦੇ ਪ੍ਰੈਜ਼ੀਡੈਂਟ ਡਾ. ਸਟੀਫਮ ਹੋਗਨ ਨੇ ਦੱਸਿਆ,

"mRNA is really like a software molecule in biology. So our vaccine is like the software program to the body, which then goes and makes the (viral) proteins that can generate an immune response." Leading to the production of antibodies.

ਯੂਨੀਵਰਸਿਟੀ ਆਫ ਪਿਟਸਬਰਗ (University of Pittsburgh) ਦੇ ਵਿਗਿਆਨੀਆਂ ਨੇ ਕਰੋਨਾ ਵਾਇਰਸ ਦਾ ਸੰਭਵ ਵੈਕਸੀਨ ਲੱਭ ਲਿਆ ਹੈ। ਇਸ ਵੈਕਸੀਨ ਨੂੰ ਟੀਕੇ ਵਾਂਗ ਨਹੀਂ, ਪੈਚ (Band-Aid Patch) ਰਾਹੀਂ ਸਰੀਰ ਵਿਚ ਦਾਗਿਆ ਜਾਵੇਗਾ। ਇਹ ਪੈਚ ਵਾਇਰਸ ਨੂੰ ਕੰਟਰੋਲ ਕਰਨ ਵਾਲੀਆਂ ਐਂਟੀਬੌਡੀਜ਼ ਪੈਦਾ ਕਰੇਗਾ। ਪੈਚ ਨੂੰ ਚੂਹਿਆਂ 'ਤੇ ਕਾਮਯਾਬੀ ਨਾਲ ਟੈਸਟ ਕੀਤਾ ਗਿਆ ਹੈ ਤੇ ਹੁਣ ਇਨਸਾਨਾਂ 'ਤੇ ਟੈਸਟ ਕੀਤਾ ਜਾ ਰਿਹਾ ਹੈ। ਪੈਚ ਵਿਚ ਸ਼ੂਗਰ ਅਤੇ ਪ੍ਰੋਟੀਨ ਦੀਆਂ 400 ਮਹੀਨ ਸੂਈਆਂ (Microneedles) ਹਨ। ਇਹ ਸੂਈਆਂ ਸਰੀਰ ਵਿਚ ਰੋਗ-ਸੁਰੱਖਿਅਤ ਪ੍ਰਬੰਧ ਨੂੰ ਉਤੇਜਿਤ ਕਰ ਦਿੰਦੀਆਂ ਹਨ ਤੇ ਐਂਟੀਬੌਡੀਜ਼ ਪੈਦਾ ਹੋਣ ਲੱਗ ਪੈਂਦੀਆਂ ਹਨ। ਕਿਉਂਕਿ ਕੋਵਿਡ-19 ਮਹਾਮਾਰੀ ਦਾ ਰੂਪ ਧਾਰ ਗਈ ਹੈ, ਇਸ ਲਈ ਐਫ. ਡੀ. ਏ. (FDA=Food and Drug Administration) ਵੈਕਸੀਨ ਨੂੰ ਬਿਨਾ ਕਿਸੇ ਅੜਚਣ ਤੋਂ ਮਨਜ਼ੂਰੀ ਦੇ ਦੇਵੇਗੀ ਅਤੇ ਕੁਝ ਮਹੀਨਿਆਂ ਵਿਚ ਇਨਸਾਨਾਂ ਲਈ ਵਰਤੀ ਜਾਵੇਗੀ। ਵਿਗਿਆਨੀਆਂ ਨੇ ਏਦਾਂ ਦੇ ਤਜਰਬਿਆਂ ਰਾਹੀਂ ਸਾਰਸ ਅਤੇ ਮਰਜ਼ ਲਈ ਵੈਕਸੀਨ ਈਜਾਦ ਕੀਤੇ ਸਨ। ਇਹ ਦੋਵੇਂ ਕੋਵਿਡ-19 ਨਾਲ ਮਿਲਦੇ-ਜੁਲਦੇ ਹਨ, ਭਾਵ ਇਨ੍ਹਾਂ ਦੇ ਆਰ. ਐਨ. ਏ. ਵਿਚ ਥੋੜ੍ਹਾ ਜਿਹਾ ਫਰਕ ਹੈ।

ਇੰਗਲੈਂਡ ਦੀ ਔਕਸਫੋਰਡ ਯੂਨੀਵਰਸਿਟੀ ਨੇ ਕਰੋਨਾ ਵਾਇਰਸ ਦੇ ਆਰ. ਐਨ. ਏ. ਨੂੰ ਨਿਕੰਮਾ ਬਣਾ (Neutrize) ਕੇ ਜ਼ੁਕਾਮ ਦੀ ਵਾਇਰਸ ਦੇ ਆਰ. ਐਨ. ਏ. ਵਿਚ ਜੜਿਆ ਹੈ। ਇਕ ਤਰ੍ਹਾਂ ਨਾਲ ਦੋਗਲੀ ਵਾਇਰਸ (Hybridised) ਬਣਾ ਲਈ ਹੈ, ਜੋ ਬੰਦਿਆਂ ਵਿਚ ਫੈਲ ਨਹੀਂ ਸਕਦੀ, ਪਰ ਕੋਵਿਡ-19 ਦਾ ਭੁਲੇਖਾ ਪਾਵੇਗੀ। ਫਲਸਰੂਪ, ਬੰਦੇ ਦੇ ਰੋਗ-ਸੁਰੱਖਿਅਤ ਪ੍ਰਬੰਧ ਨੂੰ ਉਤੇਜਿਤ ਕਰੇਗੀ। ਇਸ ਵੈਕਸੀਨ ਨੂੰ ਬਾਂਦਰਾਂ 'ਤੇ ਟੈਸਟ ਕੀਤਾ ਗਿਆ ਹੈ, ਜਿਨ੍ਹਾਂ ਵਿਚ ਕੋਵਿਡ-19 ਦੀ ਭਾਰੀ ਮਿਕਦਾਰ ਦਾਗੀ ਗਈ ਸੀ। ਵੈਕਸੀਨ ਨੇ ਬਾਂਦਰਾਂ ਨੂੰ ਬਚਾਅ ਲਿਆ ਹੈ ਤੇ ਹੁਣ ਬੰਦਿਆਂ 'ਤੇ ਅਜ਼ਮਾਉਣਾ ਸ਼ੁਰੂ ਕਰ ਦਿੱਤਾ ਹੈ। ਕਰੋਨਾ ਦੇ 556 ਰੋਗੀਆਂ ਵਿਚ ਦਾਗਿਆ ਗਿਆ ਅਤੇ 556 ਨੂੰ ਮਸਨੂਈ ਵੈਕਸੀਨ ਦਿੱਤਾ ਗਿਆ ਹੈ। ਇਸ ਤਜਰਬੇ ਦਾ ਰੋਗੀਆਂ ਨੂੰ ਕੋਈ ਗਿਆਨ ਨਹੀਂ। ਔਕਸਫੋਰਡ ਦੀ ਟੀਮ ਨੂੰ 80% ਕਾਮਯਾਬੀ ਦੀ ਉਮੀਦ ਹੈ। ਸਤੰਬਰ 2020 ਤਕ ਇਕ ਮਿਲੀਅਨ ਟੀਕੇ ਬਣਾ ਲਏ ਜਾਣਗੇ ਤੇ ਪਤਝੜ 2020 ਤਕ ਵੱਡੇ ਪੱਧਰ 'ਤੇ ਵੰਡੇ ਜਾਣਗੇ।

ਬ੍ਰਿਟਿਸ਼ ਗੌਰਮਿੰਟ ਦੇ ਮੁੱਖ ਮੈਡੀਕਲ ਅਫਸਰ ਕ੍ਰਿਸ ਵਾਈਟੀ ਦਾ ਕਹਿਣਾ ਹੈ, "If people are hoping it's suddenly going to move from where we are in lockdown to where suddenly into everything is gone, that is a wholly unrealistic expectation."

ਉਪਰੋਕਤ ਅਦਾਰਿਆਂ ਤੋਂ ਇਲਾਵਾ ਕਈ ਹੋਰ ਕੰਪਨੀਆਂ ਵੀ ਵੈਕਸੀਨ/ਦਵਾਈਆਂ ਤਿਆਰ ਕਰਨ ਵਿਚ ਲੱਗੀਆਂ ਹੋਈਆਂ ਹਨ।

1. ਗਿਲੀਅਡ ਸਾਇੰਸਿਜ਼ (Gilead Sciences) ਵਲੋਂ ਰੈਮਡੀਜ਼ੀਵੀਅਰ (Remdesivir) ਨੂੰ ਟੈਸਟ ਕੀਤਾ ਜਾ ਰਿਹਾ ਹੈ। ਕੰਪਨੀ ਨੇ ਕਰੋਨਾ ਵਾਇਰਸ ਵਾਲੇ 1000 ਬੰਦੇ ਚੁਣੇ ਹਨ। ਯਾਦ ਰਹੇ, ਰੈਮਡੀਜ਼ੀਵੀਅਰ ਈਬੋਲਾ ਵਾਇਰਸ ਲਈ ਵਰਤੀ ਜਾਂਦੀ ਹੈ।
2. ਐਸਕਲੈਟਿਸ ਫਾਰਮਾ (Ascletis Pharma) ਵਲੋਂ ਐਚ. ਆਈ. ਵੀ. (HIV) ਵਾਇਰਸ ਅਤੇ ਹੈਪੇਟਾਇਟਸ-ਸੀ (Hepatitis-C) ਦੇ ਵੈਕਸੀਨਾਂ ਦਾ ਮਿਲਗੋਭਾ ਟੈਸਟ ਕੀਤਾ ਜਾ ਰਿਹਾ ਹੈ। ਇਹ 11 ਬੰਦਿਆਂ 'ਤੇ ਟੈਸਟ ਕੀਤਾ ਹੈ, ਜੋ ਨਿਮੋਨੀਆ ਦੇ ਸ਼ਿਕਾਰ ਸਨ। ਯਾਦ ਰਹੇ, ਆਖੀਰ ਵਿਚ ਕੋਵਿਡ-19 ਵੀ ਨਿਮੋਨੀਆ ਜਿਹੀ ਹਾਲਤ ਪੈਦਾ ਕਰ ਦਿੰਦੀ ਹੈ।
3. ਕੈਨਸੀਨੋ ਬਾਇਓਲੋਜਿਕਸ (CanSino Biologics) ਨੇ ਕੋਵਿਡ-19 ਦੇ ਆਰ. ਐਨ. ਏ. ਦੇ ਛੋਟੇ ਛੋਟੇ ਟੁਕੜਿਆਂ ਨੂੰ ਇਕ ਗੈਰ-ਖਤਰਨਾਕ ਵਾਇਰਸ ਦੇ ਆਰ. ਐਨ. ਏ. ਨਾਲ ਨੱਥੀ ਕਰਕੇ ਤੰਦਰੁਸਤ ਬੰਦਿਆਂ ਵਿਚ ਦਾਗਿਆ ਹੈ। ਉਮੀਦ ਹੈ, ਇਹ ਮਿਸ਼ਰਣ ਐਂਟੀਬੌਡੀਜ਼ ਪੈਦਾ ਕਰਕੇ ਕਰੋਨਾ ਵਾਇਰਸ ਨੂੰ ਮਾਰਨ ਵਿਚ ਸਹਾਈ ਹੋਵੇਗਾ।
4. ਅਰਕਚੂਰਸ ਥੈਰਾਪਿਊਟਿਕਸ (Arcturus Therapeutics) ਨੇ ਵਾਇਰਸ ਦੇ ਆਰ. ਐਨ. ਏ. ਵਿਚ ਤਬਦੀਲੀ ਕਰਕੇ (Engineered) ਵੈਕਸੀਨ ਬਣਾਈ ਹੈ। ਤਬਦੀਲ ਕੀਤੇ ਆਰ. ਐਨ. ਏ. ਨੂੰ ਲਿਪਡ (Lipid) ਦੇ ਮਹੀਨ ਕਣਾਂ (Particles) ਵਿਚ ਲਪੇਟ ਕੇ ਇਨਸਾਨ ਦੇ ਸਰੀਰ ਵਿਚ ਦਾਗਿਆ ਜਾਵੇਗਾ, ਜੋ ਕੋਵਿਡ-19 ਖਿਲਾਫ ਐਂਟੀਬੌਡੀਜ਼ ਪੈਦਾ ਕਰੇਗਾ। ਇਹ ਵੈਕਸੀਨ ਅਜੇ ਪਹਿਲੇ ਪੜਾਅ 'ਤੇ ਟੈਸਟ ਕੀਤਾ ਜਾ ਰਿਹਾ ਹੈ।
5. 'ਬਾਇਓਟਿਕ' (Biotic) ਜਰਮਨੀ ਦੀ ਕੰਪਨੀ ਹੈ, ਜੋ ਮੈਸਿੰਗਰ ਆਰ. ਐਨ. ਏ. (mRNA) 'ਤੇ ਆਧਾਰਤ ਵੈਕਸੀਨ ਬਣਾ ਰਹੀ ਹੈ। ਯਾਦ ਰਹੇ, ਮੈਸਿੰਗਰ ਆਰ. ਐਨ. ਏ. ਵਾਇਰਸ ਵਿਚ ਪ੍ਰੋਟੀਨ ਬਣਾਉਂਦਾ ਹੈ। ਇਹ ਵੈਕਸੀਨ ਸਰੀਰ ਵਿਚ ਐਂਟੀਬੌਡੀਜ਼ ਪੈਦਾ ਕਰੇਗਾ, ਜੋ ਕਰੋਨਾ-19 ਨੂੰ ਨਸ਼ਟ ਕਰਨਗੀਆਂ।
6. ਕਿਊਅਰ ਵੈਕ (Cure Vac) ਕੰਪਨੀ ਨੇ ਮੋਡਰਨਾ ਥੈਰਾਪਿਊਟਿਕਸ ਵਾਂਗ ਬਨਾਉਟੀ (Man-made), ਆਰ. ਐਨ. ਏ. ਰਾਹੀਂ ਐਂਟੀਬੌਡੀਜ਼ ਬਣਾਉਣ ਦੀ ਵਿਉਂਤ ਬਣਾਈ ਹੈ। ਆਸ ਕੀਤੀ ਜਾ ਰਹੀ ਕਿ ਜਲਦ ਹੀ ਇਸ ਵੈਕਸੀਨ ਨੂੰ ਕਲਿਨਿਕਲ ਤਜਰਬਿਆਂ ਲਈ ਵਰਤਿਆ ਜਾਵੇਗਾ।
7. ਈਲਾਈ ਲਿੱਲੀ (Eli Lilli) ਨੇ ਕਰੋਨਾ-19 ਵਿਰੁੱਧ ਵੈਕਸੀਨ ਬਣਾਉਣ ਲਈ ਕੈਨੇਡੀਅਨ ਕੰਪਨੀ 'ਅਬਸੈਲਰਾ' (AbCellera) ਨਾਲ ਗੱਠਜੋੜ ਕੀਤਾ ਹੈ। ਕਰੋਨਾ ਵਾਇਰਸ ਤੋਂ ਨਿਜਾਤ ਪਾ ਚੁਕੇ ਮਰੀਜ਼ ਦੇ ਖੂਨ ਵਿਚੋਂ 500 ਐਂਟੀਬੌਡੀਜ਼ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨਾਲ ਕਰੋਨਾ-19 'ਤੇ ਕਾਬੂ ਪਾਉਣਾ ਸੰਭਵ ਹੋ ਸਕਦਾ ਹੈ। ਇਹ ਐਂਟੀਬੌਡੀਜ਼ ਅਗਲੇ ਚਾਰ ਮਹੀਨਿਆਂ ਵਿਚ ਇਨਸਾਨਾਂ ਵਿਚ ਦਾਗ ਕੇ ਪਰਖੀਆਂ ਜਾਣਗੀਆਂ।
8. ਗਲੈਕਸੋ ਸਮਿੱਥ ਕਲਾਇਨ (Glaxo Smith Kline-GSK) ਕੰਪਨੀ ਵੈਕਸੀਨ ਬਣਾਉਣ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਕੰਪਨੀ ਨੇ ਚੀਨ ਦੀ ਕੰਪਨੀ 'ਕਲੋਵਰ ਬਾਇਓਫਾਰਮਾਸੂਟੀਕਲਜ਼' ਨੂੰ ਇਕ ਰਸਾਇਣਕ ਅੰਸ਼ 'ਕਲੋਵਰ' (Clover) ਈਜਾਦ ਕੀਤਾ ਹੈ, ਜੋ ਵੈਕਸੀਨ ਦੇ ਅਸਰ ਵਿਚ ਵਾਧਾ ਕਰਦਾ ਹੈ। 'ਕਲੋਵਰ' ਕਈ ਪ੍ਰੋਟੀਨਜ਼ ਦਾ ਮਿਲਗੋਭਾ ਹੈ, ਜਿਸ ਨੂੰ ਸਰੀਰ ਵਿਚ ਦਾਗਣ ਨਾਲ ਰੋਗ-ਸੁਰੱਖਿਅਤ ਪ੍ਰਬੰਧ ਹਰਕਤ ਵਿਚ ਆ ਜਾਂਦਾ ਹੈ ਅਤੇ ਕਰੋਨਾ

*(ਬਾਕੀ ਅਗਲੇ ਸਫੇ 'ਤੇ)*

# ਇਹ ਇਨਕਲਾਬ ਵਾਇਰਲ ਹੈ

*ਕਰੋਨਾ ਵਾਇਰਸ ਬਾਰੇ ਸੰਸਾਰ ਭਰ ਵਿਚ ਚਰਚਾ ਚੱਲ ਰਹੀ ਹੈ ਅਤੇ ਵੱਖ-ਵੱਖ ਵਿਦਵਾਨਾਂ ਨੇ ਇਸ ਬਾਬਤ ਅਤੇ ਇਸ ਤੋਂ ਬਾਅਦ ਦੇ ਬਣਨ ਵਾਲੇ ਹਾਲਾਤ ਬਾਰੇ ਗੱਲਾਂ ਕੀਤੀਆਂ ਹਨ। ਸੰਸਾਰ ਦੇ ਨਵੇਂ ਬਣ ਰਹੇ ਇਨ੍ਹਾਂ ਹਾਲਾਤ ਬਾਰੇ ਉਘੇ ਵਿਦਵਾਨ ਜ਼ਿਜ਼ੈਕ ਦੀ ਕਿਤਾਬ 'ਪੈਨਡੈਮਿਕ' ਆਈ ਹੈ। ਜ਼ਿਜ਼ੈਕ ਨੂੰ ਭਾਵੇਂ ਮੁੱਖ ਤੌਰ 'ਤੇ ਮਾਰਕਸਵਾਦ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਪਰ ਉਸ ਨੇ ਬਹੁਤ ਸਾਰੀਆਂ ਗੱਲਾਂ ਪਹਿਲੇ ਮਾਰਕਸਵਾਦੀਆਂ ਤੋਂ ਹਟ ਕੇ ਕੀਤੀਆਂ ਹਨ। ਇਸ ਕਿਤਾਬ ਬਾਰੇ ਪਟਿਆਲਾ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਪ੍ਰੋਫੈਸਰ ਰਾਜੇਸ਼ ਸ਼ਰਮਾ ਨੇ ਇਹ ਅਹਿਮ ਟਿੱਪਣੀ ਕੀਤੀ ਹੈ। -ਸੰਪਾਦਕ*

ਇਟਲੀ ਤੋਂ ਛਪਦੇ ਪਰਚੇ 'ਐਂਟੀਨਮੀ' ਨੇ ਕਰੋਨਾ ਮਹਾਮਾਰੀ ਉਪਰ ਕਈ ਚਿੰਤਕਾਂ ਦੇ ਵਿਚਾਰ ਪ੍ਰਕਾਸ਼ਿਤ ਕੀਤੇ ਹਨ। ਯੂਰਪੀ ਜਨਰਲ ਆਫ ਸਾਇਕੋਅਨੈਲਸਿਸ ਨੇ ਕੁਝ ਮਹੱਤਵਪੂਰਨ ਵਿਚਾਰਾਂ ਦਾ ਸੰਕਲਨ ਕੀਤਾ ਹੈ। ਫੂਕੋ, ਡੈਰਿਡਾ ਅਤੇ ਬਲਾਂਸ਼ੋ ਦੀਆਂ ਲਿਖਤਾਂ ਕਰੋਨਾ ਦੀ ਛੋਹ ਨਾਲ ਮੁੜ-ਸੁਰਜੀਤ ਹੋ ਗਈਆਂ ਹਨ। ਅੱਜ ਦੇ ਬਹੁਤ ਸਾਰੇ ਚਿੰਤਕ ਦੋ ਧੜਿਆਂ ਵਿਚ ਵੰਡੇ ਹੋਏ ਹਨ। ਇਕ ਪਾਸੇ ਉਹ ਹਨ ਜਿਨ੍ਹਾਂ ਨੂੰ ਇਹ ਸੰਕਟ ਮਹਾਸੰਕਟ ਦਿਸਦਾ ਹੈ। ਦੂਜੇ ਪਾਸੇ ਉਹ ਹਨ ਜੋ ਇਸ ਨੂੰ ਸ਼ੋਸ਼ਾ ਵੱਧ ਤੇ ਸੰਕਟ ਘੱਟ ਸਮਝਦੇ ਹਨ। ਇਨ੍ਹਾਂ ਨੂੰ ਪੜ੍ਹਦਿਆਂ ਇਕ ਵਾਰ ਤਾਂ ਲੱਗਦਾ ਹੈ ਕਿ ਆਮ ਲੋਕਾਂ ਅਤੇ ਪੇਸ਼ੇਵਰ ਚਿੰਤਕਾਂ ਵਿਚ ਕੋਈ ਬਹੁਤਾ ਫਰਕ ਨਹੀਂ। ਪੇਸ਼ੇਵਰ ਚਿੰਤਕ ਸਾਧਾਰਨ ਵਿਚਾਰਾਂ ਨੂੰ ਖਿਊਰੀ ਦਾ ਲਿਬਾਸ ਪਾ ਕੇ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਅਗੈਂਬਨ ਨੇ ਤਾਂ ਮਹਾਮਾਰੀ ਦੀ ਗੰਭੀਰਤਾ ਨੂੰ ਸਿਰਿਉਂ ਖਾਰਜ ਕਰ ਦਿੱਤਾ ਹੈ। ਐਸਪਾਸੀਟੋ ਇਸ



ਰਾਜੇਸ਼ ਸ਼ਰਮਾ

ਨੂੰ ਬਾਇਓਪਾਲਿਟਿਕਸ ਦੇ ਚੌਖਟੇ ਵਿਚ ਹੀ ਦੇਖ ਕੇ ਖੁਸ਼ ਹੈ। ਰਾਕੋ ਰਾਂਚੀ ਨੇ ਲੀਹ ਤੋਂ ਹਟ ਕੇ ਸੋਚਣ ਦਾ ਕੁਝ ਜੋਖਮ ਲਿਆ ਹੈ। ਉਧਰ ਚੌਮਸਕੀ ਬਸ ਉਮੀਦ ਕਰਦਾ ਹੈ ਕਿ ਇਹ ਖਤਰਾ ਵੀ ਟਲ ਜਾਵੇਗਾ। ਉਸ ਦੀ ਵੱਡੀ ਚਿੰਤਾ ਇਹ ਹੈ ਕਿ ਐਟਮੀ ਜੰਗ ਅਤੇ ਵਾਤਾਵਰਨ ਸੰਕਟ ਬਾਰੇ ਕੋਈ ਕੁਝ ਨਹੀਂ ਕਹਿ ਰਿਹਾ।

ਇਸ ਦੌਰਾਨ ਸਲਾਵਾਇ ਜ਼ਿਜ਼ੈਕ ਨੇ 'ਪੈਨਡੈਮਿਕ' ਸਿਰਲੇਖ ਹੇਠ ਪੁਸਤਕ ਲਿਖ ਦਿੱਤੀ ਹੈ। ਅਸਚਰਜ ਦੀ ਗੱਲ ਇਹ ਹੈ ਕਿ ਇਸ ਵਾਰ ਉਸ ਨੇ ਆਪਣੀਆਂ ਪੁਰਾਣੀਆਂ ਗੱਲਾਂ ਅਤੇ ਚੁਟਕਲੇ ਨਹੀਂ ਦੁਹਰਾਏ (ਕਰੋਨਾ ਨੇ ਭਾਸ਼ਾ ਨੂੰ ਸੰਜਮ ਨਾਲ ਵਰਤਣਾ ਤਾਂ ਸਿਖਾਇਆ ਹੀ ਹੈ)। ਕਿਤਾਬ ਬਹੁਤ ਸੰਖੇਪ ਅਤੇ ਸਪਸ਼ਟ ਹੈ। ਖੁੱਲ੍ਹੇ ਮਨ ਨਾਲ ਅਤੇ ਵਿਹਾਰਕ ਨਜ਼ਰੀਏ ਤੋਂ ਲਿਖੀ ਗਈ ਹੈ। ਪੜ੍ਹ ਕੇ ਸੁਆਦ ਆਉਂਦਾ ਹੈ ਅਤੇ ਦਿਲ ਨੂੰ ਠੰਢ ਵੀ ਪੈਂਦੀ ਹੈ।


ਜ਼ਿਜ਼ੈਕ ਦੀ ਚਿੰਤਨ-ਵਿਧੀ ਅਨੋਖੀ ਹੈ। ਉਹ ਫਿਲਾਸਫੀ, ਪਾਪੂਲਰ ਕਲਚਰ, ਮਨੋਵਿਗਿਆਨ, ਰਾਜਨੀਤੀ ਅਤੇ ਅਰਥਚਾਰੇ ਨੂੰ ਨਾਲੋ-ਨਾਲ ਰੱਖ ਕੇ ਦੇਖਦਾ ਹੈ। ਉਸ ਨੇ ਹੀਗਲ, ਮਾਰਕਸ ਅਤੇ ਲਾਕਾਂ ਨੂੰ ਰਲਾ ਕੇ ਜੋ ਉਤਰ-ਆਧੁਨਿਕ ਸ਼ਾਹੀ ਖਿਚੜੀ ਤਿਆਰ ਕੀਤੀ ਹੈ, ਉਹ ਡਾਇਲੈਕਟੀਕਲ ਅਤੇ ਡਾਇਗਨਲ ਚਿੰਤਨ ਦੀਆਂ ਨਵੀਆਂ ਸੰਭਾਵਨਾਵਾਂ ਖੋਲ੍ਹਦੀ ਹੈ। ਇਸ ਕਿਤਾਬ ਵਿਚ ਉਹ ਆਪਣੇ ਖਾਸ ਸਨਸਨੀਖੇਜ਼ ਪੈਂਤੜੇ ਨੂੰ ਛੱਡ ਕੇ ਪਾਠਕ ਸਾਹਮਣੇ ਆਉਂਦਾ ਹੈ।

ਕਿਤਾਬ ਦਾ ਸਿਰਲੇਖ ਪੰਜ ਰੰਗਾਂ ਦੀ ਹੋਲੀ ਹੈ। ਉਸ ਤੋਂ ਬਾਅਦ ਕਾਲੇ ਸਫੇ ਉਪਰ ਸਫੈਦ ਲਫਜ਼। ਫਿਰ ਨਿਰੋਲ ਕਾਲਾ ਸਫਾ। ਉਸ ਤੋਂ ਬਾਅਦ ਪਹਿਲਾ ਚੈਪਟਰ। ਜਿਵੇਂ ਸ਼ਾਮ ਦਾ ਬਹੁਰੰਗੀ ਪਰਦਾ ਰਾਤ ਦੇ ਹਨੇਰੇ ਦੇ ਸਫਰ ਲਈ ਸੱਦਾ-ਪੱਤਰ ਹੋਵੇ। ਡਿਜ਼ਾਈਨਰ ਅੰਤਰਾ ਘੋਸ਼ ਨੇ 'ਪੈਨਡੈਮਿਕ' ਦੇ 'ਡੈੱਮ' ਨੂੰ 'ਪੈਨਿਕ' ਦੀ 'ਆਈ' ਅੰਦਰ ਵਾਇਰਸ ਵਾਂਗ ਸਥਾਪਿਤ ਕਰ ਕੇ ਕਿਤਾਬ ਦੇ ਸੱਤਵੇਂ ਚੈਪਟਰ ਵਿਚ ਖੋਲ੍ਹੇ ਗਏ ਥੀਮ ਨੂੰ ਧਿਆਨ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪੈਨਡੈਮਿਕ ਤੋਂ ਵੱਡਾ ਉਸ ਤੋਂ ਪੈਦਾ ਹੋਇਆ ਵਿਆਪਕ ਪੈਨਿਕ, ਭੈਅ ਹੈ। ਇਸ ਭੈਅ ਨੂੰ ਆਤਮਸਾਤ ਵੀ ਕਰਨਾ ਹੈ ਅਤੇ ਇਸ ਨਾਲ ਧੀਰਜ ਨਾਲ ਨਜਿੱਠਣਾ ਵੀ ਹੈ।

ਜ਼ਿਜ਼ੈਕ ਦਾ ਮੰਨਣਾ ਹੈ ਕਿ ਇਸ ਮਹਾਮਾਰੀ ਨੇ ਸਮਾਜ ਨੂੰ ਰੈਡੀਕਲ ਬਦਲ ਦਾ ਮੌਕਾ ਦਿੱਤਾ ਹੈ। ਅਸੀਂ ਚੋਣ ਕਰਨੀ ਹੈ ਬਰਬਰਵਾਦ ਅਤੇ ਸਾਮਵਾਦ ਵਿਚਕਾਰ। ਨਾਲ ਹੀ ਜ਼ਿਜ਼ੈਕ ਸਾਮਵਾਦ ਨੂੰ ਇਥੇ ਹੁਣ ਤੱਕ ਸਥਾਪਿਤ ਸੋਚ ਤੋਂ ਹਟ ਕੇ ਵਿਚਾਰ ਰਿਹਾ ਹੈ। ਉਸ ਅਨੁਸਾਰ ਅਮਰੀਕਾ, ਯੂ.ਕੇ. ਅਤੇ ਯੂਰਪ ਅੰਦਰ ਸਰਕਾਰਾਂ ਜੋ ਕਰ ਰਹੀਆਂ ਹਨ, ਉਹ ਹੀ ਤਾਂ ਉਸ ਦੇ ਅਰਥਾਂ ਵਿਚ ਸਾਮਵਾਦ ਹੈ। ਅਮਰੀਕਾ ਦੇ ਰਾਸ਼ਟਰਪਤੀ ਨੇ ਫੋਰਡ ਵਰਗੀਆਂ ਕੰਪਨੀਆਂ ਨੂੰ ਜਨਤਕ ਹਿਤ ਵਿਚ ਵੈਂਟੀਲੇਟਰ ਬਣਾਉਣ ਦਾ ਹੁਕਮ ਦੇ ਦਿੱਤਾ। ਯੂ.ਕੇ. ਨੇ ਆਰਜ਼ੀ ਤੌਰ 'ਤੇ ਰੇਲਵੇ ਦਾ ਕੌਮੀਕਰਨ ਕਰ ਦਿੱਤਾ। ਇਸੇ ਤਰ੍ਹਾਂ ਦੁਨੀਆ ਦੇ ਕਈ ਹੋਰ ਮੁਲਕਾਂ ਵਿਚ ਵੀ ਉਤਪਾਦਨ ਅਤੇ ਵੰਡ ਨੂੰ ਪੂੰਜੀਵਾਦੀ ਗਲਬੇ ਤੋਂ ਬਾਹਰ ਕੱਢ ਕੇ ਲੋਕਾਈ ਲਈ ਲਾਮਬੰਦ ਕੀਤਾ ਜਾ ਰਿਹਾ ਹੈ।

ਕਿਹਾ ਜਾ ਸਕਦਾ ਹੈ ਕਿ ਜ਼ਿਜ਼ੈਕ ਆਪਣੇ ਬੌਧਿਕ ਇੱਲਤੀ ਅੰਦਾਜ਼ ਵਿਚ ਇਕ ਵਾਰ ਫਿਰ ਚਿੰਤਾ ਅਤੇ ਚੁਟਕਲੇ ਨੂੰ ਰਲਗੱਡ ਕਰ ਰਿਹਾ ਹੈ ਪਰ ਉਹ ਅਕਸਰ ਇੰਜ ਉਦੋਂ ਕਰਦਾ ਹੈ, ਜਦੋਂ ਵਿਚਾਰ ਦੀਆਂ ਸਰਹੱਦਾਂ ਅਤੇ ਦਰਜੇਬੰਦੀਆਂ ਨੂੰ ਸ਼ੇਕਸਪੀਅਰ ਦੇ 'ਸਿਆਣੇ ਮਹਾਂਮੂਰਖਾਂ' ਦੀ ਤਰਜ਼ ਉਪਰ ਤੋੜ ਰਿਹਾ ਹੁੰਦਾ ਹੈ। ਜੋ (ਆਰਜ਼ੀ ਤੌਰ ਉਪਰ ਹੀ ਸਹੀ) ਹੋ ਰਿਹਾ ਹੈ, ਉਹ ਸੰਕਟ ਵਿਚ ਫਸੀ ਪੂੰਜੀਵਾਦੀ ਸਟੇਟ ਦਾ 'ਡਿਜ਼ਾਸਟਰ ਸਾਮਵਾਦ' ਹੈ। ਇਹ ਵਿਡੰਬਨਾ ਹੀ ਤਾਂ ਨਾਮੁਮਕਿਨ ਦੇ ਮੁਮਕਿਨ ਹੋ ਜਾਣ ਦੀ ਰਾਹ ਦਰਸਾਉਂਦੀ ਹੈ। ਜ਼ਿਜ਼ੈਕ ਦਾ ਮੰਨਣਾ ਹੈ ਕਿ ਅਤਿ ਖੱਬੇ ਅਤੇ ਸੱਜੇ ਪੱਖੀ ਚਿੰਤਕ ਕਰੋਨਾ ਮਹਾਮਾਰੀ ਦੇ ਭਿਆਨਕ ਸੱਚ ਤੋਂ ਮੁਨਕਰ ਹੋ ਰਹੇ ਹਨ। ਜਦੋਂਕਿ ਉਹੀ ਦੇਸ਼ ਇਸ ਮਹਾਮਾਰੀ ਖਿਲਾਫ ਕਾਮਯਾਬ ਹੋ ਰਹੇ ਹਨ ਜਿਥੇ ਸਟੇਟ ਤਾਕਤਵਰ ਹੈ ਅਤੇ ਰਾਜਨੀਤਿਕ ਆਗੂ ਮਜ਼ਬੂਤ ਤੇ ਸੱਚ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖ ਰਹੇ ਹਨ।

ਜ਼ਿਜ਼ੈਕ ਇਹ ਵੀ ਯਾਦ ਕਰਵਾਉਂਦਾ ਹੈ ਕਿ ਆਲਮੀ ਪੂੰਜੀਵਾਦ ਅਧੀਨ ਜਮਾਤੀ ਪਾੜਾ ਅਣਮਨੁੱਖੀ ਪੱਧਰ ਤੱਕ ਵਧ ਚੁੱਕਾ ਹੈ। ਉਹ ਬਿਉਂਗ-ਚੁਲ ਹਾਨ ਦੇ ਥੀਸਿਜ ਨੂੰ ਖਾਰਜ ਕਰਦਾ ਹੈ ਜਿਸ ਅਨੁਸਾਰ ਆਲਮੀ ਪਿੰਡ ਦਾ ਕਿਰਤੀ ਕਿਸੇ ਦੇ ਹੱਥੋਂ ਸ਼ੋਸ਼ਣ ਨਹੀਂ ਕਰਵਾਉਂਦਾ ਸਗੋਂ ਆਪਣਾ ਸ਼ੋਸ਼ਣ ਆਪ ਕਰਦਾ ਹੈ। ਸਵੈ-ਰੁਜ਼ਗਾਰ ਵਿਚ ਲੱਗੇ ਇਨਫਰਮੇਸ਼ਨ ਤਕਨਾਲੋਜੀ ਖੇਤਰ ਦੇ ਕੁਝ ਲੋਕਾਂ ਲਈ ਤਾਂ ਇਹ ਗੱਲ ਕੁਝ ਹੱਦ ਤੱਕ ਢੁਕਵੀਂ ਹੋ ਸਕਦੀ ਹੈ ਪਰ ਮੋਹਰਲੀਆਂ ਸਫਾਂ ਦੇ ਉਨ੍ਹਾਂ ਕਿਰਤੀਆਂ ਲਈ ਨਹੀਂ ਜੋ ਮਹਾਮਾਰੀ ਖਿਲਾਫ ਸੰਘਰਸ਼ ਵਿਚ ਸੜਕਾਂ ਉਪਰ ਅਤੇ ਹਸਪਤਾਲਾਂ ਵਿਚ ਨਿੱਤਰੇ ਹੋਏ ਹਨ। ਕਈ ਲੋਕ ਤਾਂ ਇਸੇ ਲਈ ਥੱਕੇ-ਥੱਕੇ ਰਹਿੰਦੇ ਹਨ ਕਿ ਉਹ ਘਰਾਂ ਵਿਚ ਬੰਦ ਹਨ ਅਤੇ ਕੁਝ ਕਰਨ ਨੂੰ ਉਨ੍ਹਾਂ ਕੋਲ ਜਾਂ ਤਾਂ ਕੁਝ ਹੈ ਨਹੀਂ ਜਾਂ ਉਨ੍ਹਾਂ ਨੂੰ ਕੁਝ ਕਰਨ ਦੀ ਲੋੜ




*ਜ਼ਿਜ਼ੈਕ (ਸੱਜੇ) ਅਤੇ ਉਸ ਦੀ ਕਿਤਾਬ 'ਪੈਨਡੈਮਿਕ' ਦਾ ਮੁਖੜਾ।*

ਨਹੀਂ ਪਰ ਕਈ ਲੋਕ ਦਿਨ ਰਾਤ ਦੁਨੀਆ ਦੀ ਸੇਵਾ ਅਤੇ ਮਦਦ ਵਿਚ ਲੱਗੇ ਹੋਏ ਹਨ। ਇਸੇ ਲਈ ਥੱਕੇ ਹੋਏ ਹਨ। ਦੋ ਤਰ੍ਹਾਂ ਦੀ ਇਹ ਥਕਾਵਟ ਆਲਮੀ ਪੂੰਜੀਵਾਦ ਅੰਦਰਲੇ ਦੋ ਵਰਗਾਂ ਦਾ ਜਿਊਂਦਾ ਜਾਗਦਾ ਰੂਪਕ ਹੈ।

ਜ਼ਿਜ਼ੈਕ ਮੰਨਦਾ ਹੈ ਕਿ ਵਿਚਾਰਧਾਰਾਵਾਂ ਵੀ ਅਕਸਰ ਵਾਇਰਸ ਦੀ ਤਰ੍ਹਾਂ ਕੰਮ ਕਰਦੀਆਂ ਹਨ। ਵਿਅਕਤੀ ਦੀ ਬੌਧਿਕ ਅਤੇ ਨੈਤਿਕ ਰੋਗ-ਨਿਰੋਧਕ ਸ਼ਕਤੀ ਨੂੰ ਤਬਾਹ ਕਰਦੀਆਂ, ਜਾਂ ਉਸ ਨੂੰ ਬਾਈਪਾਸ ਕਰਦੀਆਂ, ਮਨੁੱਖੀ ਸੰਵੇਦਨਾ ਉਪਰ ਕਾਬਜ਼ ਹੋ ਜਾਂਦੀਆਂ ਹਨ। ਕਰੋਨਾ ਵਾਇਰਸ ਦੀ ਛਤਰ ਛਾਇਆ ਹੇਠਾਂ ਕਈ ਵਿਚਾਰਧਾਰਕ ਵਾਇਰਸਾਂ ਦੇ ਫੈਲਣ ਦੀ ਸੰਭਾਵਨਾ ਮਜ਼ਬੂਤ ਹੋਈ ਹੈ ਜਿਨ੍ਹਾਂ ਵਿਚ ਨਸਲਵਾਦ ਅਤੇ ਫਿਰਕੂਪੁਣਾ ਮੁੱਖ ਹਨ। ਕੌਮਾਂਤਰੀ ਪੱਧਰ 'ਤੇ ਸਰਹੱਦਾਂ ਦੇ ਬੰਦ ਹੋਣ ਦਾ ਰਾਹ ਪੱਧਰਾ ਹੋਇਆ ਹੈ। ਦੂਜੇ ਪਾਸੇ ਇਕ ਚੰਗੇ ਵਾਇਰਸ ਦੀ ਜ਼ਮੀਨ ਵੀ ਤਿਆਰ ਹੋਈ ਹੈ: ਬਦਲਵੇਂ ਸਮਾਜ ਬਾਰੇ ਚਿੰਤਨ ਦੇ ਵਾਇਰਸ ਦੀ। ਜਿਹੜੇ ਹਾਲਾਤ ਵਿਚੋਂ ਅੱਜ ਸੰਸਾਰ ਗੁਜ਼ਰ ਰਿਹਾ ਹੈ, ਕੁਝ ਸਮਾਂ ਪਹਿਲਾਂ ਉਨ੍ਹਾਂ ਦਾ ਤਸੱਵੁਰ ਕਰਨਾ ਵੀ ਨਾਮੁਮਕਿਨ ਲੱਗਦਾ ਸੀ। ਮਹਾਮਾਰੀ ਨੇ ਨਾਮੁਮਕਿਨ ਨੂੰ ਮੁਮਕਿਨ ਬਣਾ ਕੇ ਅਜਿਹਾ ਰਸਤਾ ਤਿਆਰ ਕੀਤਾ ਹੈ ਜਿਸ ਉਪਰ ਚੱਲ ਕੇ ਨਾਮੁਮਕਿਨ ਲੱਗਦੇ ਆਦਰਸ਼ ਸਮਾਜ ਦੇ ਤਸੱਵੁਰ ਨੂੰ ਹਕੀਕਤ ਵਿਚ ਬਦਲਣ ਦੀ ਇੱਛਾ ਮੁਮਕਿਨ ਦੀ ਇੱਛਾ ਲੱਗਣ ਲੱਗੀ ਹੈ। ਇਨਕਲਾਬ ਦਿਸਹੱਦਿਆਂ ਦੇ ਇਸ ਪਾਸੇ ਆ ਖਲੋਤਾ ਹੈ।

ਲੋੜ ਹੈ ਉਸ ਸੂਖਮ ਵਿਚਾਰਧਾਰਾ ਤੋਂ ਮੁਕਤ ਹੋਣ ਦੀ ਜੋ ਵਿਅਕਤੀ ਨੂੰ ਵਿਅਕਤੀਗਤ ਜ਼ਿੰਮੇਵਾਰੀ ਦੇ ਚੰਗੇ ਅਹਿਸਾਸ ਦੀ ਕੈਦ ਵਿਚ ਡੱਕਦੀ ਹੈ ਅਤੇ ਵਿਆਪਕ ਪੱਧਰ ਉਪਰ ਲੋੜੀਂਦੇ ਸਮਾਜਿਕ-ਆਰਥਿਕ ਬਦਲਾਅ ਦੇ ਚਿੰਤਨ ਤੱਕ ਨਹੀਂ ਪਹੁੰਚਣ ਦਿੰਦੀ। ਜਿਵੇਂ ਕੈਥਰੀਨ ਮਲਾਬੂ ਇਸ਼ਾਰਾ ਕਰਦੀ ਹੈ ਕਿ ਆਪੋ ਆਪਣੇ ਇਕਲਾਪੇ ਵਿਚ ਬੈਠੇ ਅਸੀਂ ਹਰ ਕਿਸੇ ਇਕੱਲੇ ਮਨੁੱਖ ਦੇ ਸੰਤਾਪ ਅਤੇ ਸੰਘਰਸ਼ ਪ੍ਰਤੀ ਆਪਣੇ ਅੰਦਰ ਇਕ ਨਵੀਂ ਮਨੁੱਖੀ ਸੰਵੇਦਨਾ ਬਣਾ ਸਕਦੇ ਹਾਂ ਅਤੇ ਚਿੰਤਨ ਰਾਹੀਂ ਉਸ ਦਾ ਪੋਸ਼ਣ ਅਤੇ ਪਸਾਰ ਕਰਦੇ ਹਾਂ।

ਵਿਚਾਰਧਾਰਾ ਦੇ ਹਵਾਲੇ ਨਾਲ ਚੀਨ ਦੀ ਉਦਾਹਰਨ ਬਿਲਕੁਲ ਵੱਖਰੀ ਹੈ। ਜ਼ਿਜ਼ੈਕ ਦੀ ਤਿੱਖੀ ਨਜ਼ਰ ਉਸ ਮੂਲ ਵਿਰੋਧ ਉਪਰ ਟਿਕਦੀ ਹੈ ਜੋ ਚੀਨ ਦੀ ਅਧਿਕਾਰਤ ਵਿਚਾਰਧਾਰਾ ਅਤੇ ਸਰਕਾਰ ਦੇ ਰਵੱਈਏ ਵਿਚਕਾਰ ਹੈ। ਉਹ ਯਾਦ ਕਰਵਾਉਂਦਾ ਹੈ ਕਿ ਮਾਓ ਨੇ ਕਿਹਾ ਸੀ, "ਲੋਕਾਂ ਉਪਰ ਭਰੋਸਾ ਕਰੋ।" ਚੀਨ ਦੀ ਸਰਕਾਰ ਇਹੋ ਨਹੀਂ ਕਰ ਰਹੀ। ਮਾਓ ਦੀ ਵਿਚਾਰਧਾਰਾ ਵਿਚ ਯਕੀਨ ਰੱਖਣਾ ਜ਼ਮੀਨੀ ਪੱਧਰ ਉਪਰ ਸਰਕਾਰ ਦੇ ਵਿਰੋਧੀ ਹੋਣਾ ਹੋ ਨਿੱਬੜਦਾ ਹੈ। ਉਸ ਅਨੁਸਾਰ ਡਾਕਟਰ ਲੀ ਵੈਨ ਲਿਆਂਗ ਨਾਲ ਜੋ ਵਾਪਰਿਆ, ਉਸ ਤੋਂ ਇਹ ਸਬਕ ਲੈਣਾ ਚਾਹੀਦਾ ਹੈ ਕਿ ਸਮਾਜ ਅੰਦਰ ਸਭ ਨਾਗਰਿਕਾਂ ਦਾ ਸੂਚਨਾ ਹਾਸਲ ਕਰਨ ਅਤੇ ਆਪਣੀ ਗੱਲ ਕਹਿਣ ਦੇ ਹੱਕ ਦਾ ਸਤਿਕਾਰ ਕਰਨਾ ਸਮਾਜ ਅਤੇ ਦੇਸ਼ ਦੇ ਹਿੱਤ ਵਿਚ ਹੈ ਪਰ ਜ਼ਿਜ਼ੈਕ ਨੂੰ ਲੱਗਦਾ ਹੈ ਕਿ ਚੀਨ ਜਿਹੀ ਮਜ਼ਬੂਤ ਸਟੇਟ ਹੀ ਕਰੋਨਾ ਤੋਂ ਪੈਦਾ ਹੋਏ ਮਹਾਂਸੰਕਟ ਨਾਲ ਨਜਿੱਠ ਸਕਦੀ ਸੀ। ਪੱਛਮੀ ਉਦਾਰਵਾਦੀ ਲੋਕਤੰਤਰ ਆਪਣੀਆਂ ਨਾਗਰਿਕ ਆਜ਼ਾਦੀਆਂ ਕਾਰਨ ਚੀਨ ਵਰਗੀ ਸਫਲਤਾ ਹਾਸਲ ਨਹੀਂ ਕਰ ਸਕਣਗੇ। ਜ਼ਿਜ਼ੈਕ ਭਾਰਤ ਦੀ ਉਦਾਹਰਨ ਨੂੰ ਅੱਖੋਂ ਪਰੋਖੇ ਕਰ ਜਾਂਦਾ ਹੈ ਜਿਥੇ ਲੋਕਤੰਤਰੀ ਢਾਂਚੇ ਅੰਦਰ ਕੰਮ ਕਰਦਿਆਂ ਕੇਂਦਰੀ, ਰਾਜ ਅਤੇ ਸਥਾਨਕ ਸਰਕਾਰਾਂ ਨੇ ਮੀਡੀਆ ਦੇ ਸਹਿਯੋਗ ਨਾਲ ਕਾਮਯਾਬੀ ਹਾਸਲ ਕੀਤੀ ਹੈ।

ਪੱਛਮੀ ਮੁਲਕਾਂ ਵਿਚ ਜਦੋਂ ਕਰੋਨਾ ਦੇ ਝੱਖੜ ਨੇ ਜ਼ੋਰ ਫੜਿਆ ਤਾਂ ਸੁਣਨ ਵਿਚ ਆਇਆ ਸੀ ਕਿ ਇਕ ਖਾਸ ਉਮਰ ਤੋਂ ਉਪਰ ਦੇ ਮਰੀਜ਼ਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਵੇਗੀ। ਆਪਣੇ ਹੀ ਨਾਗਰਿਕਾਂ ਦੀ ਇਕ ਤਰ੍ਹਾਂ 'ਨਸਲਕੁਸ਼ੀ' ਦੀ ਇਹ ਸੋਚ ਮਹਾਮਾਰੀ ਦੇ ਸਿੱਟੇ ਵਜੋਂ ਆਲਮੀ ਪੂੰਜੀਵਾਦ ਤੋਂ ਪੈਦਾ ਹੋ ਸਕਣ ਵਾਲੇ ਨਵੇਂ ਬਰਬਰਵਾਦ ਦੇ ਦਰਸ਼ਨ ਕਰਵਾਉਂਦੀ ਹੈ। ਇਸ ਦੇ ਉਲਟ ਮਨੁੱਖਤਾ ਕੋਲ ਸਾਮਵਾਦ ਦਾ ਬਦਲ ਹੈ ਪਰ ਯਾਦ ਰਹੇ, ਇਹ ਸਾਮਵਾਦ ਸਥਾਪਤ ਵਿਚਾਰਧਾਰਾ ਵਾਲਾ, ਲੋਕਤੰਤਰ ਵਿਰੋਧੀ, ਨਾਗਰਿਕਾਂ ਦੇ ਹੱਕਾਂ ਨੂੰ ਕੁਚਲਣ ਵਾਲਾ ਸਾਮਵਾਦ ਨਹੀਂ। ਇਉਂ ਕਹਿ ਲਵੋ ਕਿ ਡੈਰਿਡਾ ਵਾਲੀ ਡੀਕਨਸਟਰੱਕਸ਼ਨ ਵਿਆਪਕ ਪੱਧਰ 'ਤੇ ਸਮਾਜ ਵਿਚ ਯਥਾਰਥ ਬਣ ਜਾਣ ਦੀ ਸੰਭਾਵਨਾ ਦਿਸ ਰਹੀ ਹੈ। ਖੱਬੇ ਅਤੇ ਸੱਜੇ ਦੇ ਬਾਇਨਰੀ ਮਨੁੱਖੀ ਸਮਾਜ ਦਾ ਅੰਤਿਮ ਸੱਚ ਨਹੀਂ। ਕਰੋਨਾ ਸਦਕਾ ਕੀ ਅਸੀਂ ਤਕਨਾਲੋਜੀ ਦੇ ਡਿਸਟੋਪੀਆ (ਅਜਿਹੀ ਕਾਲਪਨਿਕ ਸਟੇਟ ਜਾਂ ਸਮਾਜ ਜਿਥੇ ਗੰਭੀਰ ਕਸ਼ਟ ਅਤੇ ਬੇਇਨਸਾਫੀ ਹੋਵੇ) ਅੰਦਰ ਪ੍ਰਵੇਸ਼ ਕਰ ਗਏ ਹਾਂ? ਕਰੋਨਾ ਤੋਂ ਬਾਅਦ ਦਾ ਵ੍ਹਾਨ ਭਵਿਖ ਦੇ ਵਿਸ਼ਵ ਵਿਆਪੀ ਡਿਸਟੋਪੀਆ ਦੀ ਝਲਕ ਹੈ? ਘਰ ਅਤੇ ਦਫਤਰ, ਆਰਾਮ ਅਤੇ ਕੰਮ, ਸਮਾਜਿਕ ਮੇਲ-ਜੋਲ ਅਤੇ ਇਕਲਾਪਾ, ਸੱਚਮੁੱਚ ਦੀ ਜ਼ਿੰਦਗੀ ਅਤੇ ਇਲੈਕਟ੍ਰਾਨਿਕ ਵਰਚੂਅਲ ਸਪੇਸ ਅੰਦਰਲੀ ਜ਼ਿੰਦਗੀ - ਸਭ ਕੁਝ ਜਿਵੇਂ ਰਲਗੱਡ ਹੋ ਗਿਆ ਹੈ। ਹੱਦਾਂ ਮਿਟ ਗਈਆਂ ਹਨ। ਯੂਟੋਪੀਆ (ਅਜਿਹੀ ਸਟੇਟ ਜਾਂ ਸਮਾਜ ਜਿਸ ਵਿਚ ਸਭ ਕੁਝ ਬਿਹਤਰੀਨ ਹੋਵੇ) ਅਤੇ ਡਿਸਟੋਪੀਆ ਵੀ ਇਕਮਿਕ ਹੋ ਗਏ ਹਨ। ਘੱਟੋ-ਘੱਟ ਹਾਲ ਦੀ ਘੜੀ ਲਈ। ਕੁਝ ਸਮੇਂ ਬਾਅਦ ਜਦੋਂ ਇਹ ਸੰਕਟ ਬੀਤ ਜਾਵੇਗਾ, ਕੀ ਸਭ ਕੁਝ ਪਹਿਲਾਂ ਵਾਂਗ ਹੀ ਹੋ ਜਾਵੇਗਾ? ਜ਼ਿਜ਼ੈਕ ਹੀਗਲ ਨੂੰ ਯਾਦ ਕਰਦਾ ਹੈ ਜਿਸ ਨੇ ਕਿਹਾ ਸੀ ਕਿ ਮਨੁੱਖ ਇਤਿਹਾਸ ਤੋਂ ਕੁਝ ਨਹੀਂ ਸਿੱਖਦਾ। ਉਹ ਹੀਗਲ ਨਾਲ ਇਸ ਵਾਰੀ ਸਹਿਮਤ ਨਹੀਂ ਹੁੰਦਾ।

ਉਸ ਨੂੰ ਵਿਸ਼ਵਾਸ ਹੈ ਕਿ ਨਵਾਂ 'ਨਾਰਮਲ' ਪੈਦਾ ਹੋ ਰਿਹਾ ਹੈ ਜਿਸ ਵਿਚ ਸਭ ਮਨੁੱਖਾਂ ਲਈ ਬਿਹਤਰ ਸਮਾਜ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਸਕੇਗਾ। ਲੋਕ ਖਪਤਵਾਦੀ ਜੀਵਨ-ਸ਼ੈਲੀ ਦੀ ਗੁਲਾਮੀ ਵਿਚੋਂ ਬਾਹਰ ਨਿਕਲਣਗੇ। ਆਪਣੇ ਆਪ ਨਾਲ, ਮਨੁੱਖਤਾ ਤੇ ਕੁਦਰਤ ਨਾਲ ਗਹਿਰੇ, ਸੁੱਚੇ ਰਿਸ਼ਤੇ ਬੁਣਨ ਦੀ ਸਮਰੱਥਾ ਬਣਾਉਣਗੇ। ਸਾਦੀ, ਭਲੀ, ਲਾਲਚ ਅਤੇ ਦੌੜ-ਭੱਜ ਤੋਂ ਆਜ਼ਾਦ, ਆਡੰਬਰ ਰਹਿਤ ਜੀਵਨ ਜਾਚ ਦੀ ਅਹਿਮੀਅਤ ਸਮਝਣਗੇ। ਇਸ ਲਈ ਸਾਨੂੰ ਸੁਚੇਤ ਰੂਪ ਵਿਚ ਆਪਣੇ ਰਵੱਈਏ ਅਤੇ ਵਿਹਾਰ ਅੰਦਰ ਇਨਕਲਾਬੀ ਬਦਲਾਓ ਲਿਆਉਣਾ ਪਵੇਗਾ। ਵਾਇਰਸ ਨੇ ਤਾਂ ਮੌਕਾ ਮੁਹੱਈਆ ਕਰਵਾਇਆ ਹੈ।

# ਕਰੋਨਾ ਵਾਇਰਸ ਬਾਰੇ ਕੁਝ ਹੋਰ ਤੱਥ

*(ਪਿਛਲੇ ਸਫੇ ਦੀ ਬਾਕੀ)*

ਵਾਇਰਸ ਨੂੰ ਰੋਕਣ ਦੀ ਤਾਕਤ ਪੈਦਾ ਹੋ ਜਾਂਦੀ ਹੈ। ਆਸਟਰੇਲੀਆ ਦੀ 'ਯੂਨੀਵਰਸਿਟੀ ਆਫ ਕੁਈਨਜ਼' ਨਾਲ ਵੀ ਅਜਿਹਾ ਅਹਿਦਨਾਮਾ ਕੀਤਾ ਹੈ। ਕੰਪਨੀ ਨੇ ਇਸ ਵੈਕਸੀਨ ਨੂੰ ਇਨਸਾਨਾਂ 'ਤੇ ਟੈਸਟ ਕਰਨ ਬਾਰੇ ਅਜੇ ਕੁਝ ਨਹੀਂ ਕਿਹਾ।

9. ਇਨੋਵੀਓ ਫਾਰਮਾਸੂਟੀਕਲਜ਼ (Inovio Pharmaceuticals) ਕੰਪਨੀ ਨੇ ਵੈਕਸੀਨ ਬਣਾਉਣ ਲਈ ਡੀ. ਐਨ. ਏ. ਨੂੰ ਆਧਾਰ ਬਣਾਇਆ ਹੈ। ਇਹ ਵੈਕਸੀਨ ਕਰੋਨਾ ਵਾਇਰਸ ਦੇ ਲੱਗਣ ਤੋਂ ਪਹਿਲਾਂ ਪ੍ਰੋਟੀਨਜ਼ ਪੈਦਾ ਕਰ ਸਕਦਾ ਹੈ, ਜੋ ਲਾਗੇ ਨੂੰ ਰੋਕਣ ਵਿਚ ਸਹਾਈ ਹੋਵੇਗਾ।

10. ਜੌਹਨਸਨ ਐਂਡ ਜੌਹਨਸਨ (Johnson & Johnson) ਨੇ ਪਿਛਲੇ ਸਮਿਆਂ ਵਿਚ ਈਬੋਲਾ ਅਤੇ ਜ਼ੀਕਾ ਜਿਹੀਆਂ ਬੀਮਾਰੀਆਂ ਵਿਰੁੱਧ ਵੈਕਸੀਨ ਬਣਾਏ ਹਨ। ਉਮੀਦ ਹੈ ਕਿ ਕਰੋਨਾ ਵਾਇਰਸ ਦੇ ਵਿਰੁੱਧ ਵੀ ਜਲਦ ਹੀ ਵੈਕਸੀਨ ਬਣਾ ਲਵੇਗੀ। ਅਜਿਹਾ ਵੈਕਸੀਨ ਕਈ ਕਰੋਨਾ ਵਾਇਰਸ ਦੇ ਮਰੇ ਹੋਏ ਕੋਸ਼ਾਂ ਦਾ ਮਿਲਗੋਭਾ ਹੋਵੇਗਾ, ਜੋ ਬਿਨਾ ਰੋਗ ਪੈਦਾ ਕੀਤਿਆਂ ਸਰੀਰ ਦੇ ਰੋਗ-ਸੁਰੱਖਿਅਤ ਪ੍ਰਬੰਧ ਨੂੰ ਉਤੇਜਿਤ ਕਰੇਗਾ। ਇਸ ਵੈਕਸੀਨ ਨੂੰ ਨਵੰਬਰ 2020 ਵਿਚ ਟੈਸਟ ਕਰਨ ਦੀ ਵਿਉਂਤ ਬਣਾਈ ਗਈ ਹੈ।

## ਕੋਵਿਡ-19 ਹਊਆ ਕਿਉਂ ਬਣੀ ਹੋਈ ਹੈ?

ਨਵੀਆਂ ਬੀਮਾਰੀਆਂ ਦਾ ਮੁੱਖ ਕਾਰਨ ਪ੍ਰਦੂਸ਼ਣ (Pollution) ਹੈ। ਬੰਦੇ ਨੇ ਵਾਤਾਵਰਣ ਨੂੰ ਗੰਧਲਾ ਕਰਕੇ ਹਰ ਤਰ੍ਹਾਂ ਦੀਆਂ ਬੀਮਾਰੀਆਂ ਵਿਚ ਵਾਧਾ ਕੀਤਾ ਹੈ। ਉਪਰੋਕਤ ਤਿੰਨੇ ਵਾਇਰਸ ਗੁਜ਼ਰਦੀ ਸਦੀ ਦੀ ਪ੍ਰਦੂਸ਼ਣ ਦੀ ਪੈਦਾਵਾਰ ਹਨ, ਜੋ ਬੰਦੇ ਦੇ ਸਾਹ-ਪ੍ਰਬੰਧ ਨੂੰ ਨਕਾਰਾ ਕਰਦੇ ਹਨ। ਸਾਰਸ ਅਤੇ ਮਰਜ਼ ਖਾਸ ਖਿਤਿਆਂ ਵਿਚ ਪੈਦਾ ਹੋਏ ਤੇ ਸਥਾਨਕ ਮਹਾਮਾਰੀ (Epidemic) ਦਾ ਕਾਰਨ ਬਣੇ। ਮੁਕਾਬਲੇ 'ਤੇ ਕੋਵਿਡ-19 ਸਾਰੀ ਦੁਨੀਆਂ ਵਿਚ ਫੈਲਿਆ ਤੇ ਮਹਾਮਾਰੀ (Pandemic) ਦਾ ਸਬੱਬ ਬਣਿਆ।

ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਛੂਤਛਾਤ ਬੀਮਾਰੀਆਂ (Infectious diseases) ਦੇ ਮਾਹਰ ਪ੍ਰੋ. ਡੇਵਿਡ ਹੇਮਨ ਅਨੁਸਾਰ, "In the past, corona viruses that cause the common cold in humans also emerged, possibly in the same way as did the current pandemic, But they did not have the opportunity to hop on international flights and spread rapidly around the globe. They likely circulated locally and then gradually spread to neighboring countries and onward throughout the world."

ਕੋਵਿਡ-19 ਕਾਰਨ ਨਿੱਤ ਮੌਤਾਂ ਹੁੰਦੀਆਂ ਦੇਖ ਕੇ ਇਨਸਾਨ ਘਬਰਾ ਗਿਆ ਹੈ, ਪਰ ਅਸਲੀਅਤ ਵਿਚ ਇਹ ਸਾਰਸ ਅਤੇ ਮਰਜ਼ ਨਾਲੋਂ ਘੱਟ ਖਤਰਨਾਕ ਹੈ। ਸਾਰਸ ਅਤੇ ਮਰਜ਼ ਕ੍ਰਮਵਾਰ ਚੀਨ ਤੇ ਸਾਊਦੀ ਅਰਬ ਵਿਚ ਸ਼ੁਰੂ ਹੋਏ ਤੇ ਸਥਾਨਕ ਪੱਧਰ ਤਕ ਹੀ ਫੈਲੇ, ਪਰ ਬੰਦੇ ਵੱਧ ਮਾਰੇ। ਕਾਰਨ ਇਹ ਹੈ ਕਿ ਇਨ੍ਹਾਂ ਦਾ ਸਰੀਰ ਅੰਦਰ ਅਦਿੱਖ (Asymtomatic) ਰਹਿਣ ਦਾ ਸਮਾਂ (Incubation period) ਸਿਰਫ 5 ਕੁ ਦਿਨ ਹੈ; ਪਤਾ ਉਦੋਂ ਲਗਦਾ ਹੈ, ਜਦ ਫੇਫੜੇ ਨਕਾਰੇ ਹੋ ਚੁਕੇ ਹੁੰਦੇ ਹਨ ਤੇ ਇਲਾਜ ਦੇ ਮੌਕੇ ਸੀਮਤ ਹੋ ਜਾਂਦੇ ਹਨ। ਮੁਕਾਬਲੇ ਤੇ ਕੋਵਿਡ-19 ਦੋ-ਤਿੰਨ ਹਫਤੇ ਤਕ ਅਦਿੱਖ ਰਹਿੰਦਾ ਹੈ। ਇਸ ਪੜਾਅ ਦੌਰਾਨ ਬੀਮਾਰੀ ਗ੍ਰਸਤ ਬੰਦਾ ਦੂਜੀਆਂ ਨੂੰ ਰੋਗੀ ਬਣਾਈ ਜਾਂਦਾ ਹੈ, ਫਲਸਰੂਪ ਬੀਮਾਰ ਬੰਦਿਆਂ ਦੀ ਗਿਣਤੀ ਵਧੀ ਜਾਂਦੀ ਹੈ ਤੇ ਪ੍ਰਤੀਸ਼ਤ ਮੌਤਾਂ ਵਿਚ ਇਜ਼ਾਫਾ ਹੋਈ ਜਾਂਦਾ ਹੈ। ਮਹਿਸੂਸ ਇਉਂ ਹੁੰਦਾ ਹੈ ਕਿ ਕੋਵਿਡ-19 ਵੱਧ ਖਤਰਨਾਕ ਤੇ ਘਾਤਕ ਹੈ। ਅਸਲੀਅਤ ਇਹ ਹੈ ਕਿ 2-3 ਹਫਤਿਆਂ ਦੌਰਾਨ ਬੰਦੇ ਦਾ ਰੋਗ-ਸੁਰੱਖਿਅਤ ਪ੍ਰਬੰਧ (Immune system) ਤਗੜਾ ਹੋ ਜਾਂਦਾ ਹੈ ਤੇ 80% ਬੰਦੇ ਬੀਮਾਰੀ ਦੀ ਗ੍ਰਿਫਤ 'ਚੋਂ ਨਿਕਲ ਆਉਂਦੇ ਹਨ। ਔਸਤਨ 14% ਬੰਦੇ ਸਖਤ ਬੀਮਾਰ ਹੁੰਦੇ ਹਨ, ਪਰ ਦੁਆ-ਦਾਰੂ ਨਾਲ ਉਹ ਵੀ ਬਚ ਜਾਂਦੇ ਹਨ। ਅੰਤ ਨੂੰ ਸਿਰਫ 5-7% ਬੰਦੇ ਹੀ ਮਰਦੇ ਹਨ। ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਕੋਵਿਡ-19 'ਦੁੱਖ ਦੇ ਰੂਪ 'ਚ ਸੁੱਖ' (Blessing in disguise) ਹੈ।

## ਪਾਠਕਾਂ ਦੇ ਧਿਆਨ ਗੋਚਰੇ

ਬਹੁਤੇ ਪੰਜਾਬੀ ਬੰਦੇ ਕਰੋਨਾ-19 ਦੇ ਕਹਿਰ ਤੋਂ ਡਰੇ ਹੋਏ ਹਨ। ਰੋਜ਼ਾਨਾ ਮੌਤਾਂ ਬਾਰੇ ਸੁਣ ਕੇ ਸਹਿਮ ਦਾ ਪੈਦਾ ਹੋ ਜਾਣਾ ਸੁਭਾਵਿਕ ਹੈ। ਜਿਵੇਂ ਕਿ ਮੈਂ ਪਹਿਲੇ ਲੇਖ 'ਕਰੋਨਾ ਵਾਇਰਸ ਬਾਰੇ ਵਾਕਫੀਅਤ' ਵਿਚ ਲਿਖਿਆ ਸੀ ਕਿ ਜੇ ਤੁਸੀਂ ਵਾਇਰਸ ਤੋਂ ਬਚਣ ਦੇ ਤਰੀਕਿਆਂ ਨੂੰ ਨਿੱਤਨੇਮ ਵਾਂਗ ਅਪਨਾ ਲਓਗੇ ਤਾਂ ਤੁਹਾਨੂੰ ਕੁਝ ਨਹੀਂ ਹੋਣ ਲੱਗਾ। ਇਹ ਵਾਇਰਸ ਬੰਦੇ ਨੂੰ ਉਡ ਕੇ ਨਹੀਂ ਚੰਬੜਦੀ, ਸਗੋਂ ਬੰਦਾ ਇਸ ਨੂੰ ਚੰਬੜਨ ਦਾ ਮੌਕਾ ਦਿੰਦਾ ਹੈ। ਪਿਛਲੇ ਲੇਖ ਵਿਚ 'ਸਾਨੂੰ ਕੀ ਕਰਨਾ ਚਾਹੀਦਾ' ਦੇ ਸਿਰਲੇਖ ਹੇਠ ਵਾਇਰਸ ਤੋਂ ਬਚਣ ਦੇ ਤਰੀਕੇ ਅਤੇ ਯਤਨ ਦਿੱਤੇ ਗਏ ਹਨ। ਉਸ ਲੇਖ ਨੂੰ ਇਕ ਵਾਰੀ ਫੇਰ ਵਾਚ ਲਓ। (ਡਾ. ਸਿੱਧੂ ਦਾ ਪਹਿਲਾ ਲੇਖ 'ਪੰਜਾਬ ਟਾਈਮਜ਼' ਦੇ 4 ਅਪਰੈਲ 2020, ਅੰਕ 14 ਵਿਚ ਛਪਿਆ ਸੀ)


# ਬਦਲ ਰਿਹਾ ਹੈ ਸਿਹਤ ਸੁਰੱਖਿਆ ਦਾ ਦ੍ਰਿਸ਼

*ਅੱਜ ਕੱਲ ਸੰਸਾਰ ਭਰ ਦਾ ਸਿਸਟਮ ਬਦਲਣ ਬਾਰੇ ਕਿਆਸਆਰਾਈਆਂ ਚਲ ਰਹੀਆਂ ਹਨ। ਕਰੋਨਾ ਦੀ ਮਾਰ ਕਾਰਨ ਹੁਣ ਖਾਸ ਕਰ ਕੇ ਸਿਹਤ ਸਿਸਟਮ ਵਲ ਸਭ ਦਾ ਧਿਆਨ ਖਿੱਚਿਆ ਗਿਆ ਹੈ। ਉਘੇ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਨੇ ਆਪਣੇ ਇਸ ਲੇਖ ਵਿਚ ਅਜਿਹੀ ਦੁਨੀਆਂ ਦਾ ਨਕਸ਼ਾ ਬੰਨਿਆ ਹੈ, ਜਿਸ ਨੇ ਆਉਂਦੇ ਵਰ੍ਹਿਆਂ ਦੌਰਾਨ ਤਕਨੀਕੀ ਦੁਨੀਆਂ ਨਾਲ ਬਹੁਤ ਡੂੰਘਿਆਂ ਜੁੜ ਜਾਣਾ ਹੈ। ਉਨ੍ਹਾਂ ਦੇ ਇਹ ਨਵੇਂ ਵਿਚਾਰ ਅਸੀਂ ਆਪਣੇ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ*



ਕਰੋਨਾ ਦੀ ਲਾਇਲਾਜ ਮਹਾਮਾਰੀ ਵਿਰੁਧ ਜਿਸ ਯੁਧਨੀਤੀ ਨਾਲ ਕਰੋੜਾਂ ਲੋਕਾਂ ਦੀ ਜਾਨ ਬਚਾਈ ਜਾ ਰਹੀ ਹੈ, ਉਸ ਯੁਧਨੀਤੀ ਦਾ ਨਾਮ ਹੈ ਅੰਕੜਾ ਵਿਗਿਆਨ (ਡੇਟਾ ਸਾਇੰਸ)। ਦੂਰ-ਇਲਾਜ (ਟੈਲੀ ਮੈਡੀਸਨ) ਉਸ ਦਾ ਸਾਥ ਦੇ ਰਹੀ ਹੈ। ਇਨ੍ਹਾਂ ਦੋਹਾਂ ਨੂੰ ਦੂਰ-ਸਿਹਤ-ਸੁਰੱਖਿਆ (ਟੈਲੀ ਹੈਲਥ ਕੇਅਰ) ਤਕਨਾਲੋਜੀ ਦਾ ਨਾਮ ਦਿਤਾ ਜਾ ਸਕਦਾ ਹੈ।

ਬਿਮਾਰੀ ਦੇ ਵਿਸ਼ਵ ਭਰ ਵਿਚ ਫੈਲਾਅ ਦੀ ਸਮਝ, ਲੋਕਾਂ ਦੀ ਆਵਾਜਾਈ ਉਪਰ ਕੰਟਰੋਲ, ਪ੍ਰਭਾਵਿਤ ਇਲਾਕਿਆਂ ਦੀ ਪਛਾਣ, ਸੀਮਤ ਵਸੀਲਿਆਂ ਦੀ ਵੰਡ, ਸਿਹਤ ਕਰਮਚਾਰੀਆਂ ਲਈ ਦਿਸ਼ਾ ਨਿਰਦੇਸ਼, ਜਨਤਕ ਜਾਗਰੂਕਤਾ, ਆਦਿ ਕੁਝ ਅਜਿਹੇ ਕਾਰਜ ਹਨ ਜਿਨ੍ਹਾਂ ਬਗੈਰ ਇਹ ਲੜਾਈ ਲੜੀ ਨਹੀਂ ਸੀ ਜਾ ਸਕਦੀ। ਇਹ ਸਾਰੇ ਕਾਰਜ ਡੇਟਾ ਦੇ ਉਤਪਾਦਨ, ਗੁਣਵੱਤਾ, ਪੜਚੋਲ ਅਤੇ ਉਸ ਵਿਚੋਂ ਪੈਦਾ



ਅਮਰਜੀਤ ਸਿੰਘ ਗਰੇਵਾਲ

ਹੋਣ ਵਾਲੀ ਸੂਝ ਉਪਰ ਨਿਰਭਰ ਕਰਦੇ ਹਨ।

ਏਨਾ ਹੀ ਜ਼ਰੂਰੀ ਹੈ ਡੇਟਾ ਅਤੇ ਉਸ ਵਿਚੋਂ ਪੈਦਾ ਹੋਣ ਵੀਆਂ ਸਿਆਣਪਾਂ ਦਾ ਹਰ ਕਿਸੇ ਕੋਲ ਪਹੁੰਚਣਾ। ਜਿਹੜੀ ਬਿਮਾਰੀ ਜਹਾਜ਼ਾਂ 'ਤੇ ਚੜ੍ਹ ਕੇ ਆ ਰਹੀ ਹੋਵੇ, ਉਸ ਦੀ ਰੋਕਥਾਮ ਦੇ ਤਰੀਕਿਆਂ ਦੀ ਜਾਣਕਾਰੀ ਉਸ ਤੋਂ ਵੀ ਵੱਧ ਰਫਤਾਰ ਨਾਲ, ਬਿਮਾਰੀ ਤੋਂ ਪਹਿਲਾਂ ਪਹੁੰਚਣੀ ਚਾਹੀਦੀ ਸੀ। ਸਾਨੂੰ ਇਸ ਬਿਮਾਰੀ ਤੋਂ ਇਲਾਜ ਨਹੀਂ ਪਰਹੇਜ਼ ਬਚਾ ਰਿਹਾ ਹੈ। ਪਰਹੇਜ਼ ਦਾ ਤਦ ਹੀ ਕੋਈ ਅਰਥ ਹੁੰਦਾ ਹੈ, ਜੇ ਉਹ ਬਿਮਾਰੀ ਤੋਂ ਪਹਿਲਾਂ ਪਹੁੰਚੇ। ਸੋ ਇਸ ਲੜਾਈ ਵਿਚ ਭਾਗੀਦਾਰ ਸਭ ਧਿਰਾਂ ਦਾ ਡੇਟਾ ਦੇ ਆਦਾਨ ਪ੍ਰਦਾਨ ਅਤੇ ਉਸ ਦੇ ਸੰਚਾਰ ਪਾਸਾਰ ਲਈ ਆਪਸੀ ਸਹਿਯੋਗ ਉਪਰ ਆਧਾਰਤ ਸਾਂਝੇ ਪਲੈਟਫਾਰਮ ਦਾ ਨਿਰਮਾਣ ਜ਼ਰੂਰੀ ਹੋ ਜਾਂਦਾ ਹੈ।

ਜਦੋਂ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਵਿਅਕਤੀਆਂ, ਪਰਿਵਾਰਾਂ, ਸ਼ਹਿਰਾਂ, ਸੂਬਿਆਂ ਅਤੇ ਮੁਲਕਾਂ ਦੀਆਂ ਤਾਲਾਬੰਦੀਆਂ ਤੇ ਸਰੀਰਕ ਦੂਰੀਆਂ ਹੀ ਮੁਖ ਉਪਾਅ ਬਣ ਗਈਆਂ ਹੋਣ ਤਾਂ ਅਜਿਹੀ ਸਥਿਤੀ ਵਿਚ ਕੇਵਲ ਦੂਰ-ਸਿਹਤ ਸੁਰੱਖਿਆ ਦੀ ਵਿਧਾ ਹੀ ਸਹਾਈ ਹੋ ਸਕਦੀ ਸੀ। ਇਸ ਭੂਮਿਕਾ ਕਾਰਨ ਦੂਰ-ਸਿਹਤ ਸੁਰੱਖਿਆ ਪ੍ਰੰਪਰਾਗਤ ਮਰੀਜ਼ ਇਲਾਜ ਪ੍ਰਣਾਲੀ ਦੇ ਸਮਾਨੰਤਰ ਸਥਾਪਤ ਤਾਂ ਹੋ ਗਿਆ ਹੈ ਪਰ ਇਹ ਜਾਨਣ ਤੋਂ ਬਾਅਦ ਕਿ ਉਸ ਦੀ ਇਸ ਸਫਲਤਾ ਪਿਛੇ ਡਿਜੀਟਲ ਸਰਵੇਲੈਂਸ ਕੰਮ ਕਰ ਰਹੀ ਸੀ, ਯੂਵਲ ਹਰਾਰੀ ਵਰਗੇ ਕਈ ਲੋਕ ਪਰਦੇਦਾਰੀ (ਪਰਾਈਵੇਸੀ) ਦੀ ਉਲੰਘਣਾ ਦਾ ਮਸਲਾ ਉਠਾ ਕੇ ਇਸ ਦਾ ਵਿਰੋਧ ਕਰਨ ਲੱਗ ਪਏ ਹਨ। ਵਿਰੋਧ ਦੀ ਪੜਤਾਲ ਕਰਨ ਤੋਂ ਪਹਿਲਾਂ ਇਸ ਡੇਟਾ ਆਧਾਰਤ ਸਿਹਤ ਸੁਰੱਖਿਆ ਪ੍ਰਬੰਧ ਦੇ ਨਿਰਮਾਣ ਅਤੇ ਇਸ ਦੀਆਂ ਸੰਭਾਵਨਾਵਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।

### ਮਰੀਜ਼-ਕੇਂਦ੍ਰਤ ਸਿਹਤ ਸੰਭਾਲ

ਸਿਹਤ ਸੰਭਾਲ ਦੇ ਖੇਤਰ ਵਿਚ ਅੰਕੜਾ ਵਿਗਿਆਨ ਦੀ ਆਮਦ ਨੇ ਡਾਕਟਰ-ਕੇਂਦ੍ਰਤ ਵਿਅਕਤੀਗਤ ਇਲਾਜਾਂ ਨੂੰ ਮਰੀਜ਼-ਕੇਂਦ੍ਰਤ ਸਿਹਤ ਸੁਰੱਖਿਆ ਪ੍ਰਬੰਧ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ। ਇਸ ਨਵੇਂ ਪ੍ਰਬੰਧ ਦੀ ਸਫਲਤਾ ਲਈ ਲੱਖਾਂ ਮਰੀਜ਼ ਆਪਣੀ ਮੈਡੀਕਲ ਹਿਸਟਰੀ ਅਤੇ ਵਰਤਮਾਨ ਬਿਮਾਰੀ ਦੀਆਂ ਅਲਾਮਤਾਂ, ਪਛਾਣ, ਇਲਾਜ ਅਤੇ ਮੌਜੂਦਾ ਸਥਿਤੀ ਦੀ ਜਾਣਕਾਰੀ ਸਾਂਝੀ ਕਰਕੇ, ਕੇਵਲ ਇਕ ਦੂਜੇ ਨੂੰ ਹੌਸਲਾ ਹੀ ਨਹੀਂ ਦਿੰਦੇ, ਸਗੋਂ ਉਸ ਬਿਮਾਰੀ ਦੇ ਪੁਖਤਾ ਇਲਾਜ ਅਤੇ ਅਗਾਊਂ ਖੋਜ ਵਿਚ ਵੀ ਸਹਾਈ ਹੁੰਦੇ ਹਨ। ਪ੍ਰੈਸ਼ਰ ਗਰੁਪ ਦੇ ਰੂਪ ਵਿਚ ਸਰਕਾਰਾਂ, ਬੀਮਾ ਕੰਪਨੀਆਂ, ਫਾਰਮਾਂ ਇੰਡਸਟਰੀ ਅਤੇ ਸਮੁਚੇ ਡਾਕਟਰੀ ਭਾਈਚਾਰੇ ਨੂੰ ਉਸ ਬਿਮਾਰੀ ਦੇ ਇਲਾਜ ਨਾਲ ਜੁੜੀਆਂ ਧਾਰਨਾਵਾਂ ਵਿਚ ਸੁਧਾਰ ਲਿਆਉਣ ਲਈ ਪ੍ਰੇਰਦੇ ਹਨ।

ਡਾਕਟਰ ਅਤੇ ਮਰੀਜ਼ ਦੇ ਨਿੱਜੀ ਰਿਸ਼ਤੇ ਉਪਰ ਟਿਕੀ ਰਵਾਇਤੀ ਇਲਾਜ ਪ੍ਰਣਾਲੀ ਜਿਸ ਵਿਚ ਮਰੀਜ਼ ਕੇਵਲ ਡਾਕਟਰ ਦੇ ਨਿਰਦੇਸ਼ਾਂ ਦੀ ਪਾਲਣਾ ਹੀ ਕਰਦਾ ਸੀ, ਨੂੰ ਮਰੀਜ਼, ਡਾਕਟਰ, ਖੋਜ ਕਰਤਾ ਅਤੇ ਸਿਹਤ ਸੰਭਾਲਨਾਲ ਜੁੜੇ ਹੋਰ ਅਨੇਕਾਂ ਲੋਕਾਂ ਦੇ ਸਹਿਯੋਗੀ-ਨੈਟਵਰਕ ਦੇ ਰੂਪ ਵਿਚ ਉਸਾਰ ਕੇ ਇਸ ਨਵੀਂ ਵਿਧੀ ਨੇ ਡਾਕਟਰੀ ਧੰਦੇ ਦੇ ਸਿਧਾਂਤ ਅਤੇ ਅਭਿਆਸ ਨੂੰ ਹੀ ਨਵੇਂ ਸਿਰੇ ਤੋਂ ਸੋਚਣ ਵਿਚਾਰਨ ਲਈ ਮਜਬੂਰ ਕਰ ਦਿੱਤਾ ਹੈ।

ਮਰੀਜ਼-ਕੇਂਦ੍ਰਤ ਸਿਹਤ ਸੁਰੱਖਿਆ ਉਦੋਂ ਸ਼ੁਰੂ ਹੋਈ, ਜਦੋਂ ਲੋਕਾਂ ਨੇ ਆਪਣੀ ਬਿਮਾਰੀ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਇੰਟਰਨੈਟ ਉਪਰ ਭਾਲ ਸ਼ੁਰੂ ਕੀਤੀ। ਇਸ ਭਾਲ ਦੌਰਾਨ ਉਨ੍ਹਾਂ ਨੂੰ ਜਿਹੜੇ ਸਮਾਨ ਅਲਾਮਤਾਂ ਵਾਲੇ ਲੋਕ ਮਿਲੇ, ਉਨ੍ਹਾਂ ਨਾਲ ਆਪਣੇ ਤਜਰਬੇ ਸਾਂਝੇ ਕਰਨ ਲਈ ਵੈਬਸਾਈਟਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਮੌਜੂਦਾ ਇਲਾਜ ਤੋਂ ਨਾਖੁਸ਼ ਗੰਭੀਰ ਬਿਮਾਰੀ ਵਾਲੇ ਲੋਕਾਂ ਨੇ ਜਦੋਂ ਬਦਲਵੇਂ ਇਲਾਜਾਂ ਬਾਰੇ ਜਾਨਣਾ ਚਾਹਿਆ ਤਾਂ ਡਾਕਟਰ ਅਤੇ ਸਿਹਤ-ਸੰਭਾਲ ਨਾਲ ਜੁੜੇ ਹੋਰ ਲੋਕਾਂ ਨੇ ਵੀ ਇਨ੍ਹਾਂ ਸਾਂਝੇ-ਸਮੂਹਾਂ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ।

ਛੇਤੀ ਹੀ ਅਨੇਕਾਂ ਸੋਸ਼ਲ ਮੀਡੀਆ ਵੈਬਸਾਈਟਾਂ ਸਾਹਮਣੇ ਆਉਣ ਲੱਗੀਆਂ ਜਿਥੇ ਅਣਗਿਣਤ ਲੋਕ ਡਾਕਟਰੀ ਇਲਾਜਾਂ ਅਤੇ ਜਨਤਕ ਸਿਹਤ-ਸੰਭਾਲ ਵਿਚ ਅੱਗੇ ਵਧਣ ਲਈ ਇਕ ਦੂਸਰੇ ਦਾ ਸਮਰਥਨ ਪ੍ਰਾਪਤ ਕਰ ਰਹੇ ਸਨ। ਉਦਾਹਰਣ ਦੇ ਤੌਰ 'ਤੇ ਇੰਟਰਨੈਟ ਉਪਰ ਪੇਸ਼ੈਂਟਸ ਲਾਈਕ ਮੀ, ਏ. ਸੀ. ਓ. ਆਰ., ਐਲ. ਏ. ਐਮ. ਫਾਊਂਡੇਸ਼ਨ, ਕਿਊਰ ਟੁਗੈਦਰ ਵਰਗੀਆਂ ਇਸ ਤਰ੍ਹਾਂ ਦਾ ਕੰਮ ਕਰਨ ਵਾਲੀਆਂ ਅਨੇਕਾਂ ਸਾਈਟਾਂ ਮੌਜੂਦ ਹਨ।

ਕਿਸੇ ਬਿਮਾਰੀ ਦੇ ਲੱਖਾਂ ਮਰੀਜ਼ ਜੋ ਤਜਰਬੇ ਸਾਂਝੇ ਕਰਦੇ ਹਨ, ਉਨ੍ਹਾਂ ਤਜਰਬਿਆਂ ਨੂੰ ਪਹਿਲਾਂ ਡਿਜੀਟਲ ਡੇਟਾ ਵਿਚ ਤਬਦੀਲ ਕਰ ਲਿਆ ਜਾਂਦਾ ਹੈ। ਫੇਰ ਬਹੁਤ ਹੀ ਘੱਟ ਸਮੇ ਅਤੇ ਪੈਸੇ ਨਾਲ, ਆਰਟੀਫੀਸ਼ਲ ਇੰਟੈਲੀਜੈਂਸ ਦੇ ਅਲਗੋਰਿਦਮਾਂ ਰਾਹੀਂ ਉਸ ਡੇਟਾ ਵਿਚੋਂ ਬਿਮਾਰੀ ਸਬੰਧੀ ਜੋ ਸਿਆਣਪਾਂ ਕਸ਼ੀਦ ਕੀਤੀਆਂ ਜਾਂਦੀਆਂ ਹਨ, ਉਹ ਸਿਆਣਪਾਂ ਪ੍ਰੰਪਰਾਗਤ ਖੋਜ ਵਿਧੀਆਂ ਰਾਹੀਂ ਪ੍ਰਾਪਤ ਕਰਨੀਆਂ ਸੰਭਵ ਹੀ ਨਹੀਂ ਸਨ। ਇਸ ਵਿਧੀ ਨੂੰ ਕਰਾਊਡ ਸੋਰਸਿੰਗ ਦਾ ਨਾਂ ਦਿਤਾ ਜਾਂਦਾ ਹੈ।

ਹੌਲੀ-ਹੌਲੀ ਇਨ੍ਹਾਂ ਵੈਬਸਾਈਟਾਂ ਨੇ ਪਲੈਟਫਾਰਮਾਂ ਦੇ ਰੂਪ ਵਿਚ ਵਿਕਸਤ ਹੋਣਾ ਸ਼ੁਰੂ ਕਰ ਦਿੱਤਾ ਜਿਥੇ ਇਲਾਜ ਵਿਚ ਭਾਗੀਦਾਰੀ (ਪਾਰਟੀਸੀਪੇਟਰੀ) ਮੈਡੀਸਨ ਦੇ ਮਾਡਲ ਰਾਹੀਂ ਸਿਹਤ ਸੁਰੱਖਿਆ ਨਾਲ ਸਬੰਧਤ ਵੱਖ-ਵੱਖ ਧਿਰਾਂ ਜਿਵੇਂ ਕਿ ਮਰੀਜ਼ਾਂ, ਡਾਕਟਰਾਂ, ਖੋਜ ਕਰਤਾਵਾਂ, ਸਿਹਤ ਵਿਭਾਗ ਦੇ ਅਫਸਰਾਂ, ਮੈਡੀਕਲ ਉਪਕਰਨ ਬਣਾਉਣ ਵਾਲੀਆਂ ਕੰਪਨੀਆਂ, ਫਾਰਮਾਂ ਉਦਯੋਗ, ਵਿੱਤੀ ਸੰਸਥਾਵਾਂ, ਆਦਿ ਸਭ ਨੇ ਸਾਂਝ-ਸਮੂਹਾਂ ਦੇ ਰੂਪ ਵਿਚ, ਸਿਹਤ ਸੰਭਾਲ ਦੀਆਂ ਤੁਰੰਤ, ਅਸਰਦਾਰ ਅਤੇ ਕਿਫਾਇਤੀ ਸੇਵਾਵਾਂ ਨੂੰ ਸਭ ਦੀ ਪਹੁੰਚ ਵਿਚ ਲਿਆਉਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ।

### ਡਾਕਟਰ ਜੇਬ ਵਿਚ

ਪੰਜਾਬ ਦੇ ਸ਼ਹਿਰਾਂ ਵਿਚ ਵਿਸ਼ਵ ਪੱਧਰ ਦੇ ਕਈ ਹਸਪਤਾਲ ਮੌਜੂਦ ਹਨ, ਜਿਨ੍ਹਾਂ ਦੀ ਬਦੌਲਤ ਇਹ ਮੈਡੀਕਲ ਟੂਰਿਜ਼ਮ ਦਾ ਮੁਕਾਮ ਵੀ ਬਣਿਆ ਹੋਇਆ ਹੈ ਪਰ ਅਜਿਹੇ ਹਸਪਤਾਲਾਂ ਦੀ ਗਿਣਤੀ ਬਹੁਤ ਘੱਟ ਹੈ। ਮਹਿੰਗੇ ਹੋਣ ਕਰ ਕੇ ਇਹ ਆਮ ਆਦਮੀ ਦੀ ਪਹੁੰਚ ਤੋਂ ਦੂਰ ਹਨ। ਕੇਵਲ ਇਨ੍ਹਾਂ ਹਸਪਤਲਾਂ ਤੱਕ ਪਹੁੰਚ ਦੀ ਗੱਲ ਨਹੀਂ, ਜੇ ਸਾਰੇ ਹਸਪਤਾਲਾਂ ਨੂੰ ਧਿਆਨ ਵਿਚ ਰੱਖ ਲਈਏ, ਤਾਂ ਵੀ ਮਰੀਜ਼ਾਂ ਦੀ ਗਿਣਤੀ ਦੇ ਮੁਕਾਬਲੇ ਸਾਡੇ ਹਸਪਤਾਲਾਂ ਦੇ ਬਿਸਤਰਿਆਂ ਦੀ ਗਿਣਤੀ ਏਨੀ ਘੱਟ ਹੈ ਕਿ ਕੇਵਲ ਸ਼ਰਮਿੰਦਾ ਹੀ ਹੋਇਆ ਜਾ ਸਕਦਾ ਹੈ। ਇਕੱਲੇ ਪੰਜਾਬ ਦੀ ਨਹੀਂ, ਸਾਰੇ ਮੁਲਕ ਦੀ ਇਹੋ ਸਥਿਤੀ ਹੈ। ਇਕੋ ਬਦਲ ਬਚਦਾ ਹੈ ਕਿ ਲੋਕਾਂ ਨੂੰ ਘਰ ਬੈਠਿਆਂ ਹੀ ਵੱਧ ਤੋਂ ਵੱਧ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਵੇ ਪਰ ਇਹ ਸਹੂਲਤ ਤਾਂ ਕੇਵਲ ਦੂਰ-ਸਿਹਤ ਸੁਰੱਖਿਆ ਪ੍ਰਣਾਲੀ ਦੀ ਤਕਨਾਲੋਜੀ ਰਾਹੀ ਹੀ ਸੰਭਵ ਬਣਾਈ ਜਾ ਸਕਦੀ ਹੈ।

ਇੱਕ ਐਪ ਰਾਹੀਂ ਸੁਪਰ ਕੰਪਿਊਟਰ ਨਾਲ ਜੁੜਿਆ ਤੁਹਾਡਾ ਮੋਬਾਈਲ ਫੋਨ ਹੀ ਤੁਹਾਡਾ ਡਾਕਟਰ ਹੋਵੇਗਾ। ਤੁਹਾਡੇ ਗੁੱਟ 'ਤੇ ਬੰਨੀ ਫਿਟਨੈਸ ਘੜੀ ਤੁਹਾਡੀ ਨਬਜ਼, ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ, ਨੀਂਦ, ਐਕਸਰਸਾਈਜ਼ ਆਦਿ ਸਭ ਕਾਸੇ ਨੂੰ ਲਗਾਤਾਰ ਰਿਕਾਰਡ ਕਰ ਰਹੀ ਹੋਵੇਗੀ। ਤੁਹਾਡੀ ਟਾਇਲਟ ਤੁਹਾਡੇ ਟੱਟੀ ਪਿਸ਼ਾਬ ਦੀ ਨਿਰੰਤਰ ਜਾਂਚ ਕਰੇਗੀ। ਤੁਹਾਡਾ ਮੋਬਾਈਲ ਕੈਮਰਾ ਤੁਹਾਡੀਆਂ ਅੱਖਾਂ ਦੀ ਜਾਂਚ ਕਰੇਗਾ। ਮੋਬਾਈਲ ਫੋਨ ਦੇ ਸਪੀਕਰ ਅਤੇ ਰਸੀਵਰ ਤੁਹਾਡੀ ਆਵਾਜ਼ ਅਤੇ ਕੰਨਾਂ ਦਾ ਮੁਆਇਨਾ ਕਰ ਲੈਣਗੇ। ਕੁਝ ਸਾਲਾਂ ਤੱਕ ਤੁਹਾਡਾ ਜਨੈਟਿਕ ਤਰਤੀਬ (ਸੀਕੁਇੰਸ) ਵੀ ਇਸ ਦੀ ਪਹੁੰਚ ਵਿਚ ਆ ਜਾਵੇਗਾ। ਤੁਹਾਡਾ ਮੈਡੀਕਲ ਪਿਛੋਕੜ ਉਮਰ ਭਰ ਲਈ ਹਰ ਵਕਤ ਅਪਡੇਟ ਹੁੰਦਾ ਰਹੇਗਾ।

> *ਜਿਥੋਂ ਤੱਕ ਸਰਵੇਲੈਂਸ ਅਤੇ ਕੰਟਰੋਲ ਦਾ ਸੁਆਲ ਹੈ, ਇਸ ਦਾ ਹੱਲ ਵੀ ਕਿਸੇ ਸਿਆਸੀ ਸੰਘਰਸ਼ ਵਿਚ ਨਹੀਂ, ਬਲੋਕ ਚੇਨ ਵਰਗੀ ਤਕਨਾਲੋਜੀ ਅਪਨਾਉਣ ਵਿਚ ਪਿਆ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਜਿਸ ਨਵੀਂ ਵਿਵਸਥਾ ਵਲ ਅਸੀਂ ਵਧ ਰਹੇ ਹਾਂ, ਉਹ ਕੋਈ ਸਮਾਜਵਾਦੀ ਵਿਵਸਥਾ ਨਹੀਂ ਹੈ। ਇਹ ਪੂੰਜੀਵਾਦ ਦਾ ਉਹ ਪੜਾਅ ਹੈ ਜਿਥੇ ਪਾਰਦਰਸ਼ਤਾ, ਆਜ਼ਾਦੀ, ਸਹਿਯੋਗ, ਬਰਾਬਰੀ ਅਤੇ ਜਮਹੂਰੀਅਤ ਵਰਗੀਆਂ ਕਦਰਾਂ-ਕੀਮਤਾਂ, ਜਿਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਹੁਣ ਤੱਕ ਸੰਘਰਸ਼ ਕਰਦੇ ਆਏ ਹਾਂ, ਵੀ ਪੂੰਜੀ ਦੀ ਸੇਵਾ ਵਿਚ ਹੀ ਲੱਗੀਆਂ ਹੋਈਆਂ ਹਨ।*

ਇਸ ਸੁਪਰ ਕੰਪਿਊਟਰ ਦੀ ਡੇਟਾਬੇਸ ਵਿਚ ਸਾਰੇ ਜਹਾਨ ਦੀਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜਾਂ ਦੀ ਜਾਣਕਾਰੀ ਤਾਂ ਹੋਵੇਗੀ ਹੀ, ਇਸ ਦੇ ਨਾਲ-ਨਾਲ ਨਵੀਆਂ ਖੋਜਾਂ ਦੇ ਆਧਾਰ 'ਤੇ ਇਹ ਡੇਟਾਬੇਸ ਲਗਾਤਾਰ ਅਪਡੇਟ ਵੀ ਹੁੰਦੀ ਰਹੇਗੀ। ਦੁਨੀਆਂ ਦੇ ਤਮਾਮ ਹਸਪਤਾਲਾਂ ਨਾਲ ਨੈਟਵਰਕਿੰਗ ਰਾਹੀਂ ਇਨ੍ਹਾਂ ਬਿਮਾਰੀਆਂ ਦੇ ਚੱਲ ਰਹੇ ਇਲਾਜਾਂ ਅਤੇ ਉਨ੍ਹਾਂ ਦੀ ਸਫਲਤਾ ਦੀ ਜਾਣਕਾਰੀ ਵੀ ਇਸ ਨੂੰ ਲਗਾਤਾਰ ਮੌਜੂਦ ਹੋਵੇਗੀ।

ਤੁਹਾਡੇ ਮੋਬਾਈਲ 'ਤੇ ਹਰ ਵਕਤ ਮੁਹੱਈਆ ਰਹਿਣ ਵਾਲੇ ਤੁਹਾਡੇ ਆਪਣੇ ਨਿੱਜੀ ਮਸਨੂਈ ਬੌਧਿਕਤਾ (ਆਰਟੀਫੀਸ਼ਲ ਇੰਟੈਲੀਜੈਂਸ ਏ. ਆਈ.) ਡਾਕਟਰ ਕੋਲ ਜਿਥੇ ਦੁਨੀਆਂ ਦੀਆਂ ਬਿਮਾਰੀਆਂ, ਉਨ੍ਹਾਂ ਦੀਆਂ ਅਲਾਮਤਾਂ ਅਤੇ ਇਲਾਜਾਂ ਦੀ ਸੰਪੂਰਨ ਜਾਣਕਾਰੀ ਹੋਵੇਗੀ, ਉਥੇ ਤੁਹਾਡੀ, ਤੁਹਾਡੇ ਪਰਿਵਾਰ, ਆਂਢੀਆਂ-ਗੁਆਂਢੀਆਂ ਅਤੇ ਰਿਸ਼ਤੇਦਾਰਾਂ ਦੀ ਸਿਹਤ ਬਾਰੇ ਵੀ ਉਸ ਨੂੰ ਮਿੰਟ-ਮਿੰਟ ਦੀ ਖਬਰ ਹੋਵੇਗੀ। ਤੁਹਾਡੇ ਜਨੈਟਿਕ ਸੀਕੁਇੰਸ ਤੱਕ ਪਹੁੰਚ ਕਾਰਨ ਉਸ ਨੂੰ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਕਿਹੜੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹੋ।

ਸਿਹਤ ਸੁਰੱਖਿਆ ਆਦਿ ਕਾਲ ਤੋਂ ਹੀ ਬਿਮਾਰ ਲੋਕਾਂ ਦੇ ਇਲਾਜ ਨਾਲ ਜੁੜੀ ਹੋਈ ਹੈ। ਤੁਸੀਂ ਬਿਮਾਰ ਹੋਣ 'ਤੇ ਹੀ ਡਾਕਟਰ ਕੋਲ ਜਾਂਦੇ ਹੋ ਪਰ ਤੁਹਾਡਾ ਏ. ਆਈ. ਡਾਕਟਰ ਬਿਗ ਡੇਟਾ ਐਨਾਲਿਟਕਸ ਦੇ ਅਲਗੋਰਿਦਮਾਂ ਅਤੇ ਮਸ਼ੀਨ ਲਰਨਿੰਗ ਰਾਹੀਂ ਉਪਰੋਕਤ ਸਾਰੀ ਜਾਣਕਾਰੀ (ਡਿਜੀਟਲ ਡੇਟਾ) ਦੀ ਪਰਖ ਪੜਚੋਲ ਰਾਹੀਂ ਪਹਿਲਾਂ ਹੀ ਭਾਂਪ ਲਏਗਾ ਕਿ ਤੁਸੀਂ ਕਦੋਂ ਕਿਹੜੀ ਬਿਮਾਰੀ ਦਾ ਸ਼ਿਕਾਰ ਹੋਣ ਵਾਲੇ ਹੋ। ਇਸ ਲਈ ਉਹ ਬਿਮਾਰੀ ਲੱਗਣ ਤੋਂ ਬਹੁਤ ਪਹਿਲਾਂ ਹੀ ਉਸ ਦਾ ਇਲਾਜ ਲੱਭ ਕੇ ਤੁਹਾਨੂੰ ਸੂਚਿਤ ਕਰ ਦੇਵੇਗਾ। ਬਿਮਾਰੀਆਂ ਦੇ ਇਲਾਜ ਦੀ ਥਾਂ ਉਨ੍ਹਾਂ ਦੀ ਰੋਕਥਾਮ ਨੂੰ ਆਧਾਰ ਬਣਾ ਕੇ ਆਰਟੀਫੀਸ਼ਲ ਇੰਟੈਲੀਜੈਂਸ (ਏ. ਆਈ.) ਨੇ ਸਿਹਤ ਸੁਰੱਖਿਆ ਦੀ ਧਾਰਨਾ ਹੀ ਬਦਲ ਦਿੱਤੀ ਹੈ।

ਜੇਬ ਵਿਚ ਪਏ ਸਮਾਰਟ ਫੋਨ ਰਾਹੀਂ, ਸੱਤੇ ਦਿਨ ਚੌਵੀ ਘੰਟੇ ਵਿਸ਼ਵ ਪੱਧਰ ਦੀ ਸਿਹਤ ਸੁਰੱਖਿਆ ਮੁਹੱਈਆ ਕਰਵਾਉਣ ਲਈ ਟੈਲੀ ਮੈਡੀਸਨ, ਹੈਲਥ ਇਨਫਰਮੇਸ਼ਨ ਸਿਸਟਮ, ਡਿਜੀਟਲ ਹੈਲਥ ਰਿਕਾਰਡਜ਼, ਕਲਾਊਡ ਕੰਪਿਊਟਿੰਗ, ਆਦਿ ਦੇ ਆਧਾਰ 'ਤੇ ਮੌਜੂਦਾ ਮੈਡੀਕਲ ਸਿਸਟਮ ਦੀ ਨਵ-ਉਸਾਰੀ ਦੇ ਨਾਲ-ਨਾਲ ਡਾਕਟਰਾਂ ਸਮੇਤ ਸਮੁੱਚੇ ਅਮਲੇ ਫੈਲੇ ਨੂੰ ਮੁੜ ਸਿੱਖਿਅਤ ਕਰਨਾ ਹੋਵੇਗਾ। ਕੀ ਅਜਿਹਾ ਹੋ ਸਕਣਾ ਸੰਭਵ ਹੈ? ਏਨਾ ਵੱਡਾ ਵਿਤੀ ਨਿਵੇਸ਼ ਕੌਣ ਕਰੇਗਾ? ਇਹ ਅਤੀ ਆਧੁਨਿਕ ਇਲਾਜ ਕਿਸ ਭਾਅ ਮਿਲੇਗਾ? ਜੁਆਬ ਹੈ: ਇਕੋ ਜੁਆਬ ਹੈ ਕਿ ਜਿਵੇਂ ਅੱਜ ਹਰ ਕਿਸੇ ਨੂੰ ਦੁਨੀਆਂ ਭਰ ਦਾ ਗਿਆਨ ਮੁਫਤ ਉਪਲਭਦ ਹੈ, ਉਸੇ ਤਰ੍ਹਾਂ ਸਿਹਤ ਸੁਰੱਖਿਆ ਵੀ ਉਪਲਭਦ ਹੋ ਜਾਵੇਗੀ।

### ਹਰ ਪਿੰਡ ਵਿਚ ਹਸਪਤਾਲ

ਇਹ ਤਾਂ ਰਿਹਾ ਆਉਣ ਵਾਲੇ ਡੇਟਾ ਆਧਾਰਿਤ ਡਿਜੀਟਲ ਸਿਹਤ ਸੁਰੱਖਿਆ ਪ੍ਰਬੰਧ ਦਾ ਨਕਸ਼ਾ ਪਰ ਪੰਜਾਬ ਵਿਚ ਇਹ ਕਿਵੇਂ ਹੋਵੇਗਾ; ਇਸ ਦੀ ਯੋਜਨਾ ਬਣਾਉਣ ਲਈ ਵਰਤਮਾਨ ਪ੍ਰਬੰਧ ਅਤੇ ਉਸ ਦੀਆਂ ਕਮਜ਼ੋਰੀਆਂ ਨੂੰ ਸਮਝਣਾ ਜ਼ਰੂਰੀ ਹੈ। ਪ੍ਰਾਇਮਰੀ ਸਿਹਤ ਸੰਭਾਲ ਕੇਂਦਰਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਕੇਂਦਰਾਂ ਵਿਚ ਕੰਮ ਕਰਨ ਵਾਲੇ ਸਰਕਾਰੀ ਡਾਕਟਰ ਆਪਣੇ ਮਰੀਜ਼ਾਂ ਵਲ ਘੱਟ ਹੀ ਧਿਆਨ ਦਿੰਦੇ ਹਨ। ਇਸ ਲਈ ਬਹੁਤੇ ਮਰੀਜ਼ ਪ੍ਰਾਈਵੇਟ ਡਾਕਟਰਾਂ ਕੋਲ ਜਾਣਾ ਸ਼ੁਰੂ ਕਰ ਦਿੰਦੇ ਹਨ ਜਿਨ੍ਹਾਂ ਵਿਚੋਂ ਕਈਆਂ ਨੇ ਡਾਕਟਰੀ ਦੀ ਸਿਖਿਆ ਵੀ ਪ੍ਰਾਪਤ ਨਹੀਂ ਕੀਤੀ ਹੁੰਦੀ। ਐਂਟੀ-ਬਾਇਟਕ ਅਤੇ ਸਟੀਰਾਇਡ ਦਵਾਈਆਂ ਦੀ ਦੁਰਵਰਤੋਂ ਕਰ ਕੇ ਇਹ ਮਰੀਜ਼ਾਂ ਅੰਦਰਲੀ ਸੁਰੱਖਿਆ ਪ੍ਰਣਾਲੀ ਖਰਾਬ ਕਰ ਦਿੰਦੇ ਹਨ ਜੋ ਬਹੁਤ ਘਾਤਕ ਹੈ।

ਸਿਖਿਅਤ ਡਾਕਟਰਾਂ ਦੀ ਘਾਟ ਕਾਰਨ ਇਨ੍ਹਾਂ ਨੀਮ ਹਕੀਮਾਂ ਨੂੰ ਪੇਸ਼ੇ ਤੋਂ ਬਾਹਰ ਕਰਨਾ ਵੀ ਠੀਕ ਨਹੀਂ ਹੋਵੇਗਾ। ਇਨ੍ਹਾਂ ਦੀ ਪਿੰਡ, ਗਲੀ, ਮੁਹੱਲੇ ਦੇ ਮਰੀਜ਼ਾਂ ਤੱਕ ਪਹੁੰਚ ਹੁੰਦੀ ਹੈ, ਇਸ ਲਈ ਇਨ੍ਹਾਂ ਨੂੰ ਦੂਰ-ਸਿਹਤ ਸੁਰੱਖਿਆ (ਟੈਲੀ ਹੈਲਥ ਕੇਅਰ) ਦੀ ਮੁਢਲੀ ਟਰੇਨਿੰਗ ਦੇ ਕੇ ਨਾਲ ਜੋੜਿਆ ਜਾ ਸਕਦਾ ਹੈ। ਉਪਰੰਤ ਟੈਲੀ-ਹੈਲਥ ਕੇਅਰ ਦਾ ਡਿਪਲੋਮਾ ਕੋਰਸ ਸ਼ੁਰੂ ਕਰ ਕੇ, ਸਿਹਤ ਸੁਰੱਖਿਆ ਦੀਆਂ ਸੇਵਾਵਾਂ ਨੂੰ ਹਰ ਗਲੀ ਮੁਹੱਲੇ ਤੱਕ ਸਹਿਜੇ ਹੀ ਪਹੁੰਚਾਇਆ ਜਾ ਸਕਦਾ ਹੈ। ਘਰ ਦੇ ਕਿਸੇ ਮੈਂਬਰ ਨੂੰ ਆਨਲਾਈਨ ਜਾਂ ਆਫਲਾਈਨ ਸਰਟੀਫੀਕੇਟ ਕੋਰਸ ਕਰਵਾ ਕੇ ਇਹ ਸਹੂਲਤ ਹਰ ਘਰ ਤੱਕ ਪਹੁੰਚਾਈ ਜਾ ਸਕਦੀ ਹੈ। ਟੈਲੀ ਹੈਲਥ ਕੇਅਰ ਦੀ ਪ੍ਰੈਕਟਿਸ ਨਾਲ ਜੁੜੇ ਹੋਏ ਡਿਪਲੋਮਾਂ ਹੋਲਡਰਾਂ ਦੀ ਸਿਖਿਆ ਡਿਪਲੋਮਾਂ ਪ੍ਰਾਪਤੀ ਤੋਂ ਬਾਅਦ ਮੁਕ ਨਹੀਂ ਜਾਵੇਗੀ। ਇਹ ਓਨੀ ਦੇਰ ਤੱਕ ਲੋੜ ਅਨੁਸਾਰ ਆਨਲਾਈਨ ਮਿਲਦੀ ਰਹੇਗੀ, ਜਿੰਨੀ ਦੇਰ ਤੱਕ ਉਹ ਇਸ ਪੇਸ਼ੇ ਵਿਚ ਰਹਿਣਗੇ।

ਵਿਅਕਤੀਗਤ ਇਲਾਜਾਂ ਤੱਕ ਸੀਮਤ ਨਾ ਰਹਿ ਕੇ, ਘਰ-ਘਰ ਪਹੁੰਚ ਰਹੀ ਇਹ ਸਹੂਲਤ, ਸਿਹਤ ਸੰਭਾਲ ਪ੍ਰਤੀ ਸਮਾਜਿਕ ਚੇਤਨਾ ਵੀ ਜਗਾਏਗੀ। ਨਸ਼ੇ, ਦੂਸ਼ਿਤ ਵਾਤਾਵਰਨ, ਜੀਵਨ ਸ਼ੈਲੀ, ਅਸੰਤੁਲਿਤ ਭੋਜਨ ਅਤੇ ਐਂਟੀ-ਬਾਇਟਕ ਦਵਾਈਆਂ ਪ੍ਰਤੀ ਰਜਿਸਟੈਂਸ ਪੰਜਾਬ ਦੀ ਸਿਹਤ ਸੁਰੱਖਿਆ ਨੂੰ ਦਰਪੇਸ਼ ਪੰਜ ਮੁਖ ਚੁਣਤੀਆਂ ਹਨ। ਘਰ-ਘਰ ਪਹੁੰਚਣ ਵਾਲੀ ਟੈਲੀ-ਮੈਡੀਸਨ ਹੀ ਪਰਿਵਾਰ ਪੱਧਰ ਤੇ ਚੇਤਨਾ ਜਗ੍ਹਾ ਕੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੱਢੇਗੀ।

ਜ਼ਿਲ੍ਹਾ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਲੋਕ ਤਾਂ ਜਾਂਦੇ ਹਨ, ਪਰ ਉਨ੍ਹਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ। ਵੱਡੇ ਸੁਧਾਰਾਂ ਦੀ ਲੋੜ ਹੈ। ਹਰ ਜ਼ਿਲ੍ਹੇ ਵਿਚ ਇਕ ਨਹੀਂ, ਘੱਟੋ-ਘੱਟ ਦੋ ਵੱਡੇ ਹਸਪਤਾਲ ਚਾਹੀਦੇ ਹਨ। ਇਨ੍ਹਾਂ ਵਿਚੋਂ ਇਕ ਜ਼ਿਲ੍ਹਾ ਹੈਡਕੁਆਰਟਰ ਤੋਂ ਬਾਹਰ ਹੋਵੇ। ਬਿਮਾਰੀਆਂ ਦੇ ਇਲਾਜ ਤੋਂ ਇਲਾਵਾ ਇਹ ਹਸਪਤਾਲ ਖੋਜ, ਸਿਖਿਆ, ਟੈਲੀ-ਮੈਡੀਸਨ ਅਤੇ ਪਬਲਿਕ ਹੈਲਥ ਦੇ ਸੰਗਠਿਤ ਕੇਂਦਰਾਂ ਵਜੋਂ ਨਿਰਮਿਤ ਹੋਣੇ ਚਾਹੀਦੇ ਹਨ। ਅਫਸਰਸ਼ਾਹੀ ਤੌਰ ਤਰੀਕਿਆਂ ਤੋਂ ਮੁਕਤ ਇਹ ਖੁਦਮੁਖਤਾਰ ਸੰਸਥਾਵਾਂ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਇਲੈਕਟਰੌਨਿਕ ਹੈਲਥ ਰਿਕਾਰਡਜ਼ ਦੇ ਆਦਾਨ ਪ੍ਰਦਾਨ ਰਾਹੀਂ ਹੈਲਥ ਕੇਅਰ ਇਨਫਰਮੇਸ਼ਨ ਮੈਨੇਜਮੈਂਟ ਸਿਸਟਮ ਦੀ ਸਹਾਇਤਾ ਨਾਲ ਪੰਜਾਬ ਦੇ ਘਰ-ਘਰ ਤੱਕ ਉਨ੍ਹਾਂ ਦੀਆਂ ਵਿਅਕਤੀਗਤ ਸਥਿਤੀਆਂ ਮੁਤਾਬਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਣਗੀਆਂ। ਇਸ ਤਰ੍ਹਾਂ ਕਾਰਜਕੁਸ਼ਲਤਾ ਵਿਚ ਸੁਧਾਰ ਦੇ ਨਾਲ ਨਾਲ ਭ੍ਰਿਸ਼ਟਾਚਾਰ ਵੀ ਰੁਕੇਗਾ। ਪ੍ਰਧਾਨ ਮੰਤਰੀ ਜਨ ਅਰੋਗ ਯੋਜਨਾ ਵੀ ਸਫਲਤਾ

*(ਬਾਕੀ ਅਗਲੇ ਸਫੇ 'ਤੇ)*

ਪੂਰਬਕ ਲਾਗੂ ਹੋ ਸਕੇਗੀ।

**ਡਿਜੀਟਲ ਨਿਗਰਾਨੀ ਅਤੇ ਨਿਯੰਤਰਨ**

ਗੂਗਲ, ਫੇਸਬੁਕ ਅਤੇ ਐਮਾਜ਼ੌਨ ਵਰਗੀਆਂ ਕੰਪਨੀਆਂ ਇਸ ਗੱਲ ਦੀ ਪੂਰੀ ਜਾਣਕਾਰੀ ਰੱਖਦੀਆਂ ਹਨ ਕਿ ਤੁਸੀਂ ਕਿਥੇ ਜਾਂਦੇ ਹੋ, ਕਿਸ ਨੂੰ ਮਿਲਦੇ ਹੋ, ਕੀ ਪੜ੍ਹਦੇ ਹੋ, ਕਿਹੜੇ ਪ੍ਰੋਗਰਾਮ ਦੇਖਦੇ ਹੋ ਅਤੇ ਕਿਸ ਕਿਸਮ ਦੀਆਂ ਆਨਲਾਈਨ ਸਰਗਰਮੀਆਂ ਵਿਚ ਭਾਗ ਲੈਂਦੇ ਹੋ। ਇਸ ਜਾਣਕਾਰੀ ਦੇ ਆਧਾਰ 'ਤੇ ਤੁਹਾਡੀਆਂ ਸਮਾਜ-ਸੱਭਿਆਚਾਰਕ ਦਿਲਚਸਪੀਆਂ, ਰਾਜਨੀਤਕ ਵਿਚਾਰਾਂ ਅਤੇ ਵਪਾਰਕ ਆਸ਼ਿਆਂ ਦੀ ਸੂਹ ਲਈ ਜਾ ਸਕਦੀ ਹੈ। ਹੁਣ ਤੱਕ ਇੰਟਰਨੈਟ ਉਪਰ ਇਹੋ ਹੁੰਦਾ ਆਇਆ ਹੈ ਪਰ ਕਰੋਨਾਵਾਇਰਸ ਦੇ ਫੈਲਾਅ ਨੂੰ ਰੋਕਣ ਵਾਸਤੇ ਸਿਹਤ ਸੰਭਾਲ ਏਜੰਸੀਆਂ ਨੇ ਟੈਲੀ ਹੈਲਥ ਕੇਅਰ ਦੇਣ ਲਈ ਤੁਹਾਡੀ ਸਰੀਰਕ ਜਾਣਕਾਰੀ ਜਿਵੇਂ ਤਾਪਮਾਨ, ਬਲੱਡ ਪ੍ਰੈਸ਼ਰ, ਨਬਜ਼, ਦਿਮਾਗੀ ਐਕਟਿਵਿਟੀ ਆਦਿ ਵੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ ਹੈ।

ਹੁਣ ਜਦੋਂ ਤੁਸੀ ਕੋਈ ਲੇਖ ਪੜ੍ਹੋਗੇ, ਪ੍ਰੋਗਰਾਮ ਦੇਖੋਗੇ ਜਾਂ ਕਿਸੇ ਆਨਲਈਨ ਸਰਗਰਮੀ ਵਿਚ ਭਾਗ ਲਵੋਗੇ, ਤਾਂ ਇਨ੍ਹਾਂ ਗਤੀਵਿਧੀਆਂ ਦੀ ਜਾਣਕਾਰੀ ਦੇ ਨਾਲ-ਨਾਲ ਇਨ੍ਹਾਂ ਗਤੀਵਿਧੀਆਂ ਕਾਰਨ ਤੁਹਾਡੇ ਸਰੀਰ/ਦਿਮਾਗ ਵਿਚ ਵਾਪਰਨ ਵਾਲੀਆਂ ਤਬਦੀਲੀਆਂ ਦੀ ਜਾਣਕਾਰੀ ਵੀ ਇਕੱਤਰ ਹੋਣੀ ਸ਼ੁਰੂ ਹੋ ਜਾਵੇਗੀ। ਜਲਦੀ ਹੀ ਤੁਹਾਡੀ ਜਨੈਟਿਕ ਜਾਣਕਾਰੀ ਵੀ ਮਿਲਣ ਲੱਗ ਪਵੇਗੀ। ਯੂਵਲ ਹਰਾਰੀ ਦੇ ਕਹਿਣ ਮੁਤਾਬਕ, ਤੁਹਾਨੂੰ ਹੈਕ ਕੀਤੇ ਜਾਣ ਦੀਆਂ ਪੂਰੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਇਸ ਪ੍ਰਕਿਰਿਆ ਰਾਹੀਂ ਕੇਵਲ ਤੁਹਾਡੇ 'ਤੇ ਨਿਗਰਾਨੀ ਹੀ ਨਹੀਂ ਰੱਖੀ ਜਾਵੇਗੀ, ਤੁਹਾਡੇ ਸਮਾਜਿਕ ਅਤੇ ਰਾਜਨੀਤਕ ਵਿਹਾਰ ਨੂੰ ਕੰਟਰੋਲ ਵੀ ਕੀਤਾ ਜਾ ਸਕੇਗਾ। 'ਦਿ ਸਰਵੇਲੈਂਸ ਕੈਪੀਟਲਿਜ਼ਮ' ਦੀ ਲੇਖਕਾ ਸ਼ੋਸ਼ਾਨਾ ਜ਼ੂਬੌਫ ਮੁਤਾਬਕ, ਇਸ ਡਿਜੀਟਲ ਸਰਵੇਲੈਂਸ ਦੀ ਬਦੌਲਤ ਦੁਨੀਆਂ ਅਜਿਹੀ ਤਾਨਾਸ਼ਾਹੀ ਵਲ ਵਧ ਰਹੀ ਹੈ ਜਿਸ ਵਿਚ ਕੇਵਲ ਤਨ ਹੀ ਨਹੀਂ, ਮਨ ਵੀ ਗੁਲਾਮ ਹੋ ਜਾਣਗੇ।

ਉਸ ਦਾ ਕਹਿਣਾ ਹੈ ਕਿ ਮੁਫਤ ਸੇਵਾਵਾਂ ਦਾ ਲਾਲਚ ਦੇ ਕੇ ਲੋਕਾਂ ਤੋਂ ਉਨ੍ਹਾਂ ਦਾ ਨਿੱਜੀ ਡੇਟਾ ਇਕੱਤਰ ਕੀਤਾ ਜਾ ਰਿਹਾ ਹੈ। ਜੇ ਲੋਕਾਂ ਨੂੰ ਮੁਫਤ ਸਿਖਿਆ ਦੇ ਕੇ, ਉਨ੍ਹਾਂ ਦੇ ਸਿਖਿਆ ਪ੍ਰਾਪਤ ਕਰਨ ਦੇ ਵਿਹਾਰ (ਲਰਨਿੰਗ ਬੀਹੇਵੀਅਰ) ਨੂੰ ਹੈਕ ਕੀਤਾ ਜਾ ਰਿਹਾ ਹੈ ਜਾਂ ਫੇਰ ਜੇ ਲੋਕਾਂ ਦਾ ਹੈਲਥ ਡੇਟਾ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਮਾਮੂਲੀ ਕੀਮਤ 'ਤੇ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਤਾਂ ਗਰੀਬ ਲੋਕਾਂ ਨੂੰ ਭਲਾ ਇਸ 'ਤੇ ਕੀ ਇਤਰਾਜ਼ ਹੋ ਸਕਦਾ। ਇਸ ਨਵੀਂ ਉਤਪਾਦਨ ਪ੍ਰਣਾਲੀ, ਜਿਸ ਨੂੰ ਸ਼ੋਸ਼ਾਨਾ ਜ਼ੂਬੌਫ ਨੇ ਸਰਵੇਲੈਂਸ ਕੈਪੀਟਲਿਜ਼ਮ ਦਾ ਨਾਮ ਦਿੱਤਾ, ਵਿਚ ਤਕਨਾਲੋਜੀ ਨੂੰ ਤੁਹਾਡੇ ਬਾਰੇ ਏਨੀ ਜਾਣਕਾਰੀ ਹੁੰਦੀ ਹੈ, ਜਿੰਨੀ ਤੁਹਾਨੂੰ ਆਪ ਨੂੰ ਵੀ ਨਹੀਂ ਹੁੰਦੀ। ਇਕ ਤਰ੍ਹਾਂ ਨਾਲ ਤੁਸੀਂ ਤਕਨਾਲੋਜੀ ਅਤੇ ਤਕਨਾਲੋਜੀ ਨੂੰ ਕੰਟਰੋਲ ਕਰਨ ਵਾਲੀਆਂ ਧਿਰਾਂ ਦੇ ਹੱਥ ਵਿਚਲੀ ਕਠਪੁਤਲੀ ਬਣ ਜਾਂਦੇ ਹੋ। ਦੇਖਿਆ ਜਾਵੇ ਤਾਂ ਹਰ ਨਿਜ਼ਾਮ ਲੋਕਾਂ ਨੂੰ ਕੰਟਰੋਲ ਕਰਨ ਦਾ ਪੂਰਾ ਯਤਨ ਕਰਦਾ ਹੈ। ਪਹਿਲਾਂ ਉਹ ਅਫਸਰਸ਼ਾਹੀ ਰਾਹੀਂ ਕੰਟਰੋਲ ਕਰਦਾ ਸੀ। ਹੁਣ ਇਸ ਨਵੀਂ ਵਿਵਸਥਾ ਵਿਚ ਤਕਨਾਲੋਜੀ ਰਾਹੀਂ ਕਰੇਗਾ।

ਫੈਸਲੇ ਲੈਣ ਦੀ ਸ਼ਕਤੀ ਤਾਂ ਸਿਆਸੀ ਲੀਡਰਸ਼ਿਪ ਕੋਲ ਹੀ ਰਹੇਗੀ ਪਰ ਉਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਦੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਹੁਣ ਅਫਸਰਸ਼ਾਹੀ ਦੀ ਥਾਂ ਤਕਨਾਲੋਜੀ ਦੀ ਹੋਵੇਗੀ। ਇਸ ਪ੍ਰਸ਼ਾਸਨਿਕ ਤਬਦੀਲੀ ਦੀ ਵਜ੍ਹਾ ਕਰ ਕੇ ਹੀ ਮਾਮੂਲੀ ਕੀਮਤ ਕੇਵਲ ਘਟ ਨਹੀਂ ਰਹੀ, ਸਗੋਂ ਖਤਮ ਹੋਣ ਦੀ ਦਿਸ਼ਾ ਵਲ ਜਾ ਰਹੀ ਹੈ। ਜਮਹੂਰੀਅਤ ਨੂੰ ਕੋਈ ਖਤਰਾ ਨਹੀਂ। ਸੁਧਾਰਾਂ ਦੀ ਆਸ ਕਰਨੀ ਚਾਹੀਦੀ ਹੈ। ਜਿਵੇਂ ਪਿੰਡ ਵਿਚ ਕੋਈ ਪ੍ਰਾਈਵੇਸੀ ਨਹੀਂ ਹੁੰਦੀ; ਸਭ ਨੂੰ ਸਭ ਬਾਰੇ ਸਭ ਕੁਝ ਪਤਾ ਹੁੰਦਾ ਹੈ; ਬਿਲਕੁਲ ਉਸੇ ਤਰ੍ਹਾਂ ਇਸ ਨਵੇਂ ਨਿਜ਼ਾਮ ਵਿਚ ਵੀ ਹਰ ਕੋਈ ਹਰ ਕਿਸੇ ਬਾਰੇ ਕੁਝ ਵੀ ਜਾਣ ਸਕਦਾ ਹੈ: ਪੂਰੀ ਪਾਰਦਰਸ਼ਤਾ। ਬਿਨਾਂ ਸ਼ੱਕ ਪਾਰਦਰਸ਼ਤਾ ਪਰਦੇਦਾਰੀ ਤਾਂ ਘਟਾਏਗੀ ਹੀ, ਪਰ ਵਿਸਮਾਦ ਦੀ ਭਾਵਨਾ ਖਤਮ ਹੋਣ ਦੀ ਥਾਂ ਵਧੇਗੀ।

**ਬੇਰੁਜ਼ਗਾਰੀ ਦਾ ਭੈਅ**

ਪ੍ਰੋਫੈਸਰ ਹਰਾਰੀ ਉਤਰ-ਕਰੋਨਾ ਸੰਸਾਰ ਦਾ ਜੋ ਨਕਸ਼ਾ ਪੇਸ਼ ਕਰਦੇ ਹਨ, ਆਪਾਂ ਉਸ ਨੂੰ ਸਮਝਣ ਦੀ ਕੋਸਿਸ ਕਰਦੇ ਹਾਂ। ਉਹ ਤਰਕ ਪੇਸ਼ ਕਰਦੇ ਹਨ ਕਿ ਕਰੋਨਾ ਵਾਇਰਸ ਦੀ ਲਾਗ ਤੋਂ ਡਰਦੇ ਮਾਰੇ ਲੋਕ ਘਰਾਂ ਵਿਚ ਬੰਦ ਹੋ ਕੇ ਬੈਠ ਗਏ ਹਨ। ਇਹ ਜਾਣਦੇ ਹੋਏ ਕਿ ਅਜਿਹੀ ਤਾਲਾਬੰਦੀ ਭਵਿਖ ਵਿਚ ਵੀ ਵਾਪਰ ਸਕਦੀ ਹੈ ਅਤੇ ਰੋਬੋਟ ਕਦੇ ਵੀ ਲਾਗ ਦੇ ਸ਼ਿਕਾਰ ਨਹੀਂ ਹੋਣਗੇ, ਲੋਕਾਂ ਨੇ ਆਪਣੇ ਦਫਤਰਾਂ ਅਤੇ ਫੈਕਟਰੀਆਂ ਵਿਚ ਬੰਦਿਆਂ ਦੀ ਥਾਂ ਰੋਬੋਟ ਭਰਤੀ ਕਰਨੇ ਸ਼ੁਰੂ ਕਰ ਦੇਣੇ ਹਨ।

ਇਹ ਵੀ ਦੇਖਣ ਵਿਚ ਆ ਰਿਹਾ ਹੈ ਕਿ ਜਿਹੜੇ ਉਦਯੋਗ ਸਸਤੀ ਲੇਬਰ ਪਿਛੇ ਵਿਕਾਸਸ਼ੀਲ ਮੁਲਕਾਂ ਵਿਚ ਸ਼ਿਫਟ ਕਰ ਗਏ ਸਨ, ਹੁਣ ਉਹ ਆਪਣੇ ਮੁਲਕਾਂ ਨੂੰ ਵਾਪਿਸ ਜਾ ਰਹੇ ਹਨ। ਸਸਤੀ ਲੇਬਰ ਦੀ ਗੈਰਹਾਜ਼ਰੀ ਕਾਰਨ ਇਨ੍ਹਾਂ ਉਦਯੋਗਾਂ ਦਾ ਆਟੋਮੇਸ਼ਨ ਅਤੇ ਮਸਨੂਈ ਬੌਧਿਕਤਾ (ਆਰਟੀਫੀਸ਼ਲ ਇੰਟੈਲੀਜੈਂਸ) ਵਲ ਵਧਣਾ ਵੀ ਤੈਅ ਹੈ। ਇਸ ਲਈ ਉਹ ਭਵਿਖਬਾਣੀ ਕਰਦੇ ਹਨ ਕਿ ਵਿਕਸਤ ਮੁਲਕਾਂ ਵਿਚ ਰੋਬੋਟ ਕੰਮ ਕਰਨਗੇ ਤੇ ਵਿਕਾਸਸ਼ੀਲ ਦੇਸ਼ ਭੁਖੇ ਮਰਨਗੇ।

ਇਸੇ ਆਧਾਰ 'ਤੇ ਉਹ ਆਟੋਮੇਸ਼ਨ/ਆਰਟੀਫੀਸ਼ਲ ਇੰਟੈਲੀਜੈਂਸ ਕਾਰਨ ਵਿਹਲੀ ਹੋਣ ਵਾਲੀ ਇਸ ਲੇਬਰ ਨੂੰ ਵਿਅਰਥ ਅਤੇ ਗੈਰ-ਜ਼ਰੂਰੀ (ਯੂਜ਼ਲੈਸ ਅਤੇ ਇਰਰੈਲੇਵੈਂਟ) ਜਮਾਤ ਦਾ ਨਾਮ ਦਿੰਦੇ ਹੋਏ ਆਖਦੇ ਹਨ ਕਿ ਭਵਿਖ ਵਿਚ ਇਸ ਜਮਾਤ ਦੇ ਲੋਕਾਂ ਦੀ ਸਥਿਤੀ ਸ਼ਾਇਦ ਪਾਲਤੂ ਜਾਨਵਰਾਂ ਤੋਂ ਵੀ ਬਦਤਰ ਹੋ ਜਾਵੇਗੀ, ਕਿਉਂਕਿ ਇਹ ਲੋਕ ਰੋਬੋਟ ਜਿੰਨੇ ਆਗਿਆਕਾਰ ਵੀ ਤਾਂ ਨਹੀਂ ਹੋ ਸਕਦੇ।

ਸਮਝ ਨਹੀਂ ਲਗਦੀ ਕਿ ਮਾਯੂਸੀ ਨਾਲ ਨੱਕੋ-ਨੱਕ ਭਰੇ ਹੋਏ ਇਹ ਲੋਕ ਕਦੋਂ ਅਤੇ ਕਿਵੇਂ ਸਮਝਣਗੇ ਕਿ ਉਨ੍ਹਾਂ ਦੀ ਇਸ ਸੋਚ ਦੇ ਬਿਲਕੁਲ ਵਿਪਰੀਤ ਦੁਨੀਆਂ ਤਾਂ ਪਹਿਲਾਂ ਹੀ ਆਪਸੀ ਸਹਿਯੋਗ ਦੇ ਆਧਾਰ 'ਤੇ ਨਵੀਨਤਾ ਅਤੇ ਸਿਰਜਣਾਤਮਕਤਾ (ਇਨੋਵੇਸ਼ਨ ਅਤੇ ਕਰੀਏਟਿਵਿਟੀ) ਦੀ ਦਿਸ਼ਾ ਵਲ ਵਧਣਾ ਸ਼ੁਰੂ ਕਰ ਚੁਕੀ ਹੈ। ਲੰਮੀ ਬਹਿਸ ਵਿਚ ਨਹੀਂ ਪਵਾਂਗਾ। ਦੋ ਤਿੰਨ ਨੁਕਤਿਆਂ 'ਤੇ ਹੀ ਗੱਲ ਕਰਾਂਗਾ। ਪਹਿਲਾ ਨੁਕਤਾ ਤਾਂ ਇਹ ਕਿ 'ਇੰਟਰਨੈਟ ਆਫ ਐਵਰੀਥਿੰਗ' ਦੇ ਜ਼ਮਾਨੇ ਵਿਚ ਲੇਬਰ ਦਾ ਇਕਾਂਤਵਾਸ ਉਸ ਨੂੰ ਬੇਰੁਜ਼ਗਾਰ ਨਹੀਂ ਕਰੇਗਾ। ਇਨ-ਹਾਊਸ ਵਰਕਰ ਰਿਮੋਟ ਵਰਕਰ ਬਣ ਜਾਣਗੇ। ਮਾਈਗਰੇਸ਼ਨ ਦਾ ਰੁਝਾਨ ਟੈਲੀ-ਮਾਈਗਰੇਸ਼ਨ ਵਿਚ ਤਬਦੀਲ ਹੋਣਾ ਸ਼ੁਰੂ ਵੀ ਹੋ ਚੁਕਾ ਹੈ। ਇਹ ਪਰਵਾਸ (ਮਾਈਗਰੇਸ਼ਨ) ਦਾ ਨਵਾਂ ਰੂਪ ਹੈ। ਰਿਚਰਡ ਬਾਲਡਵਿਨ (2019) ਨੇ ਇਸ ਨੂੰ 'ਗਲੋਬੌਟਿਸ' ਦਾ ਨਵਾਂ ਨਾਮ ਦੇ ਕੇ ਸ਼ਾਇਦ ਇਹ ਕਹਿਣ ਦੀ ਕੋਸ਼ਿਸ ਕੀਤੀ ਹੈ ਕਿ ਕਰੋਨਾ



ਸੰਕਟ ਤੋਂ ਬਾਅਦ ਗਲੋਬਲਾਈਜ਼ੇਸ਼ਨ ਗਲੋਬੌਟਿਸ ਦਾ ਨਵਾਂ ਰੂਪ ਧਾਰ ਲਵੇਗੀ।

ਦੂਸਰਾ ਨੁਕਤਾ ਇਹ ਕਿ ਰੋਬੋਟ ਕੇਵਲ ਦੁਹਰਾਉਵਾਦੀ (ਰੈਪੀਟਿਟਵ) ਅਤੇ ਗਣਨਾਤਮਕ (ਕੰਪਿਊਟੇਸ਼ਨਲ) ਕਿਰਤ ਹੀ ਕਰ ਸਕਦੇ ਹਨ। ਉਹ ਕਿਰਤ ਜਿਸਮਾਨੀ ਅਤੇ ਦਿਮਾਗੀ, ਦੋਨੋਂ ਕਿਸਮ ਦੀ ਹੋ ਸਕਦੀ ਹੈ। ਰੋਬੋਟ ਨਵੀਨਤਮ (ਇਨੋਵੇਟਿਵ) ਤੇ ਸਿਰਜਣਾਤਮਕ (ਕਰੀਏਟਿਵ) ਕਿਰਤ ਵੀ ਕਰ ਸਕਦਾ ਹੈ, ਇਸ ਦੀ ਸੰਭਾਵਨਾ ਹਾਲੇ ਦੂਰ ਤੱਕ ਦਿਖਾਈ ਨਹੀਂ ਦੇ ਰਹੀ।

ਨੁਕਤਾ ਇਹ ਹੈ ਕਿ ਸੰਦ (ਟੂਲਜ਼) ਤਾਂ ਕੇਵਲ ਮਾਨਵ ਸਮਰੱਥਾ ਵਧਾਉਣ ਦਾ ਹੀ ਕੰਮ ਕਰਦੇ ਆਏ ਹਨ। ਜਿਵੇਂ ਮਸ਼ੀਨਾਂ ਨੇ ਸਾਡੇ ਹੱਥਾਂ ਪੈਰਾਂ ਦੀ ਜਿਸਮਾਨੀ ਸਮਰੱਥਾ ਵਧਾਈ ਸੀ, ਉਸੇ ਤਰ੍ਹਾਂ ਹੁਣ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਇੰਟਰਨੈਟ ਆਫ ਐਵਰੀਥਿੰਗ ਵਰਗੀਆਂ ਤਕਨੀਕਾਂ ਸਾਡੀ ਬੌਧਿਕ ਅਤੇ ਸਿਰਜਣਾਤਮਕ ਸਮਰੱਥਾ ਵਧਾ ਰਹੀਆਂ ਹਨ। ਇਤਿਹਾਸ ਗਵਾਹ ਹੈ ਕਿ ਅਜੋਕੀ ਤਕਨਾਲੋਜੀ ਵਾਂਗ ਹੀ ਕਿਰਤ ਦੀ ਸੀਮਾ (ਰੇਂਜ) ਵੀ ਘਾਤ ਅੰਕ ਦੇ ਹਿਸਾਬ (ਐਕਸਪੋਨੈਂਸ਼ੀਅਲ ਸਪੀਡ ਨਾਲ) ਹੀ ਵਧੇ ਫੈਲੇਗੀ। ਰੁਜ਼ਗਾਰ ਦੀਆਂ ਸੰਭਾਵਨਾਵਾਂ ਇਸ ਰਫਤਾਰ ਨਾਲ ਵਧ ਰਹੀਆਂ ਹਨ ਕਿ ਮਾਨਵ ਜਾਤੀ ਅਤੇ ਰੋਬੋਟ ਜਾਤੀ ਸ਼ਾਇਦ ਰਲ ਕੇ ਆਸਾਨੀ ਨਾਲ ਪੂਰੀਆਂ ਨਾ ਕਰ ਸਕੇ।

ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਰੋ-ਬੋਟ ਕਿਰਤ ਦੀਆਂ ਸੰਭਾਵਨਾਵਾਂ ਘਟਾਉਣ ਲਈ ਨਹੀਂ, ਸਗੋਂ ਵਧਾਉਣ ਲਈ ਆ ਰਹੇ ਹਨ। ਪੁਲਾੜ ਉਡਾਣਾਂ ਦਾ ਵਿਚਾਰ ਪੇਸ਼ ਕਰਨ ਵਾਲੇ ਵਿਗਿਆਨੀ ਕੌਨਸਟੈਂਟਿਨ ਸੀਔਲਕੋਵਸਕੀ ਨੇ 1800 ਵਿਚ ਹੀ ਇਹ ਆਖ ਦਿੱਤਾ ਸੀ ਕਿ "ਪ੍ਰਿਥਵੀ ਮਾਨਵਜਾਤੀ ਦਾ ਪੰਘੂੜਾ ਹੈ ਪਰ ਸਾਰੀ ਉਮਰ ਪੰਘੂੜੇ ਵਿਚ ਤਾਂ ਨਹੀਂ ਕੱਟੀ ਜਾ ਸਕਦੀ।" ਐਮਾਜ਼ੌਨ ਕੰਪਨੀ ਦੇ ਬਾਨੀ ਜੈਫ ਬੇਜੋਜ਼ ਜੋ ਆਪਣੇ ਸਪੇਸ ਮਿਸ਼ਨ ਉਪਰ ਹਰ ਸਾਲ ਅਰਬਾਂ ਡਾਲਰ ਖਰਚਦਾ ਹੈ, ਦੇ ਮੰਨਣ ਅਨੁਸਾਰ "ਚੰਦਰਮਾ ਮਨੁਖ ਜਾਤੀ ਨੂੰ ਪਰਮਾਤਮਾ ਵਲੋਂ ਮਿਲਣ ਵਾਲੀ ਬਹੁਤ ਵੱਡੀ ਸੌਗਾਤ ਹੈ।" ਇਹ ਗੱਲ ਕਹਿਣ ਲਈ ਉਹ ਤਰਕ ਦਿੰਦਾ ਹੈ ਕਿ ਧਰਤੀ ਦੇ ਮੁਕਾਬਲੇ ਚੰਦਰਮਾ ਦੀ ਗਰੂਤਾ ਬਹੁਤ ਘੱਟ ਹੈ ਜਿਸ ਕਰਕੇ ਉਥੋਂ ਦੀ ਜ਼ਮੀਨ ਵਿਚਲੀਆਂ ਨਿਆਮਤਾਂ ਪ੍ਰਾਪਤ ਕਰਨ ਲਈ 24 ਗੁਣਾਂ ਘੱਟ ਊਰਜਾ ਦੀ ਲੋੜ ਪੈਂਦੀ ਹੈ। ਜੈਫ ਬੇਜੋਜ਼ ਮੁਤਾਬਕ ਧਰਤੀ ਨੂੰ ਰਹਿਣ ਸਹਿਣ ਅਤੇ ਸੌਫਟ ਕਾਰੋਬਾਰ ਲਈ ਵਰਤਣਾ ਚਾਹੀਦਾ ਹੈ ਅਤੇ ਚੰਦਰਮਾ ਨੂੰ ਭਾਰੀ ਉਦਯੋਗ ਲਈ। ਉਨ੍ਹਾਂ ਦੇ ਇਸੇ ਪ੍ਰਸਤਾਵ ਵਿਚ ਦੁਨੀਆਂ ਦਾ ਭਵਿਖ ਛੁਪਿਆ ਹੋਇਆ ਹੈ।

ਪਹਿਲਾਂ ਰਾਕਟ ਇਕ ਵਾਰ ਵਰਤਣ ਤੋਂ ਬਾਅਦ ਨਸ਼ਟ ਹੋ ਜਾਂਦੇ ਸਨ। ਹੁਣ ਜਦੋਂ ਤੋਂ ਇਨ੍ਹਾਂ ਦੀ ਜਹਾਜ਼ਾਂ ਵਾਂਗ ਵਾਰ-ਵਾਰ ਵਰਤੋਂ ਦੀ ਸੰਭਾਵਨਾ ਬਣੀ ਹੈ, ਪੁਲਾੜ ਉਡਾਣਾਂ ਸਰਲ ਅਤੇ ਸਸਤੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਬੇਜੋਜ਼ ਦੇ ਨਿਊ ਗਲੈਨ ਰੌਕਿਟ ਦੀ ਇਕ ਉਡਾਣ ਰਾਹੀਂ 3.6 ਮੀਟਰਿਕ ਟਨ ਭਾਰ ਦੇ ਬੰਦੇ, ਮਸ਼ੀਨਾਂ ਅਤੇ ਹੋਰ ਸਾਜ਼ੋ-ਸਮਾਨ ਚੰਦਰਮਾ ਉਪਰ ਪੁਚਾਏ ਜਾ ਸਕਦੇ ਹਨ। ਜੈਫ ਬੇਜੋਜ਼ ਵਾਂਗ ਹੀ ਈਲੌਨ ਮਸਕ ਮੰਗਲ ਗ੍ਰਹਿ ਉਪਰ ਬਸਤੀ ਵਸਾਉਣ ਦੇ ਕਾਰਜ ਵਿਚ ਜੁਟੇ ਹੋਏ ਹਨ। ਕੇਵਲ ਦੂਸਰੀਆਂ ਧਰਤੀਆਂ ਉਪਰ ਪਹੁੰਚਣਾ ਹੀ ਨਹੀਂ, ਉਥੇ ਜਾ ਕੇ ਮੈਨੂਫੈਕਚਰਿੰਗ ਅਤੇ ਬਸਤੀਆਂ ਵਸਾਉਣ ਦਾ ਕੰਮ ਨਵੀਂ ਤਕਨਾਲੋਜੀ, ਖਾਸ ਕਰਕੇ 3-ਡੀ ਪਰਿੰਟਿੰਗ, ਆਰਟੀਫੀਸ਼ਲ ਇੰਟੈਲੀਜੈਂਸ, ਇੰਟਰਨੈਟ ਆਫ ਐਵਰੀਥਿੰਗ, ਰੋਬੋਟਿਕਸ, ਆਦਿ ਬਿਨਾਂ ਸੰਭਵ ਹੀ ਨਹੀਂ ਸੀ। ਪੁਲਾੜ ਅਤੇ ਦੂਸਰੇ ਗ੍ਰਹਿਆਂ ਦੇ ਕਾਰਖਾਨਿਆਂ ਵਿਚ ਮਾਨਵ ਮਜ਼ਦੂਰ ਘੱਟ ਅਤੇ ਰੋਬੋਟ ਵੱਧ ਕੰਮ ਕਰਨਗੇ। ਇਹ ਵਿਸਤਾਰ ਮਾਨਵ ਜਾਤੀ ਲਈ ਕਿੰਨੀਆਂ ਵਿਭਿੰਨ ਅਤੇ ਵਿਸ਼ਾਲ ਸੰਭਾਵਨਾਵਾਂ ਲੈ ਕੇ ਆਵੇਗਾ, ਅਨੁਮਾਨ ਲਗਾਉਣਾ ਮੁਸ਼ਕਲ ਹੈ। ਇਸ ਖੇਤਰ ਵਿਚ ਕੰਮ ਕਰਨ ਵਾਲੇ ਤਕਨੀਕੀ ਮਾਹਿਰਾਂ ਦੇ ਦੱਸਣ ਮੁਤਾਬਕ 2050 ਤੋਂ ਪਹਿਲਾਂ ਪਹਿਲਾਂ ਹੀ ਇਹ ਸੰਭਾਵਨਾਵਾਂ ਪ੍ਰਾਪਤੀਆਂ ਦੇ ਰੂਪ ਵਿਚ ਦਿਖਾਈ ਦੇਣ ਲੱਗ ਪੈਣਗੀਆਂ।

ਅਸੀਂ ਦੇਖਿਆ ਕਿ ਦੂਰ-ਸਿਹਤ ਸੁਰੱਖਿਆ ਪ੍ਰਣਾਲੀ ਸਾਹਮਣੇ ਬੇਰੁਜ਼ਗਾਰੀ ਅਤੇ ਸਰਵੇਲੈਂਸ (ਜਨਤਕ ਨਿਗਰਾਨੀ) ਦੇ ਜਿਹੜੇ ਦੋ ਮਸਲੇ ਖੜ੍ਹੇ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਜਿਥੋਂ ਤੱਕ ਰੁਜ਼ਗਾਰ ਦਾ ਸੁਆਲ ਹੈ, ਸਿਹਤ ਸੁਰੱਖਿਆ ਦੀ ਮਾਮੂਲੀ ਕੀਮਤ, ਨਾਮਾਤਰ ਰਹਿ ਜਾਣ ਨਾਲ, ਜਿਥੇ ਸਿਹਤ ਸੁਰੱਖਿਆ ਦੀਆਂ ਸੇਵਾਵਾਂ ਪ੍ਰਾਪਤ ਕਰਨ ਵਾਲੀ ਜਨਸੰਖਿਆ ਵਿਚ ਵੱਡੇ ਪੱਧਰ ਤੇ ਵਾਧੇ ਦੀਆਂ ਸੰਭਾਵਨਾਵਾਂ ਦਿਖਾਈ ਦੇ ਰਹੀਆਂ ਹਨ, ਉਥੇ ਸਪੇਸ ਮੈਡੀਸਨ ਵਰਗੇ ਅਨੇਕਾਂ ਕਿਸਮ ਦੇ ਨਵੇਂ ਖੇਤਰ ਵੀ ਸਾਹਮਣੇ ਆ ਰਹੇ ਹਨ।

ਸਿਹਤ ਸੁਰੱਖਿਆ ਵਿਚ ਨਵੀਂ ਤਕਨਾਲੋਜੀ ਦੇ ਆਉਣ ਨਾਲ ਖੋਜ ਅਤੇ ਸਿਖਿਆ ਦੀਆਂ ਕਈ ਕਿਸਮ ਦੀਆਂ ਸੰਭਾਵਨਾਵਾਂ ਵੀ ਜਾਗ ਰਹੀਆਂ ਹਨ। ਇਲਾਜ ਦੇ ਤੌਰ ਤਰੀਕੇ ਬਦਲ ਜਾਣ ਨਾਲ ਮੈਨੂਫੈਕਚਰਿੰਗ ਅਤੇ ਸੇਵਾ ਸੈਕਟਰ ਵਿਚ ਜੋ ਨਵੇਂ ਦੁਆਰ ਖੁਲ੍ਹ ਰਹੇ ਹਨ, ਉਹ ਕਿੰਨਾ ਰੁਜ਼ਗਾਰ ਅਤੇ ਵਪਾਰ ਪੈਦਾ ਕਰਨਗੇ, ਇਸ ਦਾ ਅਨੁਮਾਨ ਲਗਾਉਣਾ ਵੀ ਮੁਸ਼ਕਲ ਪ੍ਰਤੀਤ ਹੋ ਰਿਹਾ ਹੈ। ਸਮੱਸਿਆ ਰੁਜ਼ਗਾਰ ਦੀ ਨਹੀਂ, ਸਿਹਤ ਸੁਰੱਖਿਆ ਦੇ ਏਨੇ ਵਿਵਿਧ ਅਤੇ ਵਿਸ਼ਾਲ ਅਮਲੇ ਫੈਲੇ ਦੀ ਟਰੇਨਿੰਗ/ਰੀ-ਟਰੇਨਿੰਗ ਦੀ ਹੈ।

ਜਿਥੋਂ ਤੱਕ ਸਰਵੇਲੈਂਸ ਅਤੇ ਕੰਟਰੋਲ ਦਾ ਸੁਆਲ ਹੈ, ਇਸ ਦਾ ਹੱਲ ਵੀ ਕਿਸੇ ਸਿਆਸੀ ਸੰਘਰਸ਼ ਵਿਚ ਨਹੀਂ, ਬਲੌਕ ਚੇਨ ਵਰਗੀ ਤਕਨਾਲੋਜੀ ਅਪਨਾਉਣ ਵਿਚ ਪਿਆ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਜਿਸ ਨਵੀਂ ਵਿਵਸਥਾ ਵਲ ਅਸੀਂ ਵਧ ਰਹੇ ਹਾਂ, ਉਹ ਕੋਈ ਸਮਾਜਵਾਦੀ ਵਿਵਸਥਾ ਨਹੀਂ ਹੈ। ਇਹ ਪੂੰਜੀਵਾਦ ਦਾ ਉਹ ਪੜਾਅ ਹੈ ਜਿਥੇ ਪਾਰਦਰਸ਼ਤਾ, ਆਜ਼ਾਦੀ, ਸਹਿਯੋਗ, ਬਰਾਬਰੀ ਅਤੇ ਜਮਹੂਰੀਅਤ ਵਰਗੀਆਂ ਕਦਰਾਂ-ਕੀਮਤਾਂ, ਜਿਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਹੁਣ ਤੱਕ ਸੰਘਰਸ਼ ਕਰਦੇ ਆਏ ਹਾਂ, ਵੀ ਪੂੰਜੀ ਦੀ ਸੇਵਾ ਵਿਚ ਹੀ ਲੱਗੀਆਂ ਹੋਈਆਂ ਹਨ।

ਤਕਨਾਲੋਜੀ ਦੇ ਕੰਟਰੋਲ ਤੋਂ ਮੁਕਤੀ ਪ੍ਰਾਪਤ ਕਰਨ ਲਈ ਵੀ ਤਕਨਾਲੋਜੀ ਕੋਲ ਹੀ ਜਾਣਾ ਪਵੇਗਾ। ਤਕਨਾਲੋਜੀ ਦੇ ਕੰਟਰੋਲ ਤੋਂ ਮੁਕਤੀ ਪ੍ਰਾਪਤ ਕਰਨ ਲਈ ਕਿਸ ਕਿਸਮ ਦੀ ਤਕਨਾਲੋਜੀ ਵਿਕਸਤ ਕੀਤੇ ਜਾਣ ਦੀ ਲੋੜ ਹੈ, ਇਸ ਦਾ ਫੈਸਲਾ ਤਾਂ ਆਖਰ ਮਨੁੱਖ ਨੇ ਹੀ ਕਰਨਾ ਹੈ। ਕਿਸੇ ਵੇਲੇ ਹੱਥ ਪ੍ਰਧਾਨ ਸੀ, ਫੇਰ ਦਿਮਾਗ ਪ੍ਰਧਾਨ ਹੋ ਗਿਆ; ਹੁਣ ਸ਼ਬਦ-ਸੁਰਤ/ਚੇਤਨਾ ਪ੍ਰਧਾਨ ਹੈ। ਤਕਨਾਲੋਜੀ ਦੀ ਪ੍ਰਧਾਨਗੀ ਤਾਂ ਕਦੇ ਵੀ ਨਹੀਂ ਰਹੀ। ਉਸ ਨੇ ਤਾਂ ਹਮੇਸ਼ਾ ਮਨੁਖ ਦੀ ਸੇਵਾ ਕੀਤੀ ਹੈ ਅਤੇ ਕਰਦੀ ਵੀ ਰਹੇਗੀ।

## ਗਜ਼ਲ

ਮੇਰੇ ਪਿੰਡ ਦਾ ਹਰ ਸ਼ਖਸ ਉਦਾਸ ਹੈ।
ਆਮ ਹੈ ਕੋਈ ਜਾਂ ਕੋਈ ਖਾਸ ਹੈ।

ਆਪਣੇ ਘਰ ਵਿਚ ਹੀ ਬੰਦਾ ਦੁਖੀ ਹੈ
ਦੂਰ ਬੈਠਾ ਹੈ ਜਾਂ ਬੈਠਾ ਪਾਸ ਹੈ।

ਕੋਈ ਤਾਂ ਬੇਵੱਸ ਵੀ ਹੈ, ਮਜਬੂਰ ਹੈ
ਘਰ ਤਾਂ ਉਸ ਨੂੰ ਲੱਗ ਰਿਹਾ ਬਨਵਾਸ ਹੈ।

ਜ਼ਿੰਦਗੀ ਉਸ ਨਾਮ ਤੋਂ ਹੈ ਡਰ ਰਹੀ
ਜੋ ਕਰੇਂਦੀ ਜ਼ਿੰਦਗੀ ਦਾ ਨਾਸ ਹੈ।

ਆ ਗਿਐ ਚੜ੍ਹ ਕੇ ਕਰੋਨਾ ਆ ਗਿਐ
ਮੌਤ ਦਾ ਨਿੱਤ ਕਰ ਰਿਹਾ ਅਭਿਆਸ ਹੈ।

ਜ਼ਿੰਦਗੀ ਹੈ ਰੋਜ਼ ਪਲ ਪਲ ਮਰ ਰਹੀ
ਫਿਰ ਵੀ ਕਿਉਂ ਜ਼ਿੰਦਗੀ ਦੀ ਪਿਆਸ ਹੈ।

ਮੈਂ ਕਿਤੇ ਨਹੀਂ ਤੂੰ ਹੀ ਤੂੰ ਹੈਂ ਹਰ ਜਗ੍ਹਾ
ਇਸ ਜਿਸਮ ਵਿਚ ਤੇਰਾ ਹੀ ਤਾਂ ਵਾਸ ਹੈ।

ਆ ਬਚਾ ਲੈ ਦੁਨੀਆਂ ਆਪਣੀ ਮਾਲਕਾ!
ਤੇਰੀ ਧੀ 'ਸੁਰਜੀਤ' ਦੀ ਅਰਦਾਸ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

# ਮਨ, ਮਾਸਕ ਤੇ ਮੂੰਹ!



ਜਿਨ੍ਹਾਂ ਮੂੰਹਾਂ ਨੇ ਮਾਸਕਾਂ ਦੇ ਮੂੰਹ ਨਹੀਂ ਸਨ ਦੇਖੇ, ਉਨ੍ਹਾਂ ਨੂੰ ਅੱਜ ਕਲ ਮਾਸਕ ਚੰਬੜ ਗਏ, ਅਣਮਿਥੇ ਸਮੇਂ ਲਈ! ਪੇਂਡੂ ਤਬਕੇ ਦੇ ਬਹੁਤੇ ਲੋਕ ਅਜਿਹੇ ਹਨ, ਜਿਨ੍ਹਾਂ ਕਦੀ 'ਮਾਸਕ' ਦਾ ਨਾਂ ਵੀ ਨਹੀਂ ਸੁਣਿਆ ਹੋਣਾ। ਹੁਣ ਉਨ੍ਹਾਂ ਨੂੰ ਮਾਸਕ ਪਹਿਨਣੇ ਪੈ ਗਏ ਨੇ, ਤਾਂ ਬਹੁਤੇ ਲੋਕ ਆਪਣੇ ਆਪ ਨੂੰ ਸੱਚੀ-ਮੁੱਚੀ ਦਾ 'ਬੀਮਾਰ' ਮਹਿਸੂਸ ਕਰਨ ਲੱਗੇ ਨੇ। ਕੋਈ ਆਖਦਾ ਹੈ, ਮੇਰਾ ਸਾਹ ਘੁਟਦਾ ਐ ਮਾਸਕ ਨਾਲ। ਕੋਈ ਕਹਿੰਦਾ ਹੈ, ਮਾਸਕ ਲਾਏ ਤੋਂ ਘਬਰਾਹਟ ਹੁੰਦੀ ਐ ਤੇ ਦਿਲ ਵਧੇਰੇ ਧੜਕਣ ਲੱਗ ਪਿਆ ਹੈ। ਵੰਨ-ਸੁਵੰਨੇ ਲੋਕਾਂ ਦੀਆਂ ਸਮੱਸਿਆਵਾਂ ਵੀ ਵੰਨ-ਸੁਵੰਨੀਆਂ ਨੇ, ਜੋ ਮਾਸਕ ਪਹਿਨਣ ਤੋਂ ਪੈਦਾ ਹੋਈਆਂ ਨੇ। ਇੱਕ ਦੋਸਤ ਨੇ ਆਖਿਆ, ਜਦ ਮੈਂ ਮਾਸਕ ਪਾ ਕੇ ਘਰ ਵੜਦਾਂ ਤਾਂ ਮੇਰੇ ਤੋਂ ਘਰਦਿਆਂ ਨੂੰ ਜਿਵੇਂ ਭੈਅ ਆਉਂਦਾ ਹੈ। ਉਹ ਦਸਦਾ ਹੈ ਕਿ ਘਰ ਵੜਦੇ ਸਾਰ ਨਿਆਣਾ ਭੱਜ ਕੇ ਲੱਤਾਂ ਨੂੰ ਚੁੰਬੜਦਾ ਸੀ, ਤੇ ਹੁਣ ਡਰ ਕੇ ਪਰ੍ਹੇ ਨੂੰ ਭਜਦਾ ਹੈ।

ਕਈ ਬੰਦੇ ਮਾਸਕ ਲਾ ਕੇ ਗੱਲਾਂ ਕਰਦੇ ਨੇ ਤੇ ਕਹਿੰਦੇ ਨੇ ਕਿ ਗੱਲ ਕਰਨ ਦਾ ਉਕਾ ਹੀ ਸੁਆਦ ਨਹੀਂ ਆਉਂਦਾ, ਜਿੰਨਾ ਚਿਰ ਨੰਗੇ ਮੂੰਹੀਂ ਚੰਗੀ ਤਰ੍ਹਾਂ ਫਾੜ ਫਾੜ ਕੇ ਨਾ ਬੋਲੀਏ! ਇਸ ਲਈ ਗੱਲ ਕਰਨ ਤੋਂ ਪਹਿਲਾਂ ਕਈਆਂ ਨੂੰ ਭੋਰਾ ਕੁ ਬੁੱਲ੍ਹ ਨੰਗੇ ਕਰਨੇ ਪੈਂਦੇ ਨੇ। ਬਹੁਤਾ ਬੋਲਣ ਵਾਲਿਆਂ ਲਈ ਸਗੋਂ ਬਹੁਤ ਔਖਾ ਹੋ ਗਿਆ ਹੈ।

ਮੈਨੂੰ ਬਚਪਨ ਚੇਤੇ ਆਇਆ, ਸਾਡੇ ਘਰ ਇੱਕ ਮੱਝ ਹੁੰਦੀ ਸੀ, ਜੋ ਸਾਰਾ ਸਾਰਾ ਦਿਨ ਬਿਨਾ ਵਜ੍ਹਾ ਅੜਿੰਗਦੀ ਰਹਿੰਦੀ ਸੀ। ਮੇਰੇ ਪਿਤਾ ਨੇ ਛਿੱਕਲੀ ਬਣਾਈ, ਸਵੇਰੇ ਦੁੱਧ ਚੋਣ ਪਿਛੋਂ ਮੱਝ ਦੇ ਮੂੰਹ 'ਤੇ ਚੜ੍ਹਾ ਦਿੰਦੇ ਤੇ ਕਦੇ ਕਦੇ ਖੋਲ੍ਹ ਵੀ ਦਿੰਦੇ, ਉਹ ਫਿਰ ਅੜਿੰਗਣ-ਰੰਭੁਣ ਲੱਗਦੀ। ਸੋ, ਕਈ ਬੰਦੇ ਕਹਿੰਦੇ ਹਨ ਕਿ ਸਾਨੂੰ ਵੀ ਮਾਸਕ ਰੂਪੀ ਛਿੱਕਲੀ ਪਾਉਣੀ ਪੈ ਗਈ ਹੈ।


ਇਹ ਸੱਚ ਹੈ ਕਿ ਮੈਨੂੰ ਵੀ ਮਾਸਕ ਦੀ ਥੋੜ੍ਹੀ-ਬਹੁਤੀ ਸਮਝ ਹੁਣੇ ਹੀ ਪਈ ਹੈ। ਮੇਰੇ ਹਮਦਰਦਾਂ ਨੇ ਮੇਰੇ ਸਿਰਹਾਣੇ ਮਾਸਕਾਂ ਦੀ ਭਰੀ ਥੱਬੀ ਧਰ ਦਿੱਤੀ। ਥੱਬੀ ਤੋਂ ਭੈਅ ਆਇਆ ਕਿ ਜਿਵੇਂ ਹੁਣ ਮੈਂ ਡਾਢਾ ਬੀਮਾਰ ਹੋ ਗਿਆ ਆਂ ਤੇ ਬਚਣਾ ਮੁਸ਼ਕਿਲ ਹੈ। ਮੇਰਾ ਮੰਜਾ ਮੈਨੂੰ ਕਿਸੇ ਹਸਤਪਾਲ ਦਾ ਮੰਜਾ ਜਾਪਣ ਲੱਗਾ ਤੇ ਮੈਂ ਛੇਤੀ ਹੀ ਮਾਸਕਾਂ ਦੀ ਥੱਬੀ ਲੋੜਵੰਦਾਂ ਨੂੰ ਜਾ ਫੜਾਈ, ਇੱਕ ਆਪਣੇ ਜੋਗਾ ਰੱਖ ਕੇ! ਇਹ ਸੱਚ ਹੈ ਕਿ ਦੇਸ਼-ਵਿਦੇਸ਼ ਗਾਹੁੰਦਿਆਂ ਕਿਸੇ ਏਅਰਪੋਰਟ ਉਤੇ ਕਦੇ ਕੋਈ ਗੋਰਾ ਦਿਸ ਜਾਂਦਾ ਸੀ, ਮਾਸਕ ਪਾਈ ਫਿਰਦਾ ਜਾਂ ਫਿਰ ਕਦੇ ਕਿਸੇ ਰੇਲਵੇ ਸਟੇਸ਼ਨ ਉਤੇ ਸੈਕੜਿਆਂ ਦੀ ਭੀੜ 'ਚੋਂ ਕੋਈ ਵਿਰਲਾ 'ਮਾਸਕੀ ਬੰਦਾ' ਦਿਸਦਾ। ਵੱਡੇ ਹਸਤਪਾਲਾਂ ਵਿਚ ਨਰਸਾਂ ਤੇ ਡਾਕਟਰਾਂ ਦਾ ਮਾਸਕ ਪਾ ਕੇ ਫਿਰਨਾ ਮੈਨੂੰ ਨਿੱਕੇ ਹੁੰਦੇ ਤੋਂ ਹੀ ਡਰਾਉਣਾ ਡਰਾਉਣਾ ਜਿਹਾ ਲਗਦਾ ਰਿਹਾ ਹੈ, ਪਰ ਹੁਣ ਨਿੱਤ ਦਿਹਾੜੇ ਅਣਗਿਣਤ ਬੰਦੇ-ਬੁੜ੍ਹੀਆਂ ਨੂੰ ਮਾਸਕ ਪਹਿਨੀਂ ਫਿਰਦੇ ਦੇਖਦਾ ਹਾਂ ਤੇ ਸੋਚਦਾ ਹਾਂ ਕਿ ਕਦੋਂ ਛੁਟਕਾਰਾ ਮਿਲੇਗਾ ਇਨ੍ਹਾਂ ਮਾਸਕਾਂ ਤੋਂ? ਬੰਦਾ-ਬੁੜ੍ਹੀ ਤਾਂ ਨੰਗੇ ਮੂੰਹ ਹੀ ਸੋਭਦੇ ਨੇ ਭਾਈ! ਅਜ ਕਲ ਮਨ ਹੋਰ ਹੈ, ਮੂੰਹ ਉਹੀ ਹੈ, ਮਾਸਕ ਬਿਗਾਨਾ ਹੈ, ਇੱਕ ਦਮ ਜਿਵੇਂ ਮੱਲੋਮਲੀ ਮੂੰਹ 'ਤੇ ਆਣ ਚੜ੍ਹਿਆ ਹੋਵੇ!

ਕੁਝ ਸੱਜਣ ਆਖਦੇ ਨੇ ਕਿ ਜਦੋਂ ਦੀ ਕਰੋਨਾ ਚੱਲੀ ਹੈ, ਮੰਦੇ ਸੁਪਨੇ ਡਰਾਉਂਦੇ ਨੇ। ਕੋਈ ਕਹਿੰਦਾ ਹੈ ਕਿ ਮੇਰੇ 'ਤੇ ਕਰੋਧ ਹਾਵੀ ਹੋ ਗਿਆ ਹੈ। ਕਿਸੇ ਨੂੰ ਨੀਂਦ ਨਹੀਂ ਪੈਂਦੀ। ਮਨੋਰੋਗਾਂ ਦੇ ਡਾਕਟਰਾਂ ਦੀ ਪੁੱਛ-ਗਿੱਛ ਹੋਰ ਵੀ ਵਧ ਗਈ ਹੈ। ਮੇਰੀ ਡਾਇਰੀ ਵੀ ਡਰੀ ਡਰੀ ਜਿਹੀ ਹੈ, ਕਹਿੰਦੀ ਹੈ, 'ਬਸ ਕਰ ਲੇਖਕਾ, ਬਾਤ ਦਾ ਬਤੰਗੜ ਨਾ ਬਣਾ, ਪੰਨਾ ਭਰ ਗਿਐ।'

ਮੈਂ ਡਾਇਰੀ ਦਾ ਆਖਾ ਮੰਨ ਲਿਆ ਹੈ। ਰੱਬ ਅੱਗੇ ਦੁਆ ਕਰਨ ਲਈ ਮਨ ਕਰ ਆਇਆ ਹੈ ਕਿ ਮਾਸਕਾਂ ਤੋਂ ਛੇਤੀ ਹੀ ਜਗਤ ਦਾ ਖਹਿੜਾ ਛੁਡਵਾ ਮੇਰੇ ਮਾਲਕਾ! ਲੋਕ ਨੰਗੇ ਮੂੰਹੀਂ ਛੇਤੀ ਗੱਲਾਂ ਕਰਨ ਲੱਗ ਪੈਣ। ਮਨਾਂ ਵਿਚ ਉਪਜਿਆ ਭੈਅ ਉਡ ਪੁੱਡ ਜਾਵੇ! ਬਥੇਰਾ ਕਹਿਰ ਢਾਹ ਲਿਆ ਹੈ ਕਰੋਨਾ ਨੇ। ਅੱਗੇ ਅੱਗੇ ਹੁਣ ਖੈਰ ਹੋਵੇ!

# ਵਫਾਦਾਰੀ ਨੂੰ ਵਧੇਰੇ ਤਰਜੀਹ ਦੇਣ ਵਾਲਾ ਸੰਗੀਤਕਾਰ

ਕਲਾ ਪਰਿਕਰਮਾ



ਜੀ.ਐਸ. ਕੋਹਲੀ (ਵਿਚਕਾਰ) ਨਾਲ (ਖੱਬੇ) ਸਾਊਂਡ ਰਿਕਾਰਡਿਸਟ ਮਿਨੂ ਕੈਟਰਕ ਅਤੇ (ਸੱਜੇ) ਨਕਸ਼ ਲਾਇਲਪੁਰੀ।

**ਜੀ.ਐਸ. ਵਜੋਂ ਸਾਹਮਣੇ ਆਏ ਗੁਰਸ਼ਰਨ ਸਿੰਘ ਕੋਹਲੀ ਨੇ ਸਮਝੌਤਾ ਕਰਨ ਦੀ ਥਾਂ ਕਿਨਾਰਾ ਕਰਨ ਨੂੰ ਤਰਜੀਹ ਦਿੱਤੀ...**

1960ਵਿਆਂ ਵਿਚ ਹਿੰਦੀ ਫਿਲਮ 'ਸ਼ਿਕਾਰੀ' ਦੇ ਗੀਤ ਬੇਹੱਦ ਮਕਬੂਲ ਹੋਏ। ਅਜੀਤ, ਰਾਗਿਨੀ ਤੇ ਹੈਲੇਨ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ 1963 ਵਿਚ ਰਿਲੀਜ਼ ਹੋਈ, ਪਰ ਇਸ ਦੇ ਕੁਝ ਗੀਤ, ਖਾਸ ਕਰਕੇ 'ਤੁਮਕੋ ਪੀਆ ਦਿਲ ਦੀਆ, ਕਿਤਨੇ ਨਾਜ਼ ਸੇ' (ਲਤਾ ਮੰਗੇਸ਼ਕਰ, ਊਸ਼ਾ ਮੰਗੇਸ਼ਕਰ), 'ਮਾਂਗੀ ਹੈਂ ਦੁਆਏਂ ਹਮਨੇ ਸਨਮ, ਇਸ ਦਿਲ ਕੋ ਤੜਪਨਾ ਆ ਜਾਏ' (ਲਤਾ-ਊਸ਼ਾ), 'ਅਗਰ ਮੈਂ ਪੂਛੂੰ, ਜਵਾਬ ਦੋਗੇ' (ਮੁਹੰਮਦ ਰਫੀ, ਲਤਾ ਮੰਗੇਸ਼ਕਰ), 'ਚਮਨ ਕੇ ਫੂਲ ਭੀ ਤੁਝਕੋ ਬਹਾਰ ਕਹਿਤੇ ਹੈਂ' (ਰਫੀ-ਲਤਾ) ਹੁਣ ਵੀ ਵੱਖ ਵੱਖ ਐਫਐਮ ਚੈਨਲਾਂ ਦਾ ਸ਼ਿੰਗਾਰ ਬਣਦੇ ਰਹਿੰਦੇ ਹਨ। ਗੀਤਕਾਰ ਫਾਰੂਕ ਕੈਸਰ ਵੱਲੋਂ ਰਚਿਤ ਇਨ੍ਹਾਂ ਗੀਤਾਂ ਦਾ ਸੰਗੀਤਕਾਰ ਜੀ.ਐਸ. ਕੋਹਲੀ ਸੀ ਜੋ ਹੁਣ ਇਸ ਜਹਾਨ ਵਿਚ ਨਹੀਂ ਹੈ।

ਇਸ ਸੰਗੀਤਕਾਰ ਦਾ ਪੂਰਾ ਨਾਮ ਸੀ ਗੁਰਸ਼ਰਨ ਸਿੰਘ ਕੋਹਲੀ। ਇਸ ਨੇ ਭਾਵੇਂ ਆਜ਼ਾਦਾਨਾ ਤੌਰ 'ਤੇ 14 ਫਿਲਮਾਂ ਵਿਚ ਸੰਗੀਤ ਦਿੱਤਾ, ਪਰ ਮੁੱਖ ਤੌਰ 'ਤੇ ਸੰਗੀਤਕਾਰ ਓ.ਪੀ. ਨਈਅਰ ਦੇ ਚੀਫ ਅਸਿਸਟੈਂਟ ਦੇ ਤੌਰ 'ਤੇ ਹੀ ਜਾਣਿਆ ਜਾਂਦਾ ਰਿਹਾ ਹੈ। ਨਈਅਰ ਦਾ ਇਹ ਇਸ ਹੱਦ ਤਕ ਵਫਾਦਾਰ ਸੀ ਕਿ ਜਦੋਂ ਨਈਅਰ ਨੂੰ ਕੰਮ ਮਿਲਣਾ ਘੱਟ ਗਿਆ, ਉਦੋਂ ਵੀ ਕੋਹਲੀ ਨੇ ਉਸ ਦਾ ਸਾਥ ਨਹੀਂ ਛੱਡਿਆ। ਦਿਲਚਸਪ ਤੱਥ ਇਹ ਸੀ ਕਿ ਉਸ ਨੇ ਜਦੋਂ ਵੀ ਆਜ਼ਾਦਾਨਾ ਤੌਰ 'ਤੇ ਸੰਗੀਤ ਦਿੱਤਾ, ਉਸ ਉੱਤੇ ਨਈਅਰ ਦੇ ਸੰਗੀਤ ਦੀ ਛਾਪ ਬਹੁਤ ਘੱਟ ਨਜ਼ਰ ਆਈ। ਨਈਅਰ ਨੇ ਆਪਣੇ ਪੂਰੇ ਕਰੀਅਰ ਦੌਰਾਨ ਲਤਾ ਮੰਗੇਸ਼ਕਰ ਤੋਂ ਕੋਈ ਗੀਤ ਨਹੀਂ ਗਵਾਇਆ, ਕੋਹਲੀ ਨੂੰ ਅਜਿਹਾ ਕਰਨ ਤੋਂ ਕੋਈ ਪਰਹੇਜ਼ ਨਹੀਂ ਸੀ। ਲਤਾ ਉਸ ਦੀ ਪਸੰਦੀਦਾ ਗਾਇਕਾ ਸੀ ਅਤੇ ਇਸ ਦੀ ਮਿਸਾਲ ਉਸ ਵੱਲੋਂ ਰਚੀਆਂ ਦੋ ਬਿਹਤਰੀਨ ਧੁਨਾਂ ਹਨ ਜੋ ਉਸ ਨੇ ਲਤਾ ਦੀ ਆਵਾਜ਼ ਵਿਚ ਰਿਕਾਰਡ ਕੀਤੀਆਂ। ਪਹਿਲੀ ਹੈ 'ਮੇਰੇ ਦੋ ਨੈਨਾ ਮਤਵਾਲੇ, ਕਿਸ ਕੇ ਲੀਏ' (ਨਮਸਤੇ ਜੀ, 1965) ਅਤੇ ਦੂਜੀ 'ਬਾਜੇ ਘੁੰਗਰੂ ਛਨ ਛਨ' (ਸ਼ਿਕਾਰੀ, 1963)।

ਓ.ਪੀ. ਨਈਅਰ ਤੇ ਜੀ.ਐਸ. ਕੋਹਲੀ ਦਾ ਸਾਥ 1951 ਤੋਂ ਸ਼ੁਰੂ ਹੋਇਆ ਅਤੇ 1968 ਤਕ ਨਿਭਿਆ। ਉਸ ਨੇ ਲੋੜ ਪੈਣ 'ਤੇ ਓ.ਪੀ. ਲਈ ਧੁਨਾਂ ਵੀ ਤਿਆਰ ਕੀਤੀਆਂ ਅਤੇ ਕਰੀਬ ਹਰ ਰਿਕਾਰਡਿੰਗ ਲਈ ਅਰੇਂਜਰ ਵਜੋਂ ਵੀ ਕੰਮ ਕਰਦਾ ਰਿਹਾ। ਨਈਅਰ ਦੀ ਫਿਲਮ 'ਕਿਸਮਤ' (1968) ਤੋਂ ਬਾਅਦ ਕੋਹਲੀ ਫਿਲਮ ਸੰਗੀਤ ਨਾਲ ਜੁੜੀ ਦੁਨੀਆਂ ਵਿਚੋਂ ਅਚਨਚੇਤ 'ਗਾਇਬ' ਹੋ ਗਿਆ।

ਜੀ.ਐਸ. ਕੋਹਲੀ ਨੂੰ ਸੁਤੰਤਰ ਸੰਗੀਤਕਾਰ ਵਜੋਂ ਪਹਿਲੀ ਬ੍ਰੇਕ 1960 ਵਿਚ ਫਿਲਮ 'ਲੰਬੇ ਹਾਥ' ਰਾਹੀਂ ਮਿਲੀ। ਡੀਐਮ ਮੂਵੀਜ਼ ਦੇ ਬੈਨਰ ਥੱਲੇ ਬਣੀ ਇਸ ਫਿਲਮ ਦੇ ਨਿਰਦੇਸ਼ਕ ਕ੍ਰਿਸ਼ਨ ਮਲਿਕ ਸਨ। ਇਸ ਵਿਚ ਮਹਿਮੂਦ, ਨਾਜ਼ ਤੇ ਡੇਜ਼ੀ ਇਰਾਨੀ ਦੀਆਂ ਮੁੱਖ ਭੂਮਿਕਾਵਾਂ ਸਨ। ਸੰਗੀਤਕਾਰ ਸਨ ਅਨਜਾਨ। ਇਸ ਫਿਲਮ ਦਾ ਗੀਤ 'ਪਿਆਰ




ਜੀ.ਐਸ. ਕੋਹਲੀ।

ਕੀ ਰਾਹ ਦਿਖਾ ਦੁਨੀਆਂ ਕੋ, ਰੋਕੇ ਜੋ ਨਫਰਤ ਕੀ ਆਂਧੀ' (ਮੁਹੰਮਦ ਰਫੀ) ਇਨਸਾਨੀਅਤ ਦੇ ਸੁਨੇਹੇ ਲਈ ਜਾਣੇ ਜਾਂਦੇ ਗੀਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਭਾਵੇਂ 'ਲੰਬੇ ਹਾਥ' ਨੇ ਲੰਬੀ ਪਾਰੀ ਨਹੀਂ ਖੇਡੀ, ਪਰ ਜੀ.ਐਸ. ਕੋਹਲੀ ਬਤੌਰ ਸੰਗੀਤਕਾਰ, ਫਿਲਮੀ ਹਸਤੀਆਂ ਦੀ ਨਜ਼ਰ ਵਿਚ ਆ ਗਿਆ। ਅਗਲੇ ਸਾਲ (1961 ਵਿਚ) ਉਸ ਨੇ ਫਿਲਮ 'ਮਿਸਟਰ ਇੰਡੀਆ' ਦਾ ਸੰਗੀਤ ਦਿੱਤਾ ਜਿਸ ਦੇ ਮੁੱਖ ਕਲਾਕਾਰ ਕਮਲਜੀਤ (ਅਸਲ ਨਾਮ ਸ਼ਸ਼ੀ ਰੇਖੀ ਜੋ ਬਾਅਦ ਵਿਚ ਅਭਿਨੇਤਰੀ ਵਹੀਦਾ ਰਹਿਮਾਨ ਦਾ ਪਤੀ ਰਿਹਾ) ਤੇ ਗੀਤਾ ਬਾਲੀ ਸਨ। ਇਸ ਫਿਲਮ ਦਾ ਗੀਤ 'ਕਿਆ ਸੋਚ ਰਹਾ ਮਤਵਾਲੇ' (ਮੁਹੰਮਦ ਰਫੀ) ਅੱਜ ਵੀ ਵਿਵਿਧ ਭਾਰਤੀ 'ਤੇ ਸੁਣਿਆ ਜਾ ਸਕਦਾ ਹੈ।

1963 ਵਿਚ ਫਿਲਮ 'ਫੌਲਾਦ' ਵਿਚ ਵੀ ਜੀ.ਐਸ. ਕੋਹਲੀ ਦਾ ਸੰਗੀਤ ਤੇ ਅਨਜਾਨ ਦੇ ਗੀਤ ਸਨ। 1963 ਵਿਚ ਆਈ 'ਸ਼ਿਕਾਰੀ' ਦਾ ਜ਼ਿਕਰ ਪਹਿਲਾਂ ਹੀ ਹੋ ਚੁੱਕਾ ਹੈ। 1964 ਵਿਚ 'ਚਾਰ ਦਰਵੇਸ਼' (ਫਿਰੋਜ਼ ਖਾਨ, ਸਈਦਾ ਖਾਨ) ਆਈ। ਇਸ ਵਿਚ ਰਾਜ ਮਹਿਦੀ ਅਲੀ ਖਾਨ ਦਾ ਲਿਖਿਆ ਅਤੇ ਆਸ਼ਾ ਭੋਸਲੇ ਤੇ ਊਸ਼ਾ ਮੰਗੇਸ਼ਕਰ ਦਾ ਗਾਇਆ ਡੂਏਟ 'ਤੜਪਾ ਲੇ ਜਿਤਨਾ ਚਾਹੇ ਤੇਰਾ ਇਖਤਿਆਰ ਹੈੜ' ਖ਼ੂਬਸੂਰਤ ਕੰਪੋਜ਼ੀਸ਼ਨ ਸੀ। 1965 ਵਿਚ 'ਨਮਸਤੇ ਜੀ' ਦਾ ਸੰਗੀਤ ਹਿੱਟ ਹੋਇਆ, ਪਰ ਅਮਿਤਾ, ਆਈ.ਐਸ. ਜੌਹਰ, ਮਹਿਮੂਦ ਤੇ ਉਲਹਾਸ ਦੀਆਂ ਭੂਮਿਕਾਵਾਂ ਵਾਲੀ ਇਹ ਕਾਮੇਡੀ ਹਿੱਟ ਨਾ ਹੋਈ। ਜਿਨ੍ਹਾਂ ਹੋਰ ਫਿਲਮਾਂ ਵਿਚ ਕੋਹਲੀ ਨੇ ਸੰਗੀਤ ਦਿੱਤਾ, ਉਨ੍ਹਾਂ ਵਿਚ 'ਐਡਵੈਂਚਰਜ਼ ਆਫ ਰੋਬਿਨ ਹੁੱਡ', 'ਪੂਰਨਿਮਾ', 'ਗੁੰਡਾ', 'ਜੰਗ ਔਰ ਅਮਨ', 'ਜਾਅਲਸਾਜ਼' ਤੇ 'ਸੰਗਦਿਲ' (1967) ਸ਼ਾਮਲ ਸਨ।

ਜੀ.ਐਸ. ਕੋਹਲੀ ਦਾ ਜਨਮ 1925 ਵਿਚ ਰਾਵਲਪਿੰਡੀ ਵਿਚ ਹੋਇਆ ਸੀ। ਪਿਤਾ ਦੁਕਾਨਦਾਰ ਸਨ। 1930ਵਿਆਂ ਵਿਚ ਫਿਲਮਾਂ ਦੇਖ ਕੇ ਸੰਗੀਤ ਦੀ ਜਾਗ ਲੱਗੀ ਅਤੇ ਇਹ ਸ਼ੌਕ ਪਹਿਲਾਂ ਉਸ ਨੂੰ ਲਾਹੌਰ ਲੈ ਗਿਆ ਅਤੇ ਫਿਰ ਬੰਬਈ। ਬੰਬਈ ਵਿਚ ਓ.ਪੀ. ਨਈਅਰ ਨਾਲ ਮੁਲਾਕਾਤ ਨੇ ਕੋਹਲੀ ਨੂੰ ਫਿਲਮ ਸੰਗੀਤ ਦੇ ਰਾਹ ਪਾ ਦਿੱਤਾ। ਇਸ ਸੰਗੀਤਕਾਰ ਨੇ 1968 ਵਿਚ ਫਿਲਮ ਸੰਗੀਤ ਨੂੰ ਅਲਵਿਦਾ ਆਖੀ ਅਤੇ ਉਸ ਤੋਂ ਬਾਅਦ 27 ਸਾਲ ਗੁੰਮਨਾਮੀ ਦੀ ਜ਼ਿੰਦਗੀ ਜਿਉਂਦਾ ਰਿਹਾ। 25 ਜੁਲਾਈ 1996 ਨੂੰ ਮੁੰਬਈ ਵਿਚ ਹੀ ਉਸ ਨੇ ਆਖਰੀ ਸਾਹ ਲਿਆ। **-ਪੰਜਾਬ ਟਾਈਮਜ਼ ਫੀਚਰਜ਼**










ਜੀ.ਐਸ. ਕੋਹਲੀ ਦੀਆਂ ਫਿਲਮਾਂ 'ਚਾਰ ਦਰਵੇਸ਼', 'ਸ਼ਿਕਾਰੀ' ਤੇ 'ਮਿਸਟਰ ਇੰਡੀਆ' ਦੇ ਪੋਸਟਰ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਈ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-430



*ਤੀਲ੍ਹਾ ਤੀਲ੍ਹਾ ਜੋੜ ਕੇ, ਚਿੜੀਆਂ ਨੇ ਆਲ੍ਹਣਾ ਬਣਾਇਆ।*
*ਪੈਦਾ ਹੋਣੇ ਬੋਟ, ਦਿਲ ਦੇ ਟੁਕੜੇ ਲਈ ਆਲ੍ਹਣਾ ਸਜਾਇਆ*

### ਕੈਪਸ਼ਨ ਮੁਕਾਬਲਾ-428



ਮਸਾਂ ਸਰਕਾਰੀ ਰਾਸ਼ਨ ਮਿਲਿਆ,
ਸਾਈਕਲ 'ਤੇ ਲੱਦ ਲਿਆ ਸਾਰਾ ਭਾਰ।
ਖਿੱਚਣਾ, ਧੂਹਣਾ ਔਖਾ ਹੋਇਆ,
ਹੋਇਆ ਪਿਆ ਡਾਹਢਾ ਲਾਚਾਰ।
ਕਰੋਨਾ, ਕਰਫਿਊ, ਬੇਰੁਜ਼ਗਾਰੀ,
ਦਿਹਾੜੀਦਾਰ ਨੂੰ ਤੀਹਰੀ ਮਾਰ।

**-ਦਵਿੰਦਰ ਕੌਰ**

---

ਗਰਮੀ ਕਰਕੇ ਲਾਲਚ ਕੀਤਾ
ਇੱਕੋ ਵਾਰ ਕੰਮ ਮੁਕਾਵਾਂ,
ਦਿੱਤਾ ਰਾਸ਼ਨ ਸਰਕਾਰੀ ਜੋ
ਮੈਂ ਝੱਟ ਪੱਟ ਵੰਡ ਕੇ ਆਵਾਂ।
ਲੌਕਡਾਊਨ ਕਰੋਨੇ ਨੇ ਕਰਕੇ
ਸਭ ਡਰ ਬਿਠਾਏ ਅੰਦਰ,
ਰੱਬ ਵੀ ਜਾਣੋ ਕੀਤਾ ਵਿਹਲਾ
ਬੰਦ ਨੇ ਮਸਜਿਦ, ਮੰਦਿਰ।

**-ਸੇਵਾ ਸਿੰਘ ਨੂਰਪੁਰੀ**

---

ਸਾਰੀ ਦੁਨੀਆਂ ਤੜਫੀ ਜਾਵੇ
ਕਰੋਨੇ ਐਸਾ ਕਹਿਰ ਕਮਾਇਆ।
ਕਈਆਂ ਦੇ ਕੰਮ ਲੋਟ ਆ ਗਿਆ
ਉਨ੍ਹਾਂ ਆਪਣਾ ਦਾਅ ਲਾਇਆ।
ਅੱਧੀ ਦਰਜਨ ਸਰਕਾਰੀ ਥੈਲੇ
'ਆਪਣਿਆਂ' ਕੋਲੋਂ ਲੱਦ ਲਿਆਇਆ।

**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਨਾ ਮੂੰਹ 'ਤੇ ਮਾਸਕ ਪਾਇਆ,
ਨਾ ਹੱਥਾਂ ਉਪਰ ਦਸਤਾਨੇ।
ਘੇਰ ਲਿਆ ਜਦ ਕਰੋਨਾ ਨੇ,
ਫੇਰ ਦੇਊ ਸੱਤਾ ਨੂੰ ਤਾਅਨੇ।

**-ਚਮਨਦੀਪ ਸ਼ਰਮਾ, ਪਟਿਆਲਾ**
**ਫੋਨ: 91-95010-33005**

---

ਮਸੀਂ ਮਸੀਂ ਮਿਲੀ ਰਾਸ਼ਨ ਦੀ ਕਣਕ
ਗਰੀਬਾਂ ਲਈ ਹੋ ਗਈ ਬੱਲੇ ਬੱਲੇ।
ਮੁਸੀਬਤ ਆਟਾ ਪਿਸਾਉਣ ਦੀ ਹੁਣ
ਕੋਈ ਵੀ ਆਟਾ ਚੱਕੀ ਨਾ ਚੱਲੇ।
ਸਾਈਕਲ ਤੇ ਧੂਹ-ਘੜੀਸ ਲਿਆਂਦਾ
ਰਾਸ਼ਨ ਕਈ ਟੱਬਰਾਂ ਦਾ।
ਵਾਹਨ ਕੋਈ ਨਾ ਮਿਲੇ ਮਹਾਮਾਰੀ 'ਚ
ਕਰੋਨਾ ਬਣਿਆ ਮੁੱਢ ਖਬਰਾਂ ਦਾ।

**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਵਾੜ ਦਿੱਤੀ ਖਲਕਤ ਭੋਰਿਆਂ 'ਚ
ਕਰੋਨਾ ਵਾਇਰਸ ਦੇ ਡਰ ਨਾਲ।
ਨਿਕਲੋ ਬਾਹਰ ਤਾਂ ਡੰਡੇ ਵਰਦੇ
ਰਹੋ ਅੰਦਰ ਤਾਂ ਭੁੱਖੇ ਮਰਦੇ
ਸਰਕਾਰਾਂ ਦੇ ਐਲਾਨ ਥੋਥੇ ਇਸ਼ਤਿਹਾਰ
ਦਸ ਕਿੱਲੋ ਆਟਾ, ਦਾਲਾਂ ਅਤੇ ਖੰਡ
ਪੰਚਾਇਤਾਂ ਰਲ ਨੌਜਵਾਨ ਸਭਾਵਾਂ
ਲੱਦ ਲੱਦ ਕਣਕ ਬੋਰੇ ਸਾਇਕਲਾਂ 'ਤੇ
ਘਰ ਪ੍ਰਤੀ ਰਾਸ਼ਨ ਪਹੁੰਚਾਇਆ।
ਆਪਣਾ ਨਾਂ ਭਰਾਤਰੀ ਭਾਵ 'ਚ ਲਿਖਾਇਆ
ਇਹੀ ਮਨੁੱਖਤਾ, ਜਿਸ ਸਿਦਕ ਨਿਭਾਇਆ।

**-ਦਰਸ਼ਨਪਾਲ ਦੋਸਾਂਝ**

## ਚੁੱਪ ਰਹੋ

ਸੁਣ ਨਹੀਂ ਰਹੇ ਯਾਰ! ਚੁੱਪ ਰਹੋ।
ਸੌਂ ਰਹੀ ਐ ਸਰਕਾਰ, ਚੁੱਪ ਰਹੋ।
ਕੰਮ ਕਰੋ, ਟੁੱਕ ਮੰਗਣਾ ਜੁਰਮ ਹੈ,
ਨਿਕਲਿਓ ਨਾ ਬਾਹਰ, ਚੁੱਪ ਰਹੋ।
ਦੇਸ਼ ਧਰੋਹ ਹੈ, ਉਚੀ ਅਵਾਜ਼ ,
ਐ ਜਨਤਾ, ਖਬਰਦਾਰ! ਚੁੱਪ ਰਹੋ।
'ਸਭ ਕਾ ਸਾਥ, ਸਭ ਕਾ ਵਿਕਾਸ ਹੋ'
ਠਹਿਰੋ! ਕਰੋ ਇੰਤਜ਼ਾਰ, ਚੁੱਪ ਰਹੋ।
'ਮਨ ਕੀ ਬਾਤ' ਕਹੂੰਗਾ, ਸੁਣਿਓ
ਟੀ. ਵੀ., ਬਰਖੁਰਦਾਰ! ਚੁੱਪ ਰਹੋ।
ਮਕਤੂਲ, ਕਾਤਲ, ਦੰਗਈ ਕੌਣ,
ਤੈਅ ਕਰੂ ਅਖਬਾਰ, ਚੁੱਪ ਰਹੋ।
ਚੁੱਲ੍ਹੇ ਬੁਝਾ, ਸਿਵੇ ਸੇਕਦੈ, 'ਲਾਲ'
ਬ-ਮੁਲਾਹਜ਼ਾ ਹੁਸ਼ਿਆਰ, ਚੁੱਪ ਰਹੋ।

**-ਲਾਲ ਸਿੰਘ ਸੁਲਹਾਣੀ**
**ਫੋਨ: 91-98721-55120**

# ਨਜ਼ਰੋਂ ਓਹਲੇ ਹੋ ਗਏ ਨੂੰ ਸਾਹਮਣੇ ਲਿਆਉਣ ਦੀ ਕਹਾਣੀ ਹੈ, 'ਨਜ਼ਰੀਂ ਨਾ ਆਵੇ'

**ਨਵਜੋਤ ਕੌਰ**

ਇੰਨੀ ਦਿਨੀਂ ਯੂ ਟਿਊਬ 'ਤੇ ਨਿਰਮਲ ਰਿਸ਼ੀ ਦੀ ਮੁੱਖ ਭੂਮਿਕਾ ਵਾਲੀ ਲਘੂ ਫਿਲਮ 'ਨਜ਼ਰੀਂ ਨਾ ਆਵੇ' ਰਿਲੀਜ਼ ਹੋਈ ਹੈ। ਇਹ ਫਿਲਮ ਕਈ ਪੱਖਾਂ ਤੋਂ ਬਹੁਤ ਅਹਿਮ ਹੈ। ਇਸ ਫਿਲਮ ਰਾਹੀਂ ਅਸੀਂ ਅਦਾਕਾਰਾਂ ਦੇ ਫਰਜ਼ਾਂ ਦੀ ਗੱਲ ਕਰ ਸਕਦੇ ਹਾਂ, ਜਿਸ ਤਰ੍ਹਾਂ ਕਿ ਨਿਰਮਲ ਰਿਸ਼ੀ ਪੰਜਾਬੀ ਅਦਾਕਾਰੀ




ਖੇਤਰ ਦੇ ਸਭ ਤੋਂ ਸੀਨੀਅਰ ਅਦਾਕਾਰਾਂ ਵਿਚੋਂ ਇੱਕ ਹਨ। ਉਹ ਦੂਰਦਰਸ਼ਨ ਤੋਂ ਲੈ ਕੇ ਮੇਨਸਟਰੀਮ ਪੰਜਾਬੀ ਫਿਲਮਾਂ 'ਚ ਪ੍ਰਮੁੱਖ ਭੂਮਿਕਾਵਾਂ ਨਿਭਾਉਂਦੇ ਰਹਿੰਦੇ ਹਨ। ਉਨ੍ਹਾਂ ਦੀ ਮੁੱਖ ਵਿਸ਼ੇਸ਼ਤਾ ਇੱਕ ਸਹਾਇਕ ਅਦਾਕਾਰਾ ਵਜੋਂ ਰਹੀ ਹੈ। ਇੱਥੇ ਇਹ ਗੱਲ ਕਰਨੀ ਬਣਦੀ ਹੈ ਕਿ ਫਿਲਮਾਂ ਦੇ ਮੁੱਖ ਅਦਾਕਾਰ ਤੇ ਸਹਾਇਕ ਅਦਾਕਾਰ ਕਿਵੇਂ ਕਲਾ ਤੇ ਸਮਾਜ 'ਚ ਆਪਣਾ ਯੋਗਦਾਨ ਪਾਉਂਦੇ ਹਨ।

ਮੁੱਖ ਅਦਾਕਾਰ ਆਪਣੀ ਸ਼ੁਹਰਤ ਅਤੇ ਚਮਕ ਦਮਕ ਕਰਕੇ ਫੀਚਰ ਫਿਲਮਾਂ ਹੀ ਕਰਦੇ ਹਨ ਅਤੇ ਵਧੇਰੇ ਕਰਕੇ ਉਨ੍ਹਾਂ ਦੀਆਂ ਫੀਚਰ ਫਿਲਮਾਂ ਮਨੋਰੰਜਨ ਅਤੇ ਪੈਸੇ ਲਈ ਬਣਦੀਆਂ ਹਨ, ਇਸ ਲਈ ਉਹ ਆਪਣਾ ਸਮਾਜਕ ਯੋਗਦਾਨ ਪਾਉਣ ਤੋਂ ਪਿੱਛੇ ਰਹਿ ਜਾਂਦੇ ਹਨ, ਜਦੋਂ ਕਿ ਸਹਾਇਕ ਅਦਾਕਾਰ ਮੁੱਖ ਫਿਲਮਾਂ ਦੇ ਨਾਲ ਨਾਲ ਲਘੂ ਫਿਲਮਾਂ ਰਾਹੀਂ ਆਪਣਾ ਸਮਾਜਕ ਯੋਗਦਾਨ ਵਧੇਰੇ ਤੇ ਬਾਖੂਬੀ ਪਾਉਂਦੇ ਹਨ। ਇਸ ਪੱਖੋਂ ਮਹਾਂਬੀਰ ਭੁੱਲਰ, ਸਰਦਾਰ ਸੋਹੀ, ਨਿਰਮਲ ਰਿਸ਼ੀ ਆਦਿ ਕਈ ਨਾਂ ਲਏ ਜਾ ਸਕਦੇ ਹਨ, ਜੋ ਪੰਜਾਬੀ, ਭਾਰਤੀ ਸਿਨੇਮਾ ਦੇ ਮੁੱਖ ਚਿਹਰੇ ਵੀ ਹਨ ਅਤੇ ਆਪਣਾ ਸਮਾਜਕ ਫਰਜ਼ ਵੀ ਬਾਖੂਬੀ ਪਛਾਣਦੇ ਹਨ। ਇਸੇ ਤਰ੍ਹਾਂ 'ਨਜ਼ਰੀਂ ਨਾ ਆਵੇ' ਲਘੂ ਫਿਲਮ ਰਾਹੀਂ ਨਿਰਮਲ ਰਿਸ਼ੀ ਨੇ ਆਪਣਾ ਸਮਾਜਕ ਫਰਜ਼ ਪਛਾਣਦਿਆਂ ਇੱਕ ਬਹੁਤ ਹੀ ਚੰਗਾ ਕੰਮ ਕੀਤਾ ਹੈ।

ਦੂਜਾ ਨੁਕਤਾ ਇਹ ਹੈ ਕਿ ਛੋਟੀਆਂ ਫਿਲਮਾਂ ਰਾਹੀਂ ਵੀ ਵੱਡੇ ਸੰਦੇਸ਼ ਦਿੱਤੇ ਜਾ ਸਕਦੇ ਹਨ ਅਤੇ ਅਕਸਰ ਛੋਟੀਆਂ ਫਿਲਮਾਂ ਹੀ ਸਮਾਜਕ ਸੰਦੇਸ਼ਾਂ ਨਾਲ ਵੱਧ ਜੁੜੀਆਂ ਹੁੰਦੀਆਂ ਹਨ। ਇਸ ਲਘੂ ਫਿਲਮ ਦੀ ਨਿਰਦੇਸ਼ਕ ਤੇ ਲੇਖਕ ਰੋਜ਼ ਗਿੱਲ ਹੈ, ਜੋ ਪੀ. ਸੀ. ਐਸ. ਦੇ 2014 ਬੈਚ ਦੀ ਚੁਣੀ ਹੋਈ ਪ੍ਰਸ਼ਾਸਨਿਕ ਅਧਿਕਾਰੀ ਹੈ। ਉਹ ਆਪਣੀਆਂ ਸਮਾਜਕ ਜਿੰਮਵਾਰੀਆਂ ਨੂੰ ਖੂਬ ਸਮਝਦੀ ਹੈ ਤੇ ਮਿਹਨਤ, ਲਗਨ ਨਾਲ ਉਸ ਨੇ ਇੱਕ ਚੰਗੀ ਲਘੂ ਫਿਲਮ ਬਣਾਉਣ 'ਚ ਸਫਲਤਾ ਹਾਸਲ ਕੀਤੀ ਹੈ। ਸਾਨੂੰ ਇਹ ਸੁਨੇਹਾ ਵੀ ਮਿਲਦਾ ਹੈ ਕਿ ਅਸੀਂ ਟਿੱਕ ਟੌਕ ਤੇ ਹੋਰ ਸੋਸ਼ਲ ਮੀਡੀਆ ਦੀ ਚੁਟਕਲੇਬਾਜ਼ੀ ਤੋਂ ਬਾਹਰ ਆ ਕੇ ਕੁਝ ਅਜਿਹੀਆਂ ਕੋਸ਼ਿਸ਼ਾਂ ਕਰੀਏ, ਜਿਸ ਨਾਲ ਸਮਾਜ ਦੇ ਵੱਡੇ ਖੇਤਰ ਲਈ ਇੱਕ ਵੱਡਾ ਸੁਨੇਹਾ ਦੇ ਸਕੀਏ।

'ਨਜ਼ਰੀਂ ਨਾ ਆਵੇ' ਲਘੂ ਫਿਲਮ ਮਹਿਜ ਅੱਠ ਕੁ ਮਿੰਟਾਂ ਰਾਹੀਂ ਪੰਜਾਬੀ ਮਾਨਸਿਕਤਾ ਦੀਆਂ ਪਰਤਾਂ ਨੂੰ ਪੇਸ਼ ਕਰਦੀ ਹੈ, ਜਿੱਥੇ ਇੱਕ ਪਾਸੇ ਪਿਛਲੇ ਦਹਾਕਿਆਂ ਵਿਚ ਪੰਜਾਬ ਦੀਆਂ ਬਹੁਤ ਕੁੜੀਆਂ ਦਾਜ ਦੀ ਬਲੀ ਚੜ੍ਹ ਗਈਆਂ, ਉਥੇ ਐਸ ਵੇਲੇ ਆਈਲੈਟਸ ਰਾਹੀਂ ਉਨ੍ਹਾਂ ਦੀ ਸਥਿਤੀ ਬਿਲਕੁਲ ਬਦਲ ਗਈ ਹੈ। ਇਹ ਫਿਲਮ ਇਨ੍ਹਾਂ ਦੋਹਾਂ ਨੁਕਤਿਆਂ ਦਰਮਿਆਨ ਘੁੰਮਦੀ ਹੈ ਤੇ ਬਹੁਤ ਹੀ ਖੂਬਸੂਰਤ ਜਜ਼ਬਾਤੀ ਇੱਕ ਸੁਨੇਹਾ ਦਿੰਦੀ ਹੈ, ਜਿਸ ਨਾਲ ਦਰਸ਼ਕਾਂ ਦੇ ਮਨ ਹਲੂਣੇ ਜਾਂਦੇ ਹਨ ਅਤੇ ਇਹ ਫਿਲਮ ਦਰਸ਼ਕਾਂ ਦਾ ਨਜ਼ਰੀਆ ਬਦਲਣ ਦਾ ਦਮ ਰੱਖਦੀ ਹੈ।


*ਨਿਰਦੇਸ਼ਕ ਤੇ ਲੇਖਕ ਰੋਜ਼ ਗਿੱਲ*

ਕਲਾ ਦਾ ਅਰਥ ਸਾਨੂੰ ਅਚੰਭਿਤ ਕਰ ਦੇਣਾ ਹੁੰਦਾ ਹੈ ਤੇ ਅਹਿਸਾਸਾਂ ਦੇ ਖੜ੍ਹੇ ਪਾਣੀਆਂ ਵਿਚ ਹਿਲਜੁਲ ਕਰਨਾ ਵੀ। ਲਘੂ ਫਿਲਮ ਵਿਚ ਇਹ ਕੰਮ ਹੋਰ ਵੀ ਵਧੇਰੇ ਜ਼ੋਖਮ ਭਰਿਆ ਹੁੰਦਾ ਹੈ, ਕਿਉਂਕਿ ਬਹੁਤ ਘੱਟ ਸਮੇਂ ਵਿਚ ਆਪਣੀ ਗੱਲ ਕਹਿਣੀ ਹੁੰਦੀ ਹੈ। ਰੋਜ਼ ਗਿੱਲ ਦੀ ਲਿਖੀ ਤੇ ਨਿਰਦੇਸ਼ਿਤ ਲਘੂ ਫਿਲਮ 'ਨਜ਼ਰੀਂ ਨਾ ਆਵੇ' ਇਨ੍ਹਾਂ ਸਾਰੇ ਪੱਖਾਂ ਤੋਂ ਬਹੁਤ ਕਾਮਯਾਬ ਪੇਸ਼ਕਾਰੀ ਹੈ ਅਤੇ ਇਹ ਸਾਨੂੰ ਉਹ ਕੁਝ ਨਜ਼ਰੀਂ ਲਿਆਉਣ ਦਾ ਸਫਲ ਯਤਨ ਹੈ, ਜੋ ਸਾਡੀਆਂ ਨਜ਼ਰਾਂ ਤੋਂ ਓਹਲੇ ਰਹਿ ਜਾਂਦਾ ਹੈ ਜਾਂ ਜਿਸ ਨਾਲ ਅਸੀਂ ਖੁਦ ਨਜ਼ਰਾਂ ਨਹੀਂ ਮਿਲਾਉਣਾ ਚਾਹੁੰਦੇ।

ਸੁਰਖਾਬ ਰਿਕਾਰਡਜ਼ ਵਲੋਂ ਰਿਲੀਜ਼ ਕੀਤੀ ਇਸ ਲਘੂ ਫਿਲਮ ਦਾ ਸੰਗੀਤ ਹੇਮੀ ਮਾਂਗਟ ਨੇ ਦਿੱਤਾ ਹੈ ਅਤੇ ਕੈਮਰਾਮੈਨ ਗੁਰਪਿੰਦਰ ਤੇ ਐਡੀਟਰ ਪੁਨੀਤ ਹਨ। ਇਸ ਲਘੂ ਫਿਲਮ ਦਾ ਪ੍ਰਬੰਧਕੀ ਕਾਰਜ ਹੈਦਰ ਗਿੱਲ ਅਤੇ ਰਾਜੇਸ਼ਵਰ ਬਰਾੜ ਨੇ ਨਿਭਾਇਆ ਹੈ। ਆਸ ਹੈ, ਇਹ ਫਿਲਮ ਆਪਣੀ ਵਿਸ਼ੇਸ਼ ਥਾਂ ਬਣਾਏਗੀ।

# ਪਰਵਾਸੀ

ਪਤਾ ਨਹੀਂ ਕਿਉਂ ਰਹਿ-ਰਹਿ ਕੇ ਬਿਹਾਰ ਤੇ ਯੂ. ਪੀ. ਤੋਂ ਆਏ ਮਜ਼ਦੂਰ, ਇੰਨੇ ਔਖੇ ਸਮੇਂ ਵਿਚ ਗਠੜੀਆਂ ਚੁੱਕੀ, ਕੁੱਛੜ ਜੁਆਕ ਅਤੇ ਪੈਰਾਂ ਵਿਚ ਟੁੱਟੀਆਂ-ਭੱਜੀਆਂ ਬੇਮੇਚ ਚਪਲਾਂ ਅੱਖਾਂ ਅੱਗੇ ਘੁੰਮੀ ਜਾਂਦੇ ਹਨ। ਕਿਸੇ ਨੇ ਪਿੱਛੋਂ ਅਵਾਜ਼ ਮਾਰੀ ਹੀ ਨਹੀਂ, 'ਰੁਕ ਜਾਓ, ਭਾਈ!' ਮਨ ਵਿਚੋਂ ਹੂਕ ਨਿਕਲਦੀ ਹੈ। ਸੰਤਾਲੀ ਦੇ ਉਜਾੜੇ ਦਾ ਦ੍ਰਿਸ਼ ਅੱਖਾਂ ਸਾਹਮਣੇ ਘੁੰਮਦਾ ਹੈ।

ਝੋਨਾ ਲਾਉਣ ਤੇ ਹੋਰ ਕੰਮਾਂ ਲਈ ਸਸਤੀ ਮਜ਼ਦੂਰੀ! ਕਿੱਧਰੇ ਭੱਠਿਆਂ 'ਤੇ ਕੰਮ! ਸ਼ਹਿਰਾਂ 'ਚ ਤਾਂ ਕੀ ਮਰਦ, ਕੀ ਔਰਤਾਂ, ਕੀ ਬੱਚੇ-ਘਰਾਂ ਵਿਚ ਝਾੜੂ-ਪੋਚਾ, ਕੱਪੜੇ ਧੋਣੇ, ਮਾਲੀ, ਪ੍ਰੈਸ ਕਰਨ ਦਾ ਕੰਮ ਸਾਰਾ ਇਨ੍ਹਾਂ ਦੇ ਸਿਰ 'ਤੇ ਹੀ ਚੱਲ ਰਿਹਾ ਸੀ। ਹੁਣ ਤਾਂ ਮਕਾਨ ਬਣਾਉਣ ਦੀ ਠੇਕੇਦਾਰੀ ਵੀ ਕਰਦੇ ਹਨ। ਇਹ ਬੁਢਾਪੇ ਵਿਚ ਆਪਣੇ ਦੇਸ਼ ਹੀ ਜਾਣਾ ਚਾਹੁੰਦੇ ਹਨ। ਬੱਚੇ ਪਿੱਛੇ ਰਹਿ ਜਾਂਦੇ ਹਨ। ਤਿਉਹਾਰ ਇਕੱਠੇ ਹੋ ਕੇ ਮਨਾ ਲੈਂਦੇ ਹਨ। ਇੱਕ ਕਮਰੇ 'ਚ 4-4, 5-5 ਜਣੇ ਦਿਨ ਕਟੀ ਕਰੀ ਜਾਂਦੇ ਹਨ। ਟੱਬਰ ਵਾਲਾ 'ਕੱਲਾ ਵੀ ਲੈ ਲੈਂਦਾ ਹੈ।

ਇੱਕ ਅਧਿਆਪਕ ਵਜੋਂ ਇਨ੍ਹਾਂ ਦੇ ਬੱਚਿਆਂ ਅਤੇ ਮਾਪਿਆਂ ਨਾਲ ਵਾਹ ਪੈਂਦਾ ਰਿਹਾ। ਬੱਚੇ, ਪੰਜਾਬੀ ਬੱਚਿਆਂ ਜਿੰਨੀ ਸੋਹਣੀ ਪੰਜਾਬੀ ਬੋਲਦੇ ਤੇ ਲਿਖਦੇ, ਲਿਖਾਈ ਵੀ ਸੋਹਣੀ। ਪੰਜਾਬੀ ਗੀਤ ਗੜਕਵੀਂ ਅਵਾਜ਼ 'ਚ ਇਨ੍ਹਾਂ ਤੋਂ ਸੁਣੇ। ਸਗੋਂ ਇਨ੍ਹਾਂ ਵਿਚ ਮਨੋਰੰਜਨ ਦੀ ਲਲਕ ਵੱਧ ਹੁੰਦੀ ਹੈ। ਪਰਵਾਸੀ ਮਜ਼ਦੂਰਾਂ ਦੀਆਂ ਔਰਤਾਂ ਵੀ ਮਾਲਸ਼ ਕਰਨ ਵਿਚ ਮਾਹਰ ਹੁੰਦੀਆਂ ਹਨ।

ਸਰਕਾਰ ਤਾਂ ਦੋਸ਼ੀ ਹੈ ਹੀ, ਚਾਰ ਦਿਨ ਠਹਿਰ ਕੇ ਕਰਫਿਊ ਲੱਗ ਸਕਦਾ ਸੀ, ਸਾਰੇ ਆਪੋ ਆਪਣੇ ਘਰ ਮੁੜ ਜਾਂਦੇ, ਪਰ ਲੋਕਲ ਬਾਸ਼ਿੰਦਿਆਂ ਦਾ ਵੀ ਫਰਜ਼ ਬਣਦਾ ਹੀ ਸੀ, ਜੋ ਇਨ੍ਹਾਂ ਦੀ ਕਿਰਤ 'ਤੇ ਕਮਾਈ ਕਰਦੇ ਹਨ। ਕੋਈ ਗਰਭਵਤੀ ਔਰਤ, ਨਿੱਕੇ ਬੱਚੇ ਵਾਲੀ ਔਰਤ, ਛੋਟੇ-ਛੋਟੇ ਬੱਚੇ ਕਿਵੇਂ ਨੰਗੇ ਪੈਰ ਤੁਰ ਗਏ! ਕਿਵੇਂ ਇੰਨੀ ਗਰਮੀ ਵਿਚ ਰਾਹਾਂ ਵਿਚ ਰੁਲਣ ਲਈ ਚੁੱਪ-ਚੁਪੀਤੇ, ਭੈਅ-ਭੀਤ ਚਾਲੇ ਪਾ ਗਏ! ਕੁਦਰਤ ਦੇ ਇੰਨੇ ਵੱਡੇ ਕਹਿਰ ਵੀ ਮਨੁੱਖ ਨੂੰ ਸਬਕ ਨਹੀਂ ਸਿਖਾ ਸਕੇ।

ਕੀ ਸਾਡੇ ਜਿਹੇ ਪਰਵਾਸੀ, ਜੋ ਅਮਰੀਕਾ-ਕੈਨੇਡਾ ਬੈਠੇ ਹਨ, ਜੇ ਉਨ੍ਹਾਂ ਨਾਲ ਅਜਿਹਾ ਸਲੂਕ ਇੱਥੋਂ ਦੀਆਂ ਸਰਕਾਰਾਂ ਜਾਂ ਗੋਰੇ ਲੋਕ ਕਰਨ, ਸਾਡਾ ਕੀ ਹਾਲ ਹੋਵੇ! ਜੇ ਇਹ ਕਿਸੇ ਨੂੰ ਡਿਪੋਰਟ ਵੀ ਕਰਦੇ ਹਨ ਤਾਂ ਵੀ ਪੂਰੀ ਜਿੰਮੇਵਾਰੀ ਨਾਲ ਕਰਦੇ ਹਨ। ਹਾਲੇ ਮਾਰਚ ਮਹੀਨੇ ਹੀ ਸਟੂਡੈਂਟ ਵੀਜ਼ੇ 'ਤੇ ਕਿੰਨੇ ਬੱਚੇ ਕੈਨੇਡਾ, ਆਸਟਰੇਲੀਆ ਗਏ। ਕਿੰਨੇ ਢੰਗ ਸਿਰ ਉਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ। ਆਪਣੇ ਲੋਕਾਂ ਨਾਲੋਂ ਇਹੀ ਫਰਕ ਇਨ੍ਹਾਂ ਲੋਕਾਂ ਦਾ ਹੈ, ਮਨੁੱਖ ਨੂੰ ਮਨੁੱਖ ਤਾਂ ਸਮਝਦੇ ਹਨ।

**-ਦਵਿੰਦਰ ਕੌਰ**


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

# ਦੂਰੀਆਂ ਦੀ ਦਾਸਤਾਨ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਉਨ੍ਹਾਂ ਬਾਪ ਦੇ ਸਦੀਵੀ ਵਿਛੋੜੇ ਪਿਛੋਂ ਮਨ-ਮਸਤਕ ਵਿਚ ਉਕਰੀਆਂ ਉਹਦੀਆਂ ਯਾਦਾਂ ਨੂੰ ਨਿਹਾਰਦਿਆਂ ਠੰਡਾ ਹਉਕਾ ਭਰਿਆ ਸੀ, "ਸਿਰ 'ਤੇ ਬਾਪ ਦੀ ਛਾਂ ਦੇ ਕੀ ਅਰਥ ਹੁੰਦੇ ਨੇ, ਸਿਰਫ ਉਦੋਂ ਪਤਾ ਲੱਗਦਾ, ਜਦੋਂ ਬਾਪ ਦੀ ਛਾਂ ਖੁਸਦੀ ਏ।...ਬਾਪ ਦੇ ਤੁਰ ਜਾਣ ਪਿਛੋਂ ਲੱਭਦੀ ਨਹੀਂ ਉਹ ਉਂਗਲ, ਜਿਸ ਨੂੰ ਫੜ ਕੇ ਤੁਰਨਾ ਸਿਖਿਆ ਸੀ ਅਤੇ ਜਿਸ ਨੇ ਜੀਵਨ-ਡੰਡੀ ਨੂੰ ਪਹੇ ਬਣਨਾ ਸਿਖਾਇਆ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਦੂਰੀਆਂ ਦੀ ਦਾਸਤਾਨ ਬਿਆਨਦਿਆਂ ਕਿਹਾ ਹੈ ਕਿ ਸਭ ਤੋਂ ਖਤਰਨਾਕ ਹੁੰਦੀ ਹੈ ਆਪਣੇ ਆਪ ਤੋਂ ਬਣਾਈ ਹੋਈ ਦੂਰੀ। ਉਨ੍ਹਾਂ ਖੁਦ ਤੋਂ ਖੁਦ ਤੀਕ ਦੀ ਦੂਰੀ ਨੂੰ ਖਤਮ ਕਰਨ ਦੀ ਸਲਾਹ ਦਿੰਦਿਆਂ ਕਿਹਾ ਹੈ, "ਸਮਾਜ ਵਿਚ ਬਹੁਤ ਸਾਰੇ ਮਸਲਿਆਂ ਦੀ ਜੜ੍ਹ ਇਹ ਦੂਰੀਆਂ ਹੀ ਹਨ-ਭਾਵੇਂ ਇਹ ਸਮਾਜਕ ਪੱਧਰ ਹੋਵੇ, ਪਰਿਵਾਰ ਦੇ ਵੱਖੋ-ਵੱਖ ਜੀਆਂ ਦੀ ਇਕ ਹੀ ਮਸਲੇ ਪ੍ਰਤੀ ਵੱਖ ਪਹੁੰਚ ਹੋਵੇ ਜਾਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਅਤੇ ਕਿਸੇ ਨੂੰ ਪੌੜੀ ਬਣਾ ਕੇ ਉਪਰ ਉਠਣ ਦੀ ਕੋਝੀ ਚਾਲ ਹੋਵੇ।...ਦੂਰੀਆਂ ਕਾਰਨ ਹੀ ਮਨੁੱਖੀ ਸੋਚ ਵਿਚ ਵੱਕਾਰ ਪੈਦਾ ਹੁੰਦਾ, ਜਿਸ ਵਿਚੋਂ ਹੈਂਕੜ, ਰੁਤਬੇ, ਹੰਕਾਰ ਜਿਹੀਆਂ ਅਲਾਮਤਾਂ ਜਨਮ ਲੈਂਦੀਆਂ; ਪਰ ਬਹੁਤੀ ਵਾਰ ਇਨ੍ਹਾਂ ਨੂੰ ਘਟਾਉਣ ਵਿਚੋਂ ਹੀ ਨਵੀਂ ਕਿਰਨ ਜੀਵਨ ਦੀਆਂ ਹਨੇਰੀਆਂ ਕੰਦਕਾਂ ਨੂੰ ਰੁਸ਼ਨਾ ਸਕਦੀ ਹੈ।" -ਸੰਪਾਦਕ*

ਦੂਰੀਆਂ, ਫਾਸਲੇ, ਪਾੜਾ, ਫਰਕ ਜਾਂ ਵਖਰੇਵਾਂ ਆਦਿ ਸਮਾਨੰਤਰ ਅਰਥਾਂ ਵਾਲੇ ਸ਼ਬਦ ਹਨ, ਜਿਨ੍ਹਾਂ ਵਿਚੋਂ ਬਹੁਤ ਕੁਝ ਸਾਡੀ ਚੇਤਨਾ ਨੂੰ ਹਲੂਣਦਾ। ਚਿੰਤਨ ਨੂੰ ਫਿਕਰਮੰਦ ਵੀ ਕਰਦਾ ਅਤੇ ਇਸ ਵਿਚੋਂ ਸੁਚੇਤਨਾ ਵੀ ਪੈਦਾ ਹੁੰਦੀ।

ਦੂਰੀਆਂ ਬਹੁਤ ਸਾਰੀਆਂ ਪਰਤਾਂ, ਅਰਥ-ਸੀਮਾਵਾਂ ਅਤੇ ਰੰਗਾਂ ਸਮੇਤ ਜੀਵਨ ਦਰ 'ਤੇ ਦਸਤਕ ਬਣਦੀਆਂ। ਇਨ੍ਹਾਂ ਨੂੰ ਕਿਸ ਰੂਪ ਵਿਚ ਸਮਝਣਾ ਅਤੇ ਇਨ੍ਹਾਂ ਨੂੰ ਮਿਟਾਉਣਾ ਜਾਂ ਵਧਾਉਣਾ, ਇਹ ਇਸ 'ਤੇ ਨਿਰਭਰ ਕਰਦਾ ਕਿ ਇਹ ਦੂਰੀਆਂ ਕਿਸ ਕਾਰਨ ਨੇ? ਇਸ ਦੇ ਘਟਾਉਣ ਜਾਂ ਵਧਾਉਣ ਨਾਲ ਮਨੁੱਖੀ ਸੋਚ ਅਤੇ ਉਸ ਦੇ ਕਰਮ-ਧਰਮ 'ਤੇ ਕੀ ਅਸਰ ਪੈਂਦਾ?

ਦੂਰੀਆਂ ਵਧਾਉਣਾ ਕਈ ਵਾਰ ਸਮੇਂ ਦੀ ਲੋੜ ਅਤੇ ਸੁਭ-ਸੇਧ ਦਾ ਸਿਰਨਾਂਵਾਂ ਹੁੰਦਾ, ਪਰ ਬਹੁਤੀ ਵਾਰ ਇਨ੍ਹਾਂ ਨੂੰ ਘਟਾਉਣ ਵਿਚੋਂ ਹੀ ਨਵੀਂ ਕਿਰਨ, ਜੀਵਨ ਦੀਆਂ ਹਨੇਰੀਆਂ ਕੰਦਕਾਂ ਨੂੰ ਰੁਸ਼ਨਾ ਸਕਦੀ।

ਦੂਰੀਆਂ ਸਤਹੀ ਜਾਂ ਬਹੁਤ ਡੂੰਘੀਆਂ ਹੁੰਦੀਆਂ। ਇਨ੍ਹਾਂ ਦੀ ਡੂੰਘਾਈ ਇਹ ਨਿਰਧਾਰਤ ਕਰਦੀ ਕਿ ਦੂਰੀਆਂ ਦੇ ਕੀ ਕਾਰਨ ਹਨ ਅਤੇ ਇਸ ਦੀਆਂ ਤਹਿਆਂ ਵਿਚ ਕਿਹੜੇ ਦਿਸਦੇ ਜਾਂ ਅਣਦਿਸਦੇ ਸਬੱਬ ਹਨ?

ਦੂਰੀਆਂ ਸਮਾਜਕ, ਆਰਥਕ, ਮਾਨਸਿਕ, ਸਰੀਰਕ, ਧਾਰਮਿਕ ਆਦਿ ਬਹੁਤ ਰੂਪਾਂ ਵਿਚ ਸਮਾਜ 'ਚ ਹਾਜ਼ਰ-ਨਾਜ਼ਰ। ਇਹ ਵਖਰੇਵਿਆਂ ਦੀ ਜਨਮਦਾਤੀ, ਵਿਭਿੰਨਤਾਵਾਂ ਦੀ ਭਰਮ-ਭੂਮੀ, ਸੋਚ-ਤਰੇੜਾਂ ਦੀ ਧਰਾਤਲ ਅਤੇ ਕਰਮ-ਧਰਮ ਵਿਚਲੇ ਉਪਜੇ ਪਾੜੇ ਦਾ ਵਿਸ਼ਲੇਸ਼ਣ।

ਸਮਾਜਕ ਦੂਰੀਆਂ ਕਾਰਨ ਹੀ ਪਰਿਵਾਰਾਂ ਦੇ ਅੱਡੋ-ਅੱਡਰੇ ਰਾਹ, ਸਮਾਜ ਵਿਚ ਪਈਆਂ ਵੰਡੀਆਂ, ਨਿੱਕੇ-ਨਿੱਕੇ ਫਿਰਕੇ ਅਤੇ ਆਪੋ-ਆਪਣੀ ਦੁਨੀਆਂ। ਇਸ ਤੋਂ ਬਾਹਰ ਝਾਕਣ ਅਤੇ ਵਖਰੇਵੇਂ ਦੀ ਮਨਾਹੀ ਦੂਰੀਆਂ ਨੂੰ ਹੋਰ ਪੱਕਾ ਕਰਦੀ। ਸਮਾਜ ਵਿਚ ਬਹੁਤ ਸਾਰੇ ਮਸਲਿਆਂ ਦੀ ਜੜ੍ਹ ਇਹ ਦੂਰੀਆਂ-ਭਾਵੇਂ ਇਹ ਸਮਾਜਕ ਪੱਧਰ ਹੋਵੇ, ਪਰਿਵਾਰ ਦੇ ਵੱਖੋ-ਵੱਖ ਜੀਆਂ ਦੀ ਇਕ ਹੀ ਮਸਲੇ ਪ੍ਰਤੀ ਵਿਭਿੰਨ ਪਹੁੰਚ ਹੋਵੇ ਜਾਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਅਤੇ ਕਿਸੇ ਨੂੰ ਪੌੜੀ ਬਣਾ ਕੇ ਉਪਰ ਉਠਣ ਦੀ ਕੋਝੀ ਚਾਲ ਹੋਵੇ। ਸਮਾਜਕ ਨਾ-ਬਰਾਬਰੀ, ਦੂਰੀਆਂ ਦੀ ਜੜ੍ਹ। ਇਸ ਨਾਲ ਹੀ ਉਲਝਦੇ ਨੇ ਜਾਤ-ਪਾਤ, ਰੰਗ, ਨਸਲ ਦੇ ਬਿਖੇੜੇ। ਅੰਤਰ-ਜਾਤੀ ਵਿਆਹਾਂ ਕਾਰਨ ਸ਼ੁਰੂ ਹੁੰਦੀ ਏ ਕਤਲਾਂ ਦੀ ਕਹਾਣੀ। ਦੁੱਖ ਇਸ ਗੱਲ ਦਾ ਕਿ ਇਸ ਦੂਰੀ ਨੂੰ ਮਿਟਾਉਣ ਵਾਲੀ ਸੋਚ ਹੀ ਇਸ ਦੀ ਮਾਰ ਹੇਠ ਆਈ, ਜਾਤਾਂ, ਨਸਲਾਂ ਆਦਿ ਵਿਚ ਉਲਝ ਕੇ ਸੂਹੀ ਸੋਚ ਦਾ ਮਰਸੀਆ ਪੜ੍ਹ ਰਹੀ ਏ।

> *ਇਕ ਦੂਜੇ ਦੀ ਲੋੜ-ਪੂਰਤੀ ਵਿਚੋਂ ਜੀਵਨ-ਜਾਚ ਕਿਆਸਣ ਵਾਲੀ ਸੋਚ ਸਵੈ-ਨਿਰਭਰਤਾ ਵਿਚੋਂ ਹੀ ਆਪਣੀ ਔਕਾਤ ਨੂੰ ਪਛਾਣਨ ਦੇ ਰਾਹ ਤੁਰ ਪਈ ਏ। ਵਿਆਹਾਂ 'ਤੇ ਮੰਜੇ, ਬਿਸਤਰੇ ਤੇ ਦੁੱਧ-ਲੱਸੀ ਇਕੱਠਾ ਕਰਨ ਵਾਲਾ ਭਰਾਤਰੀ ਭਾਵ, ਮੈਰਿਜ ਪੈਲੇਸਾਂ ਦੀ ਭੇਟ ਚੜ੍ਹ ਗਿਆ। ਜਰਾ ਸੋਚਣਾ! ਇਹ ਦੂਰੀਆਂ ਪੈਦਾ ਕਰਕੇ ਕੀ ਖੱਟਿਆ ਤੇ ਕੀ ਕਮਾਇਆ? ਸਮਾਜ ਵਿਚਲੇ ਦੁਫੇੜ ਅਤੇ ਉਗੀਆਂ ਤਰੇੜਾਂ ਦਾ ਕੀ ਕਾਰਨ ਏ? ਕੀ ਇਨ੍ਹਾਂ ਤਰੇੜਾਂ ਨੇ ਰਿਸ਼ਤਿਆਂ, ਸਾਝਾਂ ਅਤੇ ਦੋਸਤੀਆਂ ਨੂੰ ਸਿਰਫ ਨਿੱਜ ਤੀਕ ਹੀ ਸੀਮਤ ਨਹੀਂ ਕਰ ਦਿਤਾ? ਕੀ ਨਿਰ-ਸੁਆਰਥ ਸਾਂਝ, ਪਿਆਰ-ਪਾਕੀਜ਼ਗੀ ਅਤੇ ਭਰਾਤਰੀ ਭਾਵ ਦਫਨ ਤਾਂ ਨਹੀਂ ਹੋ ਗਿਆ? ਕੌਣ ਨੇ ਕਸੂਰਵਾਰ?*

ਦੂਰੀਆਂ ਤਾਂ ਹੁੰਦੀਆਂ ਨੇ ਅਮੀਰ ਤੇ ਗਰੀਬ ਵਿਚ, ਜ਼ਿਆਦਾ ਪੜ੍ਹੇ-ਲਿਖੇ ਤੇ ਘੱਟ ਪੜ੍ਹੇ-ਲਿਖੇ ਵਿਚ, ਅਗਿਆਨੀ ਤੇ ਅਨਪੜ੍ਹ ਵਿਚ, ਮੁਜ਼ਾਰੇ ਤੇ ਜਿਮੀਂਦਾਰ ਵਿਚ, ਬੇਰੁਜ਼ਗਾਰ ਤੇ ਕਮਾਊ ਵਿਚ, ਰਾਜੇ ਤੇ ਰੰਕ ਵਿਚ, ਮਹਿਲਾਂ ਤੇ ਝੁੱਗੀਆਂ ਵਿਚ, ਨੌਕਰ ਤੇ ਮਾਲਕ ਵਿਚ, ਵੱਡੇ ਤੇ ਛੋਟੇ ਵਿਚ ਅਤੇ ਹਾਕਮ ਤੇ ਅਰਦਲੀ ਵਿਚ। ਇਨ੍ਹਾਂ ਦੂਰੀਆਂ ਕਾਰਨ ਹੀ ਮਨੁੱਖੀ ਸੋਚ ਵਿਚ ਵੱਕਾਰ ਪੈਦਾ ਹੁੰਦਾ, ਜਿਸ ਵਿਚੋਂ ਹੈਂਕੜ, ਰੁਤਬੇ, ਹੰਕਾਰ ਜਿਹੀਆਂ ਅਲਾਮਤਾਂ ਜਨਮ ਲੈਂਦੀਆਂ। ਇਹ ਨਾ-ਬਰਾਬਰੀ ਕਈ ਵਾਰ ਹੜਤਾਲਾਂ, ਰੋਸ, ਧਰਨਿਆਂ, ਯੁੱਧਾਂ ਆਦਿ ਵਿਚ ਤਬਦੀਲ ਹੁੰਦੀ, ਹੱਕਾਂ ਲਈ ਅਜਿਹੇ ਸੰਘਰਸ਼ ਦਾ ਮੁੱਢ ਬੰਨਦੀ ਕਿ ਲੋਕ-ਏਕਤਾ ਸਾਹਵੇਂ ਢਹਿ ਢੇਰੀ ਹੋ ਜਾਂਦੀਆਂ ਜ਼ਾਬਰ ਸਲਤਨਤਾਂ। ਲੋੜ ਹੈ, ਅਜਿਹੀਆਂ ਦੂਰੀਆਂ ਨੂੰ ਘਟਾਉਣ ਵੰਨੀਂ ਮਨੁੱਖੀ ਸੋਚ ਨੂੰ ਪ੍ਰੇਰਤ ਕੀਤਾ ਜਾਵੇ, ਨਾ ਕਿ ਇਨ੍ਹਾਂ ਦੂਰੀਆਂ ਨੂੰ ਵਧਾਉਣ ਵਾਲੀਆਂ ਤਾਕਤਾਂ ਇਕ ਬਿੰਦੂ 'ਤੇ ਹੀ ਕੇਂਦ੍ਰਿਤ ਹੋ ਜਾਣ।

ਕਈ ਵਾਰ ਫਾਸਲੇ ਬਹੁਤ ਹੁੰਦੇ, ਪਰ ਦੂਰੀਆਂ ਨਹੀਂ ਹੁੰਦੀਆਂ। ਇਹ ਫਾਸਲੇ ਨੇੜਤਾ ਤੇ ਨਿੱਘ ਦਾ ਨਾਮਕਰਨ ਹੁੰਦੇ, ਪਰ ਕਈ ਵਾਰ ਨੇੜੇ ਨੇੜੇ ਰਹਿਣ ਵਾਲਿਆਂ ਵਿਚ ਵੀ ਬਹੁਤ ਜ਼ਿਆਦਾ ਦੂਰੀਆਂ ਹੁੰਦੀਆਂ, ਜਿਨ੍ਹਾਂ ਨੂੰ ਪੂਰਦਿਆਂ ਹੀ ਜੀਵਨ ਵਿਹਾਜ ਜਾਂਦਾ।

ਦੂਰੀ ਤਾਂ ਕਰਮ ਤੇ ਧਰਮ ਦੀ, ਜੋਸ਼ ਤੇ ਹੋਸ਼ ਦੀ, ਸੁਪਨੇ ਤੇ ਸਫਲਤਾ ਦੀ, ਤੁਰਨ ਤੇ ਪਹੁੰਚਣ ਦੀ, ਸਲਾਹਾਂ ਕਰਨ ਤੇ ਤੁਰਨ ਵਿਚ, ਕਰਨੀ ਤੇ ਕਹਿਣੀ ਵਿਚ ਅਤੇ ਕੋਹਝ ਤੇ ਸੁਹੱਪਣ ਵਿਚ ਵੀ ਹੁੰਦੀ। ਸਭ ਤੋਂ ਪਹਿਲਾਂ ਅਜਿਹੀਆਂ ਦੂਰੀਆਂ ਨੂੰ ਸਮਝਣ ਦੀ ਲੋੜ। ਫਿਰ ਇਨ੍ਹਾਂ ਨੂੰ ਖਤਮ ਕਰਨ ਦੀ ਤਮੰਨਾ ਮਨ ਵਿਚ ਹੋਵੇ ਤਾਂ ਅਸੰਭਵ ਲੱਗਦਾ ਹਰ ਕੰਮ ਵੀ ਸੰਭਵ ਹੋ ਜਾਂਦਾ।

ਦੂਰੀ ਤਾਂ ਦੁੱਖ ਤੇ ਦਵਾ ਦੀ, ਦਰਦ ਤੇ ਦੁਆ ਦੀ, ਦੰਭ ਤੇ ਦਾਅਵਤ ਦੀ, ਦਰਦਵੰਤਾ ਤੇ ਦਰਦ-ਹਰਨ ਦੀ ਅਤੇ ਦੰਦੋੜਿਕੇ ਤੇ ਗੁਹਾਰ ਦੀ ਵੀ ਹੁੰਦੀ। ਇਨ੍ਹਾਂ ਦੂਰੀਆਂ ਨੂੰ ਮਿਟਾ ਕੇ, ਮੁੱਖ 'ਤੇ ਸੁਖਨ ਦੀ ਇਬਾਰਤ ਪੜ੍ਹਨ ਦੀ ਜਾਚ ਜੇ ਮਨੁੱਖ ਨੂੰ ਆ ਜਾਵੇ ਤਾਂ ਇਹ ਦੂਰੀਆਂ ਕਦੇ ਪੈਦਾ ਹੀ ਨਾ ਹੋਣ।

ਸਭ ਤੋਂ ਖਤਰਨਾਕ ਹੁੰਦੀ ਹੈ ਆਪਣੇ ਆਪ ਤੋਂ ਬਣਾਈ ਹੋਈ ਦੂਰੀ। ਆਪਣੇ ਅੰਤਰੀਵ ਨੂੰ ਆਪਣੇ ਬਾਹਰਲੇ ਸਰੂਪ ਤੋਂ ਅਲੱਗ ਰੱਖਣਾ। ਸੰਵੇਦਨਾ ਨੂੰ ਖੋਲ ਵਿਚ ਬੰਦ ਕਰਨਾ। ਅਸਲੀਅਤ ਨੂੰ ਲੁਕਾ ਕੇ ਬਹੁਰੂਪੀਆ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋਣਾ। ਜਦ ਵਿਅਕਤੀ ਵਿਚੋਂ ਪਾਰਦਰਸ਼ਤਾ ਗੁੰਮ ਜਾਂਦੀ ਤਾਂ ਗੁੰਮ ਹੋ ਜਾਂਦਾ ਵਜੂਦ, ਮਰਸੀਆ ਬਣ ਜਾਂਦੀ ਔਕਾਤ, ਮਰ ਜਾਂਦੇ ਜਜ਼ਬਾਤ ਅਤੇ ਨੈਣਾਂ ਵਿਚ ਦਿਨ-ਦਿਹਾੜੇ ਹੀ ਪੈ ਜਾਂਦੀ ਰਾਤ। ਫਿਰ ਮੁਨਕਰ ਹੋ ਜਾਂਦੀ ਵਿਹੜੇ ਵਿਚ ਉਗਣ ਵਾਲੀ ਪ੍ਰਭਾਤ। ਸਾਰੀਆਂ ਦੂਰੀਆਂ ਨੂੰ ਮੇਟਿਆ ਜਾ ਸਕਦਾ, ਪਰ ਸਭ ਤੋਂ ਪਹਿਲਾਂ ਖੁਦ ਤੋਂ ਖੁਦ ਤੀਕ ਦੀ ਦੂਰੀ ਨੂੰ ਖਤਮ ਕਰਨਾ ਜਰੂਰੀ, ਤਾਂ ਹੀ ਮਨੁੱਖ ਇਨਸਾਨੀਅਤ ਦੇ ਰਾਹ ਦਾ ਮਾਰਗੀ ਹੋ ਸਕਦਾ।

ਦੂਰੀਆਂ ਵਿਚ ਅਹਿਮ ਹੈ, ਦਿਲ ਅਤੇ ਦਿਮਾਗ ਦੀ ਦੂਰੀ। 14 ਇੰਚ ਦੀ ਦੂਰੀ ਨੂੰ ਅਸੀਂ ਕਦੇ ਵੀ ਪੂਰਨ ਰੂਪ ਵਿਚ ਤੈਅ ਨਹੀਂ ਕਰਦੇ। ਕਦੇ ਦਿਲ ਦੇ ਆਖੇ ਲੱਗਦੇ ਹਾਂ ਅਤੇ ਕਦੇ ਦਿਮਾਗ ਦੇ। ਜਦ ਨਿਰੋਲ ਦਿਮਾਗ ਦੇ ਕਹਿਣੇ 'ਚ ਹੁੰਦੇ ਹਾਂ ਤਾਂ ਸੇਕਦੇ ਹਾਂ ਭਾਵਨਾਵਾਂ ਦਾ ਸਿਵਾ, ਫਰੋਲਦੇ ਹਾਂ ਅਹਿਸਾਸਾਂ ਦੀ ਰਾਖ, ਮਾਸੂਮ ਅਤੇ ਕੋਮਲ ਸੁਪਨਿਆਂ ਦਾ ਹੁੰਦਾ ਏ ਕਤਲ, ਜਿਨ੍ਹਾਂ ਦੀਆਂ ਲਗਰਾਂ ਨੇ ਜੀਵਨ ਨੂੰ ਤਾਜਗੀ ਤੇ ਮਹਿਕ ਬਖਸ਼ਣੀ ਹੁੰਦੀ। ਨਫੇ-ਨੁਕਸਾਨ ਦਾ ਵਹੀ-ਖਾਤਾ ਹਜ਼ਮ ਜਾਂਦਾ ਹੈ ਸੋਨ-ਕਿਰਨਾਂ। ਅਸੀਂ ਹਨੇਰਾ ਢੋਣ ਜੋਗੇ ਰਹਿ ਜਾਂਦੇ ਹਾਂ। ਅੱਜ ਕੱਲ ਲੋਕ ਜ਼ਿਆਦਾ ਦਿਮਾਗ ਦੀ ਹੀ ਗੱਲ ਸੁਣਦੇ ਤੇ ਮੰਨਦੇ। ਉਨ੍ਹਾਂ ਲਈ ਦਿਲ ਦੀਆਂ ਬਾਤਾਂ ਦਾ ਹੁੰਗਾਰਾ ਭਰਨਾ, ਸਮੇਂ ਦੀ ਬਰਬਾਦੀ। ਦਿਲ ਵਿਚ ਪੁੰਗਰਦੇ ਕਾਵਿ-ਪ੍ਰਵਚਨਾਂ, ਕਲਾ-ਬਿਰਤੀਆਂ ਜਾਂ ਸੂਖਮ ਅਹਿਸਾਸਾਂ ਨੂੰ ਕਾਗਜ਼/ਕੈਨਵਸ 'ਤੇ ਉਤਾਰਨਾ ਫਜ਼ੂਲ ਸਮਝਿਆ ਜਾਂਦਾ। ਅਜਿਹੇ ਲੋਕ ਕਿਸੇ ਮਾਇਕ ਲਾਭ, ਸਮਾਜਕ ਰੁਤਬੇ ਜਾਂ ਮਾਣ-ਸਨਮਾਨ ਦੀ ਝਾਕ ਵਿਚ ਮਨ-ਬਰੂਹਾਂ ਨੂੰ ਜੰਗਾਲੀ ਰੱਖਦੇ। ਉਹ ਕਦੇ ਵੀ ਦਿਲ-ਦਰਵਾਜੇ 'ਤੇ ਪਾਣੀ ਡੋਲ੍ਹਣ ਅਤੇ ਤੇਲ ਚੋਣ ਦਾ ਤਰੱਦਦ ਨਹੀਂ ਕਰਦੇ।


ਦੂਰੀ ਬਣਾਓ, ਕੰਜੂਸੀ, ਕੋਝੇਪਣ, ਕੁਕਰਮ, ਕਮੀਨਗੀ, ਕੁਰਹਿਤ ਅਤੇ ਕੂੜ-ਵਪਾਰ ਤੋਂ, ਜੋ ਮਨੁੱਖੀ ਹਲੀਮੀ ਨੂੰ ਕਾਲਖੀ ਰੰਗਤ ਦੇ ਕੇ, ਇਸ ਦੀ ਹੋਂਦ 'ਤੇ ਹੀ ਪ੍ਰਸ਼ਨ ਚਿੰਨ ਖੁਣ ਜਾਂਦੇ। ਇਨ੍ਹਾਂ ਅਲਾਮਤਾਂ ਦੀ ਨੇੜਤਾ ਹੰਢਾਉਂਦਾ ਮਨੁੱਖ ਕਦੇ ਵੀ ਮਨੁੱਖ ਕਹਾਉਣ ਦਾ ਹੱਕਦਾਰ ਨਹੀਂ ਹੁੰਦਾ।

ਨੇੜਤਾ ਮਾਣਨੀ ਹੈ ਤਾਂ ਸੁਹਜ, ਸੁੰਦਤਰਤਾ, ਸਾਦਗੀ, ਸਿਰੜ, ਸੁਚੇਤਨਤਾ ਤੇ ਸੁਭ-ਵਿਚਾਰਾਂ ਦੀ ਮਾਣੋ। ਇਨ੍ਹਾਂ ਨੂੰ ਕਲਾਵੇ ਵਿਚ ਲਓ, ਅਪਨਾਓ ਅਤੇ ਇਨ੍ਹਾਂ ਦੇ ਹੋ ਜਾਓ। ਤੁਸੀਂ ਮਾਨਵਤਾ ਦੇ ਵਿਹੜੇ ਵਿਚ ਅਜਿਹਾ ਟਿਮਟਮਾਉਂਦਾ ਤਾਰਾ ਹੋਵੋਗੇ, ਜੋ ਅੰਬਰ ਦੀ ਆਭਾ ਵਧਾਉਂਦਾ, ਸਮਾਜ ਲਈ ਫਖਰ ਅਤੇ ਮਾਣ ਬਣਦਾ।

ਆੜੀ ਬਣਾਓ, ਸੁਪਨੇ, ਸਾਧਨਾ, ਸਿਰਜਣਾ, ਸਮਰਪਣ ਅਤੇ ਸਫਲਤਾ ਨੂੰ। ਇਨ੍ਹਾਂ ਨੂੰ ਕਦੇ ਵੀ ਆਪਣੇ ਤੋਂ ਦੂਰ ਨਾ ਜਾਣ ਦਿਓ। ਇਨ੍ਹਾਂ ਦੀ ਸੰਗਤ ਵਿਚ ਬਖਸ਼ਿਸ਼ਾਂ ਦੀ ਬਰਸਾਤ। ਸਮੇਂ ਦੇ ਸ਼ਿਲਾਲੇਖ 'ਤੇ ਅਜਿਹੀ ਇਬਾਰਤ ਖੁਣ ਜਾਵੋਗੇ, ਜੋ ਸਦੀਆਂ ਤੀਕ ਸਲਾਮਤ ਰਹਿੰਦੀ, ਨਵੀਆਂ ਨਸਲਾਂ ਦੇ ਨਾਵੇਂ ਸੁਭ-ਸੁਨੇਹੇ ਲਾਉਂਦੀ ਰਹੇਗੀ।

ਬਹੁਤ ਵੱਧ ਗਈਆਂ ਨੇ ਦੂਰੀਆਂ ਜਦ ਅਸੀਂ ਦਲਾਨ ਵਿਚ ਡਾਹੇ ਮੰਜਿਆਂ ਤੋਂ ਬੈਡ ਰੂਮਾਂ ਵਿਚਲੇ ਡਬਲ ਬੈਡਾਂ 'ਤੇ ਸੌਣ ਲੱਗੇ ਹਾਂ। ਚੌਂਕੇ ਵਿਚ ਬਹਿ ਕੇ ਤਵੇ ਤੋਂ ਲੱਥਦੀਆਂ ਰੋਟੀਆਂ ਖਾਣ ਵਾਲੇ ਅਤੇ ਨਿੱਕੀਆਂ ਮਸ਼ਕਰੀਆਂ ਤੇ ਹਾਸੇ-ਠੱਠੇ ਵਿਚ ਲੋੜੋਂ ਵੱਧ ਰੋਟੀ ਖਾਣ ਵਾਲਾ ਪਰਿਵਾਰ ਹੁਣ ਡਾਇਨਿੰਗ ਟੇਬਲ 'ਤੇ ਕੁਰਸੀਆਂ ਦੀ ਦੂਰੀ ਬਣ ਗਿਆ ਹੈ। ਨੇੜਤਾ ਦੀ ਤੌਫੀਕ ਅਤੇ ਧੰਨਤਾ ਭੁੱਲ ਗਈ ਹੈ। ਗੱਡੇ 'ਤੇ ਬਹਿ ਕੇ ਮੇਲਾ ਜਾਂ ਮੱਸਿਆ ਜਾਣ ਵੇਲੇ ਮੇਲੀ ਹੁਣ ਆਪੋ-ਆਪਣੀ ਕਾਰ ਜਾਂ ਮੋਟਰ-ਸਾਈਕਲ 'ਤੇ ਜਾਂਦੇ ਖੁਦ ਨੂੰ ਖੁਦਾ ਸਮਝਦੇ ਨੇ। ਵਾਢੀਆਂ ਦੌਰਾਨ ਪੈਣ ਵਾਲੀਆਂ ਮੰਗਾਂ ਵਿਚਲੀ ਇਕ-ਜੁੱਟਤਾ, ਮਸ਼ੀਨੀ ਯੁੱਗ ਦੀ ਆਮਦ ਦੀ ਘੁਟਣ ਕਾਰਨ ਸਿੱਸਕੀ ਹੀ ਬਣ ਗਈ। ਇਕ ਦੂਜੇ ਦੀ ਲੋੜ-ਪੂਰਤੀ ਵਿਚੋਂ ਜੀਵਨ-ਜਾਚ ਕਿਆਸਣ ਵਾਲੀ ਸੋਚ ਸਵੈ-ਨਿਰਭਰਤਾ ਵਿਚੋਂ ਹੀ ਆਪਣੀ ਔਕਾਤ ਨੂੰ ਪਛਾਣਨ ਦੇ ਰਾਹ ਤੁਰ ਪਈ ਏ। ਵਿਆਹਾਂ 'ਤੇ ਮੰਜੇ, ਬਿਸਤਰੇ ਤੇ ਦੁੱਧ-ਲੱਸੀ ਇਕੱਠਾ ਕਰਨ ਵਾਲਾ ਭਰਾਤਰੀ ਭਾਵ, ਮੈਰਿਜ ਪੈਲੇਸਾਂ ਦੀ ਭੇਟ ਚੜ੍ਹ ਗਿਆ। ਜਰਾ ਸੋਚਣਾ! ਇਹ ਦੂਰੀਆਂ ਪੈਦਾ ਕਰਕੇ ਕੀ ਖੱਟਿਆ ਤੇ ਕੀ ਕਮਾਇਆ? ਸਮਾਜ ਵਿਚਲੇ ਦੁਫੇੜ ਅਤੇ ਉਗੀਆਂ ਤਰੇੜਾਂ ਦਾ ਕੀ ਕਾਰਨ ਏ? ਕੀ ਇਨ੍ਹਾਂ ਤਰੇੜਾਂ ਨੇ ਰਿਸ਼ਤਿਆਂ, ਸਾਝਾਂ ਅਤੇ ਦੋਸਤੀਆਂ ਨੂੰ ਸਿਰਫ ਨਿੱਜ ਤੀਕ ਹੀ ਸੀਮਤ ਨਹੀਂ ਕਰ ਦਿਤਾ? ਕੀ ਨਿਰ-ਸੁਆਰਥ ਸਾਂਝ, ਪਿਆਰ-ਪਾਕੀਜ਼ਗੀ ਅਤੇ ਭਰਾਤਰੀ ਭਾਵ ਦਫਨ ਤਾਂ ਨਹੀਂ ਹੋ ਗਿਆ? ਕੌਣ ਨੇ ਕਸੂਰਵਾਰ?

ਸਭ ਤੋਂ ਲੰਮੇਰੀਆਂ ਹੁੰਦੀਆਂ ਨੇ ਮਾਨਸਿਕ ਦੂਰੀਆਂ, ਜਦ ਨਾਲ-ਨਾਲ ਪਏ ਜੀਵਨ ਸਾਥੀਆਂ ਵਿਚ ਦਰਾੜ ਉਗਦੀ ਏ। ਇਸ ਦੂਰੀ ਕਾਰਨ ਬਹੁਤ ਕੁਝ ਤਿੜਕ ਜਾਂਦਾ ਏ; ਸੋਚ, ਸੁਖਨ ਅਤੇ ਸੰਤੁਸ਼ਟੀ ਗਵਾਚ ਜਾਂਦੇ। ਇਹ ਤਿੜਕਣ ਮਾਨਸਿਕ ਗੁੰਝਲਾਂ ਪੈਦਾ ਕਰਦੀ, ਕਈ ਅਲਾਮਤਾਂ ਦੀ ਨੀਂਹ ਬਣਦੀ। ਜਦ ਕੋਈ ਨਾਲ ਨਾਲ ਤੁਰਿਆ ਜਾਂਦਾ ਵੀ ਸਾਥੋਂ ਬਹੁਤ ਦੂਰ ਹੋ ਜਾਂਦਾ, ਸੋਚ ਵਿਚ ਫਰਕ ਪੈ ਜਾਂਦਾ ਤਾਂ ਫਿਰ ਵੱਖ ਵੱਖ ਰਾਹਾਂ ਹੋਣ, ਵੱਖੋ-ਵੱਖਰੀਆਂ ਮੰਜ਼ਿਲਾਂ ਮਿੱਥਣ ਅਤੇ ਆਪਣੀ ਹੀ ਦੁਨੀਆਂ ਵਸਾਉਣ ਵੱਲ ਮਨੁੱਖ ਉਲਾਰ ਹੋ ਜਾਂਦਾ। ਸ਼ਾਇਦ ਉਲਾਰਪੁਣੇ ਵਿਚੋਂ ਹੀ ਤਲਾਕਾਂ ਦੀ ਵੱਧ ਰਹੀ ਗਿਣਤੀ ਨੂੰ ਸਮਝਿਆ ਜਾ ਸਕਦਾ।



ਦੂਰੀ ਤਾਂ ਪਤੀ-ਪਤਨੀ, ਭੈਣ-ਭਰਾ, ਬਾਪ-ਬੇਟੇ, ਮਾਂ-ਧੀ, ਭਰਾ-ਭਰਾ, ਬਜੁਰਗਾਂ-ਬੱਚਿਆਂ, ਮਰਦ-ਔਰਤਾਂ, ਨੂੰਹਾਂ-ਸੱਸਾਂ ਅਤੇ ਦਰਾਣੀ-ਜੇਠਾਣੀ ਵਿਚ ਵੀ ਹੁੰਦੀ। ਜੇ ਇਨ੍ਹਾਂ ਦੂਰੀਆਂ ਨੂੰ ਸਿਆਣਪ, ਸਮਝਦਾਰੀ, ਸੂਖਮ-ਭਾਵੀ ਵਿਚਾਰ ਤੇ ਮੁਹੱਬਤੀ ਵਿਹਾਰ ਰਾਹੀਂ ਘਟਾਉਣ ਅਤੇ ਪਰਿਵਾਰਕ-ਰਾਹਾਂ ਵਿਚ ਫੁੱਲ ਬੀਜਣ ਤੇ ਅਤਰ-ਫੁਲੇਲ ਛਿੜਕਣ ਵੱਲ ਮੋੜਾ ਕੱਟ ਲਿਆ ਜਾਵੇ ਤਾਂ ਇਹ ਦੂਰੀਆਂ, ਦੂਰੀਆਂ ਨਹੀਂ ਰਹਿੰਦੀਆਂ। ਸਗੋਂ ਇਹ ਅਨੂਠਾ, ਅਗੰਮੀ ਤੇ ਇਲਾਹੀ ਸੰਗਮ ਸਾਬਤ ਹੁੰਦੀਆਂ, ਜੋ ਜੀਵਨ ਦੀਆਂ ਤਰਜ਼ੀਹਾਂ ਤੇ ਤਦਬੀਰਾਂ ਨੂੰ ਬਦਲ ਕੇ, ਤਕਦੀਰ ਨੂੰ ਨਵੀਂ ਦਿਸ਼ਾ ਅਤੇ ਜੀਵਨ ਨੂੰ ਨਵੀਨਤਮ ਬੁਲੰਦੀਆਂ ਦਾ ਸ਼ਰਫ ਬਣਾਉਂਦੀਆਂ।

ਦੂਰੀ ਤਾਂ ਕਿਰਤੀ ਤੇ ਕਮੀਨਾ, ਬੋਲ ਤੇ ਕੁ-ਬੋਲ, ਸਪੱਸ਼ਟਤਾ ਤੇ ਦੁਬਿਧਾ, ਬੰਦਗੀ ਤੇ ਬ੍ਰਾਹਮਣਵਾਦ, ਬੰਦਿਆਈ ਤੇ ਬੌਖਲਾਹਟ ਅਤੇ ਦਿੱਖ ਤੇ ਅਸਲੀਅਤ ਵਿਚ ਵੀ ਹੁੰਦੀ। ਇਸ ਦੂਰੀ ਨੂੰ ਕਿਵੇਂ ਮਿਟਾਉਣਾ ਅਤੇ ਇਸ 'ਚੋਂ ਕਿਹੜੇ ਸੁੱਚਮ ਨੂੰ ਜਨਮ ਦੇਣਾ, ਇਹ ਮਨੁੱਖ ਦੀ ਕਾਬਲੀਅਤ ਅਤੇ ਉਸ ਦੀ ਧਰਮ-ਧਾਰਨਾ 'ਤੇ ਨਿਰਭਰ।

ਫਾਸਲਾ ਤਾਂ ਸਪੱਸ਼ਟ ਤੌਰ 'ਤੇ ਕਿੱਤੇ ਤੇ ਕਰਮਯੋਗਤਾ, ਹਰਫ ਦਾਨੀ ਤੇ ਹਰਫ ਵਣਜਾਰੇ, ਫੱਕਰ ਤੇ ਫਕੀਰੀ ਵੇਸ ਵਿਚ ਵੀ ਹੁੰਦਾ। ਇਸ ਫਾਸਲੇ ਨੂੰ ਆਪਣੀ ਸੂਝ, ਦਿਬ-ਦ੍ਰਿਸ਼ਟੀ ਅਤੇ ਭਵਿੱਖ-ਮੁਖੀ ਸੋਚ ਨਾਲ ਮਿਟਾਇਆ ਜਾਵੇ ਤਾਂ ਜੀਵਨ-ਮਾਰਗ 'ਤੇ ਫੁੱਲ-ਬਗੀਚੀਆਂ ਦੀ ਵਰਣਮਾਲਾ ਉਗਦੀ ਏ।

ਮਾਪਿਆਂ, ਦੋਸਤਾਂ, ਮਿੱਤਰਾਂ, ਪੁਰਾਣੇ ਸਾਥੀਆਂ ਅਤੇ ਭੈਣ-ਭਰਾਵਾਂ ਵਿਚਾਲੇ ਦੂਰੀਆਂ ਪੈਦਾ ਕਰਨ ਤੋਂ ਬਚੋ। ਜੇ ਦੂਰੀਆਂ ਹਨ ਤਾਂ ਉਨ੍ਹਾਂ ਨੂੰ ਮਿਟਾਉਣ ਲਈ ਅਕਸਰ ਹੀ ਗੱਲਬਾਤ ਕਰਦੇ ਰਿਹਾ ਕਰੋ। ਕੁਝ ਸੁਣਿਆ ਕਰੋ, ਕੁਝ ਸੁਣਾਇਆ ਕਰੋ। ਕੁਝ ਕਿਹਾ ਕਰੋ, ਕੁਝ ਕਹਿਣ ਦਿਓ। ਕਦੇ ਉਨ੍ਹਾਂ ਨਾਲ ਖੁੱਲ੍ਹ ਕੇ ਹੱਸਿਆ ਕਰੋ। ਕਦੇ ਕਦਾਈਂ ਬੀਤੀਆਂ ਯਾਦਾਂ ਨੂੰ ਫਰੋਲਿਆ ਕਰੋ। ਦੁੱਖ-ਸੁੱਖ ਸਾਂਝਾ ਕੀਤਿਆਂ, ਮਨ ਹਲਕਾ ਹੋ ਜਾਵੇਗਾ। ਅਪਣੱਤ ਵਧੇਗੀ ਅਤੇ ਮੋਹ-ਮੁਹੱਬਤ ਦਾ ਪੌਦਾ ਮੌਲੇਗਾ, ਜਿਸ ਦੀ ਛਾਂ ਹੇਠ ਫਿਰ ਕਦੇ ਮਿਲ ਬੈਠਣ ਅਤੇ ਗਲਵੱਕੜੀਆਂ ਦੀ ਰੁੱਤ ਮਾਣਨ ਦਾ ਮੌਕਾ ਜ਼ਰੂਰ ਮਿਲੇਗਾ, ਕਿਉਂਕਿ,

ਜਦ ਸਾਹਾਂ ਜਿਹੇ ਸੱਜਣਾਂ 'ਚ
ਉਗ ਪੈਂਦੀ ਦੂਰੀ,
ਤਾਂ ਸਾਹ ਨੂੰ ਸਾਹ ਕਹਿਣ ਦੀ
ਹੁੰਦੀ ਮਜ਼ਬੂਰੀ।
ਜਦ ਸੁਪਨੇ ਅਤੇ ਦੀਦਿਆਂ 'ਚ
ਉਗਦੀ ਏ ਵਾਟ,
ਤਾਂ ਚਿਰਾਗ ਦੇ ਮਜ਼ਾਰੀਂ
ਬੁਝੇ ਜ਼ਿੰਦਗੀ ਦੀ ਲਾਟ।
ਜਦ ਸ਼ਬਦਾਂ ਤੇ ਅਰਥਾਂ ਦੀ ਦੂਰੀ
ਬਣੇ ਸਫਿਆਂ ਦਾ ਭਾਗ,
ਤਦ ਜ਼ਿੰਦਗੀ ਦਾ ਨਾਦ
ਬਣੇ ਸੋਗੀ ਜਿਹਾ ਰਾਗ।
ਜਦ ਵਧੀ ਜਾਵੇ ਹੱਥਾਂ
ਅਤੇ ਰੱਟਣਾਂ ਦਾ ਪਾੜਾ,
ਤਾਂ ਸੋਚਾਂ ਵਿਚੋਂ ਭੁੱਲ ਜਾਂਦਾ
ਜਿਉਣ ਦਾ ਪਹਾੜਾ।
ਕਿੰਜ ਧਰਤ ਅਤੇ ਅੰਬਰ ਦੇ
ਫਾਸਲੇ ਮਿਟਾਉਣੇ,
ਜਦ ਭੁੱਲ ਗਏ ਹਾਂ ਆਪਾਂ
ਪੈਰੀਂ ਸਫਰ ਉਗਾਉਣੇ।
ਜਦ ਪੀੜਾ ਅਤੇ ਪਹਿਲ ਵਿਚ

(ਬਾਕੀ ਅਗਲੇ ਸਫੇ 'ਤੇ)

# ਟੈਗੋਰ ਦੇ ਬੰਗਾਲ ਨੂੰ ਜਾਂ ਬੰਗਾਲ ਦੇ ਟੈਗੋਰ ਨੂੰ ਪ੍ਰਣਾਮ!



**ਅਵਤਾਰ ਸਿੰਘ (ਪ੍ਰੋ.)**
ਫੋਨ: 91-9417518384

ਟੈਗੋਰ ਦੇ ਸਮੇਂ ਦਾ ਹਰ ਵਿਦਵਾਨ, ਲੇਖਕ, ਕਵੀ ਤੇ ਕਲਾਕਾਰ ਉਨ੍ਹਾਂ ਨੂੰ ਮਿਲਣ ਦੀ ਤਾਂਘ ਰੱਖਦਾ ਸੀ ਅਤੇ ਉਨ੍ਹਾਂ ਦੇ ਚਰਨਾਂ ਵਿਚ ਕੁਝ ਪਲ ਬੈਠ ਕੇ ਹਿਰਦੇ ਵਿਚ ਠੰਢਕ, ਵਿਚਾਰਾਂ ਵਿਚ ਨਿਰਮਲਤਾ ਤੇ ਅਹਿਸਾਸ ਵਿਚ ਹਿੰਮਤ ਮਹਿਸੂਸ ਕਰਦਾ ਸੀ।

ਪੰਜਾਬ ਦੇ ਕਈ ਵੱਡੇ ਵੱਡੇ ਲੇਖਕ ਅੰਗਰੇਜ਼ੀ ਵਿਚ ਲਿਖਣ ਨੂੰ ਵਧੇਰੇ ਮਹੱਤਤਾ ਦਿੰਦੇ ਸਨ, ਪਰ ਟੈਗੋਰ ਨੂੰ ਮਿਲਣ ਉਪਰੰਤ ਉਨ੍ਹਾਂ ਨੇ ਆਪਣੀ ਮਾਦਰੀ ਜ਼ੁਬਾਨ ਵਿਚ ਲਿਖਣ ਨੂੰ ਤਰਜੀਹ ਦਿੱਤੀ। ਜੇ ਬਲਰਾਜ ਸਾਹਨੀ ਨੇ ਟੈਗੋਰ ਦੇ ਕਹਿਣ 'ਤੇ ਪੰਜਾਬੀ ਵਿਚ ਨਾ ਲਿਖਿਆ ਹੁੰਦਾ ਤਾਂ ਪੰਜਾਬੀ ਸਾਹਿਤ ਵਿਚ ਸਾਨੂੰ ਕਮੀ ਰੜਕਦੀ ਰਹਿਣੀ ਸੀ।

ਟੈਗੋਰ ਨੇ ਦੇਸ਼ ਦਾ ਰਾਸ਼ਟਰੀ ਗੀਤ ਲਿਖਿਆ ਤਾਂ ਕਿਸੇ ਨੇ ਉਹਨੂੰ ਅੰਤਰ-ਰਾਸ਼ਟਰੀ ਗੀਤ ਲਿਖਣ ਦੀ ਸਿਫਾਰਸ਼ ਕੀਤੀ। ਉਹ ਕਹਿਣ ਲੱਗੇ ਕਿ ਅੰਤਰ-ਰਾਸ਼ਟਰੀ ਗੀਤ ਤਾਂ ਕਿਤੇ ਰਿਹਾ, ਪੂਰੇ ਬ੍ਰਹਿਮੰਡ ਦਾ ਗੀਤ ਗੁਰੂ ਨਾਨਕ ਪਾਤਸ਼ਾਹ ਪਹਿਲਾਂ ਹੀ ਲਿਖ ਗਏ ਹਨ। ਕਹਿੰਦੇ ਹਨ, ਗੁਰੂ ਨਾਨਕ ਪਾਤਸ਼ਾਹ ਦਾ ਉਹ ਬ੍ਰਹਿਮੰਡੀ ਗੀਤ 'ਗਗਨ ਮੈ ਥਾਲੁ' ਅੱਜ ਵੀ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਚ ਗਾਇਆ ਜਾਂਦਾ ਹੈ।

ਟੈਗੋਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਆਏ ਤਾਂ ਭਗਤ ਕਬੀਰ ਦੇ ਸ਼ਬਦ ਸੁਣ ਕੇ ਇੰਨੇ ਪ੍ਰਭਾਵਿਤ ਹੋਏ ਕਿ ਜਾਣ ਲੱਗੇ ਭਗਤ ਬਾਣੀ ਦੀ ਪੋਥੀ ਨਾਲ ਲੈ ਗਏ। ਇਹਦੇ ਵਿਚੋਂ ਉਨ੍ਹਾਂ ਨੇ ਚੋਣਵੇਂ ਸੌ ਸ਼ਬਦ ਅੰਗਰੇਜ਼ੀ ਵਿਚ ਅਨੁਵਾਦ ਕੀਤੇ ਸਨ। ਜਦ ਉਨ੍ਹਾਂ ਨੂੰ ਆਪਣੀ ਪੁਸਤਕ 'ਗੀਤਾਂਜਲੀ' 'ਤੇ ਨੋਬੇਲ ਇਨਾਮ ਮਿਲਿਆ ਤਾਂ ਉਨ੍ਹਾਂ ਨੇ ਭਗਤ ਕਬੀਰ ਨੂੰ ਸ਼ੁਕਰਾਨੇ ਦੇ ਭਾਵ ਵਿਚ ਯਾਦ ਕੀਤਾ ਸੀ।

ਮੁਹੰਮਦ ਇਕਬਾਲ ਨੇ ਲਿਖਿਆ, 'ਜਹਾਂ ਮੇਂ ਅਹਿਲੇ ਈਮਾਂ ਸੂਰਤੇ ਖੁਰਸ਼ੀਦ ਜੀਤੇ ਹੈਂ, ਇਧਰ ਡੂਬੇ ਉਧਰ ਨਿਕਲੇ, ਉਧਰ ਡੂਬੇ ਇਧਰ ਨਿਕਲੇ।' ਟੈਗੋਰ 7 ਮਈ 1861 ਨੂੰ ਇਸ ਜਹਾਨ ਵਿਚ ਆਏ ਤੇ 1941 ਵਿਚ ਇਸ ਜਹਾਨ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੇ ਜਾਣ 'ਤੇ ਇਵੇਂ ਮਹਿਸੂਸ ਹੋਇਆ, ਜਿਵੇਂ ਦੇਸ਼ ਸੁੰਨਾ ਹੋ ਗਿਆ ਹੋਵੇ ਤੇ ਖਾਸ ਤੌਰ 'ਤੇ ਬੰਗਾਲ ਜਿਵੇਂ ਉਨ੍ਹਾਂ ਦੇ ਨਾਲ ਹੀ ਸਤੀ ਹੋ ਗਿਆ ਹੋਵੇ।

ਪਰ ਅਗਲੇ ਹੀ ਸਾਲ ਭਾਵ 1942 ਵਿਚ ਕਲਕੱਤੇ ਵਿਚ ਵਿਸ਼ਵ ਦੀ ਮਹਾਨ ਪ੍ਰਤਿਭਾ ਗਾਇਤਰੀ ਚੱਕਰਵਰਤੀ ਸਪੀਵੈਕ ਦਾ ਜਨਮ ਹੋਇਆ। ਬੰਗਾਲ ਦੇ ਬੌਧਿਕ ਤੇ ਕਲਾਤਮਿਕਤਾ ਦੇ ਸੰਘਣੇ ਮਾਹੌਲ ਵਿਚ ਪੜ੍ਹ ਲਿਖ ਕੇ ਵੱਡੀ ਹੋਈ ਤਾਂ ਉਹਨੇ ਆਪਣੇ ਆਪ ਨੂੰ ਹੋਰ ਸੰਪੰਨ ਕਰਨ ਹਿਤ ਸਹਿਵਨ ਹੀ ਫਰਾਂਸੀਸੀ ਕਿਤਾਬ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਉਹ ਕਿਤਾਬ ਵਿਸ਼ਵ ਦੇ ਪ੍ਰਸਿੱਧ ਚਿੰਤਕ ਦੈਰੀਦਾ ਦੀ 'ਗ੍ਰੈਮਟੌਲੋਜੀ' ਸੀ।

ਉਸ ਸਮੇਂ ਤੱਕ ਇਹ ਕਿਤਾਬ ਅੰਗਰੇਜ਼ੀ ਵਿਚ ਅਨੁਵਾਦ ਕਰਨ ਲਈ ਕਿਸੇ ਅੰਗਰੇਜ਼ ਦਾ ਹੌਸਲਾ ਨਹੀਂ ਸੀ ਪਿਆ। ਵਿਸ਼ਵ ਵਿਚ ਹਲਚਲ ਮੱਚ ਗਈ। ਬਸਤੀਵਾਦ ਦੀਆਂ ਪੇਚੀਦਾ ਗੰਢਾਂ ਖੋਲ੍ਹਣ ਵਾਲੀ ਤੇ ਕਿਸੇ ਵੀ ਸੰਰਚਨਾ ਦੇ ਅੰਦਰ ਵੜ ਕੇ ਉਹਦੀਆਂ ਮਹੀਨ ਤੰਦਾਂ ਨੂੰ ਫੋਲਣ ਵਾਲੀ ਕਿਤਾਬ ਅੰਗਰੇਜ਼ੀ ਜਗਤ ਦੇ ਸਾਹਮਣੇ ਪ੍ਰਕਾਸ਼ਿਤ ਹੋ ਗਈ।

ਵਿਦਵਾਨ ਦੱਸਦੇ ਹਨ ਕਿ ਇਸ ਅਨੁਵਾਦਤ ਪੁਸਤਕ ਦਾ ਆਦਿਕਥਨ ਵਿਸ਼ਵ-ਦਰਸ਼ਨ ਦਾ ਰਾਹ ਰੁਸ਼ਨਾਉਣ ਵਾਲੇ ਦਸਤਾਵੇਜ਼ ਵਜੋਂ ਜਾਣਿਆ ਜਾਂਦਾ ਹੈ। ਵਿਸ਼ਵ ਦੇ ਵੱਡੇ ਚਿੰਤਕ ਦੈਰੀਦਾ ਦੀ ਡੀਕੰਸਟ੍ਰਕਸ਼ਨ ਨੂੰ ਸਮਝਣ ਲਈ ਗਾਇਤਰੀ ਚੱਕਰਵਰਤੀ ਦੇ ਇਸ ਆਦਿਕਥਨ ਦਾ ਸਹਾਰਾ ਲੈਂਦੇ ਹਨ। ਟੈਗੋਰ ਦੇ ਬੰਗਾਲ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ।


ਟੈਗੋਰ ਪਿਛੋਂ ਬੰਗਾਲੀ ਪ੍ਰਤਿਭਾ, ਦਲਿਤ ਯਾਤਨਾ ਅਤੇ ਇਸਤਰੀ ਸੰਵੇਦਨਾ ਦੀ ਮਾਂ ਕਰਕੇ ਜਾਣੀ ਜਾਂਦੀ ਇਕ ਹੋਰ ਮਹਾਨ ਹਸਤੀ ਮਹਾਸ਼ਵੇਤਾ ਦੇਵੀ ਦੀਆਂ ਲਿਖਤਾਂ ਦਾ ਅੰਗਰੇਜ਼ੀ ਅਨੁਵਾਦ ਕਰਕੇ ਵਿਸ਼ਵ ਪੱਧਰ ਤੱਕ ਪ੍ਰਚਾਰਨ ਦਾ ਮਹਾ ਕਾਰਜ ਵੀ ਇਸ ਗਾਇਤਰੀ ਚੱਕਰਵਰਤੀ ਦੇ ਹਿੱਸੇ ਆਇਆ।

ਬੜੇ ਮਾਣ ਦੀ ਗੱਲ ਹੈ ਕਿ ਮਹਾਸ਼ਵੇਤਾ ਦੇਵੀ ਦੇ ਨਾਵਲ '1084ਵੇਂ ਦੀ ਮਾਂ' ਦਾ ਸਾਡੇ ਆਪਣੇ ਬੁਲੰਦ ਇਲਮ ਅਤੇ ਇਖਲਾਕ ਵਾਲੇ ਕਵੀ ਲੇਖਕ ਜਾਂ ਲੇਖਕ ਕਵੀ ਅਮਰਜੀਤ ਚੰਦਨ ਨੇ ਅਨੁਵਾਦ ਕੀਤਾ ਹੈ।

ਗਾਇਤਰੀ ਚੱਕਰਵਰਤੀ ਦੀ ਬੌਧਿਕ ਪ੍ਰਤਿਭਾ ਨੂੰ ਦੇਖ ਕੇ ਵਿਸ਼ਵ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਅਧਿਆਪਨ ਦੀਆਂ ਸੇਵਾਵਾਂ ਲਈ ਪੇਸ਼ਕਸ਼ ਕੀਤੀ। ਅਖੀਰ ਕੋਲੰਬੀਆ ਯੂਨੀਵਰਸਿਟੀ (ਅਮਰੀਕਾ) ਨੇ ਗਾਇਤਰੀ ਚੱਕਰਵਰਤੀ ਨੂੰ 'ਯੂਨੀਵਰਸਿਟੀ ਪ੍ਰੋਫੈਸਰ' ਦਾ ਮਾਣਮੱਤਾ ਖਿਤਾਬ ਦਿੱਤਾ।

ਮੇਰਾ ਮੰਨਣਾ ਹੈ ਕਿ ਹਿੰਦੁਸਤਾਨ ਵਿਚ ਸਨਾਤਨ ਧਰਮ ਨੂੰ ਸਹੀ ਅਰਥਾਂ ਵਿਚ ਸਮਝਣ ਵਾਲੀ ਇੱਕੋ ਇੱਕ ਨਿਰਲੇਪ ਅਤੇ ਨਿਰਪੱਖ ਸੰਸਥਾ 'ਰਾਮਕਿਸ਼ਨ ਮਿਸ਼ਨ' ਹੈ, ਜੋ ਸੁਆਮੀ ਵਿਵੇਕਾਨੰਦ ਨੇ ਆਪਣੇ ਗੁਰੂਦੇਵ ਸੁਆਮੀ ਰਾਮਕਿਸ਼ਨ ਪਰਮਹੰਸ ਦੀ ਯਾਦ ਵਿਚ ਬਣਾਈ ਸੀ। ਵਿਸ਼ਵ ਪ੍ਰਸਿੱਧ ਚਿੰਤਕ ਗਾਇਤਰੀ ਚੱਕਰਵਰਤੀ ਇਸੇ ਸੁਆਮੀ ਰਾਮਕਿਸ਼ਨ ਪਰਮਹੰਸ ਦੇ ਡਾਕਟਰ ਦੀ ਪੜਪੋਤੀ ਹੈ।

ਵਿੱਦਿਆ ਦੀ ਪੁੰਜ ਗਾਇਤਰੀ ਚੱਕਰਵਰਤੀ ਨੇ ਇੱਕ ਲੇਖ ਲਿਖਿਆ 'ਕੈਨ ਦੀ ਸਬਾਲਟਰਨ ਸਪੀਕ?' ਪੂਰੇ ਵਿਸ਼ਵ ਵਿਚ ਇਸ ਲੇਖ ਨੇ ਚਰਚਾ ਛੇੜ ਦਿੱਤੀ। ਵਿਸ਼ਵ ਦੇ ਵਿਦਵਾਨਾਂ ਨੂੰ ਲੱਗਾ ਕਿ ਪਹਿਲੀ ਵਾਰ ਕਿਸੇ ਨੇ ਸਬਾਲਟਰਨ ਦੀ ਇਸ ਤਰ੍ਹਾਂ ਦੀ ਸ਼ਿੱਦਤ ਨਾਲ ਗੱਲ ਕੀਤੀ ਹੈ।





*(ਖੱਬਿਓਂ) ਟੈਗੋਰ, ਮਹਾਸ਼ਵੇਤਾ ਦੇਵੀ ਤੇ ਗਾਇਤਰੀ ਚੱਕਰਵਰਤੀ*

ਇਹ ਸਿਹਰਾ ਬੰਗਾਲ ਦੀ ਉਸ ਮਹਾਨ ਪ੍ਰਤਿਭਾ ਸਿਰ ਬੱਝਦਾ ਹੈ, ਜਿਹਦੇ ਕਰਕੇ ਅੱਜ ਕਲ ਵਿਸ਼ਵ ਦੀਆਂ ਯੂਨੀਵਰਸਿਟੀਆਂ ਵਿਚ 'ਸਬਾਲਟਰਨ ਸਟੱਡੀਜ਼' ਦੇ ਨਾਂ ਦਾ ਇਕ ਨਵਾਂ ਵਿਸ਼ਾ ਪੜ੍ਹਿਆ ਤੇ ਪੜ੍ਹਾਇਆ ਜਾਣਾ ਸ਼ੁਰੂ ਹੋ ਗਿਆ ਹੈ। ਹਿੰਦੁਸਤਾਨ ਦੀਆਂ ਯੂਨੀਵਰਸਿਟੀਆਂ ਵੀ ਪਿੱਛੇ ਨਹੀਂ ਰਹੀਆਂ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਇਸ ਵਿਸ਼ੇ ਦਾ ਢਿੱਲਾ ਜਿਹਾ ਜ਼ਿਕਰ ਹੋਣ ਲੱਗ ਪਿਆ ਹੈ।

ਵੈਸੇ ਇਹ ਸੁਣਨ ਵਿਚ ਆਇਆ ਹੈ ਕਿ ਗਾਇਤਰੀ ਚੱਕਰਵਰਤੀ ਅੱਜ ਕਲ ਯੂਨੀਵਰਸਿਟੀਆਂ ਦੇ ਖੋਖਲੇ ਸਰੋਕਾਰਾਂ ਤੋਂ ਅੱਕ ਚੁਕੀ ਹੈ। ਉਹ ਕਿਸੇ ਪ੍ਰੋਫੈਸਰ ਦੇ ਕਹਿਣ 'ਤੇ ਕਿਸੇ ਯੂਨੀਵਰਸਿਟੀ ਦੇ ਸੈਮੀਨਾਰ ਵਿਚ ਕਦੇ ਸ਼ਿਰਕਤ ਨਹੀਂ ਕਰਦੀ। ਹਾਂ, ਕਿਤੇ ਕੋਈ ਵਿਦਿਆਰਥੀ ਉਹਨੂੰ ਮਿਲ ਕੇ ਗੱਲਬਾਤ ਕਰਨੀ ਚਾਹੇ ਤਾਂ ਉਹ ਬੜੀ ਖੁਸ਼ੀ ਨਾਲ ਗੱਲ ਕਰ ਲੈਂਦੀ ਹੈ। ਉਹਦੇ ਬਾਰੇ ਚਰਚਾ ਹੈ ਕਿ ਉਹ ਅੱਜ ਕਲ ਬੰਗਾਲ ਦੇ ਕਿਸੇ ਅਣਗੌਲੇ ਪਿੰਡ ਵਿਚ ਬੱਚਿਆਂ ਨੂੰ ਪੜ੍ਹਾਉਂਦੀ ਹੈ। ਉਹਨੂੰ ਲੱਗਦਾ ਹੈ ਕਿ ਜੇ ਵਿਸ਼ਵ ਵਿਚ ਕੋਈ ਤਬਦੀਲੀ ਲਿਆਉਣੀ ਹੈ ਤਾਂ ਉਹਦੀ ਆਧਾਰਸ਼ਿਲਾ ਬੱਚੇ ਹੀ ਹੋ ਸਕਦੇ ਹਨ।

ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਦੇ ਅਧਿਆਪਕਾਂ ਨੂੰ ਹਾਲੇ ਤੱਕ 'ਸਬਾਲਟਰਨ' ਸ਼ਬਦ ਦਾ ਪੰਜਾਬੀ ਪਰਿਆਇ ਨਹੀਂ ਲੱਭਾ। ਉਹ 'ਹਾਸ਼ੀਆਗਤ' ਸ਼ਬਦ ਨਾਲ ਬੁੱਤਾ ਸਾਰਦੇ ਹਨ ਜਾਂ ਸਬਾਲਟਰਨ ਨੂੰ ਸਬਾਲਟਰਨ ਕਹਿਣ ਵਿਚ ਹੀ ਸ਼ਾਨ ਸਮਝਦੇ ਹਨ। ਇਹ ਸਾਡੀ ਬੌਧਿਕ ਸੁਸਤੀ ਦਾ ਨਤੀਜਾ ਹੈ।

ਜੇ ਇਸ ਸ਼ਬਦ ਦਾ ਮੂਲ ਲੱਭਿਆ ਜਾਵੇ ਤਾਂ ਇਹ ਦੋ ਸ਼ਬਦਾਂ-ਸੱਬ ਅਤੇ ਆਲਟਰਨ ਦਾ ਜੋੜ ਹੈ। ਸੱਬ ਦਾ ਅਰਥ ਹੈ, ਅਧੀਨ ਅਤੇ ਆਲਟਰਨ ਦਾ ਅਰਥ ਹੈ, ਹੋਰ ਸਾਰੇ। ਸਬਾਲਟਰਨ ਦਾ ਅਰਥ ਹੋਇਆ, ਜੋ ਹੋਰ ਸਭ ਦੇ ਅਧੀਨ, ਅਰਥਾਤ ਸਭ ਤੋਂ ਨੀਵਾਂ ਹੈ।

ਇਹ ਜਾਣ ਕੇ ਮੇਰਾ ਧਿਆਨ ਗੁਰੂ ਨਾਨਕ ਪਾਤਸ਼ਾਹ ਵੱਲ ਚਲਾ ਜਾਂਦਾ ਹੈ, ਜਿਨ੍ਹਾਂ ਨੇ ਕਿਹਾ ਸੀ, 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਹਿੰਦੁਸਤਾਨ ਵਿਚ ਚਾਰ ਵਰਣ ਹਨ। ਸਭ ਤੋਂ ਉਪਰ ਬ੍ਰਾਹਮਣ ਹੈ, ਉਹਦੇ ਹੇਠ ਖੱਤਰੀ, ਉਹਦੇ ਹੇਠ ਵੈਸ਼ ਤੇ ਸਭ ਤੋਂ ਨੀਵਾਂ ਸ਼ੂਦਰ ਹੈ। ਚਾਰ ਵਰਣਾਂ ਵਿਚ ਸਭ ਤੋਂ ਹੇਠਾਂ ਸ਼ੂਦਰ ਹੈ, ਪਰ ਸ਼ੂਦਰ ਵਰਣ ਵਿਚ ਅਗਾਂਹ ਹੋਰ ਵੀ ਊਚ ਨੀਚ ਘਰ ਕਰ ਗਈ ਹੋਈ ਹੈ। ਕਿੰਨੇ ਦੁੱਖ ਤੇ ਹੈਰਾਨੀ ਦੀ ਗੱਲ ਹੈ ਕਿ ਸ਼ੂਦਰਾਂ ਵਿਚ ਅਗਾਂਹ ਹੋਰ ਨੀਵੇਂ ਲੋਕ ਵੀ ਹਨ, ਜਿਨ੍ਹਾਂ ਦੇ ਅੱਗੇ ਹੋਰ ਨੀਵਾਂ ਕੋਈ ਨਹੀਂ ਹੈ।

ਹਰ ਵਰਗ ਆਪਣੇ ਉਪਰਲੇ ਤੋਂ ਮਿਲੀ ਨਿਰਾਸ਼ਾ ਆਪਣੇ ਹੇਠਲੇ 'ਤੇ ਕੱਢ ਲੈਂਦਾ ਹੈ, ਪਰ ਜਿਨ੍ਹਾਂ ਦੇ ਹੇਠ ਕੋਈ ਹੋਰ ਹੈ ਹੀ ਨਹੀਂ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅੱਕ ਆਪ ਹੀ ਚੱਬਣੇ ਪੈਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਲੋਕਾਂ ਨੂੰ 'ਅਤਿ ਨੀਚੁ' ਕਿਹਾ ਹੈ। ਸਹੀ ਮਾਇਨਿਆਂ ਵਿਚ ਸਬਾਲਟਰਨ ਦਾ ਤਰਜਮਾ 'ਅਤਿ ਨੀਚੁ' ਬਣਦਾ ਹੈ, ਜਿਨ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਖੜ੍ਹੇ ਹੋਣਾ ਆਪਣਾ ਧਰਮ ਜਾਣਿਆ ਸੀ।

ਗੁਰੂ ਰਾਮਦਾਸ ਪਾਤਸ਼ਾਹ ਨੇ ਵੀ ਇਨ੍ਹਾਂ ਲੋਕਾਂ ਨੂੰ ਦੂਰੋਂ ਦੂਰੋਂ ਲਿਆ ਕੇ ਅੰਮ੍ਰਿਤਸਰ ਸਾਹਿਬ ਵਿਖੇ ਵਸਾਇਆ ਸੀ। ਛੇਵੇਂ ਪਾਤਸ਼ਾਹ ਕੋਲ ਵੀ ਇਹੀ ਲੋਕ ਆਪਣੇ ਸੀਸ ਅਰਪਣ ਕਰਨ ਦੀ ਤਮੰਨਾ ਲੈ ਕੇ ਪੇਸ਼ ਹੋਏ ਸਨ। ਦਸਮੇਸ਼ ਪਿਤਾ ਨੇ ਵੀ ਇਨ੍ਹਾਂ ਸਬਾਲਟਰਨ ਅਰਥਾਤ ਅਤਿ ਨੀਚੁ ਲੋਕਾਂ ਦਾ ਉਥਾਨ ਕਰਕੇ ਪਾਤਸ਼ਾਹੀ ਤੱਕ ਦਾ ਵਚਨ ਅਤੇ ਵਰਦਾਨ ਦੇ ਦਿੱਤਾ ਸੀ।

ਇਤਿਹਾਸ ਦੇ ਤਹਿਖਾਨਿਆਂ ਵਿਚ ਲੁਕਿਆ ਤੱਥ ਹਾਲੇ ਖੋਜੀ ਇਤਿਹਾਸਕਾਰਾਂ ਦੀ ਉਡੀਕ ਵਿਚ ਹੈ ਕਿ ਪਾਤਸ਼ਾਹੀ ਦੇ ਐਨ ਨੇੜੇ ਢੁਕਣ ਸਮੇਂ ਕਿਵੇਂ ਸਬਾਲਟਰਨ ਅਰਥਾਤ ਅਤਿ ਨੀਚੁ ਨੂੰ ਕੁਟਲ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ ਸੀ।

ਫਿਰ ਕਿਵੇਂ 1962 ਵਿਚ ਹਰੇ ਇਨਕਲਾਬ ਲਈ ਰਾਹ ਪੱਧਰਾ ਕਰਨ ਸਮੇਂ ਲੁਧਿਆਣੇ ਦੀ ਖੇਤੀ ਯੂਨੀਵਰਸਿਟੀ ਦੇ ਨਿਰਮਾਣ ਸਮੇਂ ਅਤਿ ਨੀਚ ਅਰਥਾਤ ਸਬਾਲਟਰਨ ਦੇ ਕਾਰੋਬਾਰਾਂ ਨੂੰ ਉਕਾ ਹੀ ਵਿਸਾਰ ਦਿੱਤਾ ਗਿਆ ਸੀ ਤੇ ਉਹ ਆਜ਼ਾਦ ਭਾਰਤ ਵਿਚ ਫਿਰ ਉਸੇ ਦਸ਼ਾ ਦੇ ਸ਼ਿਕਾਰ ਹੋ ਗਏ, ਜਿਹਦੇ ਵੱਲ ਕਿਸੇ ਵਕਤ ਗੁਰੂ ਨਾਨਕ ਪਾਤਸ਼ਾਹ ਨੇ ਸੰਕੇਤ ਕੀਤਾ ਸੀ, 'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ...॥'

ਅੱਜ ਗੁਰੂ ਦੀ ਵਰੋਸਾਈ ਧਰਤੀ ਪੰਜਾਬ ਵਿਚ ਸਹੀ ਅਰਥਾਂ ਵਿਚ ਸਬਾਲਟਰਨ ਦੇ ਹੱਕ ਅਤੇ ਸੱਚ ਦੀ ਗੱਲ ਕਰਨ ਵਾਲਿਆਂ ਖਿਲਾਫ ਲਾਮਬੰਦੀ ਹੋ ਰਹੀ ਹੈ, ਗਾਲ੍ਹੀ-ਗਲੋਚ ਦੀ ਭਾਸ਼ਾ ਦਾ ਪ੍ਰਯੋਗ ਹੁੰਦਾ ਹੈ, ਤਾਅਨੇ ਮਿਹਣੇ ਦਿੱਤੇ ਜਾਂਦੇ ਹਨ, ਫਿਕਰੇ ਕੱਸੇ ਜਾਂਦੇ ਹਨ ਤੇ ਜੁਮਲੇ ਛੱਡੇ ਜਾਂਦੇ ਹਨ।

ਮੈਂ ਯੂਨੀਵਰਸਿਟੀਆਂ 'ਚ ਬੈਠੇ ਸਨਮਾਨਯੋਗ ਪ੍ਰੋਫੈਸਰ ਸਾਹਿਬਾਨ ਨੂੰ ਪਿਆਰ ਅਤੇ ਸਤਿਕਾਰ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਵਿਚ ਇੰਨਾ ਦਿਲ ਹੈ, ਜੋ ਬੰਗਾਲ ਦੀ ਗਾਇਤਰੀ ਚੱਕਰਵਰਤੀ ਵਾਂਗ ਯੂ. ਜੀ. ਸੀ. ਅਤੇ ਯੂਨੀਵਰਸਿਟੀਆਂ ਦੀ ਥੋਥੀ ਤੇ ਫੋਕੀ ਮਾਅਰਕੇਬਾਜ਼ੀ ਵਲੋਂ ਮੂੰਹ ਫੇਰ ਕੇ ਪੰਜਾਬ ਦੇ ਕਿਸੇ ਪਿੰਡ ਦੇ ਸਬਾਲਟਰਨ ਅਰਥਾਤ ਅਤਿ ਨੀਚ ਬੱਚਿਆਂ ਵਿਚਾਲੇ ਡੇਰਾ ਲਾਉਣ ਨੂੰ ਤਿਆਰ ਹੋਵੇ ਤਾਂ ਜੋ ਪੰਜਾਬ ਵਿਚ ਕੁਝ ਤਬਦੀਲੀ ਆ ਸਕੇ ਤੇ ਸਰਬੱਤ ਦੇ ਭਲੇ ਦੇ ਸਭ ਨੂੰ ਦੀਦਾਰ ਹੋ ਸਕਣ?

ਟੈਗੋਰ ਸਾਹਿਬ ਦਾ ਜਨਮ ਦਿਨ ਸਭ ਨੂੰ ਮੁਬਾਰਕ ਹੋਵੇ!

# ਦੂਰੀਆਂ ਦੀ ਦਾਸਤਾਨ

*(ਪਿਛਲੇ ਸਫੇ ਦੀ ਬਾਕੀ)*

ਛਾਈ ਰਹਿਣੀ ਰਾਤ,
ਕਿੰਜ ਪੂਰਬ ਤੋਂ ਉਗੂ
ਸੁਖਨ ਭਰੀ ਪ੍ਰਭਾਤ।
ਜਿਹੜੀ ਆਸ ਦੀ ਤਲੀ ਤੋਂ
ਰੁੱਸੀ ਰਹੇ ਮਹਿੰਦੀ,
ਉਹਦੀ ਸੁੰਨਤਾ ਵੀ ਬੋਲੇ
ਚੁੱਪ ਬੜਾ ਕੁਝ ਕਹਿੰਦੀ।
ਆਓ, ਸੋਚ ਨੂੰ ਸੰਭਾਵਨਾ ਦਾ
ਸੁਪਨਾ ਬਣਾਈਏ,
ਬੁਝੇ ਮੱਥਿਆਂ 'ਤੇ ਟਿੱਕਾ
ਸੂਰਜਾਂ ਦਾ ਲਾਈਏ।

ਕੁਝ ਲੋਕ ਹਮੇਸ਼ਾ ਦੂਰੀਆਂ ਪੈਦਾ ਕਰਨ ਲਈ ਉਤਸੁੱਕ। ਫਾਸਲੇ ਪੈਦਾ ਕਰਨ ਲਈ ਉਚੇਚ ਕਰਦੇ। ਉਹ ਸਿਰਫ ਕੁੜਿਤਣ, ਨਫਰਤ ਅਤੇ ਹਿੰਸਾ ਵਿਚੋਂ ਹੀ ਆਪਣੀ ਹੋਂਦ ਨੂੰ ਗਵਾ, ਦੁਨੀਆਂ ਦੀ ਲਾਹਨਤ ਲੈ ਕੇ ਇਸ ਜਹਾਨ ਤੋ ਤੁਰ ਜਾਂਦੇ, ਪਰ ਕੁਝ ਲੋਕ ਦੂਰੀਆਂ ਨੂੰ ਘਟਾਉਣ ਤੇ ਪਿਆਰ ਉਪਜਾਉਣ ਲਈ ਲੋਕ-ਸੇਵਾ ਨੂੰ ਅਪਨਾਉਂਦੇ, ਲੋੜਵੰਦਾਂ ਦੀ ਮਦਦ ਕਰਦੇ, ਭੁੱਖਿਆਂ ਨੂੰ ਖਾਣਾ ਛਕਾਉਂਦੇ। ਕਿਸੇ ਦੇ ਤਨ ਦਾ ਲੰਗਾਰ ਢਕਦੇ ਜਾਂ ਕਿਸੇ ਦੇ ਸਿਰ ਦਾ ਦੁਪੱਟਾ ਵੀ ਬਣਦੇ। ਅਜਿਹੇ ਲੋਕ ਮੁਹੱਬਤ, ਪਰਿਵਾਰਕ ਸਾਂਝ, ਮਿਲਵਰਤਣ ਤੇ ਭਾਈਚਾਰਕ ਸਾਂਝ ਦੀ ਪਕਿਆਈ ਦਾ ਬਿੰਬ ਹੁੰਦੇ। ਕਦੇ ਅਜਿਹੀ ਸੋਚ ਮਨ ਵਿਚ ਜਰੂਰ ਪੈਦਾ ਕਰਨਾ, ਕਿਉਂਕਿ ਦੁਨੀਆਂ ਦਾ ਸਮੁੱਚਾ ਦਾਰੋ-ਮਦਾਰ ਤਾਂ ਅਜਿਹੇ ਲੋਕਾਂ ਦੇ ਸਿਰ 'ਤੇ ਹੀ ਤਾਂ ਹੈ।

ਦੂਰੀ ਤਾਂ ਸਮਝਣੀ ਚਾਹੀਦੀ ਹੈ-ਅਡੰਬਰੀ ਤੇ ਅਲੰਬਰਦਾਰ ਵਿਚ, ਨਿਸ਼ਕਾਮ ਤੇ ਅਹਿਸਾਨ ਵਿਚ, ਪਾਪ ਤੇ ਪੁੰਨ ਅਤੇ ਪਾਕੀਜ਼ ਤੇ ਪਲੀਤ ਵਿਚ। ਇਸ ਦੂਰੀ ਨੂੰ ਵੀ ਤਾਂ ਅਸੀਂ ਹੀ ਖਤਮ ਕਰਨਾ ਅਤੇ ਨਵੀਂ ਸੋਚ ਨੂੰ ਸਮਾਜ ਦੇ ਨਾਵੇਂ ਕਰਨਾ ਤਾਂ ਕਿ ਹਰ ਬਨੇਰੇ ਤੋਂ ਉਤਰਦਾ ਸੂਰਜ ਵਿਹੜੇ ਨੂੰ ਰੁਸ਼ਨਾਵੇ।

ਦੂਰੀ ਤਾਂ ਹੁੰਦੀ ਹੀ ਹੈ-ਮਖੌਟੇ ਤੇ ਮਨੁੱਖ ਵਿਚ, ਮਾਣ ਤੇ ਅਭਿਮਾਨ ਵਿਚ, ਸ਼ਾਨ ਤੇ ਪਛਾਣ ਵਿਚ, ਅੱਥਰੂ ਤੇ ਅਜ਼ਾਨ ਵਿਚ ਅਤੇ ਆਲ੍ਹੇ 'ਚ ਦੀਵਾ ਧਰਨ ਤੇ ਇਸ ਨੂੰ ਜਗਾਉਣ ਵਿਚ; ਪਰ ਸਾਡੀ ਹਿੰਮਤ ਨੇ ਹੀ ਇਨ੍ਹਾਂ ਪਾੜਿਆਂ ਦੀ ਪੂਰਤੀ ਲਈ ਪਹਿਲ ਕਰਨੀ। ਉਡੀਕ ਕਰਦਿਆਂ ਬਹੁਤ ਦੇਰ ਹੋ ਜਾਂਦੀ ਹੈ, ਦੇਰ ਨਾ ਕਰਨਾ।

ਬਹੁਤ ਦੂਰੀ ਹੁੰਦੀ ਹੈ-ਦਿਆਲਤਾ ਤੇ ਦਰਿੰਦਗੀ ਵਿਚ, ਸੁਖਨ ਤੇ ਦੁਖਨ ਵਿਚ, ਸੁੰਨ ਤੇ ਸਮਾਧੀ ਵਿਚ ਅਤੇ ਹੱਕ ਤੇ ਫਰਜ਼ ਵਿਚ। ਇਸ ਨੂੰ ਮਿਟਾ ਕੇ ਜੀਵਨ-ਜੋਤ ਨੂੰ ਜਗਦੀ ਰੱਖਿਆ ਜਾ ਸਕਦਾ।

ਬਹੁਤ ਫਰਕ ਹੁੰਦਾ-ਤਾਂਘ ਤੇ ਤਤਪਰਤਾ ਵਿਚ, ਹਾਂ-ਪੱਖੀ ਤੇ ਨਾਂਹ-ਪੱਖੀ ਪਹਿਲੂ ਵਿਚ, ਚੜ੍ਹਦੀ ਕਲਾ ਤੇ ਢਹਿੰਦੀ ਕਲਾ ਵਿਚ, ਜਾਣਨ ਤੇ ਕਰਨ ਵਿਚ, ਵਰਤਮਾਨ ਤੇ ਭਵਿੱਖ ਵਿਚ, ਮਹਿਸੂਸ ਕਰਨ ਤੇ ਮਹਿਸੂਸ ਕਰਵਾਉਣ ਵਿਚ, ਆਸ ਤੇ ਪ੍ਰਾਪਤੀ ਵਿਚ ਅਤੇ ਕਿਸੇ ਦੇ ਤਜ਼ਰਬਿਆਂ ਤੋਂ ਸਿੱਖਣ ਤੇ ਖੁਦ ਤਜਰਬੇ ਕਰਕੇ ਸਿੱਖਣ ਵਿਚ। ਇਸ ਫਰਕ ਨੂੰ ਤਾਂ ਮਿਟਾਉਣਾ ਹੀ ਪੈਣਾ ਜੇ ਅਸੀਂ ਜੀਵਨ ਦੇ ਸਿਖਰਲੇ ਡੰਡੇ 'ਤੇ ਪਹੁੰਚਣਾ।

ਬੜਾ ਫਰਕ ਹੈ-ਬਜੁਰਗਾਂ ਅਤੇ ਬੱਚਿਆਂ ਦੀ ਸੋਚ ਵਿਚ, ਮਾਪਿਆਂ ਅਤੇ ਪੁੱਤਰ-ਧੀਆਂ ਦੀ ਦ੍ਰਿਸ਼ਟੀ ਵਿਚ। ਜੀਵਨ ਨੂੰ ਕਿਸ ਕੋਣ ਤੋਂ ਦੇਖਣਾ ਅਤੇ ਪਹਿਲਾਂ ਨੂੰ ਕਿੰਜ ਨਿਰਧਾਰਤ ਕਰਨਾ? ਜੀਵਨ ਵਿਚ ਕੀ ਕੁਝ ਅਹਿਮ ਹੈ? ਜੀਵਨ ਵਿਚੋਂ ਕੀ ਮਨਫੀ ਕੀਤਾ ਜਾ ਸਕਦਾ? ਇਹ ਵਖਰੇਵਾਂ ਹੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਆਧਾਰ ਹੈ। ਜਰੂਰੀ ਹੈ ਕਿ ਇਸ ਫਰਕ ਨੂੰ ਮਿਟਾਉਣ ਲਈ ਦੋਹਾਂ ਧਿਰਾਂ ਵਲੋਂ ਸੁਹਿਰਦਤਾ ਅਪਨਾਈ ਜਾਵੇ।

ਯਾਦ ਰੱਖੋ, ਵਖਰੇਵਾਂ ਵੀ ਕਈ ਵਾਰ ਜਰੂਰੀ ਹੁੰਦਾ। ਇਸ ਵਿਚੋਂ ਹੀ ਕਈ ਵਾਰ ਨਵੇਂ ਵਿਚਾਰ ਜਨਮ ਲੈਂਦੇ, ਪਰ ਇਹ ਵਖਰੇਵਾਂ ਕੁੜਿਤਣ ਨਹੀਂ, ਸਗੋਂ ਪਿਆਰ-ਤਰੌਂਕਾ ਹੋਵੇ। ਇਕ ਦੂਜੇ ਲਈ ਅਰਦਾਸ ਤੇ ਅਰਾਧਨਾ। ਖੈਰ-ਸੁੱਖ ਦੀ ਲੋਚਾ ਅਤੇ ਇਕ ਦੂਜੇ ਦੀਆਂ ਦੁਆਵਾਂ ਮੰਗਣ ਦੀ ਤੀਬਰਤਾ।

ਬਹੁਤ ਵੱਡਾ ਪਾੜਾ ਹੈ, ਜ਼ਿੰਦਗੀ ਅਤੇ ਸੁਪਨਿਆਂ ਦਾ। ਸੁਪਨੇ ਅਤੇ ਇਸ ਦੀ ਸੰਪੂਰਨਤਾ ਦੀ ਦੂਰੀ, ਪਰ ਜੇ ਸਿਰੜ-ਸਾਧਨਾ ਨੂੰ ਯਾਰ ਬਣਾਈਏ ਅਤੇ ਜ਼ਿੰਦਗੀ ਦਾਅ 'ਤੇ ਲਾਈਏ ਤਾਂ ਸੁਪਨਿਆਂ ਨੂੰ ਸੱਚ ਪ੍ਰਤੱਖ ਹੁੰਦਾ, ਦੇਰੀ ਭਾਵੇਂ ਹੋ ਜਾਵੇ। ਵਿਦੇਸ਼ ਵਿਚ ਪੜ੍ਹਾਉਣ ਦੇ ਸੁਪਨੇ ਦੀ ਪੂਰਤੀ ਲਈ ਚਾਲੀ ਸਾਲ ਦੀ ਉਡੀਕ ਬਹੁਤ ਲੰਮੀ ਹੁੰਦੀ ਏ, ਪਰ ਆਖਰ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੁਪਨਾ ਪੂਰਾ ਹੋ ਹੀ ਜਾਂਦਾ। ਨਿਰੰਤਰਤਾ ਤੇ ਲਗਨ ਮਨੁੱਖ ਦਾ ਮੀਰੀ ਗੁਣ ਹੋਣਾ ਚਾਹੀਦਾ।

ਬਹੁਤ ਦੂਰੀ ਹੈ, ਅੰਬਰ ਤੇ ਧਰਤੀ ਵਿਚ ਵੀ, ਪਰ ਚਾਨਣ ਦੀਆਂ ਕਿਰਨਾਂ ਇਹ ਦੂਰੀ ਮੇਟਦੀਆਂ, ਅੰਬਰ ਤੇ ਧਰਤ ਦੀ ਮਿਲਣੀ ਦਾ ਸਬੱਬ ਸਿਰਜਦੀਆਂ। ਰਾਤ ਦੀ ਕੁੱਖ ਵਿਚ ਦਿਨ ਉਗਾ ਕੇ, ਜੀਵਨ-ਤੋਰ ਨੂੰ ਸੁਹੰਢਣਾ ਕਰਨ ਵਿਚ ਸਰਗਰਮ ਭੂਮਿਕਾ ਨਿਭਾ ਰਹੀਆਂ ਨੇ। ਮਨੁੱਖ ਤੋਂ ਵੀ ਅਜਿਹੀ ਆਸ ਕੀਤੀ ਜਾਂਦੀ ਹੈ ਕਿ ਉਹ ਵੀ ਰਿਸ਼ਮ ਬਣ ਕੇ ਦੂਰੀਆਂ ਦੇ ਮੱਥੇ 'ਤੇ ਮਿਲਾਪ ਦਾ ਚਿਰਾਗ ਜਗਾਉਣ ਦਾ ਪਾਕ ਕਰਮ ਕਰੇ ਅਤੇ ਆਪਣੀਆਂ ਕੁਲਾਂ ਨੂੰ ਜਿਉਣ-ਜੋਗਾ ਕਰੇ।

###

## ਦੋ ਕਵਿਤਾਵਾਂ

### ਘਰ

ਘਰ ਕਿ ਜਿਸ ਵਿਚ ਮੈਂ
ਤੀਹ ਸਾਲਾਂ ਤੋਂ ਰਹਿੰਦਾ ਹਾਂ
ਇਸ ਨੂੰ ਮੈਂ
ਆਪਣਾ ਘਰ ਕਹਿ ਲੈਂਦਾ ਹਾਂ
ਹੁਣ ਜਦ ਕਦੇ ਵੀ
ਘੰਟੀ ਦੀ ਅਵਾਜ਼ ਹੈ ਆਉਂਦੀ
ਘਰ ਦੇ ਬਾਹਰਲੇ ਗੇਟ ਤੱਕ ਵੀ
ਜਾਣ ਤੋਂ ਮੈਂ ਤ੍ਰਹਿੰਦਾ ਹਾਂ।

### ਦੂਸਰਾ ਰਾਸ਼ਨ

ਤਾਲਾਬੰਦੀ ਦੇ ਦਿਨੀਂ
ਆਫਤ ਦੇ ਦਿਨੀਂ
ਰਾਸ਼ਨ ਵੰਡਣ ਵਾਲਿਆਂ
ਲਾ ਛੱਡੀ ਬਹਾਰ।
ਕਰ ਕਰ ਰਾਸ਼ਨ 'ਕੱਠਾ ਉਸ ਨੇ
ਭਰ ਲਿਆ ਭੰਡਾਰ
ਮਾਲਾ-ਮਾਲ!
ਠੇਕੇ ਦਾਰੂ ਦੇ ਜਦ ਖੁੱਲ੍ਹ ਗਏ
ਨੋਟ ਗੁਲਾਬੀ ਪਾ ਬਟੂਏ ਵਿਚ
ਜਾ ਲੱਗਾ ਵਿਚ ਕਤਾਰ।

*-ਪ੍ਰਿਤਪਾਲ ਸਿੰਘ ਮਹਿਰੋਕ*
*ਫੋਨ: 91-98885 -10185*

# ਖਾਲਿਸਤਾਨ, ਖਾਲਸਾ ਰਾਜ ਤੇ ਸਿੱਖ ਕੌਮ

## ਪ੍ਰਤੀਕਰਮ

***'ਪੰਜਾਬ ਟਾਈਮਜ਼' ਦੇ 2 ਮਈ 2020 ਦੇ ਅੰਕ ਵਿਚ ਅਸੀਂ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਛਾਪੀ ਸੀ। ਪਿਛਲੇ ਅੰਕ (9 ਮਈ) ਵਿਚ ਇਸ ਲਿਖਤ ਦੇ ਪ੍ਰਤੀਕਰਮ ਵਜੋਂ ਹਜ਼ਾਰਾ ਸਿੰਘ ਮਿਸੀਸਾਗਾ ਅਤੇ ਹਰਜੀਤ ਦਿਓਲ, ਬਰੈਂਪਟਨ ਦੀਆਂ ਟਿੱਪਣੀਆਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਸਨ, ਜਿਸ ਵਿਚ ਉਨ੍ਹਾਂ ਉਸ ਵਕਤ ਦੇ ਹਾਲਾਤ ਬਾਰੇ ਕੁਝ ਅਹਿਮ ਤੱਥ ਪਾਠਕਾਂ ਨਾਲ ਸਾਂਝੇ ਕੀਤੇ ਸਨ। ਇਸ ਵਾਰ ਅਸੀਂ ਉਘੇ ਚਿੰਤਕ ਗੁਰਬਚਨ ਸਿੰਘ ਦੇ ਵਿਚਾਰ ਛਾਪ ਰਹੇ ਹਾਂ, ਜਿਸ ਵਿਚ ਉਨ੍ਹਾਂ ਕੌਮੀ ਰਾਜ (Nation State), ਪੰਜਾਬ ਦੀ ਪੰਥਕ ਅਤੇ ਸਿੱਖ ਸਿਆਸਤ ਬਾਰੇ ਅਹਿਮ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ ਹੈ। ਇਸੇ ਪ੍ਰਸੰਗ ਵਿਚ ਅਗਲੇ ਅੰਕ ਵਿਚ ਸਿੱਖ ਚਿੰਤਕ ਡਾ. ਬਲਕਾਰ ਸਿੰਘ ਅਤੇ ਅਮਰਜੀਤ ਸਿੰਘ ਮੁਲਤਾਨੀ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕੀਤੇ ਜਾਣਗੇ। 'ਪੰਜਾਬ ਟਾਈਮਜ਼' ਦੇ ਪੰਨਿਆਂ 'ਤੇ ਪਹਿਲਾਂ ਵੀ ਵੱਖ-ਵੱਖ ਮਸਲਿਆਂ ਬਾਰੇ ਵਿਚਾਰ-ਚਰਚਾ ਦੇ ਜੋੜ ਜੁੜਦੇ ਰਹੇ ਹਨ। ਬੇਨਤੀ ਹੈ ਕਿ ਵਿਚਾਰ-ਚਰਚਾ ਦੌਰਾਨ ਤਹੱਮਲ ਤੇ ਸਬਰ ਦਾ ਪੱਲਾ ਫੜ ਕੇ ਰੱਖਿਆ ਜਾਵੇ ਅਤੇ ਗੱਲਾਂ ਸਬੰਧਤ ਮਸਲੇ ਦੇ ਇਰਦ-ਗਿਰਦ ਹੀ ਕੀਤੀਆਂ ਜਾਣ। -ਸੰਪਾਦਕ***

ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਦੀ 29 ਅਪਰੈਲ 1986 ਨੂੰ ਖਾਲਿਸਤਾਨ ਦੇ ਕੀਤੇ ਗਏ ਇਤਿਹਾਸਕ ਐਲਾਨਨਾਮੇ ਬਾਰੇ ਇਕ ਲਿਖਤ ਛਪੀ ਹੈ, 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ।' ਸ. ਕਰਮਜੀਤ ਸਿੰਘ ਦਾ ਮੰਨਣਾ ਹੈ ਕਿ 'ਇਸ ਘਟਨਾ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ, ਕਿਉਂਕਿ ਇਤਿਹਾਸ ਸਿਰਫ ਬੀਤੇ ਦੀਆਂ ਘਟਨਾਵਾਂ ਦੀ ਵਿਆਖਿਆ ਹੀ ਨਹੀਂ ਕਰਦਾ, ਸਗੋਂ ਇਹ ਵਰਤਮਾਨ ਤੇ ਭਵਿਖ ਲਈ ਰੌਸ਼ਨੀ ਵੀ ਵਿਖਾਉਂਦਾ ਹੈ' ਅਤੇ 'ਖਾਲਿਸਤਾਨ ਬਾਰੇ ਇਤਿਹਾਸਕ ਐਲਾਨਨਾਮਾ ਅਸਲ ਵਿਚ ਪ੍ਰਚੰਡ ਚੇਤਨਾ ਦੀ ਨਵੀਂ ਪ੍ਰਭਾਤ ਸੀ।'

**ਗੁਰਬਚਨ ਸਿੰਘ**
**ਫੋਨ: 91-98156-98451**

ਲਿਖਤ ਉਤੇ ਕੋਈ ਵੀ ਟਿੱਪਣੀ ਕਰਨ ਤੋਂ ਪਹਿਲਾਂ ਅਸੀਂ ਉਨ੍ਹਾਂ ਵਲੋਂ ਉਠਾਏ ਗਏ ਇਕ ਅਹਿਮ ਨੁਕਤੇ ਨੂੰ ਸਪਸ਼ਟ ਕਰਨ ਦੀ ਲੋੜ ਜ਼ਰੂਰੀ ਸਮਝਦੇ ਹਾਂ। ਉਨ੍ਹਾਂ ਦਾ ਕਹਿਣਾ ਹੈ, "ਇਕ ਅਜਿਹੀ ਸੋਚ ਵੀ ਉਭਰ ਕੇ ਸਾਹਮਣੇ ਆਈ ਹੈ, ਜੋ ਪੂਰਨ ਪ੍ਰਭੂਸਤਾ ਸੰਪੰਨ ਖਾਲਿਸਤਾਨ ਦੀ ਸਥਾਪਨਾ ਦੇ ਪੰਥਕ ਨਿਸ਼ਾਨੇ ਨੂੰ ਦੁਨੀਆਂ ਦੇ ਕੁਝ ਕੌਮੀ ਰਾਜਾਂ (Nation State) ਵਲੋਂ ਲੋਕਾਂ ਉਤੇ ਢਾਹੇ ਗਏ ਜ਼ੁਲਮਾਂ ਦੀਆਂ ਮਿਸਾਲਾਂ ਦੇ ਕੇ ਗਲਤ ਸਾਬਤ ਕਰਨ ਲਈ ਖੰਭ ਫੜਕ ਰਹੀ ਹੈ।"..."ਕਿਸੇ ਜ਼ਾਲਮ ਬਾਦਸ਼ਾਹ ਦਾ ਜ਼ੁਲਮੀ ਰਾਜ ਨਾ ਤਾਂ ਕੌਮੀ ਰਾਜ (Nation State) ਹੀ ਹੁੰਦਾ ਹੈ ਅਤੇ ਨਾ ਦੁਨੀਆਂ ਵਿਚਲੇ ਲੋਕਾਂ ਉਤੇ ਕਹਿਰ ਵਰ੍ਹਾਉਣ ਵਾਲੇ ਅਜਿਹੇ ਕਿਸੇ ਰਾਜ ਨੂੰ ਕੌਮੀ ਰਾਜ ਕਰਾਰ ਦੇ ਕੇ ਉਸ ਵਲੋਂ ਲੋਕਾਂ 'ਤੇ ਇਨਸਾਨੀ ਹੱਕਾਂ ਦੇ ਵਿਰੁਧ ਕੀਤੀਆਂ ਜ਼ਾਲਮਾਨਾ ਕਾਰਵਾਈਆਂ ਦੀਆਂ ਮਿਸਾਲਾਂ ਨਾਲ 'ਪੂਰਨ ਪ੍ਰਭੂਸਤਾ ਸੰਪੰਨ ਖਾਲਿਸਤਾਨ' ਦਾ ਸੰਕਲਪ ਰੱਦ ਕੀਤਾ ਜਾ ਸਕਦਾ ਹੈ।"

ਇਸੇ ਲਿਖਤ ਵਿਚ ਆਪਣਾ ਇਹ ਕਥਨ ਉਨ੍ਹਾਂ ਨੇ ਇਕ ਵਾਰ ਫਿਰ ਦੁਹਰਾਇਆ ਹੈ, "ਦੁਨੀਆਂ ਭਰ ਵਿਚ ਖਿਲਰੇ ਹੋਏ ਜੁਝਾਰੂ ਲਹਿਰ ਦੇ ਸਾਰੇ ਦਸਤਾਵੇਜ਼ਾਂ ਵਿਚ ਝਲਕਦੀ ਸੁਹਿਰਦਤਾ, ਇਮਾਨਦਾਰੀ, ਪ੍ਰਤੀਬਧਤਾ, ਲੋਕ ਪੱਖੀ ਵਿਚਾਰਧਾਰਾ, ਜੂਝ ਮਰਨ ਦਾ ਚਾਅ, ਮੰਜ਼ਿਲ ਸਰ ਕਰਨ ਦਾ ਜਜ਼ਬਾ ਤੇ ਲਗਨ ਨਾ ਸਿਰਫ ਤੁਹਮਤਾਂ ਤੇ ਦੂਸ਼ਣਬਾਜ਼ੀ ਦੇ ਰਾਹੀਂ ਆਪ ਸੱਚੀ ਬਣਨ ਅਤੇ ਜੁਝਾਰੂਆਂ ਨੂੰ ਝੂਠੇ ਆਖਣ ਤੇ ਬਦਨਾਮ ਕਰਨ ਲਈ ਯਤਨਸ਼ੀਲ ਭਾਰਤ ਸਰਕਾਰ, ਹਿੰਦੂਤਵੀ ਸੋਚ ਤੇ ਪੰਥ ਦੁਸ਼ਮਣ ਤਾਕਤਾਂ ਦੇ ਮੂੰਹ ਉਤੇ ਚਪੇੜ ਹੈ, ਸਗੋਂ ਉਸ ਸੋਚ ਲਈ ਵੀ ਕਰਾਰਾ ਜਵਾਬ ਹੈ, ਜੋ ਕੌਮੀ ਰਾਜ (Nation State) ਦਾ ਡਰ ਪੈਦਾ ਕਰਕੇ ਲੋਕਾਂ ਵਿਚ ਪੂਰਨ ਪ੍ਰਭੂਸਤਾ ਸੰਪਨ ਖਾਲਸਾ ਰਾਜ ਬਾਰੇ ਵੀ ਭੁਲੇਖੇ ਪਾ ਰਹੀ ਹੈ।"

ਇਥੇ ਉਨ੍ਹਾਂ ਦਾ ਇਸ਼ਾਰਾ ਉਨ੍ਹਾਂ ਸਿੱਖ ਚਿੰਤਕਾਂ ਵੱਲ ਹੈ, ਜੋ ਖਾਲਿਸਤਾਨ ਦੀ ਸਿਰਜਣਾ ਨੂੰ ਕੌਮੀ ਰਾਜ (Nation State) ਨਾਲੋਂ ਵੱਖ ਕਰ ਕੇ ਵੇਖਦੇ ਹਨ। ਜੇ ਸਪਸ਼ਟ ਰੂਪ ਵਿਚ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਇਸ਼ਾਰਾ ਉਨ੍ਹਾਂ ਸਿੱਖ ਚਿੰਤਕਾਂ ਵੱਲ ਹੈ, ਜੋ ਸਿੱਖਾਂ ਨੂੰ ਇਕ 'ਕੌਮ' ਵਜੋਂ ਨਹੀਂ, ਸਗੋਂ ਇਕ 'ਪੰਥ' ਵਜੋਂ ਮਾਨਤਾ ਦਿੰਦੇ ਹਨ। ਇਸ ਪੱਖੋਂ ਸ. ਕਰਮਜੀਤ ਸਿੰਘ ਵੀ ਉਨ੍ਹਾਂ ਕੁਝ ਕੁ ਆਧੁਨਿਕ ਸਿੱਖ ਵਿਦਵਾਨਾਂ ਵਿਚ ਸ਼ਾਮਿਲ ਹਨ, ਜੋ 'ਕੌਮ' ਨੂੰ 'ਪੰਥ' ਨਾਲੋਂ ਵੱਡਾ ਸਮਝਦੇ ਹਨ ਅਤੇ ਜੋ ਹਾਲੇ ਤਕ ਵੀ ਇਸੇ ਕੱਟੜ ਪੱਛਮੀ ਸੋਚ ਦਾ ਸ਼ਿਕਾਰ ਹਨ ਕਿ ਜਿੰਨਾ ਚਿਰ ਸਿੱਖ ਦੁਨੀਆਂ ਭਰ ਦੇ ਰਾਜਸੀ ਹਲਕਿਆਂ ਵਿਚ ਆਪਣੇ ਆਪ ਨੂੰ ਇਕ ਕੌਮ ਵਜੋਂ ਸਥਾਪਤ ਨਹੀਂ ਕਰਦੇ, ਓਨਾ ਚਿਰ ਉਹ 'ਪ੍ਰਭੂਸਤਾ ਸੰਪੰਨ ਖਾਲਿਸਤਾਨ' ਦੀ ਮੰਗ ਕਰਨ ਦੇ ਹੱਕਦਾਰ ਨਹੀਂ ਬਣ ਸਕਦੇ। ਜਦੋਂ ਕਿ ਉਨ੍ਹਾਂ ਦੀ ਆਪਣੀ ਇਸੇ ਲਿਖਤ ਵਿਚ ਹੀ ਇਹ ਦਰਜ ਹੈ, "ਜਦ ਕਿ ਸਿੱਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਬਾਕਾਇਦਾ ਮਿਲਦੇ ਹਨ। ਦਸਮੇਸ਼ ਪਿਤਾ ਨੇ ਤਾਂ ਰਾਜ ਕਰੇਗਾ ਖਾਲਸਾ ਦਾ ਸੰਕਲਪ ਖਾਲਸੇ ਦੇ ਮਨ ਮੰਦਰ ਵਿਚ ਉਕਰਿਆ ਹੋਇਆ ਹੈ। ਹਰ ਸਿੱਖ ਦੋਨੋਂ ਵੇਲੇ ਦੀ ਅਰਦਾਸ ਵਿਚ ਇਸ ਦਾ ਬੁਲੰਦ ਅਵਾਜ਼ ਨਾਲ ਅਲਾਪ ਕਰਦਾ ਹੈ।"

ਹੁਣ ਖਾਲਸਾ ਰਾਜ ਦੇ ਗੰਭੀਰ ਸੰਕੇਤ ਜੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਅਤੇ ਦਸਮੇਸ਼ ਪਿਤਾ ਨੇ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਖਾਲਸੇ ਦੇ ਮਨ ਮੰਦਰ ਵਿਚ ਉਕਰਿਆ ਹੋਇਆ ਹੈ ਤੇ ਹਰੇਕ ਸਿੱਖ ਦੋ ਵੇਲੇ ਦੀ ਅਰਦਾਸ ਵਿਚ ਇਸ ਦਾ ਬੁਲੰਦ ਅਵਾਜ਼ ਨਾਲ ਅਲਾਪ ਕਰਦਾ ਹੈ ਤਾਂ ਫਿਰ ਖਾਲਿਸਤਾਨ ਦੀ ਮੰਗ ਦਾ ਸਬੰਧ 'ਕੌਮੀ ਰਾਜ' ਨਾਲ ਕਿਵੇਂ ਆ ਜੁੜਦਾ ਹੈ? ਕੌਮੀ ਰਾਜ ਦਾ ਸੰਕਲਪ ਤਾਂ ਗੁਰੂ ਸਾਹਿਬ ਤੋਂ ਤਿੰਨ ਸੌ ਸਾਲ ਬਾਅਦ ਪੱਛਮੀ ਯੂਰਪ ਵਿਚ ਪੈਦਾ ਹੋਏ 18ਵੀਂ ਸਦੀ ਦੇ ਪੂੰਜੀਵਾਦ ਦੀ ਦੇਣ ਹੈ। ਗੁਰੂ ਸਾਹਿਬ ਵਲੋਂ ਸਿੱਖਾਂ ਨੂੰ ਹਲੇਮੀ ਰਾਜ ਦੇ ਰੂਪ ਵਿਚ ਦਿੱਤੇ ਗਏ ਸੰਕਲਪ ਨੂੰ 'ਕੌਮੀ ਰਾਜ' ਦੀ ਮੰਗ ਨਾਲ ਜੋੜ ਕੇ ਅਜਿਹੇ ਸਿੱਖ ਵਿਦਵਾਨ ਖੁਦ ਹੀ ਅਜਿਹੀ ਕਸੂਤੀ ਵਿਚਾਰਧਾਰਕ ਹਾਲਤ ਵਿਚ ਘਿਰ ਜਾਂਦੇ ਹਨ, ਜਿਥੇ ਉਨ੍ਹਾਂ ਨੂੰ 'ਕੌਮੀ ਰਾਜਾਂ' ਵਲੋਂ ਆਪਣੇ ਲੋਕਾਂ ਉਤੇ ਢਾਹੇ ਗਏ ਜਬਰ ਨੂੰ ਬਦੋਬਦੀ ਜਾਇਜ਼ ਠਹਿਰਾਉਣ ਦਾ ਜੋਖਮ ਉਠਾਉਣਾ ਪੈਂਦਾ ਹੈ।

ਇਸ ਖੇਤਰ ਵਿਚ ਕੌਮੀ ਰਾਜ ਦੇ ਝੰਡੇ ਥਲੇ ਉਸਰੇ ਦੋ ਮੁਲਕ ਹਿੰਦੁਸਤਾਨ ਤੇ ਪਾਕਿਸਤਾਨ ਸਭ ਦੇ ਸਾਹਮਣੇ ਹਨ। ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ 'ਧਰਮ ਨਿਰਪੱਖਤਾ' ਦੇ ਦਾਅਵੇ ਕਰਨ ਵਾਲਾ ਹਿੰਦੁਸਤਾਨ ਆਪਣੇ ਜਨਮ ਤੋਂ ਹੀ ਸਿੱਖਾਂ ਉਤੇ ਜ਼ੁਲਮ ਢਾਹੁਣ ਲੱਗ ਪਿਆ ਸੀ, ਜਿਸ ਦੀ ਇਕ ਠੋਸ ਮਿਸਾਲ ਆਪਣੇ ਵੇਲੇ ਪੰਥ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਸਿੱਖ ਆਗੂ ਮਾਸਟਰ ਤਾਰਾ ਸਿੰਘ ਦੀ 'ਆਜ਼ਾਦ' ਭਾਰਤ ਵਿਚ ਹੋਈ ਪਹਿਲੀ ਗ੍ਰਿਫਤਾਰੀ ਹੈ ਅਤੇ ਉਸ ਪਿਛੋਂ ਸਿੱਖਾਂ ਨਾਲ ਜੋ ਕੁਝ ਵਾਪਰਿਆ ਜਾਂ ਦਲਿਤਾਂ, ਮੁਸਲਮਾਨਾਂ, ਇਸਾਈਆਂ ਤੇ ਗਰੀਬ ਹਿੰਦੂਆਂ ਨਾਲ ਹੁਣ ਤਕ ਵਾਪਰਦਾ ਆ ਰਿਹਾ ਹੈ, ਉਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਇਨਕਲਾਬੀ ਧਰਮ ਇਸਲਾਮ ਦੇ ਨਾਂ ਉਤੇ ਉਸਰੇ ਪਾਕਿਸਤਾਨ ਵਿਚ ਵੀ ਬਲੋਚੀਆਂ, ਸਿੰਧੀਆਂ ਤੇ ਗਰੀਬ ਮੁਸਲਮਾਨਾਂ ਨਾਲ ਇਹੀ ਕੁਝ ਵਾਪਰ ਰਿਹਾ ਹੈ। ਪੱਛਮੀ ਸਾਮਰਾਜੀ ਦੇਸ਼ਾਂ ਨੇ ਕੌਮੀ ਜਮਹੂਰੀ ਰਾਜ ਦੇ ਨਾਂ ਉਤੇ ਦੁਨੀਆਂ ਭਰ ਦੇ ਮਜ਼ਲੂਮ ਲੋਕਾਂ ਉਤੇ ਜੋ ਜਬਰ ਢਾਹੇ ਹਨ, ਉਹ ਇਤਿਹਾਸ ਦਾ ਇਕ ਅਟੁਟ ਹਿੱਸਾ ਹਨ।

ਦਰਅਸਲ ਜਿਸ ਵਿਸ਼ੇ ਉਤੇ ਸ. ਕਰਮਜੀਤ ਸਿੰਘ ਬਾਅਦ ਵਿਚ ਗੱਲ ਕਰਨ ਬਾਰੇ ਕਹਿੰਦੇ ਹਨ, ਉਸ ਵਿਸ਼ੇ ਉਤੇ ਸਭ ਤੋਂ ਪਹਿਲਾਂ ਗੱਲ ਕਰਨ ਦੀ ਲੋੜ ਹੈ। ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਜੇ ਖਾਲਸਾ ਰਾਜ ਜਾਂ ਖਾਲਿਸਤਾਨ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਤਾਂ ਫਿਰ ਸਭ ਤੋਂ ਪਹਿਲਾਂ ਇਹ ਵੇਖਣ ਦੀ ਲੋੜ ਹੈ ਕਿ ਇਹ ਸੰਕੇਤ ਕੀ ਹਨ?

ਗੁਰੂ ਸਾਹਿਬ ਦਾ ਸਭ ਤੋਂ ਪਹਿਲਾ ਵੱਡਾ ਕਦਮ ਆਪਣੇ ਵੇਲੇ ਦੇ ਰਾਜਪ੍ਰਬੰਧ ਨੂੰ ਮੁਕੰਮਲ ਤੌਰ 'ਤੇ ਰੱਦ ਕਰਨਾ ਸੀ। ਗੁਰੂ ਸਾਹਿਬ ਨੇ ਸਦੀਆਂ ਤੋਂ ਚਲੇ ਆ ਰਹੇ ਇਸ ਬ੍ਰਾਹਮਣੀ ਭਰਮ ਨੂੰ ਤੋੜਿਆ ਕਿ ਰਾਜੇ ਪਰਮਾਤਮਾ ਦੇ ਬਣਾਏ ਹੋਏ ਹਨ ਜਾਂ ਇਹ ਪਿਛਲੇ ਜਨਮਾਂ ਦੇ ਕਰਮ ਕਰਕੇ ਬਣੇ ਹਨ। ਇਨ੍ਹਾਂ ਰਾਜਿਆਂ ਦੀ ਲੋਕ ਮਨਾਂ ਵਿਚ ਬਣੀ ਹਸਤੀ ਦੇ ਭਰਮ ਨੂੰ ਤੋੜਨ ਲਈ ਗੁਰੂ ਸਾਹਿਬ ਨੇ ਪ੍ਰਚੰਡ ਐਲਾਨ ਕੀਤਾ,

ਤਾੜੇ ਰੂੜਾ ਹਰਿ ਜੀਉ ਸੋਈ॥
ਤਿਸੁ ਬਿਨ ਰਾਜਾ ਅਵਰ ਨਾ ਕੋਈ॥
(ਪੰਨਾ 936)

ਕੋਊ ਹਰਿ ਸਮਾਨ ਨਹੀਂ ਰਾਜਾ
ਏ ਭੂਪਤਿ ਸਭਿ ਦਿਵਸ ਚਾਰ ਕੈ
ਝੂਠੇ ਕਰਤ ਦਿਵਾਜਾ॥ (ਪੰਨਾ 856)
ਹਰਿ ਜੀਉ ਕੀ ਹੈ ਸਭ ਸਿਰਕਾਰਾ॥
ਏਹੁ ਜਮੁ ਕਿਆ ਕਰੇ ਵਿਚਾਰਾ॥
ਹੁਕਮੀ ਬੰਦਾ ਹੁਕਮੁ ਕਮਾਵੈ
ਹੁਕਮੇ ਕਢਦਾ ਸਾਹਾ ਹੇ॥ (ਪੰਨਾ 1054)
ਅਤੇ
ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤੁ॥
(ਪੰਨਾ 992)

ਤਖਤ ਰਾਜਾ ਸੋ ਬਹੈ
ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੋਈ॥
ਇਹ ਭੂਪਤਿ ਰਾਜੇ ਨਾ ਆਖੀਅਹਿ
ਦੂਜੇ ਭਾਇ ਦੁਖੁ ਹੋਈ॥ (ਪੰਨਾ 1088)

ਭਾਵ ਇਹ ਹਰਿ ਜੀਉ ਅਤਿ ਸੁੰਦਰ ਹੈ ਅਤੇ ਇਸ ਬਿਨਾ ਕਿਸੇ ਹੋਰ ਰਾਜੇ ਦੀ ਕੋਈ ਹੋਂਦ ਨਹੀਂ। ਸੁਆਲ ਹੈ ਕਿ ਇਹ ਹਰਿ ਜੀਉ ਕੌਣ ਹੈ? ਇਸ ਦੀ ਵਿਆਖਿਆ ਗੁਰੂ ਅਮਰ ਦਾਸ ਨੇ ਕੀਤੀ ਹੈ। ਉਨ੍ਹਾਂ ਦੇ ਬਚਨ ਹਨ, ਆਪਣੇ ਆਲੇ-ਦੁਆਲੇ ਚਾਰ-ਚੁਫੇਰੇ ਫੈਲਿਆ ਇਹ ਸੰਸਾਰ, ਜੋ ਤੂੰ ਵੇਖ ਰਿਹਾ ਹੈਂ, ਇਹੀ ਹਰਿ ਜੀਉ ਦਾ ਪ੍ਰਗਟ ਰੂਪ ਹੈ। ਇਸ ਦੇ ਬਰਾਬਰ ਕਿਸੇ ਹੋਰ ਰਾਜੇ ਦੀ ਕੋਈ ਹੋਂਦ ਨਹੀਂ। ਇਹ ਜੋ ਆਪਣੇ ਆਪ ਨੂੰ ਭੂਮੀ ਦੇ ਮਾਲਕ ਅਖਵਾਉਂਦੇ ਹਨ ਅਤੇ ਧਰਤੀ ਉਤੇ ਰਾਜ ਕਰਨ ਦਾ ਦਾਅਵਾ ਕਰਦੇ ਹਨ, ਇਹ ਖੁਦ ਆਪ ਚਾਰ ਦਿਨਾਂ ਦੇ ਪ੍ਰਾਹੁਣੇ ਹਨ। ਇਨ੍ਹਾਂ ਦੇ ਕੀਤੇ ਸਾਰੇ ਕਾਰਜ ਝੂਠੇ ਹਨ। ਗੁਰੂ ਸਾਹਿਬ ਦੇ ਬਚਨ ਹਨ ਕਿ ਇਹ ਰਾਜੇ ਸ਼ੀਹ ਅਤੇ ਇਨ੍ਹਾਂ ਦੇ ਸਾਰੇ ਅਹਿਲਕਾਰ ਕੁਤੇ ਹਨ, ਜੋ ਇਸ ਧਰਤੀ ਉਤੇ ਵਸਦੇ ਮਜ਼ਲੂਮ ਲੋਕਾਂ ਦਾ ਖੂਨ ਚੂਸ ਰਹੇ ਹਨ।

ਗੁਰੂ ਸਾਹਿਬ ਇਕ ਵਾਰ ਫਿਰ ਸਪਸ਼ਟ ਕਰਦੇ ਹਨ ਕਿ ਇਹ ਸਾਰੀ ਸਰਕਾਰ 'ਹਰਿ ਜੀਉ' ਦੀ ਹੈ। ਹਰੇਕ ਥਾਂ ਹਰਿ ਜੀਉ ਦਾ ਹੁਕਮ ਚਲਦਾ ਹੈ। ਕਹੇ ਜਾਂਦੇ ਵਿਚਾਰੇ ਜਮ ਦੀ ਕੀ ਔਕਾਤ ਹੈ ਕਿ ਉਹ ਹਰਿ ਜੀਉ ਦੇ ਹੁਕਮੁ (ਕੁਦਰਤੀ ਨੇਮ) ਵਿਚ ਕੋਈ ਦਖਲਅੰਦਾਜ਼ੀ ਕਰ ਸਕੇ! ਹੁਕਮ ਵਿਚ ਜੰਮਿਆ ਬੰਦਾ ਹੁਕਮੁ ਅਨੁਸਾਰ ਹੀ ਸਾਰੀ ਜ਼ਿੰਦਗੀ ਬਸਰ ਕਰਦਾ ਹੈ ਅਤੇ ਇਥੋਂ ਤਕ ਕਿ ਉਹ ਆਪਣਾ ਹਰੇਕ ਸਾਹ ਵੀ ਇਨ੍ਹਾਂ ਨੇਮਾਂ ਅਨੁਸਾਰ ਹੀ ਲੈਂਦਾ ਹੈ। ਸਭ ਤੋਂ ਵੱਡਾ ਰਾਜਾ ਅਕਾਲ ਪੁਰਖ ਆਪ ਹੈ, ਜੋ ਸਾਰੀ ਕਾਇਨਾਤ ਦਾ ਮਾਲਕ ਹੈ। ਗੁਰੂ ਸਾਹਿਬ ਨੇ ਪੁਰਾਣੇ ਰਾਜਪ੍ਰਬੰਧ ਨੂੰ ਸਿਰਫ ਨਿੰਦਿਆ ਹੀ ਨਹੀਂ, ਸਗੋਂ ਉਸ ਦੀ ਥਾਂ ਬਦਲਵੇਂ ਰਾਜਪ੍ਰਬੰਧ ਦੀ ਵਿਆਖਿਆ ਵੀ ਕੀਤੀ ਹੈ। ਉਨ੍ਹਾਂ ਨੇ ਬੁਲੰਦ ਐਲਾਨ ਕੀਤਾ ਹੈ ਕਿ ਤਖਤ ਦੇ ਯੋਗ ਸਿਰਫ ਓਹੀ ਰਾਜਾ ਹੈ, ਜੋ ਗੁਣੀ ਹੈ ਅਤੇ ਪੰਚਾਇਤੀ ਅਸੂਲਾਂ ਦਾ ਧਾਰਨੀ ਹੈ ਤੇ ਜੋ ਸਭ ਨਾਲ ਇਨਸਾਫ ਕਰਦਾ ਹੈ,

ਕੁਦਰਤਿ ਤਖਤੁ ਰਚਾਇਆ ਸਚਿ ਨਬੇੜਣਹਾਰੋ॥ (ਪੰਨਾ 580)

ਗੁਰੂ ਅੰਗਦ ਦੇਵ ਨੇ ਵਿਦਿਆ ਦਾ ਪਸਾਰ ਕਰ ਕੇ ਤੇ ਲੰਗਰ ਦੀ ਪਰੰਪਰਾ ਨੂੰ ਅੱਗੇ ਵਧਾ ਕੇ; ਗੁਰੂ ਅਮਰਦਾਸ ਨੇ ਸੰਗਤ ਤੇ ਪੰਗਤ ਦੀ ਪਰੰਪਰਾ ਦੀ ਸ਼ੁਰੂਆਤ ਕਰ ਕੇ; ਗੁਰੂ ਰਾਮਦਾਸ ਨੇ ਇਸ ਸੰਗਤ ਨੂੰ ਸਥਾਈ ਰੂਪ ਦੇਣ ਲਈ ਅੰਮ੍ਰਿਤਸਰ ਵਸਾ ਕੇ; ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਸੰਗਤੀ ਪਰੰਪਰਾ ਨੂੰ ਹਥਿਆਰਬੰਦ ਕਰਕੇ ਛੋਟੀਆਂ-ਛੋਟੀਆਂ ਝੜਪਾਂ ਦੇ ਰੂਪ ਵਿਚ ਵੇਲੇ ਦੀ ਸਥਾਪਤੀ ਨਾਲ ਟਕਰਾਅ ਦੀ ਸ਼ੁਰੂਆਤ ਕੀਤੀ। ਗੁਰੂ ਗੋਬਿੰਦ ਸਿੰਘ ਨੇ ਇਸ ਫਿਲਾਸਫੀ ਨੂੰ ਅਮਲ ਵਿਚ ਢਾਲਣ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸ ਨੇ ਕਰੀਬ ਡੇਢ ਦਹਾਕੇ ਦੀ ਹਥਿਆਰਬੰਦ ਜਦੋਜਹਿਦ ਪਿਛੋਂ ਪਹਿਲੀ ਵਾਰ ਇਸ ਖਿਤੇ ਵਿਚ ਖਾਲਸਾ ਰਾਜ ਭਾਵ ਸਿੱਖ ਪਾਤਸ਼ਾਹੀ ਦੀ ਸਥਾਪਨਾ ਕੀਤੀ। ਇਹ ਸਿੱਖ ਪਾਤਸ਼ਾਹੀ ਕਾਇਮ ਕਿਉਂ ਨਾ ਰਹਿ ਸਕੀ? ਇਸ ਦੇ ਕਾਰਨ ਲੱਭਣ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਖ ਪਾਤਸ਼ਾਹੀ, ਬੇਗਮਪੁਰਾ, ਹਲੇਮੀ ਰਾਜ, ਰਾਜ ਕਰੇਗਾ ਖਾਲਸਾ, ਇਕ ਅਸਲੋਂ ਜਮਹੂਰੀ ਗਣਰਾਜ ਦੇ ਮੌਲਿਕ ਸੰਕਲਪ ਹਨ, ਜਿਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪਹਿਲੀ ਵਾਰੀ ਪੰਜਾਬ ਅੰਦਰ ਅਮਲ ਵਿਚ ਢਾਲਣ ਦੇ ਯਤਨ ਕੀਤੇ ਗਏ। ਬੇਸ਼ਕ ਹੋਈ ਇਸ ਪ੍ਰਾਪਤੀ ਨੂੰ ਸਮੂਹ ਲੋਕਾਂ ਵਿਚ ਵੰਡਣ ਦੀ ਥਾਂ ਸਿੱਖਾਂ ਦੀ ਇਕ ਧਿਰ ਦੀ ਸੋਚ ਵਿਚ ਮਾਲਕੀ ਦਾ ਜਜ਼ਬਾ ਪੈਦਾ ਹੋ ਗਿਆ ਅਤੇ ਉਹ ਹੰਨੇ-ਹੰਨੇ ਮੀਰੀ ਦੇ ਜਮਹੂਰੀ ਸਮਾਜੀ ਪ੍ਰਬੰਧ ਨੂੰ ਸਥਾਪਤ ਕਰਨ ਦੀ ਥਾਂ ਬਾਦਸ਼ਾਹੀ ਦੀਆਂ ਜਗੀਰਾਂ ਲੈਣ ਵੱਲ ਰੁਚਿਤ ਹੋ ਗਈ। ਇਨ੍ਹਾਂ ਦੋ ਧਾਰਾਵਾਂ ਕਾਰਨ ਸਿੱਖ ਪੰਥ ਵਿਚ ਫੁਟ ਪੈ ਗਈ ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਖਤਮ ਹੋ ਗਿਆ। ਉਸ ਪਿਛੋਂ ਭਾਵੇਂ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ, ਪਰ ਇਹ ਰਾਜ ਅਕਾਲ ਪੁਰਖੀ ਅਸੂਲਾਂ ਅਨੁਸਾਰੀ ਨਾ ਰਿਹਾ, ਜਿਸ ਕਰਕੇ ਇਸ ਦਾ ਪਤਨ ਹੋ ਗਿਆ ਅਤੇ ਸਿੱਖ ਇਕ ਵਾਰ ਫਿਰ 1849 ਵਿਚ ਅੰਗਰੇਜ਼ ਸਾਮਰਾਜ ਦੇ ਗੁਲਾਮ ਹੋ ਗਏ। ਸਿੱਖਾਂ ਦੀ ਇਹ ਗੁਲਾਮੀ ਅਤੇ ਪਾਤਸ਼ਾਹੀ ਪੱਖੀ ਤੇ ਬਾਦਸ਼ਾਹੀ ਪੱਖੀ ਧਿਰਾਂ ਵਿਚਾਲੇ ਪਈ ਇਹ ਵੰਡ ਹੁਣ ਤਕ ਤੁਰੀ ਆਉਂਦੀ ਹੈ। ਸਿੱਖਾਂ ਦੀ ਇਸੇ ਗੁਲਾਮੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਅਨੁਭਵ ਕੀਤਾ ਅਤੇ ਉਨ੍ਹਾਂ ਨੇ ਇਸ ਗੁਲਾਮੀ ਨੂੰ ਚੁਣੌਤੀ ਦਿਤੀ। ਸੰਤ ਭਿੰਡਰਾਂਵਾਲੇ ਵਲੋਂ ਦਿੱਤੀ ਗਈ ਇਸ ਚੁਣੌਤੀ ਕਾਰਨ ਹੀ ਅੱਜ ਸਿੱਖ ਪੰਥ ਖਾਲਿਸਤਾਨ, ਹਲੇਮੀ ਰਾਜ, ਬੇਗਮਪੁਰਾ ਜਾਂ ਸਿੱਖ ਪਾਤਸ਼ਾਹੀ ਦੇ ਲੋਕਰਾਜੀ ਤੇ ਜਮਹੂਰੀ ਸੰਕਲਪਾਂ ਦੀ ਵਿਆਖਿਆ ਕਰ ਰਿਹਾ ਹੈ।

20ਵੀਂ ਸਦੀ ਦੇ ਇਕ ਇਨਕਲਾਬੀ ਚਿੰਤਕ ਡਾ. ਅੰਬੇਡਕਰ (ਬ੍ਰਹਮ ਤੇ ਬ੍ਰਾਹਮਣਵਾਦ) ਦਾ ਕਥਨ ਹੈ, "ਲੋਕ ਰਾਜ ਜਾਂ ਜਮਹੂਰੀਅਤ ਦੀ ਇਹ ਕਹਿ ਕੇ ਹਮਾਇਤ ਕਰਨਾ ਕਿ ਅਸੀਂ ਸਾਰੇ ਇਕ ਪਰਮਾਤਮਾ ਦੇ ਪੁੱਤਰ ਹਾਂ, ਉਸ ਦਾ ਬਹੁਤ ਹੀ ਤੁੱਛ ਆਧਾਰ ਹੈ। ਜਦ ਉਸ ਦਾ ਇਹ ਆਧਾਰ ਮੰਨਿਆ ਜਾਂਦਾ ਹੈ, ਤਾਹੀਓਂ ਤਾਂ ਇਹ ਇੰਜ ਖਸਤਾ ਹਾਲ ਹੈ। ਇਸ ਗੱਲ ਨੂੰ ਮੰਨਣਾ ਅਤੇ ਮਹਿਸੂਸ ਕਰਨਾ ਕਿ ਤੁਸੀਂ ਅਤੇ ਅਸੀਂ ਸਾਰੇ ਇਕੋ ਬ੍ਰਹਮ (ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੰਨਾ 695) ਦਾ ਅੰਸ਼ ਹਾਂ, ਜਮਹੂਰੀਅਤ ਤੋਂ ਸਿਵਾਏ ਜੀਵਨ ਦੇ ਕਿਸੇ ਹੋਰ ਸਿਧਾਂਤ ਨੂੰ ਸਵੀਕਾਰਨ ਦੀ ਕੋਈ ਗੁਜਾਇੰਸ਼ ਹੀ ਨਹੀਂ ਛਡਦਾ। ਇਹ ਸਿਧਾਂਤ ਨਾ ਸਿਰਫ ਜਮਹੂਰੀਅਤ ਦਾ ਪ੍ਰਚਾਰ ਕਰਦਾ ਹੈ, ਸਗੋਂ ਇਹ ਸਾਰਿਆਂ ਨੂੰ ਇਸ ਵਾਸਤੇ ਵਚਨਬਧ ਕਰਦਾ ਹੈ। ਪੱਛਮੀ ਜਮਹੂਰੀਅਤ ਦੇ ਖੋਜੀਆਂ ਨੇ ਇਹ ਵਿਸ਼ਵਾਸ ਫੈਲਾ ਦਿਤਾ ਹੈ ਕਿ ਜਮਹੂਰੀਅਤ ਦਾ ਸੰਕਲਪ ਇਸਾਈਅਤ ਜਾਂ ਪਲੈਟੋ ਦੇ ਕਥਨਾਂ ਵਿਚੋਂ ਨਿਕਲਿਆ ਹੈ। ਉਨ੍ਹਾਂ ਤੋਂ ਇਲਾਵਾ ਜਮਹੂਰੀਅਤ ਦੀ ਪ੍ਰੇਰਨਾ ਵਾਸਤੇ ਹੋਰ ਕੋਈ ਵੀ ਸਰੋਤ ਨਹੀਂ ਹੈ। ਜੇ ਉਨ੍ਹਾਂ ਨੂੰ ਇਹ ਜਾਣਕਾਰੀ ਹੁੰਦੀ ਕਿ ਭਾਰਤ ਵਿਚ 'ਬ੍ਰਹਮ' ਦੇ ਸਿਧਾਂਤ ਨੂੰ ਪ੍ਰਗਟ ਕੀਤਾ ਗਿਆ ਹੈ, ਜੋ ਜਮਹੂਰੀਅਤ ਦਾ ਬਿਹਤਰ ਆਧਾਰ ਬਣਦਾ ਹੈ ਤਾਂ ਉਹ ਇਸ ਤਰ੍ਹਾਂ ਦੇ ਕੱਟੜਪੰਥੀ ਨਾ ਬਣਦੇ। ਇਹ ਗੱਲ ਲਾਜ਼ਮੀ ਮੰਨੀ ਜਾਣੀ ਚਾਹੀਦੀ ਹੈ ਕਿ ਭਾਰਤ ਨੇ ਜਮਹੂਰੀਅਤ ਦੇ ਸਿਧਾਂਤ ਦੀ ਸਿਰਜਣਾ ਵਿਚ ਆਪਣਾ ਹਿੱਸਾ ਪਾਇਆ ਹੈ।"

ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਦੇ ਗੁਰੂ ਸਾਹਿਬ ਵਲੋਂ ਨਿਸ਼ਚਿਤ ਕੀਤੇ ਗਏ ਅਸੂਲ ਇਸ ਬ੍ਰਹਿਮੰਡੀ ਜਮਹੂਰੀਅਤ ਦਾ ਮੁਖ ਆਧਾਰ ਹਨ। ਇਨ੍ਹਾਂ ਆਧਾਰਾਂ ਨੂੰ ਅਜੋਕੀ ਹਾਲਤ ਵਿਚ ਕਿਵੇਂ ਸਪਸ਼ਟ ਕਰਨਾ ਹੈ ਅਤੇ ਇਨ੍ਹਾਂ ਦਾ ਅਮਲੀ ਰੂਪ ਕੀ ਹੋਵੇ? ਇਹੀ ਅਜੋਕੇ ਸਿੱਖ ਚਿੰਤਕਾਂ ਦੀ ਬਹਿਸ ਦਾ ਆਧਾਰ ਬਣਨਾ ਚਾਹੀਦਾ ਹੈ। ਅਜਿਹੀ ਬਹਿਸ ਹੀ ਅਜੋਕੇ ਸਿੱਖ ਪੰਥ ਦੀ ਰਾਜਨੀਤਕ ਦਿਸ਼ਾ ਦਾ ਫੈਸਲਾ ਕਰੇਗੀ।

ਅੱਜ ਗੁਰੂ ਸਾਹਿਬ ਦੇ ਵੇਲੇ ਤੋਂ ਚਲਿਆ ਆ ਰਿਹਾ ਰਜਵਾੜਾਸ਼ਾਹੀ ਰਾਜਪ੍ਰਬੰਧ ਦਾ ਰੂਪ ਬਦਲ ਗਿਆ ਹੈ। ਅੱਜ ਵੱਡੇ-ਵੱਡੇ ਧਨਾਢਾਂ ਤੇ ਅਜਾਰੇਦਾਰਾਂ ਨੇ ਨਵੇਂ ਰਾਜਿਆਂ ਦਾ ਰੂਪ ਧਾਰ ਲਿਆ ਹੈ, ਜੋ ਸਮੁੱਚੀ ਮਨੁੱਖਤਾ ਨੂੰ ਲੁੱਟ ਕੇ ਅਤੇ ਕੁਦਰਤੀ ਸਾਧਨਾਂ ਉਤੇ ਕਾਬਜ ਹੋ ਕੇ ਨਵੀਂ ਕਿਸਮ ਦਾ ਵਹਿਸ਼ੀ ਲੁਟੇਰਾ ਰਾਜਪ੍ਰਬੰਧ ਚਲਾ ਰਹੇ ਹਨ। ਇਨ੍ਹਾਂ ਅੰਨ੍ਹੇ-ਬੋਲੇ ਵਹਿਸ਼ੀ ਧਨਾਢਾਂ ਦੀ ਮੁਨਾਫੇ ਦੀ ਹਵਸ ਨੇ ਅੱਜ ਕੁਦਰਤੀ ਚੌਗਿਰਦੇ ਦਾ ਨਾਸ ਮਾਰ ਦਿੱਤਾ ਹੈ, ਜਿਸ ਦਾ ਸਿੱਟਾ ਇਹ ਕਰੋਨਾ ਜਿਹੀਆਂ ਮਹਾਮਾਰੀਆਂ ਹਨ। ਇਨ੍ਹਾਂ ਧਨਾਢਾਂ ਨੂੰ ਅਜੋਕੀ ਸ਼ਬਾਦਵਲੀ ਵਿਚ ਪੂੰਜੀਪਤੀ ਤੇ ਸਾਮਰਾਜੀ ਕਿਹਾ ਜਾਂਦਾ ਹੈ। ਪਿਛਲੇ ਡੇਢ ਸੌ ਸਾਲ ਦੇ ਸਾਮਰਾਜੀ ਕੌਮੀ ਰਾਜਾਂ ਅਤੇ ਆਲਮੀ ਕਮਿਊਨਿਸਟ ਲਹਿਰ ਦੇ ਟਕਰਾਓ ਵਿਚੋਂ ਨਵੀਂ ਰਾਜਨੀਤਕ ਸ਼ਬਦਾਵਲੀ ਵਿਕਸਿਤ ਹੋਈ ਹੈ, ਜਿਸ ਦੀ ਵਰਤੋਂ ਅਜੋਕੇ ਰਾਜਪ੍ਰਬੰਧ ਤੇ ਅਰਥਚਾਰੇ ਨੂੰ ਸਮਝਣ ਲਈ ਜ਼ਰੂਰੀ ਹੈ। ਰਜਵਾੜਾਸ਼ਾਹੀ ਦੌਰ ਦੇ ਅਹਿਲਕਾਰਾਂ ਦੀ ਥਾਂ ਹੁਣ ਹਰੇਕ ਤਰ੍ਹਾਂ ਦੀ ਅਫਸਰਸ਼ਾਹੀ ਨੇ ਲੈ ਲਈ ਹੈ, ਜੋ ਹੁਣ ਰਾਜਪ੍ਰਬੰਧ ਉਤੇ ਪਹਿਲਾਂ ਨਾਲੋਂ ਵੀ ਵੱਧ ਭਾਰੂ ਹੈ।

ਸਾਡੇ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਬੰਦੇ ਨੂੰ ਸਾਮਰਾਜੀ ਮਸ਼ੀਨ ਦਾ ਮਹਿਜ ਇਕ ਪੁਰਜਾ ਬਣਾ ਦੇਣ ਵਾਲਾ ਮੌਜੂਦਾ ਤਕਨੀਕ ਪ੍ਰਧਾਨ ਰਾਜਪ੍ਰਬੰਧ ਸਿੱਖ ਅਸੂਲਾਂ ਦੇ ਅਨੁਸਾਰੀ ਹੈ? ਇਸ ਦਾ ਜੁਆਬ ਸਿਰਦਾਰ ਕਪੂਰ ਸਿੰਘ ਨੇ ਦਿੱਤਾ ਹੈ। ਉਨ੍ਹਾਂ ਦਾ ਕਥਨ ਹੈ, "ਖਾਲਸਾ ਕਦੇ ਵੀ, ਕਿਸੇ ਵੀ ਸੂਰਤ ਵਿਚ ਇਸ ਧਾਰਨਾ ਨੂੰ ਪ੍ਰਵਾਨ ਨਹੀਂ ਕਰੇਗਾ ਕਿ ਆਪਣੇ ਤੌਰ ਤਰੀਕਿਆਂ ਅਤੇ ਕਦਰਾਂ-ਕੀਮਤਾਂ ਸਮੇਤ ਤਕਨੀਕ ਇਕ ਭਰਵਾਂ ਸਭਿਆਚਾਰ ਹੈ ਜਾਂ ਸਨਅਤੀ ਪੈਦਾਵਾਰ ਤੇ ਆਰਥਕ ਟੀਚੇ ਹੀ ਜ਼ਿੰਦਗੀ ਦੇ ਸਾਰੇ ਮਨੁੱਖੀ ਸਰੋਕਾਰਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਅਤੇ ਮਨੁੱਖ ਦੇ ਸਭ ਤੋਂ ਉਤਮ ਸਰੋਕਾਰ ਧਰਮ ਦੀ ਥਾਂ ਲੈ ਸਕਦੇ ਹਨ। ਖਾਲਸਾ ਪੰਥ ਸਭਨਾਂ ਲਈ ਆਜ਼ਾਦੀ, ਸਹਿਣਸ਼ੀਲਤਾ, ਅਨੇਕਤਾਮੁਖੀ ਸਮਾਜਾਂ ਦੀ ਸਥਾਪਨਾ, ਸ਼ਾਂਤੀ ਤੇ ਆਪਸੀ ਭਾਈਚਾਰੇ ਦੇ ਝੰਡੇ ਨੂੰ ਹਮੇਸ਼ਾ ਬੁਲੰਦ ਰਖੇਗਾ ਤਾਂ ਕਿ ਸਮੁੱਚੀ ਮਨੁੱਖਤਾ, ਨਾ ਕਿ ਕੁਝ ਕੁ ਗਿਣਤੀ ਦੇ ਮਨੁੱਖ ਵਿਕਾਸ ਦੇ ਰਾਹ ਉਤੇ ਅੱਗੇ ਵਧਣ ਤੇ ਖੁਸ਼ਹਾਲ ਹੋਣ।"

ਮਨੁੱਖ ਨੂੰ ਮਹਿਜ ਖਾਣ-ਪੀਣ, ਹਗਣ ਤੇ ਲਿੰਗ ਤ੍ਰਿਪਤੀ ਤਕ ਸੀਮਤ ਇਕ ਪਸ਼ੂ ਵਜੋਂ ਮਸ਼ੀਨ ਸਮਝਣ ਵਾਲੇ ਇਸ ਤਕਨੀਕੀ ਤੇ ਖਪਤਕਾਰੀ ਸਭਿਆਚਾਰ ਦਾ ਸਭ ਤੋਂ ਵੱਡਾ ਮੁੱਦਈ ਅੱਜ ਕਲ੍ਹ ਅਮਰੀਕਾ ਬਣਿਆ ਹੋਇਆ ਹੈ। ਅੰਗਰੇਜ਼ ਸਾਮਰਾਜ ਤੇ ਪੱਛਮੀ ਦੇਸ਼ਾਂ ਦੇ ਗੁਟ ਦਾ ਆਗੂ ਬਣ ਕੇ ਅਮਰੀਕਾ ਸਾਰੀ ਦੁਨੀਆਂ ਵਿਚ ਇਹ ਵਹਿਸ਼ੀ ਸਭਿਆਚਾਰ ਫੈਲਾ ਰਿਹਾ ਹੈ। ਅਸਲ ਵਿਚ ਮਨੁੱਖੀ ਜਜ਼ਬਿਆਂ ਨੂੰ ਅਣਗੌਲਿਆ ਕਰਕੇ ਤਕਨੀਕ ਉਤੇ ਲੋੜੋਂ ਵੱਧ ਭਰੋਸਾ ਕਰਨਾ ਅਤੇ 'ਖਪਤਕਾਰੀ ਦਾ ਅਮਰੀਕੀ ਝੱਲਪੁਣਾ' ਸਾਮਰਾਜੀ ਵਹਿਸ਼ੀ ਸਭਿਆਚਾਰ ਦੇ ਮੁਖ ਲੱਛਣ ਹਨ। ਇਸ ਸਭਿਆਚਾਰ ਨੇ ਅੱਜ ਦੁਨੀਆਂ ਭਰ ਵਿਚ ਆਪਣਾ ਮੱਕੜਜਾਲ ਫੈਲਾ ਲਿਆ ਹੈ ਅਤੇ ਮੱਧਵਰਗੀ ਤੇ ਧਨਾਢ ਸਿੱਖਾਂ ਦੇ ਵੱਡੇ ਹਿੱਸੇ ਸਮੇਤ, ਪੰਜਾਬ ਦੇ ਲੋਕਾਂ ਦੀ ਇਕ ਵੱਡੀ ਗਿਣਤੀ ਇਸ ਸਭਿਆਚਾਰ ਦੀ ਲਪੇਟ ਵਿਚ ਆ ਚੁਕੀ ਹੈ। ਪੰਜਾਬ ਦੀ ਜਰਖੇਜ ਭੋਇੰ ਨੂੰ ਉਜਾੜ ਕੇ ਅੱਜ ਧੜਾਧੜ ਬਣ ਰਹੀਆਂ ਸੜਕਾਂ, ਇਨ੍ਹਾਂ ਸੜਕਾਂ ਉਤੇ ਦੌੜਦੀਆਂ ਕੀਮਤੀ ਕਾਰਾਂ, ਹੋਰ ਵਹੀਕਲ ਅਤੇ ਇਨ੍ਹਾਂ ਕਾਰਨ ਸੜਕਾਂ ਉਤੇ ਹੋ ਰਹੇ ਹਾਦਸੇ, ਗੁਰੂ ਕੀ ਨਗਰੀ ਅੰਮ੍ਰਿਤਸਰ ਸਮੇਤ ਜਲੰਧਰ, ਲੁਧਿਆਣਾ, ਪਟਿਆਲਾ, ਬਠਿੰਡਾ ਤੇ ਮੋਹਾਲੀ ਆਦਿ ਸ਼ਹਿਰਾਂ ਵਿਚ ਬਣ ਰਹੇ ਵੱਡੇ-ਵੱਡੇ ਹੋਟਲ, ਮਾਲ, ਨਾਈਟ ਕਲੱਬ, ਕੋਠੀਆਂ ਅਤੇ ਕਰੀਬ ਸਮੁੱਚੇ ਪੰਜਾਬ ਵਿਚ ਹੋ ਰਹੀ ਉਸਾਰੀ, ਖੁੱਲ੍ਹ ਰਹੇ ਵੱਡੇ-ਵੱਡੇ ਮਹਿੰਗੇ ਹਸਪਤਾਲ ਅਤੇ ਪੰਜਾਬ ਦੇ ਕਸਬਿਆਂ ਸ਼ਹਿਰਾਂ ਵਿਚ ਨਿਤ ਦਿਨ ਵਧ ਰਹੀ ਵੇਸਵਾਗਿਰੀ, ਨਸ਼ੇਖੋਰੀ, ਕੈਂਸਰ, ਏਡਜ਼ ਤੇ ਦਿਲ ਦੇ ਰੋਗੀ ਮਰੀਜ਼ਾਂ ਦੀ ਭਰਮਾਰ, ਟੁੱਟ ਰਹੇ ਸਮਾਜੀ, ਪਰਿਵਾਰਕ ਅਤੇ ਮਨੁੱਖੀ ਰਿਸ਼ਤੇ,

***(ਬਾਕੀ ਅਗਲੇ ਸਫੇ 'ਤੇ)***

# ਹੱਲਿਆਂ ਵੇਲੇ ਦੇ ਸਾਊ ਸ਼ਹਿਰੀ

ਸ਼ਹਿਰਾਂ ਦੀਆਂ ਕਹਾਣੀਆਂ ਬਹੁਤ ਛੋਟੀਆਂ ਹੁੰਦੀਆਂ ਹਨ, ਕਿਸੇ ਕੋਲੋਂ ਪੁੱਛੋ ਤਾਂ ਆਖੇਗਾ, "ਹਾਲੇ ਕੱਲ ਦੀਆਂ ਗੱਲਾਂ ਇੱਥੇ ਕੁਝ ਨਹੀਂ ਸੀ, ਵੇਂਹਦੇ ਵੇਂਹਦੇ ਐਨਾ ਨਿੱਕ-ਸੁੱਕ ਖੁੱਲ ਗਿਆ।" ਤੇ ਚੰਡੀਗੜ੍ਹ ਤਾਂ ਕੋਈ ਬਹੁਤਾ ਪੁਰਾਣਾ ਸ਼ਹਿਰ ਵੀ ਨਹੀਂ, ਇੱਥੇ ਬਾਰੇ ਜੇ ਅੱਜ ਦੀ ਪੀੜ੍ਹੀ ਨੇ ਜਾਣਨਾ ਹੋਵੇ ਤਾਂ ਸ਼ਹਿਰ ਦੇ ਫੁਟਪਾਥਾਂ 'ਤੇ ਤੁਰਨਾ ਪਵੇਗਾ, ਕਿਉਂਕਿ ਬਹੁਤੇ ਜਾਣਕਾਰ ਬੰਦੇ ਫੁਟਪਾਥਾਂ 'ਤੇ ਹੀ ਹੁੰਦੇ ਹਨ; ਹਾਸ਼ੀਏ 'ਤੇ ਧੱਕੇ ਹੋਏ। ਇਨ੍ਹਾਂ ਵਿਚੋਂ ਕੁਝ ਪੁਰਾਣੀਆਂ ਦੁਕਾਨਾਂ ਜਾਂ ਰੇਹੜੀਆਂ ਲਾਉਣ ਵਾਲੇ ਪੰਜਾਬੀ ਬਜੁਰਗ ਹਨ, ਜਿਨ੍ਹਾਂ ਨੇ ਚੰਡੀਗੜ੍ਹ ਸ਼ਹਿਰ ਉਸਰਦਾ ਆਪਣੇ ਅੱਖੀਂ ਵੇਖਿਆ। ਸ਼ਹਿਰਾਂ 'ਚ ਪਰਵਾਸੀ ਪੰਛੀਆਂ ਦਾ ਹਰ ਰੁੱਤ 'ਚ ਹੀ ਆਵਾਗਾਉਣ ਲੱਗਾ ਰਹਿੰਦਾ ਹੈ। ਰੋਟੀ-ਰੁਜ਼ਗਾਰ ਦੀ ਝਾਕ 'ਚ ਆਏ ਨੂੰ ਸ਼ਹਿਰ

**ਬਲਤੇਜ ਸਿੰਘ**
**ਫੋਨ: 91-98550-22508**

ਬੇਸ਼ੱਕ ਚੋਗਾ ਦਿੰਦਾ ਹੈ, ਪਰ ਇੰਨਾ ਬਹੁਤਾ ਵੀ ਨਹੀਂ ਦਿੰਦਾ ਕਿ ਚੋਗਾ ਲੈ ਕੇ ਵਾਪਿਸ ਪਿੰਡ ਵੱਸਿਆ ਜਾਵੇ।

ਕੁਝ ਇਹੋ ਜਿਹਾ ਪੰਛੀ ਹੀ ਹੈ ਕਰਨੈਲ ਸਿੰਘ, ਜੋ ਲੱਗਭਗ ਪੰਜ ਦਹਾਕਿਆਂ ਤੋਂ ਚੰਡੀਗੜ੍ਹ ਸ਼ਹਿਰ ਵਿਚ ਸਾਈਕਲ ਰਿਪੇਅਰ ਕਰ ਰਿਹਾ ਹੈ, ਆਸ ਪੜੋਸੀ ਉਸ ਨੂੰ 'ਲੰਬੂ ਕਰਨੈਲ' ਆਂਹਦੇ ਹਨ। ਕਰਨੈਲ ਸਿੰਘ 85 ਸਾਲ ਦਾ ਹੈ, ਉਸ ਨੂੰ ਬਜੁਰਗ ਕਹਿਣਾ ਤਾਂ ਸਹੀ ਨਹੀਂ, ਛੇ ਫੁੱਟ ਦੇ ਕਰੀਬ ਕੱਦ ਚੰਗਾ ਗਠੇ ਸਰੀਰ ਦਾ, ਕੁਤਰੀ ਹੋਈ ਦਾਹੜੀ ਤੇ ਅੱਖਾਂ ਦੀ ਚਮਕ ਤੋਂ ਉਹ ਅਧੇੜ ਜਿਹਾ ਲੱਗਦਾ ਹੈ। ਕਰਨੈਲ ਸਿੰਘ ਦੇ ਕੰਨ 'ਚ ਸੁਣਨ ਵਾਲੀ ਮਸ਼ੀਨ ਲੱਗੀ ਹੈ, ਪਰ ਤਾਂ ਵੀ ਉਹ ਚੰਗਾ ਗਾਲ੍ਹੜੀ ਹੈ, ਤੁਹਾਡੇ ਗੱਲ ਤੋਰਨ ਦੀ ਦੇਰ ਹੈ, ਅੱਗੇ ਦੀ ਅੱਗੇ ਉਹ ਕਿੱਸੇ ਸੁਣਾਉਂਦਾ ਜਾਂਦਾ ਹੈ।

ਕਰਨੈਲ ਸਿੰਘ ਹੁਰੀਂ ਪਿੱਛਿਉਂ ਨਵਾਂ ਸ਼ਹਿਰ ਜਲੰਧਰ ਵੱਲ ਦੇ ਹਨ ਤੇ ਚੰਡੀਗੜ੍ਹ ਆਇਆਂ 48 ਵਰ੍ਹੇ ਹੋ ਗਏ ਹਨ। ਮੈਨੂੰ ਉਸ ਦੀ ਇਹ ਗੱਲ ਬੜੀ ਖਾਸ ਲੱਗੀ ਕਿ ਉਸ ਦਿਆਂ ਕਿੱਸਿਆਂ ਵਿਚ ਸਪੱਸ਼ਟਤਾ ਬਹੁਤ ਹੈ। ਅਸੀਂ ਅੱਜ ਵੀ ਗੱਲ ਕਰਦੇ ਐਵੇਂ ਹੀ ਕਹਿ ਦਿੰਨੇ ਹਾਂ, 'ਬਈ ਹੋਊ ਕੋਈ 8-10 ਸਾਲ ਪੁਰਾਣੀ ਗੱਲ।' ਪਰ ਉਹ ਪੂਰੀ ਸਪੱਸ਼ਟਤਾ ਨਾਲ ਵਰ੍ਹੇ, ਦਿਨਾਂ ਬਾਰੇ ਬਿਨ ਸੋਚਿਆਂ ਦੱਸਦਾ ਜਾਂਦਾ ਹੈ, ਇਉਂ ਲੱਗਦਾ ਹੈ ਜਿਵੇਂ ਕਿਤੇ ਬਹਿ ਕੇ ਯਾਦ ਕੀਤੇ ਹੋਣ। ਕਰਨੈਲ ਸਿੰਘ ਸੈਕਟਰ-37 ਦੇ ਸਰਕਾਰੀ ਸਕੂਲ ਕੋਲ ਇੱਕ ਖੂੰਜੇ ਵਿਚ ਸਾਈਕਲ ਠੀਕ ਕਰਦਾ ਹੈ। ਮੇਰਾ ਉਸ ਨਾਲ ਮੇਲ ਚੱਕੇ 'ਚ ਫੂਕ ਭਰਾਉਂਦਿਆਂ ਹੀ ਹੋਇਆ।

'ਸੈਂਕਲਾਂ ਦੀ ਦੁਕਾਨ' 'ਤੇ ਗਾਹਕ ਅੱਜ ਕਲ ਘੱਟ ਹੀ ਬਹੁੜਦੇ ਹਨ, ਇਸ ਲਈ ਅਸੀਂ ਗੱਲੀਂ ਲੱਗ ਗਏ। ਬਾਬੇ ਨੇ ਚੰਡੀਗੜ੍ਹ ਆਪਣੇ ਅੱਖੀਂ ਵੱਸਦਾ ਦੇਖਿਆ ਸੀ, ਉਹ ਪੂਰਾ ਇਤਿਹਾਸ ਉਂਗਲਾਂ ਦੇ ਪੋਟਿਆਂ 'ਤੇ ਦੱਸਦਾ ਹੈ ਕਿ ਪਹਿਲਾਂ ਇੱਥੇ ਕਿਹੜਾ ਸੈਕਟਰ ਵਸਿਆ ਤੇ ਕਿੱਥੇ ਕੀ ਸੀ? ਬਾਬਾ ਇੱਕ ਗੱਲ 'ਤੇ ਵਾਧੂ ਜ਼ੋਰ ਦਿੰਦਾ ਹੈ ਕਿ ਪੀੜ੍ਹੀਆਂ ਬਦਲੀਆਂ ਤਾਂ ਨਾਮ ਬਦਲੇ, ਨਹੀਂ ਉਹ ਤਾਂ ਅਜੇ ਵੀ ਸਾਰੇ ਸੈਕਟਰਾਂ ਨੂੰ ਪਿੰਡਾਂ ਦੇ ਨਾਂਵਾਂ ਨਾਲ ਜਾਣਦਾ। ਉਸ ਦਾ ਨਵੀਂ ਪੀੜ੍ਹੀ ਪ੍ਰਤੀ ਕੁਝ ਰੋਸਾ ਜਾਇਜ਼ ਵੀ ਹੈ, ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਦੀ ਘਟਦੀ ਪੈਂਠ ਦਾ ਸਾਰਾ ਦੋਸ਼ ਉਹ ਨਵੀਂ ਪੀੜ੍ਹੀ ਨੂੰ ਹੀ ਦਿੰਦਾ ਹੈ।

ਗੱਲਾਂ ਕਰਦਾ ਕਰਦਾ ਉਹ ਦੱਸਣ ਲੱਗ ਗਿਆ ਕਿ ਜ਼ਿੰਦਗੀ 'ਚ ਇੱਕੋ ਰਾਤ ਸਭ ਤੋਂ ਔਖੀ ਰਹੀ, ਜੋ ਕਦੇ ਚਾਹ ਕੇ ਵੀ ਨਹੀਂ ਭੁੱਲਦੀ। ਜਦੋਂ ਇੰਦਰਾ ਮਰੀ ਤਾਂ 1984 'ਚ ਸਰਕਾਰ ਨੇ ਕਰਫਿਊ ਐਲਾਨ ਦਿੱਤਾ। ਉਦੋਂ ਉਹ ਯੂਨੀਵਰਸਿਟੀ ਗੇਟ ਨੰਬਰ 2 ਸਾਹਮਣੇ ਬੈਠਦਾ ਸੀ ਤੇ ਉਦੋਂ ਪਾੜ੍ਹਿਆਂ ਕੋਲ ਬਹੁਤੇ ਸਾਈਕਲ ਹੀ ਹੁੰਦੇ ਸਨ। ਰਾਤ ਨੂੰ 8 ਵਜੇ ਕਰਫਿਊ ਦਾ ਐਲਾਨ ਹੋ ਗਿਆ। ਸ਼ਹਿਰ ਫੌਜ ਨਾਲ ਭਰ ਗਿਆ। ਬਾਬੇ ਕੋਲ ਫੌਜੀ ਆਏ ਤੇ ਕਿਹਾ, 'ਫੌਰਨ ਸਾਮਾਨ ਚੱਕ।' ਬਾਬੇ ਕੋਲ 10-15 ਸਾਈਕਲ ਰਿਪੇਅਰ ਨੂੰ ਖੜੇ ਸਨ। ਜਿਨ੍ਹਾਂ ਵਿਚੋਂ ਬਹੁਤੇ ਯੂਨੀਵਰਸਿਟੀ ਹੋਸਟਲ ਰਹਿਣ ਵਾਲਿਆਂ ਦੇ ਸਨ। ਉਹਨੇ ਫੌਜੀ ਦੀਆਂ ਮਿੰਨਤਾਂ ਕੀਤੀਆਂ ਕਿ ਭਾਈ ਮੈਂ ਇੰਨੇ ਸਾਈਕਲ ਛੱਡ ਕੇ ਕਿਵੇਂ ਜਾਵਾਂ! ਫੌਜੀ ਬਹੁਤੇ ਨਾਗਾਲੈਂਡ ਜਾਂ ਉਤਰ ਪੂਰਬ ਵੱਲ ਦੇ ਸਨ, ਜੋ ਪੰਜਾਬੀ, ਹਿੰਦੀ ਕੁਝ ਨਹੀਂ ਸਨ ਸਮਝਦੇ। ਉਨ੍ਹਾਂ ਨੇ ਬਾਬੇ ਦੀ ਕੁੱਟ ਮਾਰ ਕੀਤੀ ਤੇ ਆਖਿਰ ਬਹੁਤੀਆਂ ਮਿੰਨਤਾਂ ਪਿਛੋਂ ਇੰਨਾ ਕੁ ਸਮਝੇ ਕਿ ਇਨ੍ਹਾਂ ਸਾਈਕਲਾਂ ਨੂੰ ਉਹ ਕਿਤੇ ਟਿਕਾਣੇ ਲਾ ਲਵੇ, ਫੇਰ ਚਲਾ ਜਾਵੇਗਾ।

ਅਧੇੜ ਉਮਰ 'ਚ ਵੀ ਉਹ ਭਰ ਜਵਾਨ



ਸੀ, ਇਸ ਲਈ ਕੁੱਟ ਖਾਣ ਪਿਛੋਂ ਉਹ ਸਾਈਕਲ ਢੋ ਕੇ ਸਾਹਮਣੀ ਪਾਰਕ 'ਚ ਲਾਉਣ ਲੱਗਾ ਤੇ ਸਮਾਨ ਸਮੇਟਣ ਲੱਗਾ। ਸਾਈਕਲ ਲਾਉਂਦੇ ਨੂੰ ਰਾਤ ਦੇ 12 ਤੋਂ ਉਪਰ ਦਾ ਸਮਾਂ ਹੋ ਗਿਆ ਤੇ ਉਦੋਂ ਉਨ੍ਹਾਂ ਨੂੰ ਰਹਿਣ ਲਈ 37 ਸੈਕਟਰ ਵਿਚ ਕੁਆਟਰ ਮਿਲੇ ਸਨ। ਉਹਨੇ ਹੌਲ ਹੁੰਗਾਰੇ ਨਾਲ ਮੋਢੇ 'ਤੇ ਪੇਟੀ ਟੰਗੀ, ਜਿਸ ਵਿਚ ਪੰਪ, ਚਾਬੀਆਂ ਗਰਾਰੀ ਖੋਲ੍ਹਣ ਵਾਲੇ ਸੰਦ ਤੇ ਹੋਰ ਰਿਪੇਅਰ ਦਾ ਸਮਾਨ ਸੀ, ਜੋ ਬਹੁਤਾ ਲੋਹੇ ਦਾ ਸੀ ਤੇ ਪੇਟੀ ਵੀ ਉਹ, ਜੋ ਫੌਜੀਆਂ ਕੋਲ ਹੁੰਦੀ ਹੈ। ਇਹ ਫੌਜੀਆਂ ਵਾਲੀ ਪੇਟੀ ਬਾਬੇ ਦੀ ਪੁਰਾਣੀ ਵੀਹ ਸਾਲਾਂ ਦੀ ਕਮਾਈ ਹੀ ਸੀ, ਬਾਬਾ ਪਹਿਲਾਂ ਫੌਜ ਵਿਚ ਸੀ, 1945 ਤੋਂ 1965 ਦੌਰਾਨ; 1962 ਦੀ ਚੀਨ ਖਿਲਾਫ ਜੰਗ ਲੜੀ। ਉਹ ਅੰਗਰੇਜ਼ਾਂ ਵੇਲੇ ਭਰਤੀ ਹੋਇਆ ਤੇ ਉਹਦੇ ਦੱਸਣ ਮੁਤਾਬਕ ਉਹ ਫੌਜ ਵਿਚ ਮੇਜਰ ਜਨਰਲ ਸੀ। ਉਦੋਂ ਤਨਖਾਹ ਦਹਿਆਂ 'ਚ ਹੁੰਦੀ ਸੀ, ਤੇ ਇਸੇ ਲਈ ਬਾਬੇ ਦੀ ਹੁਣ ਤੱਕ ਫੌਜ ਦੀ ਪੈਨਸ਼ਨ ਸੈਂਕੜਿਆਂ ਵਿਚ ਹੀ ਹੈ। ਲੈ-ਦੇ ਕੇ ਕੁੱਲ ਬਾਬੇ ਨੇ ਫੌਜ ਵਿਚੋਂ ਉਹ ਪੇਟੀ ਹੀ ਖੱਟੀ ਸੀ, ਜੋ ਹੁਣ ਤੱਕ ਬਾਬੇ ਕੋਲ ਪਈ ਹੈ, ਜਿਸ ਵਿਚ ਉਹ ਆਪਣਾ ਸਾਰਾ 'ਸੈਂਕਲ ਠੀਕ ਕਰਨ ਵਾਲਾ' ਸਮਾਨ ਰੱਖਦਾ।

ਬਾਬਾ ਸੈਕਟਰ-15 ਦੀਆਂ ਲਾਈਟਾਂ ਤੋਂ ਤੁਰ ਪਿਆ, ਉਦੋਂ ਚੰਡੀਗੜ੍ਹ ਇੰਨਾ ਆਬਾਦ ਨਹੀਂ ਸੀ ਤੇ ਸੁੰਨ ਸਰ੍ਹਾਂ ਵੀ ਬੜੀ ਸੀ; ਉਤੋਂ ਸਮਾਂ ਰਾਤ ਦੇ ਕਰੀਬ ਇਕ ਵਜੇ ਦਾ ਸੀ। ਜਦੋਂ ਬਾਬਾ ਡੀਂਗਾਂ ਭਰੇ, ਉਦੋਂ ਨਾਲ ਨਾਲ ਪੇਟੀ 'ਚ ਪਿਆ ਸਮਾਨ ਹਿੱਲੇ ਤੇ ਖੜਾਕ ਅੱਧਾ ਕਿਲੋਮੀਟਰ ਦੂਰ ਤੱਕ ਸੁਣੇ। ਬਾਬੇ ਦੀ ਰੋਜ਼ੀ ਰੋਟੀ ਸੀ ਉਹ, ਰੱਖ ਕੇ ਵੀ ਨਹੀਂ ਸੀ ਜਾ ਸਕਦਾ। ਅੱਗੇ ਗਿਆ ਸੈਕਟਰ-24 ਦੇ ਚੌਕ ਵਿਚ ਫੌਜੀ ਖੜੇ। ਉਸ ਚੌਕ ਦੇ ਪੁਲਿਸ ਵਾਲਿਆਂ ਨੇ ਕੱਪੜਿਆਂ ਤੇ ਸਮਾਨ ਤੋਂ ਅੰਦਾਜ਼ਾ ਲਾ ਲਿਆ ਕਿ ਇਹ ਮਿਸਤਰੀ ਆ। ਉਨ੍ਹਾਂ ਬਾਬੇ ਨੂੰ ਘੰਟਾ ਸਿਰਫ ਕੰਨ ਫੜ ਕੇ ਖਲੋਣ ਲਈ ਕਿਹਾ, ਮਰਦਾ ਕੀ ਨਾ ਕਰਦਾ! ਬਾਬਾ ਖਲੋਤਾ ਰਿਹਾ, ਉਹ ਇਹ ਵੀ ਨਾ ਦੱਸ ਸਕਿਆ ਕਿ ਮੈਂ ਵੀ ਸਾਬਕਾ ਫੌਜੀ ਆਂ। ਦੱਸੇ ਤਾਂ ਜੇ ਕੋਈ ਸਮਝੇ, ਸਾਰੇ ਤਾਂ ਗੈਰ ਭਾਸ਼ਾਈ ਸਨ। ਉਨ੍ਹਾਂ ਘੰਟਾ ਖੜਾ ਕੇ ਥੱਪੜ ਮਾਰ ਕੇ ਬਾਬੇ ਨੂੰ ਭੱਜ ਜਾਣ ਨੂੰ ਕਿਹਾ। ਅੱਗੇ ਉਹ ਬੱਤਰੇ ਵਾਲੇ ਮੋੜ 'ਤੇ ਪਹੁੰਚਿਆ ਤਾਂ ਫੌਜੀਆਂ ਦੇ ਡਰੋਂ ਉਹਨੇ ਸੜਕੇ ਸੜਕੇ ਜਾਣਾ ਚੰਗਾ ਨਾ ਸਮਝ ਵਿਚਕਾਰਲੇ ਰਾਹ ਤੋਂ ਜਾਣ ਲੱਗ ਪਿਆ। ਪੇਟੀ ਦਾ ਖੜਾਕ ਸੁਣ ਕੇ ਉਥੇ ਫੌਜੀ ਭੱਜੇ ਆਏ। ਉਨ੍ਹਾਂ ਨੇ ਕੁਝ ਦੱਸਿਆ ਨ੍ਹੀਂ, ਪੁੱਛਿਆ ਨ੍ਹੀਂ ਤੇ ਕੁੱਟਣਾ ਸ਼ੁਰੂ ਕਰ ਦਿੱਤਾ।

ਬਾਬੇ ਦਾ ਜ਼ੇਰਾ ਸੱਚੀਂ ਬਹੁਤ ਸੀ, ਉਹ ਬੜੇ ਸਹਿਜ ਨਾਲ ਇਹ ਗੱਲਾਂ ਸੁਣਾ ਰਿਹਾ ਸੀ। ਸਾਹਮਣੇ ਵਾਲਾ ਕਿੰਨਾ ਕੁ ਹੈਰਾਨ ਹੋਵੇਗਾ, ਇਹਦਾ ਅੰਦਾਜ਼ਾ ਉਹਨੂੰ ਸ਼ਾਇਦ ਨਹੀਂ ਸੀ। ਉਨ੍ਹਾਂ ਫੌਜੀਆਂ ਦਾ ਜ਼ਿਕਰ ਕਰਦਿਆਂ ਇੱਕੋ ਵਾਰ ਬਾਬੇ ਦੇ ਚਿਹਰੇ 'ਤੇ ਸ਼ਿਕਨ ਆਇਆ। ਕਹਿੰਦਾ, "ਉਨ੍ਹਾਂ ਮੈਨੂੰ ਠੁੱਡ ਮਾਰ ਮਾਰ ਅੱਧ ਮੋਇਆ ਕਰ ਦਿੱਤਾ, ਜਬਾੜਾ ਤੋੜ ਦਿੱਤਾ ਤੇ ਹੋਰ ਵੀ ਸਰੀਰਕ ਚੋਟਾਂ ਬਹੁਤ ਮਾਰੀਆਂ।" ਬਾਬੇ ਦੇ ਘਰਦੇ ਬੱਸ ਇਵੇਂ ਹੀ ਹੈਰਾਨ ਸਨ ਕਿ ਇਹ ਲਹੂ ਲੁਹਾਣ ਬਚ ਕਿਵੇਂ ਗਿਆ। ਉਨ੍ਹਾਂ ਸੱਟਾਂ ਨੇ ਬਾਬੇ ਦੇ ਚੱਕਲੇ ਵਰਗੇ ਕਾਮੇ ਸਰੀਰ ਨੂੰ 2 ਮਹੀਨੇ ਬਿਸਤਰੇ ਨਾਲ ਬੰਨੀਂ ਰੱਖਿਆ।

ਇੰਨਾ ਕੁਝ ਦੱਸ ਕੇ ਬਾਬਾ ਇੱਕਦਮ ਚੁੱਪ ਹੋ ਗਿਆ। ਮੈਂ ਵੀ ਬਾਬੇ ਨੂੰ ਪੁੱਛਣ ਦਾ ਜ਼ੇਰਾ ਹੀ ਨਾ ਕਰ ਸਕਿਆ ਕਿ ਉਨ੍ਹਾਂ 'ਸੈਂਕਲਾਂ' ਦਾ ਕੀ ਬਣਿਆ, ਜੋ ਪਾਰਕ 'ਚ ਲਾ ਕੇ ਆਇਆ ਸੀ। ਜੋ ਵੀ ਬਣਿਆ ਹੋਵੇ! ਉਨ੍ਹਾਂ ਦਾ ਹਾਲ ਕਦੇ ਇਨ੍ਹਾਂ ਬਦਤਰ ਨਹੀਂ ਹੋਇਆ ਹੋਣਾ ਕਿ 85 ਸਾਲ ਦੀ ਉਮਰ ਦੀ ਕਿਸੇ ਦੀ ਇੱਕੋ ਇੱਕ ਯਾਦ ਬਣ ਜਾਵੇ! ਸਰਕਾਰਾਂ ਦੀ ਇਹ ਕਿਹੋ ਜਿਹੀ ਸਨਕ ਸੀ, ਜਿਨ੍ਹਾਂ ਨੇ ਸੈਂਕੜੇ ਬੇਕਸੂਰ ਇਉਂ ਸੜਕਾਂ 'ਤੇ ਰੋਲੇ, ਖਬਰੇ ਕਿੰਨੇ ਬਾਬੇ ਉਦਣ ਆਪਣੇ ਘਰ ਪਹੁੰਚ ਹੀ ਨਹੀਂ ਸਕੇ ਹੋਣੇ? ਕਿੰਨੇ ਕਰਨੈਲ ਸਿੰਘ ਉਸ ਸਰਕਾਰੀ ਅਤਿਵਾਦ ਦੀ ਲਪੇਟ 'ਚ ਆਏ, ਜਿਨ੍ਹਾਂ ਦੇ ਝੰਬਿਆਂ ਦਾ ਮੁਆਵਜ਼ਾ ਤਾਂ ਦੂਰ, ਕੋਈ ਖਬਰ ਵੀ ਨਹੀਂ ਬਣਦੀ!

## ਓ ਬੰਦਿਆ

ਬਹਿ ਕੇ ਸੋਚ ਵਿਚਾਰ ਓ ਬੰਦਿਆ
ਕਿਉਂ ਹੋਇਐਂ ਲਚਾਰ ਓ ਬੰਦਿਆ।
ਕੁਦਰਤ ਦਾ ਸਾਨੀ ਸੈਂ ਕਹਾਉਂਦਾ
ਹੁਣ ਫਿਰਨਾ ਏਂ ਜਾਨ ਲੁਕਾਉਂਦਾ।
ਵੇਖ ਲੈ ਆਪਣਾ ਕੀਤਾ ਕਰਾਇਆ
ਦੁਨੀਆਂ ਨੂੰ ਸੰਕਟ ਵਿਚ ਪਾਇਆ।
ਅੱਜ ਬੰਦ ਪਏ ਨੇ ਸਭ ਕੰਮ ਕਾਰ
ਸਮੁੱਚੀ ਦੁਨੀਆਂ ਵਿਹਲੀ, ਬੇਕਾਰ।

ਸੁੰਵੇ ਗਲੀਆਂ, ਬਾਜ਼ਾਰ ਤੇ ਸੜਕਾਂ
ਰੌਣਕ ਲੱਗਦੀ ਸੀ ਕਦੀ ਜਿਸ ਥਾਂ।
ਉਦਾਸ ਧਰਤੀ, ਸਮੁੰਦ, ਅਸਮਾਨ
ਚੁਫੇਰੇ ਪਸਰੀ ਪਈ ਸੁੰਵ ਮਸਾਨ।
ਪੰਛੀ, ਜਨੌਰਾਂ ਨੂੰ ਸਮਝ ਨਾ ਆਏ
ਛਾਇਆ ਸੱਨਾਟਾ, ਪਏ ਘਬਰਾਏ।
ਜੰਗਲੀ ਜੀਵ, ਜਾਨਵਰ ਪ੍ਰੇਸ਼ਾਨ
ਝਰਨੇ, ਨਦੀਆਂ, ਪਰਬਤ ਹੈਰਾਨ।

ਗਮਗੀਨ ਨੇ ਜੂਹਾਂ, ਚਰਾਂਦਾ, ਬੇਲੇ
ਵੱਗ, ਇੱਜੜ ਸਭ ਵਾੜੀਂ, ਤਬੇਲੇ।
ਸਹਿਮੀ ਬੈਠੀ ਏ ਖਲਕਤ ਸਾਰੀ
ਕੀ ਕਰੇ ਤੇ ਕੀ ਨਾ ਕਰੇ ਬੇਚਾਰੀ।
ਤਾਂਡਵ ਨਾਚ ਮੌਤ ਪਈ ਨੱਚਦੀ
ਗੱਲ ਨਹੀਂ ਰਹੀ ਕਿਸੇ ਦੇ ਵੱਸ ਦੀ।
ਚੁਫੇਰੇ ਮੱਚ ਗਈ ਹਾਲ ਦੁਹਾਈ
ਤ੍ਰਾਹ ਤ੍ਰਾਹ ਕਰਦੀ ਪਈ ਲੋਕਾਈ।

ਬੇ-ਵੱਸ ਆਦਮੀ, ਚੱਲੇ ਨਾ ਵਾਹ
ਹੁਣ ਲੱਭਦਾ ਫਿਰੇ, ਨਾ ਲੱਭੇ ਰਾਹ।
ਜੇ ਕਰਦੋਂ ਨਾ ਕੁਦਰਤ ਨੂੰ ਮੈਲਾ
ਕਦੀ ਨਹੀਂ ਪੈਣਾ ਸੀ ਇਹ ਵੇਲਾ।
ਕਿਤੇ ਉਹ ਨਾ ਹੋਵੇ ਤੇਰੀ ਨਾਦਾਨੀ
ਬਣ ਜੇ ਗੁਜ਼ਰੇ ਦੀ ਤੇਰੀ ਕਹਾਣੀ।
ਕਹਿਣ ਹੁੰਦਾ ਸੀ ਇਸ ਧਰਤੀ 'ਤੇ
ਇਕ ਜੀਵ ਕਦੇ, ਦੋ ਟੰਗਾਂ ਪ੍ਰਾਣੀ।

ਨਾ ਕਰ ਕੁਦਰਤ ਨਾਲ ਖਿਲਵਾੜ
ਸਹਿ ਸਕਣੀ ਨਹੀਂ ਉਹਦੀ ਮਾਰ।
ਏਸ ਥਾਂ ਤੇਰਾ ਜ਼ੋਰ ਨਹੀਂ ਚੱਲਣਾ
ਹੁਕਮ ਬਿਨ ਪੱਤਾ ਨਹੀਉਂ ਹੱਲਣਾ।
ਅਜੇ ਵੀ ਵਕਤ ਈ ਤੌਬਾ ਕਰ ਲੈ
ਅਹਿਲੇ-ਕਰਮ ਦਾ ਪੱਲਾ ਫੜ ਲੈ।

**-ਚੰਨ**
***ਫੋਨ: 908-788-8427***

# ਖਾਲਿਸਤਾਨ, ਖਾਲਸਾ ਰਾਜ ਤੇ ਸਿੱਖ ਕੌਮ

***(ਪਿਛਲੇ ਸਫੇ ਦੀ ਬਾਕੀ)***

ਬੜੀ ਤੇਜ਼ੀ ਨਾਲ ਵਧ ਰਹੀ ਤਲਾਕਾਂ ਦੀ ਦਰ, ਨੌਜਵਾਨਾਂ ਵਿਚ ਵਧ ਰਹੀ ਨਾਮਰਦੀ ਅਤੇ ਸਿੱਖਾਂ ਵਿਚ ਆ ਰਿਹਾ ਪਤਿਤਪੁਣਾ-ਸਭ ਇਸੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੀ ਦੇਣ ਹਨ। ਇਹ ਪੰਜਾਬ ਦਾ ਵਿਕਾਸ ਨਹੀਂ, ਸਗੋਂ ਵਿਨਾਸ਼ ਹੋ ਰਿਹਾ ਹੈ, ਜਿਸ ਨੇ ਪੰਜਾਬ ਦੀ ਧਰਤੀ, ਪਾਣੀ ਅਤੇ ਹਵਾ ਜ਼ਹਿਰੀ ਕਰ ਦਿਤੀ ਹੈ। ਇਸੇ ਕਾਰਨ ਅੱਜ ਪੰਜਾਬ ਵਿਚ ਪਰਵਾਸ ਤੇ ਅਵਾਸ ਦੀ ਸਮੱਸਿਆ ਪੈਦਾ ਹੋਈ ਹੈ। ਇਸ ਵਿਕਾਸ ਮਾਡਲ ਨੂੰ ਕਤੱਈ ਤੌਰ 'ਤੇ ਰੱਦ ਕੀਤੇ ਅਤੇ ਬਦਲੇ ਬਗੈਰ ਗੁਰੂ ਸਾਹਿਬ ਦੇ ਕੁਦਰਤ ਨਾਲ ਇਕਸੁਰ ਸਹਿਜ ਵਿਕਾਸ ਮਾਡਲ, ਜਿਸ 'ਚ ਅਕਾਲ ਪੁਰਖ ਦਾ ਨਾਮ ਜਪਦਿਆਂ ਹੱਥੀਂ ਕਿਰਤ ਕਰਕੇ ਵੰਡ ਛਕਣ ਦਾ ਸਿਧਾਂਤ ਭਾਰੂ ਹੋਵੇ, ਨੂੰ ਲਾਗੂ ਨਹੀਂ ਕੀਤਾ ਜਾ ਸਕਦਾ।

ਸ. ਕਰਮਜੀਤ ਸਿੰਘ ਦਾ ਕਹਿਣਾ ਹੈ ਕਿ '29 ਅਪਰੈਲ ਦੇ ਐਲਾਨਨਾਮੇ ਨੂੰ ਸਮਝਣ ਲਈ ਰਤਾ ਕੁ ਪਿਛੇ ਜਾਣ ਦੀ ਲੋੜ ਹੈ। ਇਸ ਵਾਸਤੇ ਅਕਾਲੀ ਲਹਿਰ, ਗਦਰ ਪਾਰਟੀ ਲਹਿਰ, ਬੱਬਰ ਅਕਾਲੀ ਲਹਿਰ ਤੇ ਕੂਕਾ ਲਹਿਰ ਦਾ ਮੁਲੰਕਣ ਕਰਨ ਦੀ ਲੋੜ ਹੈ। ਵੀਹਵੀਂ ਸਦੀ ਵਿਚ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਨੇ ਵੀ ਹਥਿਆਰਬੰਦ ਜੰਗ ਸ਼ੁਰੂ ਕੀਤੀ ਸੀ ਅਤੇ ਇਸ ਲਹਿਰ ਦੇ ਕਈ ਅਨਮੋਲ ਹੀਰਿਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਸੀ। ਇਸ ਤੋਂ ਪਹਿਲਾਂ ਗਦਰ ਪਾਰਟੀ ਲਹਿਰ ਦੇ ਸਿੱਖ ਸੂਰਬੀਰ ਵੀ ਜੈਕਾਰੇ ਗਜਾਉਂਦੇ ਹੀ ਫਾਂਸੀ ਉਤੇ ਚੜ੍ਹੇ ਸਨ, ਪਰ ਇਨ੍ਹਾਂ ਕੁਰਬਾਨੀਆਂ ਦੇ ਪਿਛੇ ਸਿੱਖਾਂ ਦੀ ਆਪਣੀ ਆਜ਼ਾਦੀ ਤੇ ਆਪਣੀ ਪ੍ਰਭੂਸਤਾ ਕਾਇਮ ਕਰਨ ਦਾ ਪੈਗਾਮ ਧੁੰਦਲਾ ਸੀ ਜਾਂ ਇਹ ਸਾਡੀ ਰਾਜਨੀਤਕ ਬਦਕਿਸਮਤੀ ਹੀ ਸੀ ਕਿ ਸਾਡੀ ਆਜ਼ਾਦੀ ਦਾ ਸੰਦੇਸ਼ ਇਨ੍ਹਾਂ ਕੁਰਬਾਨੀਆਂ ਵਿਚ ਸ਼ਾਮਿਲ ਨਹੀਂ ਸੀ। ਇਹ ਬੇਮਿਸਾਲ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਵਲੋਂ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਲਈ ਵਰਤ ਲਈਆਂ ਗਈਆਂ।'

ਸੁਆਲ ਹੈ ਕਿ ਸਿੱਖਾਂ ਦੀਆਂ ਇਹ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਨੇ ਕਿਉਂ ਵਰਤ ਲਈਆ? ਇਸ ਦਾ ਕਾਰਨ ਫਿਰ ਇਹੀ ਹੈ ਕਿ ਸਿੱਖ ਅਜੇ ਤਕ ਵੀ ਗੁਰੂ ਸਾਹਿਬ ਵਲੋਂ ਉਨ੍ਹਾਂ ਨੂੰ ਬਖਸ਼ੀ ਪਾਤਸ਼ਾਹੀ ਅਤੇ ਦੁਨਿਆਵੀ ਬਾਦਸ਼ਾਹੀ ਵਿਚਾਲੇ ਨਿਖੇੜਾ ਨਹੀਂ ਕਰ ਸਕੇ। ਕੌਮੀ ਰਾਜ ਅਤੇ ਪੱਛਮੀ ਤਰਜ ਦੀ ਜਮਹੂਰੀਅਤ ਦੇ ਪੈਮਾਨਿਆਂ ਵਿਚ ਫਸੇ ਉਹ ਅਜੇ ਤਕ ਆਪਣੀ ਘਟਗਿਣਤੀ ਹੋਣ ਦੀ ਹੀਣ ਭਾਵਨਾ ਦੇ ਅਹਿਸਾਸ ਵਿਚੋਂ ਹੀ ਬਾਹਰ ਨਹੀਂ ਨਿਕਲ ਸਕੇ। ਉਹ ਅਜੇ ਤਕ ਵੀ ਇਸ ਗੱਲ ਦਾ ਭੇਦ ਨਹੀਂ ਪਾ ਸਕੇ ਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਸਾਹਿਬ ਨੇ ਸਿੱਖਾਂ ਨੂੰ ਆਤਮਿਕ ਗਿਆਨ ਦਾ ਕਿੱਡਾ ਵੱਡਾ ਖਜਾਨਾ ਬਖਸ਼ਿਆ ਹੈ। ਸਿੱਖਾਂ ਨੇ ਰਾਜ ਲੈਣਾ ਹੈ ਜਾਂ ਨਹੀਂ, ਇਥੇ ਇਹ ਬਹਿਸ ਦਾ ਵਿਸ਼ਾ ਹੀ ਨਹੀਂ ਹੈ। ਇਥੇ ਚਰਚਾ ਦਾ ਵਿਸ਼ਾ ਸਿਰਫ ਇਹ ਹੈ ਕਿ ਸਿੱਖਾਂ ਨੇ ਰਾਜ ਕਿਵੇਂ ਅਤੇ ਕਾਹਦੇ ਵਾਸਤੇ ਲੈਣਾ ਹੈ? ਸਿੱਖਾਂ ਨੇ ਰਾਜ ਕਾਹਦੇ ਵਾਸਤੇ ਲੈਣਾ ਹੈ, ਇਸ ਸੁਆਲ ਦਾ ਜੁਆਬ ਗੁਰਮਤਿ ਦਿੰਦੀ ਹੈ, "ਜਿਸ ਕਾ ਰਾਜ ਤਿਸੈ ਕਾ ਸੁਪਨਾ॥" (ਪੰਨਾ 179)

ਭਾਵ ਜੇ ਸਿੱਖਾਂ ਨੇ ਆਪਣੀ ਆਤਮਿਕ, ਮਾਨਸਿਕ ਅਤੇ ਸਭਿਆਚਾਰਕ ਆਜ਼ਾਦੀ ਮਾਣਨ ਦੇ ਸੁਪਨੇ ਨੂੰ ਪੂਰਾ ਕਰਨਾ ਹੈ ਤਾਂ ਉਨ੍ਹਾਂ ਲਈ ਰਾਜ ਲੈਣਾ ਲਾਜ਼ਮੀ ਹੈ। ਸਿੱਖਾਂ ਨੇ ਰਾਜ ਕਿਵੇਂ ਲੈਣਾ ਹੈ, ਇਸ ਸੁਆਲ ਦਾ ਜੁਆਬ ਅਜੋਕੇ ਇਤਿਹਾਸਕ ਪੜਾਅ ਉਤੇ ਲੋੜੀਂਦੀ ਰਾਜਨੀਤਕ ਦਿਸ਼ਾ ਨੇ ਦੇਣਾ ਹੈ।

ਅਸਲ ਵਿਚ ਹਰੇਕ ਫਿਲਾਸਫੀ ਸਮਾਜ ਨੂੰ ਆਪਣੇ ਅਨੁਸਾਰ ਨਵੇਂ ਸਿਰਿਓਂ ਜਥੇਬੰਦ ਕਰਨ ਲਈ ਰਾਜ ਦਾ ਸੰਕਲਪ ਆਪਣੇ ਨਾਲ ਲੈ ਕੇ ਆਉਂਦੀ ਹੈ। ਫਿਲਾਸਫੀ ਅਤੇ ਰਾਜਨੀਤੀ ਦਾ ਅਟੁੱਟ ਸਬੰਧ ਹੈ। ਇਹੀ ਗੱਲ ਕਾਰਲ ਮਾਰਕਸ ਨੇ ਦੱਸੀ ਹੈ। ਫਿਲਾਸਫੀ ਸਮੁੱਚੀ ਮਨੁੱਖ ਜਾਤੀ ਵਲੋਂ ਹੁਣ ਤਕ ਆਪਣੇ ਸਦੀਆਂ ਦੇ ਅਮਲ ਵਿਚ ਹੰਢਾਈ ਜ਼ਿੰਦਗੀ ਦਾ ਸਿਆਣਪ ਦੇ ਰੂਪ ਵਿਚ ਨਿਕਲਿਆ ਨਿਚੋੜ ਹੈ। ਇਸ ਸਿਆਣਪ ਤੋਂ ਅਗਵਾਈ ਲੈ ਕੇ ਘੜੀ ਰਾਜਨੀਤੀ ਹੀ ਮਨੁੱਖੀ ਸਮਾਜ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ। ਇਸਾਈਅਤ ਤੇ ਇਸਲਾਮ ਦੇ ਆਧਾਰ 'ਤੇ ਵੱਡੀਆਂ ਪਾਤਸ਼ਾਹੀਆਂ ਕਾਇਮ ਹੋਈਆਂ ਹਨ। ਮੌਜੂਦਾ ਪੱਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਵੀ ਇਸਾਈਅਤ ਅਤੇ ਪਲੈਟੋ ਦੀ ਫਿਲਾਸਫੀ ਨੂੰ ਹੀ ਮੰਨਿਆ ਜਾਂਦਾ ਹੈ। ਪਿਛਲੀ ਸਦੀ 'ਚ ਮਾਰਕਸਵਾਦੀ ਵਿਚਾਰਧਾਰਾ ਦੇ ਆਧਾਰ 'ਤੇ ਕਰੀਬ ਅੱਧੀ ਦੁਨੀਆਂ ਵਿਚ ਸਮਾਜਵਾਦੀ ਰਾਜ ਸਿਰਜਣ ਦੇ ਯਤਨ ਕੀਤੇ ਗਏ, ਪਰ ਇਹ ਵੱਖਰੀ ਗੱਲ ਹੈ ਕਿ ਇਉਂ ਕਰਦਿਆਂ ਮਾਰਕਸ ਦੀ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਦਿੱਤਾ ਗਿਆ, ਜਿਸ ਕਾਰਨ ਮਾਰਕਸ ਦਾ ਚਿਤਵਿਆ ਸਮਾਜਵਾਦੀ ਰਾਜ ਸਿਰਜਿਆ ਨਾ ਜਾ ਸਕਿਆ।

ਗੁਰਮਤਿ ਨੇ ਹਲੇਮੀ ਰਾਜ ਅਤੇ ਬੇਗਮਪੁਰਾ ਸਮਾਜ ਦੇ ਮੌਲਿਕ ਸੰਕਲਪ ਮਨੁੱਖ ਜਾਤੀ ਨੂੰ ਦਿੱਤੇ ਹਨ, ਪਰ ਇਨ੍ਹਾਂ ਸੰਕਲਪਾਂ ਨੂੰ ਹਾਲੇ ਤਕ ਅਜੋਕੀ ਰਾਜਸੀ ਬੋਲੀ ਵਿਚ ਸਪਸ਼ਟ ਨਹੀਂ ਕੀਤਾ ਗਿਆ।

ਗੁਰਮਤਿ ਸਪਸ਼ਟ ਐਲਾਨ ਕਰਦੀ ਹੈ,
ਹੁਣ ਹੁਕਮੁ ਹੋਆ ਮਿਹਰਵਾਣ ਦਾ
ਪੈ ਕੋਇ ਨ ਕਿਸੈ ਰਵਾਣ ਦਾ॥
ਸਭ ਸੁਖਾਲੀ ਵੁਠੀਆ ਇਹੁ
ਹੋਆ ਹਲੇਮੀ ਰਾਜੁ ਜੀਉ॥ (ਪੰਨਾ 74)

ਸਰਬਉਚ ਮਿਹਰਵਾਨ ਹਸਤੀ ਸੱਚੇ ਪਾਤਸ਼ਾਹ, ਕਰਤਾ ਪੁਰਖੁ, ਨਿਰੰਕਾਰ, ਹਰਿ ਜੀਉ ਦਾ ਹੁਕਮ ਹੋਇਆ ਹੈ ਕਿ ਹੁਣ ਇਸ ਧਰਤੀ ਉਤੇ ਕੋਈ ਵੀ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੁੱਖ ਨਾ ਦੇਵੇ, ਭਾਵ ਕਿਸੇ ਦੂਜੇ ਮਨੁੱਖ ਦੀ ਮਾਨਸਿਕ ਤੇ ਸਰੀਰਕ ਲੁਟ ਨਾ ਕਰੇ, ਕਿਉਂਕਿ ਹੁਣ ਸੱਚੇ ਪਾਤਸ਼ਾਹ ਨੇ ਇਸ ਧਰਤੀ ਉਤੇ ਹਲੇਮੀ ਰਾਜ ਦੀ ਸਿਰਜਣਾ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿਚ ਸਾਰੇ ਲੋਕ ਸੁਖੀ ਵਸਣਗੇ। ਰਾਜ ਦਾ ਇਹ ਸੰਕਲਪ ਹੀ ਅਜੋਕੀ ਮਨੁੱਖ ਜਾਤੀ ਦਾ ਭਵਿਖ ਹੈ। ਖਾਲਿਸਤਾਨ ਦੀ ਰਾਜਨੀਤੀ ਨੂੰ ਸਪਸ਼ਟ ਕਰਨ ਲਈ ਇਸ ਸੰਕਲਪ ਨੂੰ ਅਜੋਕੀ ਰਾਜਨੀਤਕ ਭਾਸ਼ਾ ਵਿਚ ਢਾਲਣ ਦੀ ਲੋੜ ਹੈ।

# ਨਿਰਾ ਭਾਵੁਕ ਹੋ ਕੇ ਗੱਲਾਂ ਕਰਨਾ ਹੀ ਹੱਲ ਨਹੀਂ

**ਸੰਪਾਦਕ ਜੀ,**

ਅਖਬਾਰ 'ਪੰਜਾਬ ਟਾਈਮਜ਼' ਵਿਚ ਖਾਲਿਸਤਾਨ ਐਲਾਨਨਾਮੇ ਸਬੰਧੀ ਵਿਚਾਰ-ਚਰਚਾ ਰਾਹੀਂ ਮੁੱਦੇ ਦੀਆਂ ਪਰਤਾਂ ਨੂੰ ਜਿਵੇਂ ਬਾਦਲੀਲ ਢੰਗ ਨਾਲ ਸਾਹਮਣੇ ਲਿਆਂਦਾ ਗਿਆ ਹੈ, ਬਾਕਮਾਲ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਾਡੇ ਹਿਰਦਿਆਂ ਦੀਆਂ ਗਹਿਰਾਈਆਂ ਵਿਚ ਕਿਤੇ ਨਾ ਕਿਤੇ ਆਪਣੇ ਘਰ ਦਾ ਸੁਪਨਾ ਉਸਲਵੱਟੇ ਲੈਂਦਾ ਰਿਹਾ ਹੈ ਅਤੇ ਲੈਂਦਾ ਰਹੇਗਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਡੇ ਹੀ ਦੇਸ਼ ਵਿਚ ਸਾਡੇ ਨਾਲ ਹਰ ਗੱਲ 'ਤੇ ਧੱਕਾ ਹੋਇਆ ਹੈ ਅਤੇ ਹੁਣ ਵੀ ਘਟਗਿਣਤੀਆਂ ਨੂੰ ਆਪਣੇ ਵਿਚ ਖਪਾਏ ਜਾਣ ਦੇ ਮਨਸੂਬੇ ਘੜੇ ਜਾ ਰਹੇ ਹਨ।

ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਆਪਣੇ ਸੁਪਨਿਆਂ ਦੀ ਪੂਰਤੀ ਲਈ ਬਿਨਾ ਕਿਸੇ ਪਲੈਨਿੰਗ ਤੋਂ ਹਥਿਆਰਬੰਦ ਸੰਘਰਸ਼ ਅਸੀਂ ਕਰਕੇ ਵੇਖ ਲਿਆ ਹੈ ਅਤੇ ਉਸ ਦੇ ਨਤੀਜੇ ਵੀ ਭੁਗਤ ਲਏ ਹਨ। ਇਹ ਜ਼ਰੂਰੀ ਹੋ ਗਿਆ ਹੈ ਕਿ ਨਵੀਂ ਤਕਨਾਲੋਜੀ ਦੇ ਯੁੱਗ ਵਿਚ ਅਸੀਂ ਨਵੀਂ ਵਿਉਂਤਬੰਦੀ ਕਰੀਏ। ਸੰਸਾਰ ਵਿਚ ਖਿੰਡੀ ਪੁੰਡੀ ਪੰਥਕ ਸ਼ਕਤੀ ਨੂੰ ਕਿਸੇ ਇੱਕ ਝੰਡੇ ਥੱਲੇ ਯੋਜਨਾਬੱਧ ਤਰੀਕੇ ਨਾਲ ਇੱਕਸੁਰ ਕੀਤਾ ਜਾਏ। ਉਸ ਲਈ ਜ਼ਮੀਨੀ ਪੱਧਰ ਤੋਂ ਪ੍ਰੋਗਰਾਮ ਉਲੀਕੇ ਜਾਣ। ਯਹੂਦੀਆਂ ਵਾਂਗ ਸਿੱਖ ਬੱਚਿਆਂ ਨੂੰ ਹਾਈ ਐਜੂਕੇਸ਼ਨ ਦੇਣ ਦਾ ਪ੍ਰਬੰਧ ਹੋਵੇ। ਸਿੱਖੀ ਸਰੂਪ ਤੇ ਸਿੱਖ ਸਿਧਾਂਤਾਂ ਪ੍ਰਤੀ ਉਨ੍ਹਾਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਭਵਿੱਖ ਦੇ ਪ੍ਰੋਗਰਾਮ ਉਲੀਕੇ ਜਾਣ। ਕਿਸੇ ਪ੍ਰੋਗਰਾਮ ਤੋਂ ਬਿਨਾ ਨਿਰੇ ਭਾਵੁਕ ਹੋ ਕੇ ਗੱਲਾਂ ਕਰਨ ਨਾਲ ਕੁਝ ਨਹੀਂ ਹੋ ਸਕੇਗਾ, ਸਗੋਂ ਹੋਰ ਖੱਜਲ ਖੁਆਰੀ ਦਾ ਰਾਹ ਪੱਧਰਾ ਕਰ ਰਹੇ ਹੋਵਾਂਗੇ। ਗੁਰੂ ਰਾਖਾ,

**-ਓਅੰਕਾਰ ਸਿੰਘ**

ਗੁਰਬਾਣੀ ਗਿਆਨ

# ਮੰਨੈ ਮਾਰਗਿ ਠਾਕ ਨ ਪਾਇ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਗੁਰੂ ਨਾਨਕ ਦੇਵ ਦੀ ਮਹਾਨਤਾ ਦੱਸਣ ਲਈ ਕਈ ਨਵੇਂ ਪੁਰਾਣੇ ਵਿਦਵਾਨ ਤੇ ਸਾਖੀਕਾਰ ਤਰ੍ਹਾਂ ਤਰ੍ਹਾਂ ਦੀਆਂ ਚਮ ਤਕਾਰੀ ਕਹਾਣੀਆਂ ਲਿਖਦੇ ਹਨ। ਅੱਗੋਂ ਸਿੱਖ ਪੁਜਾਰੀ ਤੇ ਪ੍ਰਚਾਰਕ ਇਨ੍ਹਾਂ ਨੂੰ ਵਿਸਥਾਰ ਨਾਲ ਸੁਣਾਉਂਦੇ ਹਨ। ਉਹ ਗੁਰੂ ਸਾਹਿਬ ਨੂੰ ਇੰਨੀਆਂ ਗੈਬੀ ਸ਼ਕਤੀਆਂ ਨਾਲ ਲੈਸ ਕਰ ਦਿੰਦੇ ਹਨ, ਜਿੰਨੀਆਂ ਹਿੰਦੂ ਅਵਤਾਰਾਂ, ਨਾਥ-ਜੋਗੀਏ ਸਿੱਧਾਂ ਤੇ ਇਸਲਾਮੀ ਪੀਰਾਂ ਫਕੀਰਾਂ ਵਿਚੋਂ ਕਿਸੇ ਕੋਲ ਨਾ ਹੋਣ; ਪਰ ਉਨ੍ਹਾਂ ਨੂੰ ਮਹਾਨ ਸਿੱਧ ਕਰਨ ਲਈ ਤਲਿਸਮੀ ਕਥਾਵਾਂ ਦਾ ਸਹਾਰਾ ਲੈਣ ਦੀ ਲੋੜ ਨਹੀਂ ਹੈ।

ਕਿਸੇ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਉਨ੍ਹਾਂ ਮੱਕਾ ਫੇਰ ਦਿੱਤਾ ਸੀ ਜਾਂ ਕੋਧਰੇ ਦੀ ਰੋਟੀ ਵਿਚੋਂ ਦੁੱਧ ਤੇ ਸ਼ਾਹੀ ਪਕਵਾਨਾਂ ਵਿਚੋਂ ਲਹੂ ਵਗਾ ਕੇ ਦਿਖਾਇਆ ਸੀ। ਆਖਰ ਰੂਪਕ (Similes) ਤੇ ਅਲੰਕਾਰ (Metaphors) ਵੀ ਤਾਂ ਕੋਈ ਚੀਜ਼ ਹੁੰਦੇ ਹਨ। ਸੱਪ ਦੀ ਛਾਂ ਵਾਲੀ ਗੱਲ ਵੀ ਢੁਕਦੀ ਨਹੀਂ। ਜੇ ਜਾਨਵਰਾਂ ਨੂੰ ਧੁੱਪ-ਛਾਂ ਕਰਨ ਦੀ ਸੁੱਧ ਹੁੰਦੀ ਤਾਂ ਉਹ ਮੱਝ, ਜਿਸ ਨੂੰ ਗੁਰੂ ਸਾਹਿਬ ਚਰਾਉਣ ਗਏ ਸਨ, ਸੱਪ ਤੋਂ ਵਧੇਰੇ ਵੱਡੀ ਛਾਂ ਕਰ ਸਕਦੀ ਸੀ। ਇਹ ਵੀ ਕਹਿਣ ਦੀ ਲੋੜ ਨਹੀਂ ਕਿ ਉਨ੍ਹਾਂ ਨੇ ਕੌੜੇ ਰੀਠੇ ਮਿੱਠੇ ਕਰ ਦਿੱਤੇ ਤੇ ਅੱਡੀ ਮਾਰ ਕੇ ਝਰਨਾ ਵਹਾ ਦਿੱਤਾ।

ਗੁਰੂ ਸਾਹਿਬ ਕੁਦਰਤ ਦੇ ਨਿਯਮਾਂ ਨੂੰ ਸਮਝਣ ਤੇ ਸਮਝਾਉਣ ਲਈ ਆਏ ਸਨ, ਨਾ ਕਿ ਇਨ੍ਹਾਂ ਨੂੰ ਤੋੜ ਕੇ ਪਰਿਹਾਸ ਕਰਨ ਲਈ। ਵੇਈਂ ਵਿਚ ਟੁੱਭੀ ਮਾਰ ਕੇ ਕਈ ਦਿਨ ਬਾਹਰ ਨਾ ਆਉਣ ਅਤੇ ਹਵਾ 'ਤੇ ਸਵਾਰ ਹੋ ਕੇ ਉਦਾਸੀਆਂ ਕਰਨ ਜਿਹੀਆਂ ਮਿੱਥਕਾਰੀ ਗੱਲਾਂ ਵੀ ਉਹ ਇਕ ਪਾਸੇ ਰੱਖ ਲੈਣ, ਇਹ ਕਿਸੇ ਨਾਥ ਜੋਗੀ, ਸਿੱਧ ਪੁਰਖ ਜਾਂ ਪੀਰ ਪੈਗੰਬਰ ਦੀ ਮਹਿਮਾ ਲਈ ਕੰਮ ਆ ਜਾਣਗੀਆਂ। ਇਨ੍ਹਾਂ ਵਿਚੋਂ ਇਕ ਵੀ ਉਨ੍ਹਾਂ ਦੀ ਸ਼ੋਭਾ ਵਿਚ ਕੰਮ ਨਹੀਂ ਆਵੇਗੀ। ਜੇ ਸੱਚ ਸਮਝੋ ਤਾਂ ਅਜਿਹੇ ਜਾਦੂਗਰੀ ਪਲੇਥਣਾਂ ਨਾਲ ਤਾਂ ਉਸ ਮਹਾਪੁਰਸ਼ ਦੀ ਸ਼ੋਭਾ ਵਧਣ ਦੀ ਥਾਂ ਘਟੇਗੀ; ਪਰ ਕਿਉਂ?

ਕਿਉਂਕਿ ਜਮਾਨੇ ਦੀ ਹਵਾ ਤੇਜੀ ਨਾਲ ਬਦਲ ਰਹੀ ਹੈ। ਜਿਨ੍ਹਾਂ ਲੋਕਾਂ ਨੂੰ ਇਹ ਸੁਣਾਉਣੀਆਂ ਹਨ, ਉਨ੍ਹਾਂ ਦਾ ਮਿਜ਼ਾਜ਼ ਪਹਿਲਾਂ ਜਿਹਾ ਨਹੀਂ ਰਿਹਾ। ਉਹ ਹੁਣ ਸੱਚ ਦੀ ਕਦਰ ਕਰਨ ਲੱਗ ਪਏ ਹਨ ਤੇ ਸੱਚ ਜਾਣਨਾ ਚਾਹੁੰਦੇ ਹਨ। ਉਹ ਤਰਕ ਦੇ ਰਸਤੇ ਪਏ ਹਨ ਤੇ ਸਵਾਲ ਕਰਨ ਲੱਗੇ ਹਨ। ਅਨਪੜ੍ਹਤਾ ਤੇ ਅੰਧਵਿਸ਼ਵਾਸ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਹਨ। ਸਿਖਿਆ ਪ੍ਰਸਾਰ ਮੰਦ ਹੀ ਸਹੀ, ਪਰ ਜਾਣਕਾਰੀਆਂ ਹੁਣ ਆਲੇ ਦੁਆਲਿਓਂ ਆਉਣ ਲੱਗੀਆਂ ਹਨ। ਸਾਹਿਤ ਤੋਂ ਦੂਰੀ ਸਹੀ, ਪਰ ਮੀਡੀਆ ਸਭ ਦੇ ਕੰਨੀਂ ਭਿਣਭਿਣਾ ਰਿਹਾ ਹੈ। ਵਿਵੇਕ ਦੇ ਹੜ੍ਹ ਨਾਲ ਅਗਿਆਨ ਦੇ ਸਭ ਟੋਏ ਟੋਭੇ ਭਰਨ ਲੱਗੇ ਹਨ। ਦਿਮਾਗ ਦੀ ਵਰਤੋਂ ਹੋਣ ਲੱਗੀ ਹੈ ਤੇ ਸੰਵਾਦ ਦਾ ਰਸ ਸਭ ਨੂੰ ਆਉਣ ਲੱਗਾ ਹੈ। ਰੁੱਤ ਬਦਲਣ ਨਾਲ ਪਛੇਤੇ ਪੌਦਿਆਂ ਨੂੰ ਵੀ ਬੂਰ ਪੈ ਜਾਂਦਾ ਹੈ, ਸੋ ਪੈ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਕਰਾਮਾਤ ਨੂੰ ਤਰਕ ਲਤਾੜੇਗਾ ਤੇ ਦਲੀਲ ਅਲੌਕਿਕਤਾ ਨੂੰ ਪਛਾੜੇਗੀ। ਕਦਮ ਕਦਮ 'ਤੇ ਪੁੱਛ ਪੜਤਾਲ ਦੇ ਨਾਕੇ ਲੱਗੇ ਹੋਣਗੇ ਤੇ ਸਵਾਲਾਂ ਦੇ ਘੇਰੇ ਮਜਬੂਤ ਹੋਏ ਹੋਣਗੇ। ਬੇ-ਤੁਕੇ ਕਲਾਮ ਤੇ ਹਵਾਈ ਗੁੱਲੇ ਸ਼ਰਮਸਾਰ ਹੋਣਗੇ। ਸਭਨੀ ਥਾਂਈਂ ਅਕਲ-ਵਿਚਾਰ ਦਾ ਬੋਲਬਾਲਾ ਹੋਵੇਗਾ। ਵਾਦ-ਸੰਵਾਦ ਵਿਚ ਮਾਣ ਇੱਜਤ ਨਾਲ ਉਹੀ ਪਾਰ ਲੰਘ ਸਕੇਗਾ, ਜਿਸ ਕੋਲ ਤਰਕ ਪ੍ਰਮਾਣ ਅਤੇ ਬੌਧਿਕ ਸੂਝ ਬੂਝ ਦਾ ਪਾਸ ਹੋਵੇਗਾ। ਮਨਨ ਦੇ ਮਾਰਗ 'ਤੇ ਚਲਣ ਵਾਲਿਆਂ ਨੂੰ ਕੋਈ ਰੁਕਾਵਟ ਨਹੀਂ ਪਵੇਗੀ, ਉਹ ਸਵੈ-ਸਨਮਾਨ ਨਾਲ ਧੌਣ ਉਚੀ ਕਰ ਕੇ ਲੰਘ ਸਕਣਗੇ। ਇਹੀ ਤਾਂ ਅਰਥ ਹੈ, ਗੁਰੂ ਸਾਹਿਬ ਦੀਆਂ ਇਨ੍ਹਾਂ ਦੋ ਪੰਕਤੀਆਂ ਦਾ, "ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥"

ਪਰ ਸਦੀਆਂ ਪੁਰਾਣੇ ਅੰਧ-ਵਿਸ਼ਵਾਸੀ ਚਮਤਕਾਰਾਂ ਤੇ ਕਰਾਮਾਤੀ ਅਲੰਕਾਰਾਂ ਦੇ ਹਨਨ ਨਾਲ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਨਿਰਾਸ਼ ਨਾ ਹੋਣ। ਉਹ ਇਹ ਨਾ ਸੋਚਣ ਕਿ ਉਹ ਹੁਣ ਜਗਤ ਨੂੰ ਕੀ ਮੂੰਹ ਦਿਖਾਉਣਗੇ ਤੇ ਕਿੰਜ ਦੱਸਣਗੇ ਕਿ ਗੁਰੂ ਨਾਨਕ ਕਲਯੁਗ ਦਾ ਸਭ ਤੋਂ ਵੱਡਾ ਅਵਤਾਰ ਸੀ। ਉਹ ਇਹ ਸਭ ਬਨਾਉਟੀ ਗੱਲਾਂ ਛੱਡਣ ਤੇ ਇਕ ਕਾਗਜ਼ ਕਲਮ ਲੈ ਕੇ 15ਵੀਂ ਸਦੀ ਵਿਚ ਉਤਰ ਜਾਣ। ਉਥੇ ਉਹ ਉਦੋਂ ਦੇ ਸਮਾਜਕ ਤੇ ਸਭਿਆਚਾਰਕ ਇਤਿਹਾਸ ਨੂੰ ਚੰਗੀ ਤਰ੍ਹਾਂ ਘੋਖਣ ਤੇ ਸਭ ਹਾਲਾਤ ਲਿਖਣ। ਜਦੋਂ ਉਹ ਅਗਿਆਨ ਤੇ ਬਰਬਰਤਾ ਦੀ ਚਾਰ-ਦੀਵਾਰੀ ਅੰਦਰ ਸੱਚ ਤੇ ਸੁਤੰਤਰਤਾ ਦਾ ਸਾਹ ਘੁਟਦਾ ਦੇਖ ਲੈਣ ਤਾਂ ਬਾਹਰ ਆ ਕੇ ਮੰਨੇ ਦੀਆਂ ਚਾਰੇ ਪਉੜੀਆਂ ਦਾ ਮਨ ਵਿਚ ਵਿਚਾਰ ਕਰਨ। ਫਿਰ ਪਤਾ ਲੱਗੇਗਾ ਕਿ ਗੁਰੂ ਨਾਨਕ ਅਸਲ ਵਿਚ ਕਿਹੜੀ ਗੱਲੋਂ ਮਹਾਨ ਸਨ। ਇਹ ਮਹਾਨਤਾ ਉਨ੍ਹਾਂ ਤੋਂ ਨਾ ਦੱਸੀ ਜਾਵੇਗੀ ਤੇ ਨਾ ਸੰਭਾਲੀ।

ਪਰ ਅਜੋਕੇ ਸਿੱਖ ਵਿਦਵਾਨ ਛੇਤੀ ਛੇਤੀ ਇੱਦਾਂ ਕਰਨਗੇ ਨਹੀਂ। ਸਾਰੇ ਇਹੀ ਕਹਿਣਗੇ ਕਿ ਇਹ ਕੰਮ ਤਾਂ ਉਨ੍ਹਾਂ ਬਹੁਤ ਵਾਰ ਕੀਤਾ ਹੋਇਆ ਹੈ। ਹਰ ਸਾਲ ਉਹ ਗੁਰੂ ਸਾਹਿਬ ਦੇ ਜਨਮ ਦਿਹਾੜੇ 'ਤੇ ਇਨ੍ਹਾਂ ਹੀ ਇਤਿਹਾਸਕ ਗੱਲਾਂ ਦਾ ਜ਼ਿਕਰ ਤਾਂ ਕਰਦੇ ਹਨ। ਉਹ ਬਹਿਸਣਗੇ ਕਿ ਉਹ ਇਤਿਹਾਸਕ ਅਧਿਐਨ ਕਰ ਕੇ ਹੀ ਦੱਸਦੇ ਆਏ ਹਨ ਕਿ ਗੁਰੂ ਸਾਹਿਬ ਨੇ ਮਨੁੱਖੀ ਭਾਈਚਾਰੇ 'ਤੇ ਜੋਰ ਦਿੱਤਾ, ਹੱਥੀਂ ਕੰਮ ਕਰਨ ਤੇ ਵੰਡ ਛਕਣ ਦਾ ਸੰਦੇਸ਼ ਦਿੱਤਾ, ਔਰਤਾਂ ਦੇ ਸਨਮਾਨ ਦੀ ਗੱਲ ਆਖੀ, ਪਖੰਡ ਤੇ ਬੇਈਮਾਨੀ ਛੱਡਣ ਦੀ ਸਿੱਖਿਆ ਦਿੱਤੀ ਤੇ ਮਿੱਠਾ ਬੋਲਣ ਦਾ ਉਪਦੇਸ਼ ਦਿੱਤਾ। ਇਹ ਵਿਦਵਾਨ ਉਹੀ ਗੱਲਾਂ ਕਰਨਗੇ, ਜੋ ਸਦੀਆਂ ਤੋਂ ਕਰਦੇ ਆ ਰਹੇ ਹਨ, ਪਰ ਕਦੇ ਮਹੱਤਵ ਦੀ ਗੱਲ ਤੀਕ ਨਹੀਂ ਅਪੜਨਗੇ। ਉਹ ਕਦੇ ਵੀ ਇਸ ਸਵਾਲ ਦਾ ਖੋਜਵਾਂ ਉਤਰ ਨਹੀਂ ਦੇਣਗੇ ਕਿ ਕੀ ਗੁਰੂ ਸਾਹਿਬ ਦਾ ਉਦੇਸ਼ ਇਹੀ ਉਪਦੇਸ਼ ਦੇਣਾ ਸੀ ਜਾਂ ਇਨ੍ਹਾਂ ਦੇ ਪਿਛੋਕੜ ਵਿਚ ਉਨ੍ਹਾਂ ਦਾ ਕੋਈ ਹੋਰ ਡੂੰਘਾ ਮਨੋਰਥ ਵੀ ਸੀ?

ਵਿਦਵਾਨ ਬੱਸ ਇਹੀ ਰਟਿਆ ਰਟਾਇਆ ਉਤਰ ਦੇਣਗੇ ਕਿ ਉਨ੍ਹਾਂ ਦਾ ਸਰਬੋਤਮ ਉਦੇਸ਼ ਮਨੁੱਖ ਨੂੰ ਮੁਕਤੀ ਦੇ ਰਾਹ ਪਾ ਕੇ ਪਰਮਾਤਮਾ ਨਾਲ ਮਿਲਾਉਣਾ ਸੀ। ਅੱਜ ਕੱਲ ਹਰ ਸਕੂਲ ਵਿਚ ਕਿਸੇ ਲਿਖਤ ਦਾ ਇਕ ਪੈਰ੍ਹਾ ਦੇ ਕੇ ਵਿਦਿਆਰਥੀਆਂ ਤੋਂ ਪੁੱਛਿਆ ਜਾਂਦਾ ਹੈ ਕਿ ਇਸ ਵਿਚ ਲੇਖਕ ਦਾ ਮਨੋਰਥ ਕੀ ਹੈ? ਸਿੱਖ ਵਿਦਵਾਨ ਸਦੀਆਂ ਤੋਂ ਪੂਰੇ ਦਾ ਪੂਰਾ ਗ੍ਰੰਥ ਸਾਹਿਬ ਪੜ੍ਹਦੇ ਆ ਰਹੇ ਹਨ, ਪਰ ਹਾਲੇ ਤੀਕ ਸਾਰਥਕ ਸ਼ਬਦਾਂ ਵਿਚ ਗੁਰੂ ਸਾਹਿਬ ਦਾ ਉਦੇਸ਼ ਨਹੀਂ ਦੱਸ ਸਕੇ।

ਵਿਚਾਰਪੂਰਣ ਗੱਲ ਇਹ ਹੈ ਕਿ ਗੁਰੂ ਸਾਹਿਬ ਦਾ ਮਨੋਰਥ ਸਿਰਫ ਕੁਝ ਇਕ ਉਪਦੇਸ਼ ਦੇਣਾ ਨਹੀਂ ਸੀ, ਸਗੋਂ ਮਨੁੱਖ ਅੰਦਰ ਉਸ ਸ੍ਰੋਤ ਤੀਕ ਪਹੁੰਚਣ ਦੀ ਜਗਿਆਸਾ ਤੇ ਸੇਧ ਪੈਦਾ ਕਰਨਾ ਸੀ, ਜਿਸ ਵਿਚੋਂ ਇਹ ਤੇ ਇਸ ਤਰ੍ਹਾਂ ਦੇ ਅਨੇਕਾਂ ਉਪਦੇਸ਼ ਨਿਕਲਦੇ ਹਨ। ਅਜਿਹੇ ਉਪਦੇਸ਼ ਤਾਂ ਅਨੇਕਾਂ ਹੋਰ ਦਾਰਸ਼ਨਿਕ ਵੀ ਦਿੰਦੇ ਰਹੇ ਸਨ, ਪਰ ਗਿਣਤੀ ਦੇ ਉਪਦੇਸ਼ਾਂ ਨਾਲ ਦੁਨੀਆਂ ਥੋੜ੍ਹੇ ਚਲਦੀ ਹੈ! ਦੁਨੀਆਂ ਸਮਝ, ਵਿਵੇਕ ਤੇ ਅਕਲ ਨਾਲ ਚਲਦੀ ਹੈ। ਉਪਦੇਸ਼ ਨੂੰ ਕੋਈ ਮੰਨੇ, ਨਾ ਮੰਨੇ, ਉਪਦੇਸ਼ ਦੇਣ ਵਾਲੇ ਨੇ ਤਾਮੀਲ ਲਈ ਨਾਲ ਥੋੜ੍ਹਾ ਜਾਣਾ ਹੈ। ਪਰ ਅਕਲ ਦਾ ਵਾਸ ਹਰ ਮਨੁੱਖ ਦੇ ਦਿਮਾਗ ਵਿਚ ਹੁੰਦਾ ਹੈ, ਉਹ ਜਿੱਥੇ ਜਾਵੇਗਾ, ਇਹ ਨਾਲ ਜਾਵੇਗੀ। ਅਕਲ ਉਸ ਨੂੰ ਅਗਿਆਨ ਤੋਂ ਗਿਆਨ ਤੀਕ ਪਹੁੰਚਾਉਂਦੀ ਹੈ ਤੇ ਸੁਣਿਐ ਤੋਂ ਸੱਚ ਤੀਕ ਲੈ ਕੇ ਜਾਂਦੀ ਹੈ। ਜੇ ਅਕਲ ਦੇ ਘੋੜੇ ਚੰਗੀ ਤਰ੍ਹਾਂ ਸਿਧਾਏ ਹੋਣਗੇ ਤਾਂ ਮਨੁੱਖ ਨੂੰ ਸਹੀ ਨਿਰਣੇ ਵਲ ਹੀ ਲੈ ਕੇ ਜਾਣਗੇ। ਜਿਸ ਕੋਲ ਅਕਲ ਦਾ ਗਿਆਨ-ਭੰਡਾਰ, ਨਿਰਪੱਖ ਵਿਸ਼ਲੇਸ਼ਣ-ਸ਼ਕਤੀ ਤੇ ਸੁਤੰਤਰ ਨਿਰਣੇ ਦਾ ਬੋਧ ਹੋਵੇ, ਉਸ ਨੂੰ ਕੋਈ ਭਰਮਾ ਨਹੀਂ ਸਕਦਾ। ਕੋਈ ਉਸ ਦਾ ਰਸਤਾ ਨਹੀਂ ਰੋਕ ਸਕਦਾ ਤੇ ਨਾ ਹੀ ਕੋਈ ਉਸ ਨੂੰ ਗਲਤ ਸਾਬਤ ਕਰ ਸਕਦਾ ਹੈ। ਉਹ ਸਭ ਮੰਜ਼ਿਲਾਂ ਤਰ ਕੇ ਪਾਰ ਕਰ ਜਾਵੇਗਾ।

ਅਕਲ ਦੀ ਵਰਤੋਂ ਤੋਂ ਅਣਜਾਣ ਵਿਅਕਤੀ ਸੁਣੀਐ ਭਾਵ ਸੁਣੀਆਂ ਸੁਣਾਈਆਂ ਗੱਲਾਂ ਤੋਂ ਭ੍ਰਮਿਤ ਹੋ ਜਾਂਦਾ ਹੈ ਤੇ ਵਿਸ਼ਵਾਸ ਵਿਚ ਫਸ ਜਾਂਦਾ ਹੈ। ਉਹ ਆਪਣਾ ਰਸਤਾ ਖੋ ਬੈਠਦਾ ਹੈ ਤੇ ਪੁਜਾਰੀ ਦੇ ਟੇਟੇ ਚੜ੍ਹ ਜਾਂਦਾ ਹੈ। ਪੁਜਾਰੀ ਉਸ ਨੂੰ ਅਲੌਕਿਕ ਕਥਾਵਾਂ ਸੁਣਾ ਕੇ ਵਿਸ਼ਵਾਸ-ਬੱਧ ਕਰਦਾ ਹੈ ਤੇ ਫਿਰ ਆਰਥਕ ਤੇ ਭਾਵਨਾਤਮਕ ਲੁੱਟ-ਖਸੁੱਟ ਦਾ ਪਾਤਰ ਬਣਾਉਂਦਾ ਹੈ। ਇਸ ਦਬਦਬੇ ਨੂੰ ਜਾਰੀ ਰੱਖਣ ਲਈ ਉਹ ਸੁਣਨ ਦੀ ਮਹਿਮਾ ਤੇ ਮੰਨਣ ਦੀ ਪ੍ਰਸ਼ੰਸਾ 'ਤੇ ਜ਼ੋਰ ਦਿੰਦਾ ਹੈ। ਮਹਾਨਤਾ ਉਹ ਗੁਰੂ ਸਾਹਿਬ ਦੀ ਕਰਦਾ ਹੈ, ਪਰ ਨਜ਼ਰ ਸ਼ਰਧਾਲੂ ਦੀ ਜੇਬ 'ਤੇ ਰੱਖਦਾ ਹੈ। ਵਿਹਲੜ ਜਮਾਤਾਂ ਲਈ ਇਸ ਤੋਂ ਸੌਖਾ ਤੇ ਮੋਟਾ ਹੋਰ ਕੋਈ ਵਿਵਸਾਏ ਨਹੀਂ ਹੈ। ਬੱਸ ਨਿੱਤ ਨਵੀਆਂ ਸਾਖੀਆਂ ਸੁਣਾ ਕੇ ਸ਼ਰਧਾਲੂਆਂ ਵਿਚ ਵਿਸ਼ਵਾਸ ਪੈਦਾ ਕਰਨਾ ਤੇ ਉਨ੍ਹਾਂ ਦੀ ਨਫਰੀ ਵਧਾ ਕੇ ਗੋਲਕ ਭਰਨਾ ਉਨ੍ਹਾਂ ਦਾ ਮੁੱਖ ਰੁਝਾਨ ਹੈ। ਇਸ ਕੰਮ ਲਈ ਇਹ ਵਰਗ ਐਸੇ ਐਸੇ 'ਗ੍ਰੰਥਾਂ' ਨੂੰ ਮਾਨਤਾ ਦਿੰਦਾ ਹੈ, ਜਿਨ੍ਹਾਂ ਵਿਚ ਅਲੌਕਿਕ ਕਾਰਨਾਮਿਆਂ ਤੇ ਅਧਭੁਤ ਕਰਾਮਾਤਾਂ ਦੀ ਭਰਮਾਰ ਹੋਵੇ। ਧਨ ਅਤੇ ਜਸ ਦੇ ਇਸ ਸੌਖੇ ਖੇਤਰ ਵਿਚ ਅਣਗਿਣਤ ਅਜਾਰੇਦਾਰੀ ਸਾਧ ਸੰਤ ਉਤਰ ਆਉਂਦੇ ਹਨ, ਜੋ ਆਪਣੀਆਂ ਆਪਣੀਆਂ ਵਿਲੱਖਣ ਡੇਰੇਦਾਰੀਆਂ ਕਾਇਮ ਕਰ ਲੈਂਦੇ ਹਨ। ਇਨ੍ਹਾਂ ਡੇਰੇਦਾਰੀਆਂ ਰਾਹੀਂ ਭਾਵ ਵੱਖ ਵੱਖ ਪੰਥਾਂ ਰਾਹੀਂ ਉਹ ਗੁਰੂ ਨਾਨਕ ਦੇ ਸਿੱਖਾਂ ਨੂੰ ਆਪਣੇ ਸ਼ਰਧਾਲੂਆਂ ਵਿਚ ਤਬਦੀਲ ਕਰਦੇ ਰਹਿੰਦੇ ਹਨ।

ਫਿਰ ਇਹ ਡੇਰੇਦਾਰ ਤੇ ਪੁਜਾਰੀ ਭਲਾ ਕਿਉਂ ਦੱਸਣਗੇ ਕਿ ਗੁਰੂ ਸਾਹਿਬ ਦਾ ਆਮ ਉਪਦੇਸ਼ਾਂ ਤੋਂ ਉਤਲਾ ਵੀ ਕੋਈ ਸਰੋਕਾਰ ਸੀ! ਉਹ ਕਿਉਂ ਕਿਸੇ ਗਿਆਨ ਜਾਂ ਤਰਕ ਦਲੀਲ ਦੀ ਗੱਲ ਕਰਨਗੇ? ਉਹ ਆਪਣੇ ਸ਼ਰਧਾਲੂਆਂ ਨੂੰ ਅਨੇਕ ਤੋਂ ਏਕ, ਭਾਵ ਅਗਿਆਨ ਤੋਂ ਗਿਆਨ ਤੀਕ ਲੈਜਾ ਕੇ ਆਪਣੇ ਪੈਰਾਂ ਉਤੇ ਆਪ ਕੁਹਾੜਾ ਕਿਉਂ ਮਾਰਨਗੇ? ਜੇ ਉਹ ਇਕ ਮਾਰਗ 'ਤੇ ਚਲਣ ਵਾਲੇ ਹੋਣ ਤਾਂ ਵੱਖ ਵੱਖ ਡੇਰੇਦਾਰੀਆਂ ਕਿਉਂ ਪੈਦਾ ਕਰਨ? ਇਕ ਮਾਰਗ ਭਾਵ ਮੰਨੇ ਦੇ ਵਿਚਾਰ-ਮੰਥਨ ਵਾਲੇ ਰਾਹ ਚਲਦਿਆਂ ਤਾਂ ਫਿਰਕੇਦਾਰੀਆਂ ਦੀ ਲੋੜ ਹੀ ਨਹੀਂ। ਫਿਰ ਤਾਂ ਉਹ ਆਪਣੇ ਦਿਮਾਗ ਦੀ ਵਰਤੋਂ ਨਾਲ ਆਪਣੇ ਫਰਜ਼ ਪਛਾਣਨ ਤੇ ਪੰਥਾਂ-ਡੇਰਿਆਂ ਪਿੱਛੇ ਨੱਸਣ ਨਾਲੋਂ ਆਪਣੇ ਗੁਜਾਰੇ ਲਈ ਹੱਥੀਂ ਘਾਲਣਾ ਵਾਲਾ ਕੋਈ ਕੰਮ ਧੰਦਾ ਕਰਨ। ਇਹੀ ਤਾਂ ਅਰਥ ਐ ਗੁਰੂ ਸਾਹਿਬ ਦੀਆਂ ਤੁਕਾਂ 'ਮੰਨੈ ਮਗੁ ਨ ਚਲੈ ਪੰਥੁ' ਤੇ 'ਮੰਨੈ ਧਰਮ ਸੇਤੀ ਸਨਬੰਧੁ' ਦਾ!

ਇਹ ਅਰਥ ਸਭ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਨੂੰ ਖਰਵੇ ਲਗਦੇ ਹਨ। ਉਹ ਆਪਣੇ ਹਿੱਤਾਂ ਅਨੁਸਾਰ ਇਨ੍ਹਾਂ ਤੁਕਾਂ ਦੇ ਅਧਿਆਤਮਵਾਦੀ ਅਰਥ ਹੀ ਕਰਦੇ ਹਨ। ਮਿਸਾਲ ਵਜੋਂ ਇਹ ਪੂਰੀ ਪਉੜੀ ਅਤੇ ਇਸ ਦੀ ਪ੍ਰਸਿੱਧ ਸਿੱਖ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਦੀ ਕੀਤੀ ਵਿਆਖਿਆ ਹੇਠ ਲਿਖੀ ਹੋਈ ਹੈ,

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥

ਇਸ ਪਉੜੀ ਦੇ ਅਰਥ ਕਰਦਿਆਂ ਭਾਈ ਪਿੰਦਰਪਾਲ ਲਿਖਦੇ ਹਨ, "ਨਾਮ ਨੂੰ ਮੰਨਣ ਵਾਲੇ ਜੀਵ ਨੂੰ (ਮਾਰਗਿ) ਪਰਮਾਤਮਾ ਦੀ ਪ੍ਰਾਪਤੀ ਦੇ ਰਸਤੇ 'ਤੇ ਚਲਦਿਆਂ ਕੋਈ ਮੁਸ਼ਕਿਲ (ਠਾਕ) ਰੁਕਾਵਟ ਨਹੀਂ ਪਾ ਸਕਦੀ। ਨਾਮੁ ਨੂੰ ਮੰਨ ਲੈਣ ਵਾਲੇ ਉਸ ਕਰਮ ਖੰਡੀ ਨੂੰ ਪਰਮਾਤਮਾ ਦੁਨੀਆਂ ਦੇ ਵਿਚ ਬੜੀ ਇੱਜਤ ਮਾਣ ਨਾਲ ਪ੍ਰਗਟ ਕਰ ਦਿੰਦਾ ਹੈ। ਨਾਮ ਨੂੰ ਮੰਨਣ ਵਾਲਾ ਜੀਵ ਸਿਰਫ ਇਕੋ ਹੀ ਗੁਰੂ ਦੇ ਦੱਸੇ (ਮਗੁ) ਮਾਰਗ 'ਤੇ ਚਲਦਾ ਹੈ ਅਤੇ ਭਾਵ ਉਸ ਨੂੰ ਇਕ ਵਾਹਿਗੁਰੂ 'ਤੇ ਪੂਰਨ ਭਰੋਸਾ ਹੋ ਜਾਂਦਾ ਹੈ। ਨਾਮ ਨੂੰ ਮੰਨਣ ਵਾਲੇ ਜੀਵ ਦਾ ਸਬੰਧ (ਧਰਮ) ਉਚੇ-ਸੁੱਚੇ ਆਚਰਨ ਵਾਲਾ, ਭਾਣੇ ਵਿਚ ਰਹਿਣ ਵਾਲਾ ਹੋ ਜਾਂਦਾ ਹੈ। ਉਸ ਵਾਹਿਗੁਰੂ ਦਾ ਐਸਾ (ਨਿਰੰਜਨੁ) ਮਾਇਆ ਦੇ ਪ੍ਰਭਾਵ ਤੋਂ ਰਹਿਤ, ਜੋ ਪਵਿਤਰ ਨਾਮ ਹੈ। ਜੋ ਕੋਈ ਮਨੁੱਖ ਵਾਹਿਗੁਰੂ ਜੀ ਦੇ ਪਵਿਤਰ ਨਾਮ ਨੂੰ ਮੰਨ ਕੇ ਮਨ ਵਿਚ ਵਸਾ ਲੈਂਦਾ ਹੈ, ਤਾਂ ਉਹ ਵੀ ਸੁਧ ਸਰੂਪ ਵਾਹਿਗੁਰੂ ਜੀ ਦਾ ਰੂਪ ਹੋ ਜਾਂਦਾ ਹੈ।"

ਭਾਈ ਪਿੰਦਰਪਾਲ ਸਿੰਘ ਨਾਮਣੇ ਵਾਲੇ ਸਿੱਖ ਪ੍ਰਚਾਰਕ ਹਨ। ਜੇ ਉਹ ਲਿਖਣ ਕਿ ਨਾਮ ਨੂੰ ਮੰਨਣ ਵਾਲੇ ਜੀਵ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਰਸਤੇ 'ਤੇ ਚਲਦਿਆਂ ਕੋਈ ਮੁਸ਼ਕਿਲ ਰੁਕਾਵਟ ਨਹੀਂ ਪਾ ਸਕਦੀ ਤਾਂ ਗੱਲ ਸਮਝ ਨਹੀਂ ਆਉਂਦੀ। ਨਾਮ ਤਾਂ ਇਕ ਸਰਵਜਨਿਕ ਸੰਕੇਤਕ ਹੈ, ਜੋ ਕਿਸੇ ਵਿਅਕਤੀ, ਸਥਾਨ ਜਾਂ ਚੀਜ਼ ਦੀ ਥਾਂ ਲੱਗ ਕੇ ਉਸ ਨੂੰ ਜਾਹਰ ਕਰਦਾ ਹੈ। ਇਸ ਲਈ ਕਿਸੇ ਨਾਮ ਵਾਲੇ ਨੂੰ ਤਾਂ ਮੰਨਿਆ ਜਾ ਸਕਦਾ ਹੈ, ਪਰ ਨਾਮ ਨੂੰ ਕੋਈ ਕਿਵੇਂ ਮੰਨ ਸਕਦਾ ਹੈ! ਜੋ ਉਹ ਪਰਮਾਤਮਾ ਭਾਵ ਪਰਮ-ਸਤਿ ਦੇ ਨਾਮ ਦੀ ਗੱਲ ਕਰਦਾ ਹੈ, ਉਹ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੈ। ਗੁਰੂ ਸਾਹਿਬ ਆਪ ਫੁਰਮਾਉਂਦੇ ਹਨ, "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।" ਭਾਵ ਉਸ ਨੇ ਆਪ ਹੀ ਆਪਣੇ ਆਪ ਨੂੰ ਬਣਾਇਆ ਹੈ ਤੇ ਆਪ ਹੀ ਆਪਣਾ ਨਾਮ ਰੱਖਿਆ ਹੈ। ਅਰਥਾਤ ਇਸ ਗਿਆਨ ਦਾ ਕੋਈ ਹੋਰ ਭਾਗੀਦਾਰ ਨਹੀਂ ਹੈ। ਹੋਵੇ ਵੀ ਕਿਵੇਂ? ਗੁਰੂ ਸਾਹਿਬ ਇਹ ਵੀ ਕਹਿੰਦੇ ਹਨ, "ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥" ਕੀ ਇਹ ਪ੍ਰਚਾਰਕ ਇੱਡਾ ਉਚਾ ਹੋ ਗਿਆ ਹੈ ਕਿ ਉਸ ਦਾ ਨਾਮ ਜਾਣਨ ਲਗ ਪਿਆ ਹੈ? ਜੇ ਨਹੀਂ ਤਾਂ ਉਹ ਸੰਗਤਾਂ ਨੂੰ ਸੱਚ ਦੱਸੇ ਕਿ ਉਸ ਕਰਤੇ ਦਾ ਨਾਮ ਤਾਂ ਹਾਲੇ ਖੋਜਣਾ ਹੈ। ਫਿਰ ਦੇਖੇ, ਜੇ ਅਗਲੇ ਦਿਨ ਅੱਧੀ ਸੰਗਤ ਵੀ ਜੁੜ ਜਾਵੇ।

ਰਹੀ ਗੱਲ ਨਾਮ ਦੇ ਰਾਹ ਚਲਦਿਆਂ ਰੁਕਾਵਟ ਦੀ, ਉਹ ਤਾਂ ਪਈ ਹੀ ਹੋਈ ਹੈ, ਜੋ ਇਹ ਨਾਮਾਵਰ ਵਿਆਖਿਆਕਾਰ ਖੁਦ ਸਦੀਆਂ ਪੁਰਾਣੀ ਸੁਣਾਈ ਵਿਆਖਿਆ ਤੋਂ ਇੱਕ ਇੰਚ ਵੀ ਅੱਗੇ ਨਹੀਂ ਵਧ ਸਕਿਆ ਹੈ। ਜਿਸ ਪਰਮਾਤਮਾ ਦੀ ਪ੍ਰਾਪਤੀ ਦੇ ਰਸਤੇ ਨੂੰ ਉਹ ਰੁਕਾਵਟ ਮੁਕਤ ਦੱਸਦਾ ਹੈ, ਉਸ ਰਸਤੇ ਵਿਚ ਤਾਂ ਇੰਨੀਆਂ ਰੁਕਾਵਟਾਂ ਹਨ ਕਿ ਦੱਸਣਾ ਮੁਸ਼ਕਿਲ ਹੈ। ਇਨ੍ਹਾਂ ਕਾਰਨ ਤਾਂ ਅੱਜ ਤੀਕ ਉਸ ਨੂੰ ਕੋਈ ਪਾ ਨਹੀਂ ਸਕਿਆ। ਜੇ ਕੋਈ ਇਸ ਗੱਲ ਤੋਂ ਮੁਨਕਰ ਹੈ ਤਾਂ ਸਾਹਮਣੇ ਆ ਕੇ ਆਪਣੀ ਪ੍ਰਾਪਤੀ ਦਾ ਖੁਲਾਸਾ ਕਰੇ।

ਪਰ ਇਹ ਸਭ ਬਹਿਸ ਤਾਂ ਉਂਜ ਹੀ ਨਿਰਮੂਲ ਹੈ, ਕਿਉਂਕਿ ਗੁਰੂ ਸਾਹਿਬ ਵਲੋਂ ਤਾਂ ਉਪਰੋਕਤ ਪਉੜੀ ਦੀ ਕਿਸੇ ਤੁਕ ਵਿਚ 'ਪਰਮਾਤਮਾ' ਤੇ ਉਸ ਦੇ ਨਾਮ ਦਾ ਜ਼ਿਕਰ ਹੀ ਨਹੀਂ ਕੀਤਾ ਹੋਇਆ। ਇਹ ਸ਼ਬਦ ਤਾਂ ਭਾਈ ਨੇ ਆਪਣੇ ਕੋਲੋਂ ਜੋੜੇ ਹਨ। ਇਸ ਲਈ ਇਸ ਸ਼ਬਦ-ਵਿਗੜ ਵਾਲੀ ਵਿਆਖਿਆ ਤਾਂ ਉਂਜ ਹੀ ਪ੍ਰਮਾਣਿਤ ਨਹੀਂ। ਜਦੋਂ ਇਸ ਲਾਈਨ ਦੇ ਅਰਥ ਹੀ ਸ਼ਬਦਾਂ ਤੋਂ ਉਖੜੇ ਹੋਏ ਹਨ, ਫਿਰ ਇਹ ਕਹਿਣਾ ਵੀ ਨਿਰਾਰਥਕ ਹੈ ਕਿ ਨਾਮ ਲੈਣ ਵਾਲੇ ਨੂੰ 'ਪਰਮਾਤਮਾ' ਇੱਜਤ ਨਾਲ ਪਰਗਟ ਕਰ ਦਿੰਦਾ ਹੈ ਜਾਂ ਨਾਮ ਲੈਣ ਵਾਲਾ ਮਨੁੱਖ ਭਾਣੇ ਵਿਚ ਰਹਿਣ ਵਾਲਾ ਹੋ ਜਾਂਦਾ ਹੈ।

'ਨਾਮ' ਤਾਂ ਵਿਦਵਾਨ ਡਾ. ਪਿਆਰ ਸਿੰਘ ਵੀ ਜਰੂਰ ਲੈਂਦੇ ਹੋਣਗੇ, ਉਨ੍ਹਾਂ ਨੂੰ ਤਾਂ ਪੁਜਾਰੀਆਂ ਨੇ ਤਨਖਾਹ ਲਾ ਕੇ ਦੱਸਿਆ ਵੀ ਨਹੀਂ ਸੀ ਕਿ ਉਨ੍ਹਾਂ ਦਾ ਕਸੂਰ ਕੀ ਹੈ? ਰਹੀ ਗੱਲ ਭਾਣੇ ਦੀ, ਇਸ ਤੋਂ ਬਾਹਰ ਰਹਿਣ ਵਾਲਾ ਅਜੇ ਤੀਕ ਤਾਂ ਕੋਈ ਪੈਦਾ ਨਹੀਂ ਹੋਇਆ। ਆਪਣੀ ਮਰਜੀ ਨਾਲ ਕੋਈ ਜਨਮਿਆ ਨਹੀਂ ਤੇ ਮੌਤ ਅੱਗੇ ਕੋਈ ਅੜਿਆ ਨਹੀਂ। ਐਸੇ ਆਧੁਨਿਕ ਪ੍ਰਚਾਰਕ ਤੋਂ ਕੋਈ ਸਹੀ ਵਿਆਖਿਆ ਦੀ ਤਵੱਕੋ ਵੀ ਕੀ ਕਰੇ, ਜਿਸ ਨੂੰ ਅੰਧ-ਵਿਸ਼ਵਾਸ ਰਾਹੀਂ ਸੰਗਤ ਨੂੰ ਪੂਜਾ ਪਾਠ ਦੇ ਰਾਹ ਪਾਈ ਰੱਖਣ ਅਤੇ ਵੱਡੇ ਦੀਵਾਨਾਂ ਰਾਹੀਂ ਵੱਧ ਤੋਂ ਵੱਧ ਮਾਇਆ ਦੇ ਗੱਫੇ ਬਟੋਰਨ ਦੀ ਮਜ਼ਬੂਰੀ ਹੋਵੇ।

ਇਸ ਪਉੜੀ ਦੀ ਸਾਖਸ਼ਾਤ ਤੇ ਸਹੀ ਵਿਆਖਿਆ ਇਸ ਪ੍ਰਕਾਰ ਹੈ, "ਮਨਨ ਭਾਵ ਮਨ ਵਿਚ ਸੋਚ ਵਿਚਾਰ ਕਰਕੇ ਫੈਸਲਾ ਲੈਣਾ ਅਕਲ ਵਾਲਾ ਰਸਤਾ ਹੈ। ਇਸ ਸ਼ਾਹ ਮਾਰਗ 'ਤੇ ਚਲਦਿਆਂ ਕੋਈ ਰੁਕਾਵਟ ਨਹੀਂ ਆਉਂਦੀ। ਭਾਵ ਜੇ ਕੋਈ ਦੁਵਿਧਾ ਹੋਵੇ ਵੀ, ਉਹ ਮਨਨ ਨਾਲ ਦੂਰ ਹੋ ਜਾਂਦੀ ਹੈ। ਅਰਥਾਤ ਤਰਕ ਵਿਵੇਕ ਦੇ ਰਾਹ ਚਲਣ ਵਾਲੇ ਵਿਅਕਤੀ ਲਈ ਜੇ ਇਕ ਰਸਤਾ ਬੰਦ ਹੋਣ ਲਗਦਾ ਹੈ ਤਾਂ ਸੰਵਾਦ ਰਾਹੀਂ ਦੂਜਾ ਸਹੀ ਰਸਤਾ ਆਪੇ ਖੁਲ੍ਹ ਜਾਂਦਾ ਹੈ। ਮੰਨਣ ਦੇ ਰਾਹ ਦਾ ਰਾਹੀ ਆਤਮ ਸਨਮਾਨ ਨਾਲ ਚਲਦਾ ਹੈ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਰਾਹ ਸਹੀ ਹੈ। ਮੰਨੇ ਦਾ ਸ਼ਾਹ ਮਾਰਗੀ ਭੀੜੀਆਂ ਦਲਦਲੀ ਪਗਡੰਡੀਆਂ 'ਤੇ ਨਹੀਂ ਪੈਂਦਾ। ਅਰਥਾਤ ਜੇ ਸ਼ਰਧਾਲੂ ਆਪਣਾ ਦਿਮਾਗ ਵਰਤ ਕੇ ਸੋਚ ਵਿਚਾਰ ਤੋਂ ਕੰਮ ਲਵੇ ਤਾਂ ਡੇਰੇਦਾਰੀ ਸਾਧਾਂ-ਸੰਤਾਂ ਦੇ ਚਰਨੀਂ ਡਿੱਗਣ ਨਾ ਭੱਜੇ। ਫਿਰ ਤਾਂ ਉਹ ਆਪਣੀਆਂ ਨਿਯਮਿਤ ਜ਼ਿੰਮੇਵਾਰੀਆਂ ਨਾਲ ਹੀ ਸਬੰਧ ਰੱਖੇ। ਜਿਸ ਨੂੰ ਨਿਰੰਜਣ ਕਿਹਾ ਜਾਂਦਾ ਹੈ, ਉਸ ਦਾ ਨਾਮ ਵੀ ਮਨਨ, ਭਾਵ ਵਿਚਾਰ-ਸੰਵਾਦ ਰਾਹੀਂ ਹੀ ਜਾਣਿਆਂ ਜਾ ਸਕਦਾ ਹੈ, ਪਰ ਜੇ ਕੋਈ ਜਾਣਨ ਦੀ ਕੋਸ਼ਿਸ਼ ਕਰੇ, ਤਾਂ!"

ਇਸ ਤਰ੍ਹਾਂ ਕਰਾਮਾਤਾਂ ਦੇ ਸਹਾਰੇ ਗੁਰੂ ਸਾਹਿਬ ਦੀ ਮਹਾਨਤਾ ਦੇ ਫੋਕੇ ਪੁਲ ਬੰਨਣ ਵਾਲੇ ਅਜੋਕੇ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਜਦੋਂ ਮੰਨੇ ਦੀਆਂ ਪਉੜੀਆਂ ਪੜ੍ਹ ਹਟਣ ਤਾਂ ਸਵਾਰਥ ਤੋਂ ਥੋੜਾ ਉਪਰ ਉਠਣ। ਉਹ ਫਿਰ ਦੇਖਣ ਕਿ ਇਨ੍ਹਾਂ ਵਿਚ ਦਿੱਤੇ ਵਿਚਾਰ ਕਿੰਨੇ ਸਲਾਹੁਣਯੋਗ ਤੇ ਮਹਾਨ ਹਨ। ਉਹ ਜਾਣਨ ਦੀ ਕੋਸ਼ਿਸ਼ ਕਰਨ ਕਿ ਆਲਮੀ ਪੱਧਰ ਉਤੇ ਇਨ੍ਹਾਂ ਵਿਚਾਰਾਂ ਦੀਆਂ ਤੰਦਾਂ ਕਿੱਥੇ ਕਿੱਥੇ ਜੁੜਦੀਆਂ ਹਨ।

ਕੋਈ ਪੱਚੀ ਸੌ ਸਾਲ ਪਹਿਲਾਂ ਯੂਨਾਨ ਵਿਚ ਪੱਛਮੀ ਫਿਲਾਸਫੀ ਦਾ ਪਿਤਾਮਾ ਸੁਕਰਾਤ ਪੈਦਾ ਹੋਇਆ। ਉਹ ਮਹਾਨ ਦਾਰਸ਼ਨਿਕ ਉਸ ਵੇਲੇ ਦੁਨੀਆਂ ਦਾ ਸਭ ਤੋਂ ਸਿਆਣਾ (wisest) ਪੁਰਖ ਐਲਾਨਿਆ ਗਿਆ ਸੀ, ਪਰ ਜਦੋਂ ਉਸ ਤੋਂ ਉਸ ਦੀ ਸਿਆਣਪ ਦਾ ਰਾਜ਼ ਪੁੱਛਿਆ ਗਿਆ ਤਾਂ ਉਸ ਨੇ ਕਿਹਾ, "ਮੇਰੀ ਸਿਆਣਪ ਇਹ ਹੈ ਕਿ ਮੈਂ ਜਾਣਦਾ ਹਾਂ ਮੇਰੇ ਕੋਲ ਕੋਈ ਸਿਆਣਪ ਨਹੀਂ। ਮੈਂ ਤਾਂ ਸਿਰਫ ਲੋਕਾਂ ਦੀਆਂ ਪੁੱਠੀਆਂ ਗੱਲਾਂ ਨੂੰ ਸਿੱਧਾ ਕਰਦਾ ਹਾਂ ਤੇ ਲੋਕ ਉਸ ਨੂੰ ਸਿਆਣਪ ਸਮਝ ਲੈਂਦੇ ਹਨ।"

ਸੁਕਰਾਤ ਸੰਵਾਦ (dialogue) ਵਿਧੀ ਦਾ ਮਾਹਿਰ ਸੀ, ਜਿਸ ਵਿਚ ਸੋਚ ਵਿਚਾਰ ਦੀਆਂ ਸਭ ਉਚ-ਪੱਧਰੀ ਕ੍ਰਿਆਵਾਂ ਦਾ ਪ੍ਰਯੋਗ ਹੁੰਦਾ ਹੈ। ਗੁਰੂ ਸਾਹਿਬ ਨਾ ਸੁਕਰਾਤ ਨੂੰ ਮਿਲੇ ਤੇ ਨਾ ਹੀ ਉਨ੍ਹਾਂ ਉਸ ਦੀ ਕੋਈ ਲਿਖਤ ਪੜ੍ਹੀ। ਅਸਲ ਵਿਚ ਸੁਕਰਾਤ ਦੀ ਕੋਈ ਲਿਖਤ ਹੈ ਹੀ ਨਹੀਂ, ਜਿਸ ਨੂੰ ਕੋਈ ਪੜ੍ਹੇ। ਉਸ ਦਾ ਤਾਂ ਸਾਰਾ ਜ਼ਿਕਰ ਪਲੈਟੋ ਦੀਆਂ ਲਿਖਤਾਂ ਵਿਚੋਂ ਮਿਲਦਾ ਹੈ। ਤਾਂ ਵੀ ਗੁਰੂ ਸਾਹਿਬ ਨੇ ਸੁਤੇ-ਸਿੱਧ ਉਹੀ ਸੰਵਾਦੀ ਢੰਗ ਅਪਨਾਇਆ ਤੇ ਉਸੇ ਤਰਕ-ਵਿਵੇਕ ਦੀ ਵਰਤੋਂ ਕੀਤੀ, ਜੋ ਦੁਨੀਆਂ ਦੇ ਸਭ ਤੋਂ ਸਿਆਣੇ ਮਨੁੱਖ ਨੇ ਕਦੇ ਵਰਤੀ ਸੀ। ਉਹ ਵੀ ਇਹੀ ਕਹਿੰਦੇ ਸਨ ਕਿ ਉਹ ਕੁਝ ਨਹੀਂ ਜਾਣਦੇ ਤੇ ਉਨ੍ਹਾਂ ਨੇ ਵੀ ਲੋਕਾਂ ਦੀ ਉਲਟੀ ਸੋਚ ਨੂੰ ਸਿੱਧਾ ਕੀਤਾ ਸੀ। ਸਾਰਾ ਜਪੁਜੀ ਸਾਹਿਬ ਇਸੇ ਗੱਲ ਦਾ ਮੂੰਹ ਬੋਲਦਾ ਪ੍ਰਮਾਣ ਹੈ, ਪਰ ਗੁਰੂ ਸਾਹਿਬ ਦੀ ਸੁਕਰਾਤ ਤੋਂ ਵੀ ਵੱਡੀ ਦੇਣ ਹੈ। ਉਨ੍ਹਾਂ ਨੇ ਕੁੱਲ ਲੁਕਾਈ ਸੋਧਣ ਲਈ ਆਪਣੇ ਵਿਚਾਰਾਂ ਨੂੰ ਇਕ ਸੁੰਦਰ ਬਾਣੀ ਵਿਚ ਲਿਖਤ-ਬੱਧ ਕੀਤਾ। ਉਨ੍ਹਾਂ ਦੀ ਸੰਵਾਦ ਕਲਾ ਵੀ ਸੁਕਰਾਤ ਨਾਲੋਂ ਕਿਤੇ ਉਤਮ ਸੀ। ਸੁਕਰਾਤ ਨੂੰ ਸੱਚ ਕਹਿਣ ਲਈ ਆਪਣੇ ਹੀ ਦੇਸ ਵਿਚ ਫਾਂਸੀ ਹੋਈ, ਜਦੋਂ ਕਿ ਗੁਰੂ ਸਾਹਿਬ ਨੇ ਦੇਸ-ਪਰਦੇਸ ਜਾ ਕੇ ਸੱਚ ਦਾ ਹੋਕਾ ਦਿੱਤਾ, ਪਰ ਕਿਸੇ ਉਂਗਲ ਨਹੀਂ ਉਠਾਈ। ਸਿਆਣਿਆਂ ਦੇ ਸਿਆਣੇ ਇਸ ਜਗਤ-ਗੁਰੂ ਨੂੰ ਕਰਾਮਾਤਾਂ ਨਾਲ ਮਹਾਨ ਬਣਾਉਣ ਦੀ ਕੋਸ਼ਿਸ਼ ਕਰਨਾ, ਉਸ ਦੀ ਮਹਾਨਤਾ ਬਾਰੇ ਸਰਾਸਰ ਅਗਿਆਨ ਹੈ।

ਇਹੀ ਨਹੀਂ, ਸੁਕਰਾਤ ਤੋਂ ਬਾਅਦ ਉਸ ਦੇ ਵਿਦਿਆਰਥੀ ਪਲੈਟੋ ਨੇ ਉਸ ਦੇ ਢੰਗ ਤਰੀਕੇ ਅਪਨਾ ਕੇ ਆਦਰਸ਼ਵਾਦ (idealism) ਨੂੰ ਸਿਖਰ ਤੀਕ ਪਹੁੰਚਾਇਆ। ਪਲੈਟੋ ਦੇ ਸ਼ਾਗਿਰਦ ਅਰਸਤੂ ਨੇ ਵਿਗਿਆਨ ਦੀ ਨੀਂਹ ਰੱਖੀ ਤੇ ਉਹ ਵਿਗਿਆਨ ਦਾ ਪਿਤਾਮਾ ਅਖਵਾਇਆ। ਇਹ ਉਹੀ ਦਾਰਸ਼ਨਿਕ ਸੀ, ਜਿਸ ਨੇ ਮਨੁੱਖ ਨੂੰ ਤਰਕਸੰਗਤ ਜੀਵ ਕਹਿ ਕੇ ਦੂਜੇ ਸਭ ਜੀਵਾਂ ਤੋਂ ਉਚਾ ਕਿਹਾ ਸੀ। ਇਸੇ ਨੇ ਦਿਮਾਗੀ ਸੂਝ-ਬੂਝ ਦੇ ਕੰਮ ਨੂੰ ਮਨੁੱਖ ਦੀ ਸਭ ਤੋਂ ਸ੍ਰੇਸ਼ਠ ਗਤੀਵਿਧੀ ਦੱਸਿਆ ਸੀ; ਪਰ ਯੂਨਾਨੀ ਦਾਰਸ਼ਨਿਕਾਂ ਦੇ ਇਹ ਤਰਕਸ਼ੀਲ ਵਿਚਾਰ ਕਈ ਸਦੀਆਂ ਤੀਕ ਇਸਾਈ ਮੱਤ ਦੇ ਅੰਧੇਰੇ ਕਾਲ ਹੇਠ ਦਬੇ ਰਹੇ, ਪਰ ਜਿਉਂ ਹੀ ਚੌਧਵੀਂ-ਪੰਦਰ੍ਹਵੀਂ ਸਦੀ ਵਿਚ ਯੂਰਪ ਵਿਚ ਇਹ ਵਿਚਾਰ ਮੁੜ-ਸੁਰਜੀਤ ਹੋਏ, ਗੁਰੂ ਨਾਨਕ ਨੇ ਉਸ ਤੋਂ ਵੀ ਪਹਿਲਾਂ ਪੂਰਬ ਵਿਚ ਤਰਕ ਵਿਵੇਕ ਦਾ ਹੋਕਾ ਦੇ ਦਿੱਤਾ। ਯੂਰਪ ਵਿਚ ਮਾਰਟਿਨ ਲੂਥਰ ਨੇ 1515 ਈ. ਵਿਚ ਜਦੋਂ ਇਸਾਈ ਵਿਚ ਧਰਮ ਸੁਧਾਰ ਅੰਦੋਲਨ ਸ਼ੁਰੂ ਕੀਤਾ, ਗੁਰੂ ਸਾਹਿਬ ਉਸ ਤੋਂ ਵੀ ਪਹਿਲਾਂ ਪੂਰਬੀ ਧਰਮਾਂ ਦੇ ਕਰਮ-ਕਾਂਡੀ ਪਖੰਡਾਂ ਵਿਰੁਧ ਜਾਗਿਓਤੀ ਲਹਿਰ ਚਲਾ ਚੁਕੇ ਸਨ।

ਪੱਛਮ ਵਿਚ ਰੈਨੇਸਾਂਸ ਨੂੰ ਫਲ ਪਿਆ ਤੇ ਯੂਰਪ ਕਾਮਯਾਬ ਹੋ ਕੇ ਵਿਗਿਆਨ ਵਲ ਨਿਕਲ ਗਿਆ, ਪਰ ਗੁਰੂ ਨਾਨਕ ਦੀ ਸਿੱਖੀ ਨੂੰ ਇਕ ਨਵਾਂ ਧਰਮ ਬਣਾ ਕੇ ਪੂਰਬ ਫਿਰ ਅੰਧ-ਵਿਸ਼ਵਾਸ ਦੇ ਰਸਤੇ ਚੱਲ ਪਿਆ। ਗੁਰੂ ਸਾਹਿਬ ਨੇ ਮਨੁੱਖਤਾ ਦਾ ਮੋਹਰੀ ਬਣ ਕੇ ਮਨੁੱਖਤਾ ਨੂੰ ਆਪਣੇ ਦਿਮਾਗ ਤੇ ਤਰਕ-ਦਲੀਲ ਤੋਂ ਕੰਮ ਲੈਣ ਦੀ ਸਿੱਖਿਆ ਦਿੱਤੀ ਸੀ। ਸੁਣਿਐ ਤੇ ਮੰਨੈ ਦੀਆਂ ਪਉੜੀਆਂ ਰਚ ਕੇ ਗਿਆਨ ਪ੍ਰਾਪਤੀ ਦਾ ਢੰਗ ਦੱਸਿਆ ਸੀ, ਪਰ ਉਨ੍ਹਾਂ ਦੇ ਸਿੱਖ ਉਨ੍ਹਾਂ ਦੀ ਗੱਲ ਨੂੰ ਸਮਝ ਨਾ ਸਕੇ। ਸ਼ਾਇਦ ਉਹ ਪਰਾਈ ਟੇਕ ਤੋਂ ਟੁੱਟ ਕੇ ਜਾਗਰੂਕਤਾ ਅਤੇ ਆਤਮ-ਵਿਸ਼ਵਾਸ ਨਾਲ ਜੁੜਨ ਦੀ ਹਿੰਮਤ ਨਾ ਜੁਟਾ ਸਕੇ। ਇਸੇ ਲਈ ਉਨ੍ਹਾਂ ਨੇ ਗੁਰੂ ਸਾਹਿਬ ਦੇ ਵਡਮੁੱਲੇ ਸ਼ਬਦ ਮੱਥੇ ਟੇਕਣ ਵਿਚ ਰੋਲ ਦਿੱਤੇ। ਉਨ੍ਹਾਂ ਗੁਰੂ ਆਗਿਆ ਅਨੁਸਾਰ ਆਪਣਾ ਮੱਥਾ ਨਹੀਂ ਵਰਤਿਆ, ਸਗੋਂ ਇਸ ਦੀਆਂ ਕਰਮ-ਕਾਂਡੀ ਲਕੀਰਾਂ ਵਰਤੀਆਂ। ਇਹੀ ਕਾਰਨ ਹੈ ਕਿ ਰਾਹੋਂ ਭਟਕੇ ਸਿੱਖ ਵਿਦਵਾਨ ਅੱਜ ਇਕ ਆਲਮੀ ਪੱਧਰ ਦੇ ਜਗਤ-ਗੁਰੂ ਦੀ ਪ੍ਰਸ਼ੰਸਾ ਕਰਾਮਾਤੀ ਕਹਿ ਕੇ ਕਰ ਰਹੇ ਹਨ!

ਭਖਦੇ ਮਸਲੇ

# ਨਾਬਰੀ ਦੀ ਅਵਾਜ਼ ਬਰਾਸਤਾ ਮੇਰਾ ਕੀ ਕਸੂਰ!



ਇੰਦਰਜੀਤ ਚੁਗਾਵਾਂ
ਫੋਨ: 559-779-9805

ਤੂਫਾਨ ਮੱਚਿਆ ਪਿਐ ਯਾਰੋ! ਇੱਕ ਗੀਤ 'ਚ ਏਨਾ ਮਾਦਾ ਕਿ ਹਾਹਾਕਾਰ ਮੱਚ ਜਾਵੇ? ਤੇ ਗੀਤ ਵੀ ਕਿਹੜਾ, 'ਮੇਰਾ ਕੀ ਕਸੂਰ!' ਕਸੂਰ ਲੱਭਣ ਲਈ ਸਿਰਦਰਦੀ ਤਾਂ ਲੈਣੀ ਹੀ ਪਊ! ਫਿਰ ਈ ਗੁਨਾਹਗਾਰ ਦਾ ਪਤਾ ਲੱਗੂ! ਗੀਤ ਸ਼ੁਰੂ ਹੁੰਦੈ ਇੱਕ ਸੁਆਲ ਨਾਲ ਤੇ ਸੁਆਲ ਵੀ ਅਜਿਹਾ ਕਿ ਝੁਣਝੁਣੀ ਛੇੜਦੈ! ਕਮਾਲ ਹੋ ਗਈ ਏਹ ਤਾਂ! ਲੱਭਣ ਤਾਂ ਲੱਗੇ ਸੀ ਕਸੂਰਵਾਰ ਤੇ ਛਿੜ ਗਈ ਝੁਣਝੁਣੀ! ਬੱਲੇ ਓਏ ਬਾਵਾ! ਬੱਲੇ ਓਏ ਬੀਰ ਸਿੰਹਾਂ! ਗੁਨਾਹ ਤਾਂ ਕੋਈ ਕੀਤਾ ਹੋਣੈਂ ਮਿੱਤਰੋ! ਐਵੇਂ ਤਾਂ ਨਹੀਂ ਬਨੇਰਿਆਂ 'ਤੇ ਬੈਠੇ ਤਮਾਸ਼ਬੀਨ। ਚਲੋ, ਹੁਣ ਆਪਾਂ ਦੇਖਣੈਂ ਕਿ ਇਹ ਤਮਾਸ਼ਾ ਐ ਜਾਂ ਬਗਾਵਤ?

ਗੀਤਕਾਰ ਬੀਰ ਅਤੇ ਗਾਇਕ ਬਾਵੇ ਦੀ ਜੋੜੀ ਨੇ ਕਿਹਾ ਕੀ ਐ, ਆਓ ਜ਼ਰਾ ਗਹੁ ਨਾਲ ਵਿਚਾਰੀਏ! ਵਿਚਾਰਨ ਲਈ ਕਿਹੈ ਭਾਈ, ਸੁਣਨ ਲਈ ਨਹੀਂ! ਇਹ ਕਿਉਂ ਕਿਹਾ? ਕਿਉਂਕਿ ਬਾਣੀ ਦਾ ਪਾਠ ਨਿੱਤ ਸੁਣਦੇ ਓ ਤੁਸੀਂ, ਪਰ ਵਿਚਾਰਦੇ ਉਕਾ ਨਹੀਂ! ਜੇ ਵਿਚਾਰਦੇ ਹੁੰਦੇ, ਵਿਚਾਰ ਕੇ ਜ਼ਮੀਨ 'ਤੇ ਉਤਾਰਦੇ ਹੁੰਦੇ ਤਾਂ ਇਨ੍ਹਾਂ ਮੁੰਡਿਆਂ ਨੂੰ ਕੀ ਪੁੱਛਣ ਦੀ ਲੋੜ ਸੀ ਕਿ ਮੇਰਾ ਕੀ ਕਸੂਰ ਆ! ਕੀ ਕਹਿ ਰਹੀ ਐ ਬੀਰ-ਬਾਵਾ ਦੀ ਜੋੜੀ,

"ਕੈਸੀ ਤੇਰੀ ਮੱਤ ਲੋਕਾ,
ਕੈਸੀ ਤੇਰੀ ਬੁੱਧ ਆ
ਭੁੱਖਿਆਂ ਲਈ ਮੁੱਕੀਆਂ
ਤੇ ਪੱਥਰਾਂ ਨੂੰ ਦੁੱਧ ਆ
ਜੇ ਮੈਂ ਸੱਚ ਬਹੁਤਾ ਬੋਲਿਆ
ਤਾਂ ਮੱਚ ਜਾਣਾ ਯੁੱਧ ਆ
ਗਰੀਬੜੇ ਦੀ ਛੋਹ ਮਾੜੀ
ਗਊ ਦਾ ਮੂਤ ਸ਼ੁੱਧ ਆ।
ਚਲੋ ਮੰਨਿਆ ਬਈ ਤਕੜਾ ਏਂ,
ਤੇਰਾ ਆਪਣਾ ਗਰੂਰ ਆ
ਜੇ ਮੈਂ ਮਾੜੇ ਘਰ ਜੰਮਿਆ
ਤਾਂ ਮੇਰਾ ਕੀ ਕਸੂਰ ਆ!

---

ਗਾਤਰੇ ਜਨੇਊ ਤੇ ਕਰਾਸ ਗਲ ਪਾ ਲਏ
ਵਿਚਾਰ ਅਪਣਾਏ ਨਾ ਤੇ ਬਾਣੇ ਅਪਣਾ ਲਏ
ਚੌਧਰਾਂ ਦੇ ਭੁੱਖਿਆਂ ਅਸੂਲ ਸਾਰੇ ਖਾ ਲਏ...!"

ਮਾੜਾ ਕੀ ਐ ਇਸ ਗੀਤ 'ਚ? ਸਾਡੇ ਬਾਬਾ ਨਾਮਦੇਵ, ਭਗਤ ਕਬੀਰ, ਸਾਡੇ ਰਹਿਬਰ ਬਾਬਾ ਰਵਿਦਾਸ ਨੇ ਵੀ ਤਾਂ ਇਹੋ ਕੁਝ ਕਿਹਾ ਸੀ। ਇਹ ਅਵਾਜ਼ ਤਾਂ ਸਦੀਆਂ ਤੋਂ ਉਠ ਰਹੀ ਐ! ਜੇ ਇੱਕ ਪਸ਼ੂ ਦੇ ਮੂਤਰ ਦਾ ਸੇਵਨ ਕੀਤਾ ਜਾ ਸਕਦੈ, ਜੇ ਉਸ ਪਸ਼ੂ ਦੀ ਪੂਜਾ ਕੀਤੀ ਜਾ ਸਕਦੀ ਐ ਤਾਂ ਇੱਕ ਖਾਸ ਵਰਗ ਦੇ ਲੋਕਾਂ ਦੀ ਛੋਹ ਮਾਤਰ ਨਾਲ ਤੁਸੀਂ ਅਪਵਿੱਤਰ ਕਿਵੇਂ ਹੋ ਸਕਦੇ ਓ? ਉਹ ਵੀ ਉਨ੍ਹਾਂ ਦੀ ਛੋਹ ਨਾਲ ਜੋ 'ਮਾਂ' ਕਹੀ ਜਾਂਦੀ ਗਾਂ ਦੀ ਦੇਖ-ਭਾਲ ਕਰਦੇ ਹਨ। ਉਨ੍ਹਾਂ ਦੇ ਹੱਥਾਂ ਦਾ ਚੋਇਆ ਹੋਇਆ ਦੁੱਧ ਤਾਂ ਤੁਸੀਂ ਮਜ਼ੇ ਨਾਲ ਪੀ ਜਾਂਦੇ ਓ! ਜੇ ਇਹ ਵਧੀਕੀ ਸਮਾਜ 'ਚ ਨਹੀਂ ਹੈ ਤਾਂ ਗਾਇਕ-ਗੀਤਕਾਰ ਦੋਵੇਂ ਦੋਸ਼ੀ ਹਨ।

ਦੂਜੀ ਗੱਲ, ਇਹ ਗੀਤ ਕਿਸੇ ਵੀ ਧਰਮ ਦੇ ਵਿਰੁੱਧ ਹੈ ਈ ਨਹੀਂ! ਇਹ ਤਾਂ ਗਾਤਰਾ, ਜਨੇਊ ਤੇ ਕਰਾਸ ਪਾਈ ਫਿਰਦੇ ਬਹੁਰੂਪੀਆਂ 'ਤੇ ਵਾਰ ਕਰਦੈ। ਇਹ ਗੀਤ ਤਾਂ ਬਾਣੇ ਦੀ ਥਾਂ ਬਾਣੀ ਦੀ ਗੱਲ ਕਰਦੈ! ਕਿਵੇਂ ਇਨਕਾਰ ਕਰੋਗੇ ਕਿ ਮੰਦਿਰਾਂ, ਗੁਰਦੁਆਰਿਆਂ, ਚਰਚਾਂ, ਮਸੀਤਾਂ 'ਤੇ ਛਲ-ਕਪਟ ਦਾ ਰਾਜ ਨਹੀਂ ਹੈ? ਜੇ ਅਜਿਹਾ ਨਾ ਹੁੰਦਾ ਤਾਂ ਆਸਾਰਾਮ, ਸਿਰਸੇ ਵਾਲੇ ਗੁਰਮੀਤ ਜਿਹੇ ਜੇਲ੍ਹ ਦੀ ਹਵਾ ਨਾ ਖਾ ਰਹੇ ਹੁੰਦੇ। ਧੀ ਮਾਰਨ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੂੰ ਸੀਖਾਂ ਨਾ ਦੇਖਣੀਆਂ ਪੈਂਦੀਆਂ!

ਕੋਈ ਵੀ ਦੇਸ਼ ਸਿਰਫ ਭਾਵਨਾਵਾਂ ਆਸਰੇ ਨਹੀਂ ਚਲ ਸਕਦਾ, ਉਸ ਨੂੰ ਚਲਾਉਣ ਲਈ ਇੱਕ ਸੰਵਿਧਾਨ ਹੁੰਦੈ। ਸਾਡੇ ਦੇਸ਼ ਦਾ ਵੀ ਇੱਕ ਸੰਵਿਧਾਨ ਹੈ ਤੇ ਇਹ ਸੰਵਿਧਾਨ ਬੋਲਣ-ਲਿਖਣ ਦੀ ਆਜ਼ਾਦੀ ਦਾ ਹੱਕ ਆਪਣੇ ਹਰ ਨਾਗਰਿਕ ਨੂੰ ਦਿੰਦੈ। ਬੀਰ-ਬਾਵਾ ਨੇ ਸਮਾਜ ਵਿਚਲੇ ਕੋਹੜ ਵੱਲ ਉਂਗਲ ਕੀਤੀ ਹੈ ਤੇ ਅਜਿਹਾ ਕਰਨਾ ਕੋਈ ਗੁਨਾਹ ਨਹੀਂ ਹੈ। ਬਿਮਾਰੀ ਦੇ ਇਲਾਜ ਲਈ ਉਸ ਦੀ ਸ਼ਨਾਖਤ ਤਾਂ ਬਹੁਤ ਜ਼ਰੂਰੀ ਐ। ਏਨੀ ਕੁ ਗੱਲ ਨਾਲ ਭਾਵਨਾਵਾਂ ਨੂੰ ਸੱਟ ਲੱਗ ਗਈ? ਜੇ ਭਾਵਨਾਵਾਂ ਏਨੀਆਂ ਈ ਕਮਜ਼ੋਰ ਹਨ ਤਾਂ ਉਨ੍ਹਾਂ ਨੂੰ ਹੁਣ ਤੱਕ ਤਾਂ ਮਰ-ਮੁੱਕ ਜਾਣਾ ਚਾਹੀਦਾ ਸੀ, ਕਿਉਂਕਿ ਦੇਸ਼ 'ਤੇ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਆਗੂ ਸੰਗੀਤ ਸੋਮ ਦੀ ਕੰਪਨੀ ਬੀਫ ਐਕਸਪੋਰਟ ਕਰਨ ਵਾਲੀਆਂ ਕੰਪਨੀਆਂ ਦੀ ਮੋਹਰਲੀ ਕਤਾਰ 'ਚ ਸ਼ਾਮਲ ਹੈ। ਇਨ੍ਹਾਂ ਭਾਵਨਾਵਾਂ ਨੇ ਆਪਣੇ ਆਗੂ ਦੇ ਕਾਰੋਬਾਰ ਨੂੰ ਸ਼ਾਇਦ ਨੱਕ 'ਤੇ ਰੁਮਾਲ ਰੱਖ ਕੇ ਬਰਦਾਸ਼ਤ ਕਰ ਲਿਐ! ਭਾਵਨਾਵਾਂ ਦੇ ਵਪਾਰੀ ਏਨੇ ਸ਼ਾਤਿਰ ਹਨ ਕਿ ਇੱਕ ਮੁਕੱਦਮਾ ਕਰਕੇ ਹਿੰਦੂ ਧਰਮ ਦਾ ਠੇਕੇਦਾਰ ਬਣਦਾ ਹੈ ਤੇ ਦੂਜਾ ਆਪਣੀ ਝੰਡੀ ਉਚੀ ਕਰਨ ਲਈ ਬਾਵੇ ਦਾ ਮੂੰਹ ਕਾਲਾ ਕਰਨ ਵਾਲੇ ਨੂੰ ਇੱਕ ਲੱਖ ਰੁਪਈਏ ਦੇ ਇਨਾਮ ਦਾ ਐਲਾਨ ਕਰਦਾ ਹੈ।

ਪਹਿਲੀ ਗੱਲ ਇਹ ਕਿ ਇਹ ਆਗੂ ਇਨਾਮ ਦਾ ਐਲਾਨ ਈ ਕਿਉਂ ਕਰੇ? ਜੇ ਇਹ 'ਨੇਕ ਕੰਮ' ਕਰਕੇ ਉਸ ਦੀਆਂ ਜ਼ਖਮੀ ਭਾਵਨਾਵਾਂ ਨੂੰ ਠੰਡ ਪੈਂਦੀ ਐ ਤਾਂ ਉਹ ਆਪਣੇ ਹੱਥੀਂ ਕਿਉਂ ਨਹੀਂ ਕਰ ਲੈਂਦਾ? ਦੂਜਿਆਂ ਦੇ ਪੁੱਤਾਂ ਨੂੰ ਕਿਉਂ ਉਕਸਾ ਰਿਹੈ? ਦੂਜੀ ਗੱਲ ਇਹ ਕਿ ਕੋਈ ਕਾਨੂੰਨ ਦਾ ਰਾਜ ਹੈ ਵੀ ਕਿ ਨਹੀਂ? ਅਜਿਹੀਆਂ ਭੜਕਾਹਟਾਂ ਪੈਦਾ ਕਰਨ ਵਾਲੇ ਵਿਰੁੱਧ ਪੰਜਾਬ ਸਰਕਾਰ ਕੇਸ ਕਿਉਂ ਨਹੀਂ ਦਰਜ ਕਰਦੀ? ਜੇ ਪੰਜਾਬ ਸਰਕਾਰ ਇਹ ਫਰਜ਼ ਨਹੀਂ ਨਿਭਾਉਂਦੀ ਤਾਂ ਸੂਬੇ ਦੀ ਹਾਈ ਕੋਰਟ ਇਸ ਭੜਕਾਹਟ ਦਾ ਖੁਦ ਨੋਟਿਸ ਲੈ ਕੇ ਕਿਉਂ ਨਹੀਂ ਮੁਕੱਦਮਾ ਚਲਾਉਂਦੀ?

ਵੈਸੇ ਇਨ੍ਹਾਂ ਭਗਵੇਂ ਸਿਪਾਹ-ਸਾਲਾਰਾਂ ਨੂੰ ਇੱਕ ਹੋਰ ਸ਼ਖਸ ਦਾ ਮੂੰਹ ਵੀ ਲੱਗੇ ਹੱਥ ਕਾਲਾ ਕਰ ਈ ਦੇਣਾ ਚਾਹੀਦੈ। ਉਹ ਸ਼ਖਸ ਹੈ ਪਾਰੇਸ਼ ਰਾਵਲ, ਅਹਿਮਦਾਬਾਦ ਤੋਂ ਭਾਰਤੀ ਜਨਤਾ ਪਾਰਟੀ ਦਾ ਲੋਕ ਸਭਾ ਮੈਂਬਰ। ਪਾਰੇਸ਼ ਰਾਵਲ ਇੱਕ ਕਮਾਲ ਦਾ ਅਦਾਕਾਰ ਹੈ। ਉਸ ਦੀ ਫਿਲਮ 'ਓ ਮਾਈ ਗਾਡ' ਦੇਖਣ ਵਾਲੀ ਹੈ। ਉਸ ਦਾ ਇੱਕ ਡਾਇਲਾਗ ਹੈ, "ਜਹਾਂ ਧਰਮ ਹੈ ਵਹਾਂ ਸੱਤਿਆ ਕੇ ਲੀਏ ਜਗ੍ਹਾ ਨਹੀਂ ਹੈ, ਔਰ ਜਹਾਂ ਸੱਤਿਆ ਹੈ ਵਹਾਂ ਧਰਮ ਕੀ ਜ਼ਰੂਰਤ ਹੀ ਨਹੀਂ ਹੈ।" ਇਸੇ ਫਿਲਮ 'ਚ ਹੀ ਪਾਰੇਸ਼ ਰਾਵਲ ਕਹਿੰਦਾ ਹੈ, "ਮੰਦਿਰ ਮੇਂ ਆਨੇ ਵਾਲਾ ਏਕ ਏਕ ਸ਼ਖਸ ਵੋ ਪੱਥਰ ਪੇ ਦੂਧ ਡਾਲਨੇ ਕੀ ਬਜਾਇ ਕਿਸੀ ਗਰੀਬ ਕੇ ਪੇਟ ਮੇਂ ਡਾਲੇ ਤੋ ਸਬ ਸੇ ਬੜਾ ਪੁੰਨਿਆ ਮਿਲੇਗਾ।" ਇਹ ਡਾਇਲਾਗ ਤਾਂ ਇਸ ਗਾਣੇ ਨਾਲੋਂ ਵੀ ਜ਼ਿਆਦਾ ਤਿੱਖੇ ਹਨ। ਪਰ ਨਹੀਂ ਹੁਣ ਕਿਉਂਕਿ ਪਾਰੇਸ਼ ਰਾਵਲ ਉਨ੍ਹਾਂ ਦਾ ਆਪਣਾ ਹੋ ਗਿਐ, ਉਹ ਅਜਿਹਾ ਨਹੀਂ ਕਰਨਗੇ।




*ਗੀਤਕਾਰ ਬੀਰ ਸਿੰਘ ਤੇ ਗਾਇਕ ਰਣਜੀਤ ਬਾਵਾ*

ਕਿਹਾ ਜਾ ਰਿਹੈ ਕਿ ਬਾਵਾ ਨੇ ਮੁਆਫੀ ਮੰਗ ਲਈ ਐ! ਇਹ ਮੁਆਫੀ ਉਨ੍ਹਾਂ ਲਈ ਖਬਰ ਹੋ ਸਕਦੀ ਹੈ, ਜਿੰਨ੍ਹਾਂ ਦਾ ਕੰਮ ਸਿਰਫ ਅੱਖਾਂ ਮੀਟ ਕੇ ਕੱਛਾਂ ਵਜਾਉਣਾ ਹੁੰਦੈ, ਇਹ ਮੁਆਫੀ ਉਨ੍ਹਾਂ ਨੂੰ ਅਨੰਦ ਦੇ ਸਕਦੀ ਹੈ, ਜੋ ਵਿਆਹਾਂ 'ਚ ਡੀ. ਜੇ. 'ਤੇ ਚਲ ਰਹੇ 'ਤੂੰ ਨਹੀਂ ਬੋਲਦੀ ਰਕਾਨੇ ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ' ਗਾਣੇ ਦੀ ਧੁਨ 'ਤੇ ਆਪਣੀ ਹੀ ਧੀ-ਭੈਣ ਵੱਲ ਇਸ਼ਾਰੇ ਕਰ ਕਰ ਕੇ ਨੱਚ ਸਕਦੇ ਹਨ, ਪਰ ਹਨੇਰਿਆਂ ਨੂੰ ਵੰਗਾਰ ਸਕਣ ਦਾ ਹੌਸਲਾ ਰੱਖਣ ਵਾਲਿਆਂ ਨੂੰ ਇਸੇ ਗੱਲ ਦਾ ਫਖਰ ਐ ਕਿ ਉਨ੍ਹਾਂ ਦੇ ਖਿਆਲਾਂ ਦੀ ਰੌਸ਼ਨੀ ਲਈ ਉਨ੍ਹਾਂ ਨੂੰ ਇੱਕ ਅਜਿਹਾ ਗੀਤ ਮਿਲ ਗਿਆ ਹੈ, ਜਿਸ ਨੇ ਮਜ਼ਹਬੀ ਜਨੂੰਨੀਆਂ 'ਚ ਤਰਥੱਲੀ ਮਚਾ ਕੇ ਰੱਖ ਦਿੱਤੀ ਹੈ ਤੇ ਬੀਰ-ਬਾਵਾ ਦੀ ਜੋੜੀ ਇਸ ਲਈ ਵਧਾਈ ਦੀ ਹੱਕਦਾਰ ਐ। ਸਮਾਂ ਮੰਗ ਕਰਦੈ ਕਿ ਇਸ ਜੋੜੀ ਦੇ ਸਮਰਥਨ 'ਚ ਖੁੱਲ੍ਹ ਕੇ ਮੈਦਾਨ 'ਚ ਆਇਆ ਜਾਵੇ।

ਤੁਹਾਡੀਆਂ ਅੱਖਾਂ ਸਾਹਮਣੇ ਜੇ ਕਿਸੇ ਨਿਮਾਣੇ-ਨਿਤਾਣੇ ਨਾਲ ਵਧੀਕੀ ਹੋ ਰਹੀ ਹੋਵੇ ਤਾਂ ਤੁਸੀਂ ਉਸ ਵਕਤ ਚੁੱਪ ਵੱਟ ਲਓ ਤੇ ਬਾਅਦ 'ਚ ਉਸ ਵਧੀਕੀ ਜਿਹੇ ਗੁਨਾਹਾਂ, ਜ਼ੁਲਮਾਂ ਬਾਰੇ ਪਰ੍ਹਿਆ 'ਚ ਜਾਂ ਸਟੇਜਾਂ ਤੋਂ ਪ੍ਰਵਚਨ ਸੁਣਾਓ ਤਾਂ ਤੁਹਾਡੇ ਤੋਂ ਵੱਡਾ ਅਪਰਾਧੀ ਕੋਈ ਹੋ ਈ ਨਹੀਂ ਸਕਦਾ! ਤੁਹਾਡੇ ਸਾਹਮਣੇ ਸੱਚ ਦੀ ਅਵਾਜ਼ ਦਾ ਗਲਾ ਘੁੱਟਿਆ ਜਾ ਰਿਹਾ ਹੋਵੇ ਤੇ ਤੁਸੀਂ ਚੁੱਪ ਰਹੋ ਤਾਂ ਤੁਸੀਂ ਵੀ ਕਾਤਲਾਂ ਦੀ ਕਤਾਰ 'ਚ ਈ ਖੜੇ ਕੀਤੇ ਜਾਓਗੇ। ਜ਼ਰਾ ਕੁ ਅੰਦਰ ਝਾਤੀ ਮਾਰੋਗੇ ਤਾਂ ਤੁਹਾਡੇ ਅੰਦਰਲਾ ਈ ਤੁਹਾਨੂੰ ਲਾਹਣਤਾਂ ਪਾਵੇਗਾ ਕਿ ਜੇ ਤੂੰ ਉਸ ਵਕਤ ਜ਼ੁਬਾਨ ਖੋਲ੍ਹ ਲੈਂਦਾ, ਜੇ ਤੂੰ ਨਿਮਾਣੇ-ਨਿਤਾਣੇ ਦੇ ਹੱਕ ਵਿਚ ਹਾਅ ਦਾ ਨਾਅਰਾ ਸਮੇਂ ਸਿਰ ਮਾਰਿਆ ਹੁੰਦਾ ਤਾਂ ਜ਼ੁਲਮਾਂ ਦੀ ਲੜੀ ਨਹੀਂ ਸੀ ਲੱਗਣੀ! ਜ਼ਰਾ ਅੰਦਰ ਝਾਤ ਮਾਰ ਕੇ ਸੋਚਣਾ ਕਿ ਜੇ 'ਕੰਮੀ-ਕਮੀਣ' ਜਿਹੇ ਨਫਰਤੀ ਲਫਜ਼ ਅੱਜ ਵੀ ਕੰਨੀਂ ਪੈ ਜਾਂਦੇ ਹਨ ਤਾਂ ਗੁਨਾਹਗਾਰ ਕੌਣ ਐ? ਹਾਂ, ਅਸੀਂ ਹਾਂ ਗੁਨਾਹਗਾਰ! ਕੋਈ ਸ਼ੱਕ ਨਹੀਂ, ਕਿਉਂਕਿ ਅਸੀਂ ਵੇਲੇ ਸਿਰ ਬੋਲੇ ਈ ਨਹੀਂ!

ਜ਼ਰਾ ਵਿਚਾਰਿਓ ਤਾਂ ਸਹੀ ਕਿ ਸਾਡੀ ਆਪਣੀ ਹੀ ਚੁੱਪ ਨੇ ਸਾਡਾ ਕਿੰਨਾ ਨੁਕਸਾਨ ਕਰਕੇ ਰੱਖ ਦਿੱਤੈ। ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੇ ਨਾਂ ਹੇਠ ਜ਼ੁਬਾਨਬੰਦੀ ਦਾ ਹਥਿਆਰ ਇਸੇ ਚੁੱਪ ਦਾ ਹੀ ਨਤੀਜਾ ਹੈ। ਭਾਰਤੀ ਦੰਡਾਵਲੀ ਦੀ ਧਾਰਾ 295-ਏ ਬਰਤਾਨਵੀ ਸਾਮਰਾਜ ਦੀ ਗੁਲਾਮੀ ਵੇਲੇ ਦੀ ਦੇਣ ਹੈ। ਉਦੋਂ ਇਸ ਦਾ ਮਕਸਦ ਕੌਮੀ ਮੁਕਤੀ ਲਹਿਰ ਨੂੰ ਕਮਜ਼ੋਰ ਕਰਨ ਲਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਫਿਰਕੂ ਵੰਡ ਨੂੰ ਪੱਕਾ ਕਰਨਾ ਸੀ। ਆਜ਼ਾਦੀ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਇਸ ਕਾਨੂੰਨ ਨੂੰ ਰੱਦ ਕੀਤਾ ਜਾਂਦਾ, ਪਰ ਸਾਡੇ ਆਪਣੇ ਹੁਕਮਰਾਨਾਂ ਨੇ ਇਸ ਨੂੰ ਹੋਰ ਵੀ ਸਖਤ ਕਰ ਦਿੱਤਾ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਕਾਨੂੰਨ ਅਧੀਨ ਸਜ਼ਾ ਇੱਕ ਸਾਲ ਦੀ ਕੈਦ ਸੀ, ਜੋ ਬਾਅਦ 'ਚ ਵਧਾ ਕੇ ਦੋ ਸਾਲ ਕਰ ਦਿੱਤੀ ਗਈ। ਮਾਮਲਾ ਇੱਥੇ ਹੀ ਨਹੀਂ ਰੁਕਿਆ, ਅਕਾਲੀ-ਕਾਂਗਰਸੀ ਹਾਕਮਾਂ ਨੇ ਕੁਝ ਖਾਸ ਹਾਲਾਤ 'ਚ ਇਹ ਸਜ਼ਾ ਵਧਾ ਕੇ 10 ਸਾਲ ਕਰ ਦਿੱਤੀ ਹੋਈ ਐ। ਕਾਰਨ? ਕਿਉਂਕਿ ਅਸੀਂ ਚੁੱਪ ਰਹੇ! ਸਾਡੀ ਚੁੱਪ ਹੀ ਹੈ ਕਿ ਉਹ ਸਾਨੂੰ ਕਦੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੇ ਨਾਂ 'ਤੇ, ਕਦੇ ਗੁਟਕੇ ਦੀ ਸਹੁੰ ਦਾ ਅਡੰਬਰ ਰਚ ਕੇ ਗੁੰਮਰਾਹ ਕਰ ਜਾਂਦੇ ਹਨ।

ਇਹ ਸਾਰੀ ਖੇਡ ਬਹੁਤ ਈ ਖਤਰਨਾਕ ਹੈ, ਜਿਸ ਦੀ ਸਾਨੂੰ ਆਮ ਲੋਕਾਂ ਨੂੰ ਛੇਤੀ ਕੀਤਿਆਂ ਸਮਝ ਈ ਨਹੀਂ ਪੈਂਦੀ। ਬਰਤਾਨਵੀ ਹੁਕਮਰਾਨਾਂ ਦਾ ਮਕਸਦ ਜੇ ਕੌਮੀ ਮੁਕਤੀ ਲਹਿਰ ਨੂੰ ਕਮਜ਼ੋਰ ਕਰਨਾ ਸੀ ਤਾਂ 'ਸਾਡੇ ਆਪਣਿਆਂ' ਦਾ ਮਕਸਦ ਉਨ੍ਹਾਂ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਵਾਲੇ ਤਰਕਸ਼ੀਲ, ਫਿਰਕਾ ਰਹਿਤ ਸੁੱਚਜੇ ਸਮਾਜਕ ਵਿਹਾਰ ਨੂੰ ਉਭਰਨੋਂ ਰੋਕਣਾ ਅਤੇ ਮੌਜੂਦਾ ਪ੍ਰਬੰਧ ਨੂੰ ਮਜ਼ਬੂਤੀ ਬਖਸ਼ਣ ਵਾਲੇ ਪਖੰਡੀ, ਢੋਂਗੀ ਬਾਬਿਆਂ-ਡੇਰਿਆਂ ਵੱਲੋਂ ਲੋਕਾਂ ਨੂੰ ਮਾਨਸਿਕ ਗੁਲਾਮ ਬਣਾ ਕੇ ਉਨ੍ਹਾਂ ਦੀ ਕੀਤੀ ਜਾਂਦੀ ਲੁੱਟ ਖਿਲਾਫ ਬੋਲਣ ਦੀ ਜੁਰਅਤ ਰੱਖਣ ਵਾਲਿਆਂ ਦੀ ਜ਼ੁਬਾਨਬੰਦੀ ਐ। ਭੁੱਲੇ ਤਾਂ ਸ਼ਾਇਦ ਨਹੀਂ ਹੋਵੋਗੇ, ਫਿਰ ਵੀ ਯਾਦ ਕਰਵਾਉਣਾ ਬਣਦੈ ਕਿ ਇਸ ਹਥਿਆਰ ਦੀ ਵਰਤੋਂ ਉਘੇ ਕਵੀ ਸੁਰਜੀਤ ਗੱਗ ਅਤੇ ਨਾਮੀ ਲੇਖਕ ਬਲਦੇਵ ਸਿੰਘ ਸੜਕਨਾਮਾ ਖਿਲਾਫ ਹਾਲ ਹੀ 'ਚ ਹੋ ਚੁਕੀ ਐ। ਤਰਕਸ਼ੀਲ ਆਗੂ ਮੇਘ ਰਾਜ ਮਿੱਤਰ, ਅਮਿੱਤ ਮਿੱਤਰ, ਵਰਿੰਦਰ ਦੀਵਾਨਾ ਵੀ ਇਸ ਦੇ ਸ਼ਿਕਾਰਾਂ ਦੀ ਕਤਾਰ ਵਿਚ ਹਨ।

ਕਿਹਾ ਜਾਂਦੈ ਕਿ ਸੰਗੀਤ ਰੂਹ ਨੂੰ ਸਕੂਨ ਦਿੰਦੈ। ਜ਼ਿਆਦਾਤਰ ਗੀਤ ਅਜਿਹੇ ਹੀ ਹੁੰਦੇ ਹਨ, ਜੋ ਪਲ ਭਰ ਦਾ ਅਨੰਦ ਦਿੰਦੇ ਹਨ ਤੇ ਫਿਰ ਵਿਸਰ ਜਾਂਦੇ ਹਨ। ਵਿਰਲੇ ਈ ਹੁੰਦੇ ਹਨ, ਜੋ ਲੰਮਾ ਸਮਾਂ ਤੁਹਾਡੇ ਜ਼ਿਹਨ 'ਤੇ ਛਾਏ ਰਹਿੰਦੇ ਹਨ, ਤੁਹਾਡਾ ਸਕੂਨ ਖੋਹ ਲੈਂਦੇ ਹਨ, ਤੁਹਾਨੂੰ ਪ੍ਰੇਸ਼ਾਨ ਕਰ ਦਿੰਦੇ ਹਨ। ਇਹ ਉਹ ਗੀਤ ਹੁੰਦੇ ਹਨ, ਜਿਨ੍ਹਾਂ 'ਚ ਕੋਈ ਵਿਚਾਰ ਹੁੰਦਾ ਹੈ ਤੇ ਵਿਚਾਰ ਕਦੇ ਛੇਤੀ ਕੀਤੇ ਦਮ ਨਹੀਂ ਤੋੜਦਾ! ਇਹ ਗੀਤ ਵੀ ਅਜਿਹਾ ਹੀ ਹੈ। ਇਹ ਵੀ ਉਨ੍ਹਾਂ ਕਿਰਤਾਂ ਵਿਚ ਜਾ ਸ਼ਾਮਲ ਹੋਇਐ, ਜਿਨ੍ਹਾਂ ਦੀ ਲੋਅ ਓਨੀ ਦੇਰ ਕਾਇਮ ਰਹੇਗੀ, ਜਿੰਨੀ ਦੇਰ ਗੈਰ-ਬਰਾਬਰੀ ਦੀ ਦਲਦਲ ਦਾ ਖਾਤਮਾ ਕਰਕੇ 'ਬੇਗਮਪੁਰੇ ਦੀ ਸਿਰਜਣਾ' ਨਹੀਂ ਹੋ ਜਾਂਦੀ!

ਮਾੜੇ ਗੀਤਾਂ, ਗਾਇਕਾਂ ਦੀ ਭੰਡੀ ਤਾਂ ਬਹੁਤ ਹੁੰਦੀ ਐ, ਪਰ ਉਸ ਦੇ ਬਰਾਬਰ ਈ ਚੰਗੇ ਗੀਤਕਾਰਾਂ-ਗਾਇਕਾਂ ਨੂੰ ਹੱਲਾਸ਼ੇਰੀ ਦੇਣਾ ਬੇਹੱਦ ਜ਼ਰੂਰੀ ਹੋ ਜਾਂਦੈ! ਆਓ, ਪੂਰਾ ਪੰਜਾਬ ਇੱਕਮੁੱਠ ਹੋ ਕੇ ਬੀਰ-ਬਾਵੇ ਦੀ ਜੋੜੀ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੋਈਏ!

ਅਜਿਹੇ ਗੀਤ ਮੁਕੱਦਮਿਆਂ-ਮੁਆਫੀਆਂ ਤੋਂ ਉਪਰ ਉਠ ਜਾਂਦੇ ਹਨ! ਇਨ੍ਹਾਂ ਗੀਤਾਂ ਨੇ ਤਾਂ ਨਾਬਰੀ ਦੀ ਅਵਾਜ਼ ਨੂੰ ਜਰਜਰ ਹੋ ਚੁਕੇ ਇਸ ਨਿਜ਼ਾਮ ਲਈ ਕੰਨਪਾੜਵੀਂ ਦਹਾੜ ਵਿਚ ਬਦਲਨਾ ਹੈ! ਇਨ੍ਹਾਂ ਗੀਤਾਂ ਨੇ ਤਾਂ ਹਵਾਵਾਂ 'ਚ ਬਾਗੀਆਨਾ ਮਹਿਕ ਘੋਲਣੀ ਹੈ ਤੇ ਹਵਾਵਾਂ ਦੀ ਬਗਾਵਤ ਨੂੰ ਕੋਈ ਰੋਕ ਸਕਿਐ ਭਲਾ? ਇਹ ਗੀਤ ਤਾਂ ਅੱਥਰੇ ਫੁੱਲ ਹਨ, ਜਿਨ੍ਹਾਂ ਦੀ ਖੁਸ਼ਬੂ ਕਿਸੇ ਵੀ ਸੀਮਾ, ਕਿਸੇ ਵੀ ਬੰਦਿਸ਼ ਤੋਂ ਨਾਬਰ ਹੋ ਜਾਂਦੀ ਐ ਤੇ ਉਹ ਖੁਸ਼ਬੂ ਵੀ ਕੀ ਹੋਈ, ਜੋ ਕਿਸੇ ਦੀ ਗੁਲਾਮ ਹੋ ਜਾਵੇ?

ਇਹ ਸਦੀਆਂ ਤੋਂ ਦੱਬੇ ਕੁਚਲੇ ਜਾ ਰਹੇ ਲੋਕਾਂ ਦੀ ਪਰ੍ਹਿਆ 'ਚੋਂ ਉਠਿਆ ਸੁਆਲ ਹੈ ਤੇ ਪਰ੍ਹਿਆ 'ਚੋਂ ਉਠਿਆ ਸੁਆਲ ਕਦੇ ਖਤਮ ਨਹੀਂ ਹੁੰਦਾ, ਉਹ ਤਾਂ ਜੁਆਬ ਹਾਸਲ ਕਰਕੇ ਈ ਦਮ ਲੈਂਦੈ! ਆਓ, ਮਾੜੇ ਨੂੰ ਮਾੜਾ ਕਹੀਏ ਤੇ ਚੰਗਾ ਕਰਨ ਵਾਲਿਆਂ ਨੂੰ ਇਕੱਲਾ ਨਾ ਛੱਡੀਏ! ਇੱਕ ਅਵਾਜ਼ 'ਚ ਆਖੀਏ, "ਬਾਵਾ-ਬੀਰ ਸਿੰਹਾਂ, ਘਬਰਾਉਣਾ ਨਹੀਂ ਸ਼ੇਰੋ! ਅਸੀਂ 'ਰਾਜੇ ਸ਼ੀਹ ਮੁਕੱਦਮ ਕੁੱਤੇ' ਕਹਿਣ ਦਾ ਮਾਦਾ ਰੱਖਣ ਵਾਲੇ ਬਾਬੇ ਦੀ ਔਲਾਦ, ਤੁਹਾਡੇ ਨਾਲ ਹਾਂ!" ਤੇ ਇਹ ਅਵਾਜ਼ ਓਨੀ ਦੇਰ ਬੰਦ ਨਹੀਂ ਹੋਣੀ ਚਾਹੀਦੀ, ਜਿੰਨੀ ਦੇਰ ਤੱਕ ਜ਼ੁਬਾਨਬੰਦੀ ਵਾਲਾ ਇਹ ਕਾਨੂੰਨ (ਧਾਰਾ 295-ਏ), ਇਹ ਹਥਿਆਰ ਨਸ਼ਟ ਨਹੀਂ ਹੁੰਦਾ!

# ਮੇਰਾ ਕੀ ਕਸੂਰ

ਪ੍ਰਿੰ. ਕੰਵਲਪ੍ਰੀਤ ਕੌਰ ਪੰਨੂ

ਬੀਰ ਸਿੰਘ ਦੀ ਕਲਮ ਦਾ ਲਿਖਿਆ ਅਤੇ ਗਾਇਕ ਰਣਜੀਤ ਬਾਵਾ ਦਾ ਗਾਇਆ ਗੀਤ 'ਮੇਰਾ ਕੀ ਕਸੂਰ!' ਅੱਜ ਕੱਲ ਵਿਵਾਦਾਂ ਦਾ ਹਿੱਸਾ ਬਣਿਆ ਹੋਇਆ। ਸੋਸ਼ਲ ਮੀਡੀਆ 'ਤੇ ਲੋਕਾਂ ਦੇ ਦੋਵੇਂ ਪੱਖ ਵੇਖਣ ਨੂੰ ਮਿਲਦੇ ਹਨ। ਕਈਆਂ ਨੂੰ ਲਗਦਾ ਹੈ ਕਿ ਗੀਤਕਾਰ ਨੇ ਬਾ-ਕਮਾਲ ਲਿਖਿਆ ਤੇ ਸੱਚ ਨੂੰ ਪੇਸ਼ ਕੀਤਾ ਹੈ, ਦੂਜੇ ਪਾਸੇ ਕਈ ਲੋਕ ਇਹਨੂੰ ਇੱਕ ਖਾਸ ਸਮੂਹ ਨੂੰ ਨਿਸ਼ਾਨਾ ਬਣਾਇਆ ਸਮਝਦੇ ਨੇ। ਇੱਕ ਤੀਜੀ ਤਰ੍ਹਾਂ ਦੇ ਵੀ ਲੋਕ ਹਨ, ਜਿਨਾਂ ਨੂੰ ਇਸ ਸਭ ਨਾਲ ਕੋਈ ਲੈਣਾ-ਦੇਣਾ ਨਹੀਂ।

ਜਾਪਦਾ ਹੈ ਕਿ ਤੀਜੀ ਧਿਰ ਵਾਲੀ ਸੋਚ ਰੱਖਣ ਵਾਲਿਆਂ ਵਾਂਗੂ ਰਣਜੀਤ ਬਾਵਾ ਨੇ ਵੀ ਸੋਚਿਆ ਅਤੇ ਇਹ ਗਾਣਾ ਗਾਉਣ ਲਈ ਮੁਆਫੀ ਮੰਗ ਲਈ। ਉਸ ਨੇ ਆਪਣਾ ਪੱਖ ਰੱਖਿਆ ਕਿ ਮੈਂ ਕਿਸੇ ਵਿਵਾਦ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ। ਇਸ ਮਾਨਸਿਕਤਾ ਨੂੰ ਸਮਝਿਆ ਜਾ ਸਕਦਾ ਹੈ, ਕਿਉਂਕਿ ਅਸੀਂ ਇੱਕ ਅਜਿਹੇ ਸਮਾਜ ਦਾ ਹਿੱਸਾ ਹਾਂ, ਜਿੱਥੇ ਕਈ ਵਾਰ ਤਾਂ ਨਿੱਕੀ ਜਿਹੀ ਗੱਲ 'ਤੇ ਫਸਾਦ ਖੜਾ ਹੋ ਜਾਂਦਾ, ਪਰ ਕਦੇ ਬਲਾਤਕਾਰ ਜਿਹੇ ਘਿਣਾਉਣੇ ਅੱਤਿਆਚਾਰ ਜਾਂ ਕੌਮਾਂ ਦੇ ਹੋਏ ਕਤਲੇਆਮ ਅੱਗੇ ਵੀ ਖਾਮੋਸ਼ੀ ਛਾਈ ਰਹਿੰਦੀ ਹੈ। ਵੈਸੇ ਗੀਤ ਨੂੰ ਰਿਕਾਰਡ ਕਰਨ ਵੇਲੇ ਸ਼ਾਇਦ ਬਾਵੇ ਨੇ ਗਾ ਤਾਂ ਦਿੱਤਾ ਕਿ 'ਜੇ ਮੈਂ ਸੱਚ ਬਹੁਤਾ ਬੋਲਿਆ ਤੇ ਮੱਚ ਜਾਣਾ ਯੁੱਧ ਆ' ਪਰ ਉਸ ਨੇ ਇਸ ਨੂੰ ਸਮਝਿਆ ਨਹੀਂ। ਜੇ ਸਮਝ ਲੈਂਦਾ ਤਾਂ ਉਥੇ ਹੀ ਪਿੱਛੇ ਹੱਟ ਜਾਂਦਾ ਤੇ ਹੁਣ ਤੀਜੀ ਧਿਰ ਵਿਚ ਸ਼ਾਮਿਲ ਹੋ ਕੇ ਮੁਆਫੀ ਨਾ ਮੰਗਣੀ ਪੈਂਦੀ।

ਚਲੋ, ਗੀਤ ਦੇ ਕੁਝ ਬੋਲ ਤਾਂ ਸਮਝਣ ਦੀ ਕੋਸ਼ਿਸ਼ ਕਰੀਏ। 'ਭੁੱਖਿਆਂ ਲਈ ਮੁੱਕੀਆਂ ਤੇ ਪੱਥਰਾਂ ਲਈ ਦੁੱਧ ਆ' ਸੁਣਦਿਆਂ ਕਈ ਦ੍ਰਿਸ਼ ਤਾਂ ਮੈਨੂੰ ਚੇਤੇ ਆ ਗਏ, ਜਿੱਥੇ ਮੈਂ ਕਿਸੇ ਗਰੀਬ ਨੂੰ ਨਜ਼ਰ-ਅੰਦਾਜ਼ ਕਰ ਕੇ ਮਾਇਆ ਨਾਲ ਨੱਕੋ-ਨੱਕ ਭਰੀ ਗੋਲਕ ਵਿਚ ਹੋਰ ਮਾਇਆ ਪਾ ਦਿੱਤੀ। 'ਪੱਥਰਾਂ 'ਤੇ ਦੁੱਧ' ਵਾਲੀ ਗੱਲ ਨੂੰ ਸ਼ਾਇਦ ਸਾਡੇ ਕੁਝ ਹਿੰਦੂ ਵੀਰਾਂ ਨੇ ਆਪਣੇ ਧਰਮ ਨਾਲ ਜੋੜ ਲਿਆ। ਸੱਚ ਹਮੇਸ਼ਾ ਕੌੜਾ ਹੀ ਹੁੰਦਾ ਹੈ, ਪਰ ਸੱਚ ਤਾਂ ਇਹ ਵੀ ਹੈ ਕਿ ਜਿਸ ਗੁਰਦੁਆਰੇ ਦਾ ਪੱਥਰ ਦੁੱਧ ਨਾਲ ਧੋਤਾ ਜਾ ਰਿਹਾ ਹੁੰਦਾ, ਉਸੇ ਗੁਰਦੁਆਰੇ ਦੇ ਹੀ ਬਾਹਰ ਭੁੱਖੇ, ਗਰੀਬ, ਲਾਚਾਰ ਅਤੇ ਅੰਗਹੀਣ ਬੱਚੇ ਨਜ਼ਰ-ਅੰਦਾਜ਼ ਹੋ ਰਹੇ ਹੁੰਦੇ ਹਨ। ਪਤਾ ਨਹੀਂ ਇਹ ਦੁੱਧ ਨਾਲ ਪੱਥਰ ਧੋਣ ਦੀ ਪ੍ਰਥਾ ਕਿੱਥੋਂ ਤੁਰ ਪਈ? ਬਾਬੇ ਨਾਨਕ ਨੇ ਜਿਸ ਤਰ੍ਹਾਂ ਸਮਾਜਕ ਕੁਰੀਤੀਆਂ ਦਾ ਖੰਡਨ ਕੀਤਾ, ਸਮਝ ਨਹੀਂ ਆਉਂਦੀ ਕਿ ਬਾਬਾ ਆਪਣੇ ਹੀ ਸਿੱਖਾਂ ਨੂੰ ਫਰਸ਼ 'ਤੇ ਦੁੱਧ ਡੋਲ੍ਹਦਿਆਂ ਵੇਖ ਕੇ ਕੀ ਮਹਿਸੂਸ ਕਰਦਾ ਹੋਵੇਗਾ!

ਇੱਕ ਛੋਟੀ ਜਿਹੀ ਕਹਾਣੀ ਚੇਤੇ ਆ ਗਈ। ਇੱਕ ਵਾਰ ਇੱਕ ਸੇਵਕ ਸਵੇਰੇ ਉਠ ਕੇ ਬੜੀ ਸ਼ਰਧਾ ਨਾਲ ਆਪਣੇ ਗੁਰੂ ਨੂੰ ਕੰਬਲ ਭੇਟ ਕਰਨ ਗਿਆ ਤੇ ਗੁਰੂ ਨੇ ਕੰਬਲ ਲੈਣ ਤੋਂ ਨਾਂਹ ਕਰ ਦਿੱਤੀ। ਨਿਰਾਸ਼ ਹੋ ਕੇ ਸੇਵਕ ਨੇ ਕਾਰਨ ਪੁੱਛਿਆ ਤਾਂ ਗੁਰੂ ਨੇ ਦੱਸਿਆ ਕਿ ਤੇਰੇ ਘਰ ਦੇ ਬਾਹਰ ਸਾਰੀ ਰਾਤ ਇੱਕ ਕਤੂਰਾ ਠੰਡ ਨਾਲ ਤੜਪ-ਤੜਪ ਕੇ ਮਰ ਗਿਆ। ਜੇ ਤੂੰ ਇਹ ਕੰਬਲ ਉਸ 'ਤੇ ਪਾ ਦਿੰਦਾ ਤਾਂ ਉਸ ਦੀ ਜਾਨ ਬਚ ਸਕਦੀ ਸੀ, ਤੇ ਤੇਰੀ ਸੇਵਾ ਦਰਗਾਹੇ ਕਬੂਲ ਹੁੰਦੀ। ਗੀਤ ਵਿਚ ਵੀ ਗੀਤਕਾਰ ਨੇ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਵਾਲਾ ਉਹ ਸੰਕਲਪ, ਜੋ ਅਸੀਂ ਭੁੱਲ ਬੈਠੇ ਹਾਂ, ਚੇਤੇ ਕਰਵਾਇਆ ਹੈ।

ਇਤਿਹਾਸ ਗਵਾਹ ਹੈ ਕਿ ਹਮੇਸ਼ਾ ਤੋਂ ਹੀ ਸੱਚ ਦਾ ਵਿਰੋਧ ਹੁੰਦਾ ਆਇਆ ਹੈ। ਗੀਤਕਾਰ ਦੀ ਕਲਮ ਨੇ ਲਿਖਿਆ ਕਿ ਅਸੀਂ ਬਾਣਾ ਤਾਂ ਪਾ ਲਿਆ, ਪਰ ਗੁਰੂ ਦੀ ਦਿੱਤੀ ਸਿੱਖਿਆ 'ਤੇ ਨਹੀਂ ਚੱਲੇ। ਇਸ ਵਿਚ ਗਲਤ ਕੀ ਹੈ? ਵਾਰ-ਵਾਰ ਗੀਤ ਦੇ ਬੋਲ ਸੁਣੇ, ਸਮਝੇ ਪਰ ਗਲਤ ਕੁਝ ਨਹੀਂ ਲੱਭਾ। ਹਾਂ ਇਕ ਗੱਲ ਜ਼ਰੂਰ ਹੈ ਕਿ ਸੱਚ ਕੌੜਾ ਹੁੰਦਾ ਹੈ ਤੇ ਅਸੀਂ ਸੁਣਨਾ ਨਹੀਂ ਚਾਹੁੰਦੇ। ਮੈਂ ਗਊ ਮੂਤਰ ਬਾਰੇ ਗੱਲ ਕਰਨ ਤੋਂ ਗੁਰੇਜ਼ ਕਰਾਂਗੀ, ਪਰ ਗਰੀਬ ਦੀ ਛੂਹ ਬਾਰੇ ਤਾਂ ਗੱਲ ਕਰਨੀ ਬਣਦੀ ਹੈ। ਸਾਨੂੰ ਗੁਰੂ ਸਾਹਿਬ ਨੇ ਬਰਾਬਰੀ ਦਾ ਪਾਠ ਪੜ੍ਹਾਇਆ ਤੇ ਅਸੀਂ ਗੁਰੂ ਦੀ ਕਿੰਨੀ ਕੁ ਮੰਨਦੇ ਹਾਂ? ਇਹ ਪਤਾ ਲੱਗ ਜਾਂਦਾ ਹੈ, ਜਦ ਅਖੰਡ ਪਾਠ ਦੇ ਭੋਗ ਸਮੇਂ ਵੀ ਗੁਰੂ ਦੇ ਲੰਗਰ ਵਿਚ ਗਰੀਬਾਂ ਨਾਲ ਵਿਤਕਰਾ ਕਰਦੇ ਹਾਂ। ਜੇ ਤੁਸੀਂ ਗੁਰਦੁਆਰਿਆਂ ਵਿਚ ਹੁੰਦੀਆਂ ਲੜਾਈਆਂ ਦੀਆਂ ਖਬਰਾਂ ਸੁਣੀਆਂ ਹਨ, ਤਾਂ ਮਾਫ ਕਰਨਾ ਇਸ ਦਾ ਮਤਲਬ ਵੀ ਇਹੀ ਨਿਕਲਦਾ ਕਿ ਅਸੀਂ ਗੁਰੂ ਦੇ ਵਿਚਾਰ ਨਹੀਂ ਅਪਨਾਏ।

ਪਿਛਲੀ ਦਿਨੀਂ ਜਦ ਕਰੋਨਾ ਵਾਇਰਸ ਨੇ ਮਹਾਮਾਰੀ ਦਾ ਰੂਪ ਧਾਰਿਆ ਤਾਂ ਬਹੁਤਿਆਂ ਕੋਲੋਂ ਇਹ ਸੁਣਨ ਨੂੰ ਮਿਲਿਆ, "ਕਾਸ਼! ਧਾਰਮਿਕ ਅਸਥਾਨਾਂ ਤੇ ਇੰਨਾ ਪੈਸਾ ਲਾਉਣ ਨਾਲੋਂ ਹਸਪਤਾਲ ਵੀ ਬਣਾਏ ਹੁੰਦੇ।" ਮੁਆਫ ਕਰਨਾ, ਮੈਨੂੰ ਲਗਦਾ ਕਿ ਅਸੀਂ ਧਾਰਮਿਕ ਅਸਥਾਨਾਂ 'ਤੇ ਇੰਨਾ ਪੈਸਾ ਲਾ ਦਿੱਤਾ, ਪਰ ਉਥੋ ਸਿੱਖਿਆ ਕੁਝ ਵੀ ਨਹੀਂ। ਜੇ ਸਿੱਖਿਆ ਹੁੰਦਾ ਤਾਂ ਅੱਜ ਸੋਹਣਾ ਸਮਾਜ ਸਿਰਜਿਆ ਹੁੰਦਾ।

ਕੁਝ ਇਸੇ ਤਰ੍ਹਾਂ ਦੇ ਰਲਦੇ-ਮਿਲਦੇ ਵਿਵਾਦਾਂ ਨਾਲ ਜੁੜਿਆ ਸਾਲ 2016 ਵਿਚ ਗਾਇਕ ਪ੍ਰੀਤ ਹਰਪਾਲ ਦਾ ਗਾਇਆ ਗੀਤ 'ਰੰਗ' ਵੀ ਚੇਤੇ ਆ ਗਿਆ, ਜੋ ਅੱਜ ਦੇ ਸਮੇਂ 'ਤੇ ਵੀ ਢੁੱਕਦਾ ਹੈ। ਜੇ ਕੋਈ ਰੱਬ ਨੂੰ ਕਹੇ ਕਿ ਮੈਂ ਉਲਝਣ ਵਿਚ ਹਾਂ, ਕਿਉਂਕਿ ਕੋਈ ਕਹਿੰਦਾ 'ਅੱਲ੍ਹਾ' ਨੂੰ ਮੰਨੋ ਤੇ ਕੋਈ ਕਹਿੰਦਾ 'ਰਾਮ' ਨੂੰ ਮੰਨੋ, ਤੂੰ ਆਪ ਹੀ ਆ ਕੇ ਇਹ ਰੌਲਾ ਖਤਮ ਕਰ ਤੇ ਦੱਸ ਕਿ ਰੱਬ ਇੱਕ ਹੈ। ਇਸ ਵਿਚ ਗਲਤ ਕੀ ਹੈ? ਜੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਦੁਖੀ ਕੋਈ ਭਾਵੁਕ ਹੋ ਜਾਵੇ ਤੇ ਆਪਣੇ ਗੁਰੂ ਨੂੰ ਕਹੇ ਕਿ ਤੂੰ ਬੇਅਦਬੀ ਕਰਨ ਵਾਲਿਆਂ ਨੂੰ ਆਪ ਸਜ਼ਾ ਕਿਉਂ ਨਹੀਂ ਦਿੰਦਾ, ਇਸ ਵਿਚ ਦੱਸੋ ਗਲਤ ਕੀ ਹੈ? ਜੇ ਕੋਈ ਰੱਬ ਅੱਗੇ ਅਰਦਾਸ ਕਰੇ ਕਿ ਮਾਂਵਾਂ ਦੇ ਭਟਕੇ ਪੁੱਤਾਂ ਨੂੰ ਚੰਗੇ ਰਾਹੇ ਪਾ ਦੇ, ਜੋ ਨਸ਼ਾ ਵੇਚਦੇ ਨੇ ਉਨ੍ਹਾਂ ਦਾ ਬੇੜਾ ਗਰਕ ਕਰ ਦੇ, ਜੇ ਸਾਰੇ ਨਸ਼ੇ ਕਰਕੇ ਮਰ ਗਏ ਤਾਂ ਤੇਰਾ ਸਤਿਸੰਗ ਕੌਣ ਕਰੂ? ਇਹ ਕਹਿਣ ਵਿਚ ਗਲਤ ਕੀ ਹੈ? ਪਤਾ ਨਹੀਂ ਪੰਜਾਬ ਦੀਆਂ ਕਿੰਨੀਆਂ ਮਾਂਵਾਂ ਦੀ ਅਰਦਾਸ ਇਹੀ ਹੋਵੇਗੀ, ਜਿਸ ਨੂੰ ਪ੍ਰੀਤ ਦੀ ਕਲਮ ਨੇ ਬਿਆਨ ਕੀਤਾ ਸੀ।

ਉਦੋਂ ਸਾਡੀ ਸਮਝ ਵਿਚ ਪ੍ਰੀਤ ਦਾ ਗੀਤ ਨਹੀਂ ਸੀ ਆਇਆ ਤੇ ਅੱਜ ਬੀਰ ਸਿੰਘ ਦੀ ਕਲਮ ਤੋਂ ਲਿਖਿਆ ਸੱਚ ਵੀ ਕਈਆਂ ਨੂੰ ਚੰਗਾ ਨਹੀਂ ਲੱਗਾ। ਗੀਤ ਵਿਚਲੀ ਇਕੱਲੀ ਇਕੱਲੀ ਗੱਲ ਦੀਆਂ ਮਿਸਾਲਾਂ ਆਮ ਹੀ ਅਖਬਾਰਾਂ ਵਿਚ ਮਿਲਦੀਆਂ ਹਨ। ਇਸ ਦੇ ਨਾਲ ਹੀ ਚੰਗਾ ਤੇ ਸੱਚਾ-ਸੁੱਚਾ ਲਿਖਣ ਵਾਲੇ ਗੀਤਕਾਰਾਂ ਨੂੰ ਸ਼ਾਬਾਸ਼!

ਪਾਕਿਸਤਾਨ ਯਾਤਰਾ



ਡਾ. ਗੁਰਨਾਮ ਕੌਰ, ਕੈਨੇਡਾ

# ਲਾਹੌਰ, ਲਾਹੌਰ ਹੈ...

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਫਰਵਰੀ 18 ਦਾ ਦਿਨ ਸਾਡਾ ਪਾਕਿਸਤਾਨ ਦੀ ਇਸ ਯਾਤਰਾ ਦਾ ਆਖਰੀ ਦਿਨ ਸੀ, ਜਿਸ ਨੂੰ ਸਿਰਫ ਤੇ ਸਿਰਫ ਲਾਹੌਰ ਲਈ ਮਖਸੂਸ ਕਰਕੇ ਰੱਖਿਆ ਸੀ; ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਜੇ ਲਾਹੌਰ ਨੂੰ ਚੰਗੀ ਤਰ੍ਹਾਂ ਦੇਖਣਾ-ਸਮਝਣਾ ਹੋਵੇ ਤਾਂ ਇੱਕ ਜਾਂ ਦੋ ਦਿਨ ਕਾਫੀ ਨਹੀਂ ਹਨ, ਘੱਟੋ ਘੱਟ ਹਫਤਾ ਤਾਂ ਚਾਹੀਦਾ ਹੀ ਹੈ। ਸਾਡਾ ਸਭ ਤੋਂ ਪਹਿਲਾ ਪ੍ਰੋਗਰਾਮ ਸਾਈਂ ਮੀਆਂ ਮੀਰ ਦੇ ਮਜ਼ਾਰ 'ਤੇ ਜਾਣ ਦਾ ਸੀ। ਸਾਈਂ ਮੀਆਂ ਮੀਰ ਦਾ ਜਨਮ 1550 ਈਸਵੀ ਨੂੰ ਹੋਇਆ ਸੀ ਅਤੇ ਉਹ ਲਾਹੌਰ ਦੇ ਧਰਮਪੁਰਾ ਇਲਾਕੇ ਵਿਚ ਰਹਿੰਦੇ ਸਨ। ਉਹ ਸੂਫੀਆਂ ਦੇ ਕਾਦਿਰੀ ਸਿਲਸਿਲੇ ਨਾਲ ਸਬੰਧਤ ਮਹਾਨ ਸੂਫੀ ਫਕੀਰ ਸਨ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨੇ ਅਧਿਆਤਮਕ ਸਿੱਖਿਆ ਸਾਈਂ ਮੀਆਂ ਮੀਰ ਤੋਂ ਹੀ ਲਈ ਸੀ ਅਤੇ ਸਾਈਂ ਮੀਆਂ ਮੀਰ ਦੀ ਛੋਟੀ ਭੈਣ ਬੀਬੀ ਜਮਾਲ ਖਾਤੂਨ ਉਨ੍ਹਾਂ ਦੀ ਹੀ ਮੁਰੀਦ ਸੀ, ਜੋ ਆਪਣੇ ਢੰਗ ਨਾਲ ਇੱਕ ਮਹਾਨ ਸੂਫੀ ਸੰਤ ਸੀ।

ਬਾਬਾ ਮੀਆਂ ਮੀਰ ਮੁਹੰਮਦ ਰੱਬ ਨੂੰ ਪ੍ਰੇਮ ਕਰਨ ਵਾਲੇ ਬੰਦਿਆਂ ਦਾ ਦੋਸਤ ਸੀ, ਪਰ ਲਾਲਚੀ, ਸਵਾਰਥੀ ਸੰਸਾਰੀਆਂ ਤੋਂ ਦੂਰ ਰਹਿਣਾ ਪਸੰਦ ਕਰਦਾ ਸੀ। ਅਜਿਹੇ ਲੋਕਾਂ ਨੂੰ ਅੰਦਰ ਆਉਣ ਤੋਂ ਰੋਕਣ ਲਈ ਉਸ ਨੇ ਆਪਣੇ ਮੁਰੀਦ ਘਰ ਦੇ ਦਰਵਾਜੇ 'ਤੇ ਬਿਠਾ ਰੱਖੇ ਸਨ। ਕਿਹਾ ਜਾਂਦਾ ਹੈ ਕਿ ਇੱਕ ਵਾਰ ਬਾਦਸ਼ਾਹ ਜਹਾਂਗੀਰ ਆਪਣੇ ਲਾਮ-ਲਸ਼ਕਰ ਅਤੇ ਪੂਰੇ ਠਾਠ-ਬਾਠ ਨਾਲ ਸਾਈਂ ਮੀਆਂ ਮੀਰ ਦੀਆਂ ਦੁਆਵਾਂ ਲੈਣ ਆਇਆ ਤਾਂ ਦਰਵਾਜੇ 'ਤੇ ਮੁਰੀਦਾਂ ਨੇ ਰੋਕ ਦਿੱਤਾ ਅਤੇ ਕਿਹਾ ਕਿ ਉਹ ਆਗਿਆ ਮਿਲਣ ਦੀ ਉਡੀਕ ਕਰੇ। ਕੁਦਰਤੀ ਹੈ ਕਿ ਇੱਕ ਬਾਦਸ਼ਾਹ ਨੂੰ ਅਜਿਹੀ ਗੱਲ ਚੰਗੀ ਨਹੀਂ ਲੱਗ ਸਕਦੀ। ਉਸ ਨੇ ਗੁੱਸਾ ਮਨ ਵਿਚ ਦਬਾ ਕੇ ਆਗਿਆ ਮਿਲਣ ਦਾ ਇੰਤਜ਼ਾਰ ਕੀਤਾ। ਜਦੋਂ ਕੁਝ ਦੇਰ ਬਾਅਦ ਅੰਦਰ ਗਿਆ ਤਾਂ ਆਪਣੀ ਹੇਠੀ ਨੂੰ ਛੁਪਾ ਨਾ ਸਕਿਆ ਅਤੇ ਸਾਈਂ ਜੀ ਨੂੰ ਫਾਰਸੀ ਵਿਚ ਕਿਹਾ ਕਿ ਇੱਕ ਫਕੀਰ ਦੇ ਦਰਵਾਜੇ 'ਤੇ ਸੰਤਰੀ ਨਹੀਂ ਹੋਣੇ ਚਾਹੀਦੇ। ਅੱਗੋਂ ਸਾਈਂ ਜੀ ਨੇ ਉਤਰ ਦਿਤਾ, ਇਹ ਤਾਂ ਹਨ ਕਿ ਸਵਾਰਥੀ ਲੋਕ ਅੰਦਰ ਨਾ ਆਉਣ।

ਜਹਾਂਗੀਰ ਬਾਦਸ਼ਾਹ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਦੱਖਣ ਨੂੰ ਫਤਿਹ ਕਰਨ ਲਈ ਜਾ ਰਿਹਾ ਹੈ, ਸਾਈਂ ਜੀ ਉਸ ਲਈ ਦੁਆ ਕਰਨ ਕਿ ਉਹ ਦੱਖਣ ਦੇ ਮਿਸ਼ਨ ਵਿਚ ਫਤਿਹ ਪ੍ਰਾਪਤ ਕਰੇ। ਕਹਿੰਦੇ, ਉਦੋਂ ਹੀ ਕੋਈ ਗਰੀਬ ਆਦਮੀ ਸਾਈਂ ਜੀ ਨੂੰ ਮਿਲਣ ਆ ਗਿਆ ਅਤੇ ਉਸ ਨੇ ਸਾਈਂ ਮੀਆਂ ਮੀਰ ਅੱਗੇ ਸਿਰ ਝੁਕਾਇਆ ਅਤੇ ਇੱਕ ਰੁਪਿਆ ਭੇਟ ਕੀਤਾ। ਸਾਈਂ ਨੇ ਉਸ ਨੂੰ ਰੁਪਿਆ ਚੁੱਕ ਲੈਣ ਅਤੇ ਕਿਸੇ ਬਹੁਤ ਗਰੀਬ ਬੰਦੇ ਨੂੰ ਦੇਣ ਲਈ ਕਿਹਾ। ਉਹ ਮੁਰੀਦ ਵਾਰੀ ਵਾਰੀ ਸਾਰੇ ਦਰਵੇਸ਼ਾਂ ਕੋਲ ਗਿਆ, ਪਰ ਕਿਸੇ ਨੇ ਰੁਪਿਆ ਨਾ ਲਿਆ। ਪੀਰ ਨੇ ਜਹਾਂਗੀਰ ਵੱਲ ਇਸ਼ਾਰਾ ਕਰਕੇ ਕਿਹਾ, "ਜਾਹ ਇਹ ਇਸ ਨੂੰ ਦੇ ਦੇ। ਇਹ ਸਭ ਤੋਂ ਗਰੀਬ ਹੈ ਅਤੇ ਇਸ ਨੂੰ ਬਹੁਤ ਲੋੜ ਹੈ। ਇਹ ਏਡੇ ਵੱਡੇ ਰਾਜਭਾਗ ਨਾਲ ਨਹੀਂ ਰੱਜਿਆ, ਇਹ ਦੱਖਣ ਰਾਜ ਨੂੰ ਜਿੱਤਣਾ ਚਾਹੁੰਦਾ ਹੈ। ਇਸ ਲਈ ਦਿੱਲੀ ਤੋਂ ਦੁਆ ਮੰਗਣ ਆਇਆ ਹੈ। ਇਸ ਦੀ ਭੁੱਖ ਅੱਗ ਵਾਂਗ ਹੈ, ਜੋ ਹੋਰ ਲੱਕੜ ਪਾਇਆਂ ਜ਼ਿਆਦਾ ਮੱਚਦੀ ਹੈ। ਇਸ ਨੇ ਇਸ ਨੂੰ ਜ਼ਿਆਦਾ ਜ਼ਰੂਰਤਮੰਦ, ਲਾਲਚੀ ਅਤੇ ਨਿਰਦਈ ਬਣਾ ਦਿੱਤਾ ਹੈ।"

ਗੁਲਾਮ ਮੁਹਈ-ਓ-ਦੀਨ ਉਰਫ ਬੂਟੇ ਸ਼ਾਹ ਦੀ ਲਿਖੀ 'ਤਵਾਰੀਖ-ਏ-ਪੰਜਾਬ' ਸੰਨ 1848 ਮੁਤਾਬਿਕ ਗੁਰੂ ਅਰਜਨ ਦੇਵ ਪੰਚਮ ਪਾਤਿਸ਼ਾਹ ਦੇ ਕਹਿਣ 'ਤੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ। ਬੇਸ਼ਕ ਮੁਢਲੀਆਂ ਸਿੱਖ ਫਰਦਾਂ ਵਿਚ ਗੁਰੂ ਅਰਜਨ ਦੇਵ ਪਾਤਿਸ਼ਾਹ ਵੱਲੋਂ ਆਪ ਹੀ ਨੀਂਹ ਰੱਖਣਾ ਲਿਖਿਆ ਮਿਲਦਾ ਹੈ, ਪ੍ਰੰਤੂ ਪਿਛਲੇਰੇ ਦਸਤਾਵੇਜਾਂ ਵਿਚ ਸਾਈਂ ਮੀਆਂ ਮੀਰ ਵੱਲੋਂ ਨੀਂਹ ਰੱਖਣਾ ਮੰਨਿਆ ਗਿਆ ਹੈ। ਕੁਝ ਯੂਰਪੀ ਸੋਮਿਆਂ ਵਿਚ ਵੀ ਇਸੇ ਪਰੰਪਰਾ ਦਾ ਜ਼ਿਕਰ ਮਿਲਦਾ ਹੈ।

ਸਾਈਂ ਮੀਆਂ ਮੀਰ 88 ਵਰ੍ਹਿਆਂ ਦੀ ਉਮਰ ਵਿਚ 22 ਅਗਸਤ 1635 ਈਸਵੀ ਨੂੰ ਫੌਤ ਹੋਏ ਅਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਦੀ ਦੁਆ ਦਾਰਾ ਸ਼ਿਕੋਹ ਨੇ ਪੜ੍ਹੀ, ਜੋ ਸਾਈਂ ਜੀ ਦਾ ਪੱਕਾ ਮੁਰੀਦ ਸੀ। ਲਾਹੌਰ ਤੋਂ ਇੱਕ ਮੀਲ ਦੱਖਣ-ਪੂਰਬ ਵਾਲੇ ਪਾਸੇ ਆਲਮਗੰਜ ਦੇ ਨੇੜੇ ਸਾਈਂ ਜੀ ਨੂੰ ਦਫਨਾਇਆ ਗਿਆ। ਮਕਬਰੇ ਦਾ ਆਰਕੀਟੈਕਚਰ ਉਵੇਂ ਹੀ ਸੁਰੱਖਿਅਤ ਹੈ, ਜਿਥੇ ਹਰ ਸਾਲ ਉਰਸ ਮਨਾਇਆ ਜਾਂਦਾ ਹੈ। ਡਿਉਡੀ ਦੇ ਬਾਹਰਲੇ ਪਾਸੇ ਬਾਜ਼ਾਰ ਵੱਲ ਬਣੇ ਵਰਾਂਡੇ ਵਿਚ ਜੋੜੇ ਉਤਾਰਨ ਲਈ ਰੱਸੀਆਂ ਨਾਲ ਵਲ ਕੇ ਥਾਂ ਬਣਾਈ ਹੋਈ ਹੈ ਅਤੇ ਅੰਦਰ ਮਕਬਰੇ ਦੇ ਆਲੇ-ਦੁਆਲੇ ਕਾਫੀ ਖੁੱਲ੍ਹੀ ਥਾਂ ਹੈ। ਸ਼ਾਇਦ ਸਵੇਰ ਦਾ ਵਕਤ ਹੋਣ ਕਰਕੇ ਵਿਰਲੇ-ਟਾਵੇਂ ਲੋਕ ਦਰਸ਼ਨਾਂ ਲਈ ਆ ਰਹੇ ਸਨ।

ਆਮ ਵਾਂਗ ਇੱਥੇ ਵੀ ਮਕਬਰੇ ਦੇ ਅੰਦਰ ਔਰਤਾਂ ਨੂੰ ਜਾਣ ਦੀ ਆਗਿਆ ਨਹੀਂ ਹੈ; ਇਸ ਲਈ ਮੈਂ ਅਤੇ ਸੁਖਵੀਰ ਕੌਰ ਗਿੱਲ ਨੇ ਬਾਹਰੋਂ ਹੀ ਚਾਰ-ਚੁਫੇਰੇ ਚੱਕਰ ਲਾ ਕੇ ਦਰਸ਼ਨ ਕੀਤੇ। ਇੱਥੇ ਕਿਸੇ ਨੇ ਹਰਜੀਤ ਸਿੰਘ ਕੋਲੋਂ ਪੁੱਛਿਆ, "ਸਰਦਾਰ ਜੀ! ਮੈਂ ਦੇਖਿਆ ਹੈ ਕਿ ਸਾਈਂ ਮੀਆਂ ਮੀਰ ਦੇ ਮਕਬਰੇ 'ਤੇ ਬਹੁਤ ਸਰਦਾਰ ਦਰਸ਼ਨ ਕਰਨ ਆਉਂਦੇ ਹਨ; ਇਸ ਦੀ ਕੀ ਵਜ੍ਹਾ ਹੈ?" ਤਾਂ ਹਰਜੀਤ ਸਿੰਘ ਨੇ ਸਿੱਖ ਧਰਮ ਵਿਚ ਮੀਆਂ ਮੀਰ ਦੇ ਸਤਿਕਾਰ ਬਾਰੇ ਉਸ ਨੂੰ ਦੱਸਿਆ। ਜਦੋਂ ਅਸੀਂ ਪੌੜੀਆਂ ਤੋਂ ਉਤਰ ਰਹੇ ਸਾਂ ਤਾਂ ਇੱਕ ਬਜ਼ੁਰਗ ਸਿੱਖ ਜੋੜਾ ਪੌੜੀਆਂ ਚੜ੍ਹ ਰਿਹਾ ਸੀ।

ਇੱਥੋਂ ਅਸੀਂ ਸਿੱਧੇ ਪਾਕਿਸਤਾਨੀ ਬੈਂਕ ਵਿਚ ਅਮਰੀਕਨ ਡਾਲਰ ਪਾਕਿਸਤਾਨੀ ਕਰੰਸੀ ਵਿਚ ਵਟਾਉਣ ਲਈ ਗਏ, ਕਿਉਂਕਿ ਹੁਣ ਲਾਹੌਰ ਦਾ ਅਨਾਰਕਲੀ ਬਾਜ਼ਾਰ ਤੇ ਹੋਰ ਥਾਂਵਾਂ ਘੁੰਮਣ ਦੀ ਵਾਰੀ ਸੀ। ਸਭ ਤੋਂ ਪਹਿਲਾਂ ਪਾਕਿਸਤਾਨੀ ਪੰਜਾਬੀ ਜੁੱਤੀਆਂ, ਜਿਨ੍ਹਾਂ ਨੂੰ ਉਹ ਖੁੱਸੇ ਕਹਿੰਦੇ ਹਨ (ਪਟਿਆਲੇ ਖਾਸ ਕਿਸਮ ਦੀਆਂ ਕਢਾਈ ਵਾਲੀਆਂ ਮਰਦਾਨਾ ਜੁੱਤੀਆਂ ਨੂੰ ਹੀ ਖੁੱਸੇ ਕਹਿੰਦੇ ਹਨ) ਖਰੀਦੀਆਂ। ਮੈਂ ਬਚਪਨ ਵਿਚ ਆਪਣੇ ਬਾਪੂ ਜੀ ਤੋਂ ਦੋ-ਘੋੜੇ ਦੀ ਬੋਸਕੀ ਦਾ ਜ਼ਿਕਰ ਬਹੁਤ ਸੁਣਿਆ ਸੀ। ਇਸ ਲਈ ਮੇਰੇ ਮਨ ਵਿਚ ਘੱਟੋ ਘੱਟ ਆਪਣੇ ਛੋਟੇ ਵੀਰ ਲਈ (ਮੇਰੇ ਦੋ ਹੀ ਵੀਰ ਸਨ, ਵੱਡਾ ਸੰਨ 1996 ਵਿਚ ਚੜ੍ਹਾਈ ਕਰ ਗਿਆ ਸੀ) ਦੋ-ਘੋੜੇ ਦੀ ਬੋਸਕੀ ਦਾ ਕੁੜਤੇ-ਪਜਾਮੇ ਦਾ ਕੱਪੜਾ ਖਰੀਦਣ ਦੀ ਇੱਛਾ ਸੀ; ਸ਼ਾਇਦ ਇਸ ਨਾਲ ਮੈਂ ਆਪਣੇ ਅਹਿਸਾਸ ਵੀਰ ਨਾਲ ਸਾਂਝੇ ਕਰਨਾ ਚਾਹੁੰਦੀ ਸੀ। ਮੈਂ ਜੋਤੀ ਅਤੇ ਸਿਮਰ ਨਾਲ ਰਲ ਕੇ ਅਨਾਰਕਲੀ ਬਾਜ਼ਾਰ ਵਿਚੋਂ ਪਹਿਲਾਂ ਆਪਣੀ ਨੂੰਹ-ਰਾਣੀ ਧੀ ਅੰਮ੍ਰਿਤਾ ਲਈ ਪਾਕਿਸਤਾਨੀ ਕੁੜਤੇ ਖਰੀਦੇ, ਫਿਰ ਇੱਕ ਹੋਰ ਦੁਕਾਨ ਤੋਂ ਪਜਾਮੀ-ਸੂਟ ਖਰੀਦਿਆ। ਉਨ੍ਹਾਂ ਨੂੰ ਉਥੇ ਹੀ ਅੱਧੀ ਕੁ ਪੁਲਿਸ ਪਾਰਟੀ ਨਾਲ ਛੱਡ ਕੇ ਅਸੀਂ ਕੱਪੜੇ ਦੀ ਦੁਕਾਨ ਵਿਚ ਆ ਵੜੇ, ਜਿੱਥੋਂ ਲਾਹੌਰ ਦਾ ਇਹ ਖਾਸ ਕੱਪੜਾ ਦੋ-ਘੋੜੇ ਦੀ ਬੋਸਕੀ ਖਰੀਦਿਆ। ਅੰਮ੍ਰਿਤਾ ਨੇ ਮੈਨੂੰ ਉਚੇਚਾ ਕਿਹਾ ਸੀ, "ਮਾਮਾ ਮੇਰੇ ਲਈ ਹੋਰ ਕੋਈ ਚੀਜ਼ ਭਾਵੇਂ ਨਾ ਲਿਆਇਓ, ਪਰ ਪਾਕਿਸਤਾਨ ਦੀ ਆਰਟੀਫਿਸ਼ਲ ਜਿਊਲਰੀ ਜ਼ਰੂਰ ਲੈ ਕੇ ਆਇਓ।"

ਮੇਰੇ ਮਨ ਵਿਚ ਖਾਨਦਾਨ ਦੀਆਂ ਸਾਰੀਆਂ ਵਹੁਟੀਆਂ-ਕੁੜੀਆਂ ਲਈ ਲਾਹੌਰ ਦੀ ਕੋਈ ਨਾ ਕੋਈ ਨਿੱਕੀ ਮੋਟੀ ਚੀਜ਼ ਲੈ ਜਾਣ ਦੀ ਇੱਛਾ ਵੀ ਸੀ। ਬਾਕੀ ਸਾਰੇ ਆਪੋ ਆਪਣੀ ਪਸੰਦ ਦਾ ਕੁਝ ਨਾ ਕੁਝ ਖਰੀਦਣ ਵਿਚ ਮਸ਼ਰੂਫ ਸਨ। ਪੁਲਿਸ ਪਾਰਟੀ ਵਿਚੋਂ ਇੱਕ ਮੁੰਡਾ ਕਹਿੰਦਾ, "ਚਲੋ, ਤੁਹਾਡੇ ਨਾਲ ਮੈਂ ਚੱਲਦਾਂ, ਇਸ ਤਰ੍ਹਾਂ ਤੇ ਤੁਹਾਡੀ ਖਰੀਦਦਾਰੀ ਵਿਚੇ ਰਹਿ ਜਾਣੀ ਏ।" ਮੈਨੂੰ ਉਸ ਦਾ ਸੁਝਾਅ ਬੜਾ ਚੰਗਾ ਲੱਗਾ ਤਾਂ ਮੈਂ ਉਸ ਨੂੰ ਲੈ ਕੇ ਥੋੜ੍ਹੀ-ਬਹੁਤ ਖਰੀਦਦਾਰੀ ਕੀਤੀ। ਜੋਤੀ ਹੋਰੀਂ ਕੱਪੜਿਆਂ ਦੀ ਖਰੀਦ ਵਿਚ ਕੁਝ ਜ਼ਿਆਦਾ ਹੀ ਰੁੱਝੀਆਂ ਸਨ ਤਾਂ ਮੇਰੇ ਨਾਲ ਸਾਡਾ ਮੇਜ਼ਬਾਨ ਮੁੰਡਾ ਸਲਮਾਨ ਸੰਧੂ ਹੋ ਤੁਰਿਆ। ਉਸ ਨੂੰ ਨਾਲ ਲੈ ਕੇ ਮੈਂ ਬੇਟੇ ਗੁਰਨੀਤ ਅਤੇ ਪੋਤੇ ਅਜ਼ੈ ਲਈ ਕੁੜਤੇ-ਪਜਾਮੇ ਨਾਲ ਪਾਉਣ ਲਈ ਪਾਕਿਸਤਾਨੀ ਫੈਸ਼ਨ ਦੀਆਂ ਬਾਸਕਟਾਂ ਖਰੀਦੀਆਂ। ਸਲਮਾਨ ਹੀ ਮੈਨੂੰ ਆਰਟੀਫਿਸ਼ਲ ਜਿਊਲਰੀ ਦੇ ਵੱਡੇ ਬਾਜ਼ਾਰ ਵਿਚ ਲੈ ਵੜਿਆ, ਜਿੱਥੋਂ ਸਭ ਲਈ ਕੁਝ ਨਾ ਕੁਝ ਨਿੱਕਾ-ਮੋਟਾ ਖਰੀਦਿਆ। ਮੈਂ ਕਿਸੇ ਵੀ ਸ਼ਹਿਰ ਵਿਚ ਨਕਲੀ ਗਹਿਣਿਆਂ ਦਾ ਏਡਾ ਵੱਡਾ ਬਾਜ਼ਾਰ ਨਹੀਂ ਸੀ ਦੇਖਿਆ।

ਦੂਜੇ ਦਿਨ, 19 ਤਰੀਕ ਨੂੰ ਵਾਪਸ ਆਉਣ ਲਈ ਤਿਆਰ ਹੋ ਰਹੇ ਸਾਂ ਤਾਂ ਸਲਮਾਨ ਦਾ ਮਾਮਾ ਬਸ਼ੀਰ ਅਹਿਮਦ, ਜਿਸ ਨੂੰ ਸਲਮਾਨ ਹੋਰੀਂ 'ਹਾਜੀ ਸਾਹਿਬ' ਵੀ ਕਹਿੰਦੇ ਹਨ (ਮੇਰਾ ਖਿਆਲ ਹੈ ਕਿ ਜਦੋਂ ਕੋਈ ਮੱਕੇ ਦਾ ਹੱਜ ਕਰਕੇ ਆਉਂਦਾ ਹੈ ਤਾਂ ਉਸ ਦੇ ਨਾਂ ਨਾਲ 'ਹਾਜੀ' ਲੱਗ ਜਾਂਦਾ ਹੈ), ਆਪਣੇ ਦੋ ਪੋਤਿਆਂ, ਜਿਨ੍ਹਾਂ ਦੀ ਉਮਰ 11 ਤੇ 13 ਸਾਲ ਹੈ, ਨਾਲ ਮੋਟਰਸਾਈਕਲ 'ਤੇ ਆ ਗਿਆ। ਅੱਜ ਉਹ ਪੱਗ ਬੰਨ੍ਹਣੀ ਸਿੱਖਣ ਦਾ ਪੱਕਾ ਇਰਾਦਾ ਕਰਕੇ ਆਇਆ ਸੀ। ਅਸੀਂ ਨਾਸ਼ਤਾ ਕਰਕੇ ਵਾਪਸ ਸਮੇਂ ਸਿਰ ਆਉਣ ਦੀ ਕਾਹਲ ਵਿਚ ਸਾਂ; ਇਸ ਲਈ ਉਸ ਨੂੰ ਸਾਡੇ ਨਾਲ ਹੀ ਨੇੜੇ ਪੈਂਦੇ ਰੈਸਟੋਰੈਂਟ ਵਿਚ ਚੱਲਣ ਲਈ ਕਹਿ ਦਿੱਤਾ। ਸਲਮਾਨ ਦੇ ਮਾਮਿਆਂ ਦੀ ਜ਼ਮੀਨ ਡਿਫੈਂਸ ਕਾਲੋਨੀ ਵਿਚ ਆਉਣ ਕਰਕੇ ਸਭ ਨੇ ਉਥੇ ਹੀ ਆਸ-ਪਾਸ ਘਰ ਬਣਾਏ ਹੋਏ ਹਨ। ਉਸ ਨੇ ਆਪਣੇ ਪੋਤੇ ਉਥੋਂ ਹੀ ਵਾਪਸ ਭੇਜ ਦਿਤੇ ਅਤੇ ਆਪ ਸਾਡੇ ਨਾਲ ਗੱਡੀ ਵਿਚ ਆ ਗਿਆ। ਜਦੋਂ ਮੈਂ ਪੁੱਛਿਆ ਕਿ ਪੋਤੇ ਕਿਸ ਨਾਲ ਵਾਪਸ ਗਏ ਨੇ? ਤਾਂ ਕਹਿੰਦਾ, "ਵੱਡਾ ਮੋਟਰ ਸਾਈਕਲ ਚਲਾ ਕੇ ਲੈ ਗਿਆ।"

ਮੈਂ ਇੱਕ ਦਮ ਪ੍ਰੇਸ਼ਾਨ ਹੋ ਕੇ ਪੁੱਛਿਆ, "ਉਹ ਮੋਟਰ ਸਾਈਕਲ ਚਲਾ ਲੈਂਦੈ?" ਕਹਿੰਦਾ, "ਆਹੋ, ਉਹ ਤਾਂ ਹਵਾਈ ਜਹਾਜ ਵੀ ਚਲਾ ਲਊ। ਬਹੁਤ ਤੇਜ਼ ਆ ਜੀ।" ਮੈਂ ਸੋਚਿਆ ਸਾਡੇ ਪੰਜਾਬ ਦੇ ਮੁੰਡਿਆਂ ਦਾ ਹੀ ਨਹੀਂ, ਪਕਿਸਤਾਨ ਦੇ ਪੰਜਾਬੀਆਂ ਦਾ ਵੀ ਉਹੀ ਹਾਲ ਹੈ; ਜੰਮਦੇ ਹੀ ਪਹਿਲਾਂ ਮੋਟਰ ਸਾਈਕਲਾਂ ਨੂੰ ਹੱਥ ਪਾਉਂਦੇ ਨੇ। ਨਾਸ਼ਤਾ ਤਿਆਰ ਹੁੰਦੇ ਤੱਕ ਗਿੱਲ ਸਾਹਿਬ ਨੇ ਆਪਣੀ ਇੱਕ ਪੱਗ ਲੈ ਕੇ ਉਸ ਨੂੰ ਬੰਨ੍ਹਣੀ ਦੱਸੀ ਅਤੇ ਨਾਲ ਹੀ ਉਸ ਨੂੰ ਹਦਾਇਤ ਕੀਤੀ ਕਿ ਪੱਗ ਬੰਨ੍ਹੀ ਰੱਖੇ ਅਤੇ ਬੰਨ੍ਹਣ ਦਾ ਅਭਿਆਸ ਕਰਦਾ ਰਹੇ।

ਨਾਸ਼ਤਾ ਖਤਮ ਕਰਕੇ ਅਸੀਂ ਵਾਘਾ ਸਰਹੱਦ ਵੱਲ ਚੱਲ ਪਏ, ਪੁਲਿਸ ਪਾਰਟੀ ਸਾਡੇ ਨਾਲ ਸੀ। ਨਾਕੇ 'ਤੇ ਆ ਕੇ ਉਨ੍ਹਾਂ ਨੇ ਪੁਲਿਸ ਪਾਰਟੀ ਪਿੱਛੇ ਮੋੜ ਦਿੱਤੀ ਅਤੇ ਸਪੈਸ਼ਲ ਆਗਿਆ ਹੋਣ ਕਰਕੇ ਸਾਡੀ ਗੱਡੀ ਇਕੱਲੇ ਡਰਾਈਵਰ ਮਨਜ਼ੂਰ ਭਾਈ ਨਾਲ ਅੱਗੇ ਲੰਘਣ ਦਿੱਤੀ। ਅਸੀਂ ਉਥੋਂ ਹੀ ਸਲਮਾਨ ਅਤੇ ਵੱਕਾਰ ਗਿੱਲ ਨੂੰ ਪਿਆਰ ਦੇ ਕੇ ਮੋੜ ਦਿਤਾ। ਹੋਰ ਬਹੁਤ ਸਾਰੇ ਚੰਗੇ ਅਤੇ ਖੁਸ਼ਗਵਾਰ ਅਹਿਸਾਸਾਂ ਦੇ ਨਾਲ ਨਾਲ ਮੈਂ ਇੱਕ ਨਵਾਂ ਰਿਸ਼ਤਾ 'ਦਾਦੋ' ਵੀ ਲੈ ਕੇ ਵਾਪਸ ਆ ਰਹੀ ਸਾਂ। ਪਹਿਲੇ ਦਿਨ ਹੀ ਵਾਘਾ ਸਰਹੱਦ ਤੋਂ ਡੇਰਾ ਚਾਹਲ ਹੁੰਦਿਆਂ ਰਿਹਾਇਸ਼ ਤੱਕ ਪਹੁੰਚਦੇ ਪਹੁੰਚਦੇ ਸਲਮਾਨ ਸਾਡੇ ਨਾਲ ਖਾਸਾ ਘੁਲ-ਮਿਲ ਗਿਆ ਸੀ। ਇਸ ਦੌਰਾਨ ਉਸ ਨੇ ਆਪਣੇ ਆਪ ਨੂੰ ਅਨੀਸ ਦੀ ਥਾਂ ਰੱਖਦਿਆਂ ਹਰਜੀਤ ਸਿੰਘ ਗਿੱਲ ਨੂੰ 'ਅੱਬਾ' ਅਤੇ ਮਿਸਿਜ਼ ਸੁਖਵੀਰ ਕੌਰ ਗਿੱਲ ਨੂੰ 'ਅੰਮੀ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਮੈਨੂੰ ਕਹਿਣ ਲੱਗਾ, "ਹੁਣ ਤੁਹਾਨੂੰ ਮੈਂ ਕੀ ਕਹਿ ਕੇ ਬੁਲਾਵਾਂ? ਕੀ ਮੈਂ 'ਦਾਦੋ' ਬੁਲਾ ਲਵਾਂ?" ਮੈਂ ਹੱਸ ਕੇ ਕਿਹਾ ਕਿ ਉਹ 'ਦਾਦੋ' ਬੁਲਾ ਸਕਦੈ। ਭਾਵੇਂ ਸਿਮਰ ਅਤੇ ਜੋਤੀ ਨੂੰ ਇਹ ਗੱਲ ਬਹੁਤੀ ਚੰਗੀ ਨਹੀਂ ਲੱਗੀ, ਕਿਉਂਕਿ ਉਸ ਦੀ ਰੀਸ ਉਸ ਦੇ ਸਾਰੇ ਭੈਣ-ਭਰਾ 'ਦਾਦੋ' ਕਹਿਣ ਲੱਗ ਪਏ; ਕਹਿੰਦੀਆਂ, "ਐਵੇਂ ਸਾਡੀ ਆਂਟੀ ਨੂੰ ਮੱਲੋ ਮੱਲੀ ਸਭ ਦੀ ਦਾਦੋ ਬਣਾ ਦਿੱਤਾ। ਇਹ ਕੀ ਗੱਲ ਹੋਈ ਭਲਾ?"

ਸਿਕਿਉਰਿਟੀ 'ਤੇ ਆ ਕੇ ਗੱਡੀ ਰੁਕੀ ਤਾਂ ਮਨਜ਼ੂਰ ਭਾਈ ਨੂੰ ਵੀ ਗੱਡੀ ਮੋੜ ਕੇ ਲੈ ਜਾਣ ਲਈ ਅਲਵਿਦਾ ਕਹਿ ਦਿਤੀ। ਔਰਤਾਂ ਵਾਲੀ ਕੈਬਿਨ ਵਿਚ ਕੋਈ 6 ਫੁੱਟ ਨੂੰ ਢੁਕਦੀ ਉਚੀ-ਲੰਬੀ ਬਹੁਤ ਹੀ ਸੁਨੱਖੀ ਪਾਕਿਸਤਾਨੀ ਕੁੜੀ ਸਿਕਿਉਰਿਟੀ ਚੈੱਕ ਕਰ ਰਹੀ ਸੀ। ਸਭ ਤੋਂ ਪਹਿਲਾਂ ਮੈਂ ਸਿਕਿਉਰਿਟੀ ਲਈ ਉਸ ਨਾਲ ਗਈ ਤਾਂ ਬੜੇ ਪਿਆਰ ਨਾਲ ਸੁਆਗਤ ਕੀਤਾ ਅਤੇ ਨਾਲ ਹੀ ਬੋਲੀ, "ਆਂਟੀ ਜੀ! ਪਟਿਆਲਾਸ਼ਾਹੀ ਸਲਵਾਰ ਬਹੁਤ ਚੰਗੀ ਲਗਦੀ ਹੈ।" ਮੈਂ ਅੱਗੋਂ ਮੁਸਕਰਾ ਕੇ ਕਿਹਾ, "ਤੁਹਾਡਾ ਕੱਦ ਬਹੁਤ ਸੁਹਣਾ ਲੱਗਾ ਮੈਨੂੰ।" ਅੱਗੋਂ ਉਹ ਬੋਲੀ, "ਨਹੀਂ ਆਂਟੀ ਜੀ, ਏਨਾ ਲੰਮਾ ਵੀ ਨਹੀਂ ਹੋਣਾ ਚਾਹੀਦਾ।"

ਪਹਿਲਾਂ ਵਾਂਗ ਹੀ ਪਾਕਿਸਤਾਨ ਵਾਲੇ ਪਾਸੇ ਸਾਨੂੰ ਕੋਈ ਦੇਰ ਨਾ ਲੱਗੀ। ਉਥੇ ਹੀ ਸਿੰਘ ਸਾਹਿਬ ਜਥੇਦਾਰ ਹਰਪ੍ਰੀਤ ਸਿੰਘ ਪਾਕਿਸਤਾਨ ਵੱਲ ਜਾਣ ਲਈ ਕੁਝ ਹੋਰ ਸਾਥੀਆਂ ਨਾਲ ਖੜ੍ਹੇ ਸਨ। ਅੱਗੇ ਹੋ ਕੇ ਆਪਣਾ ਅਤੇ ਹਰਜੀਤ ਸਿੰਘ ਦਾ ਤੁਆਰਫ ਕਰਾਇਆ ਅਤੇ ਫਤਿਹ ਬੁਲਾਈ। ਭਾਰਤ ਵਾਲੇ ਪਾਸੇ ਫਿਰ ਉਹੀ ਦੇਰੀ ਵਾਲਾ ਮਾਹੌਲ ਸੀ। ਸਿਕਿਉਰਿਟੀ ਚੈੱਕ ਵਾਲੀ ਮਸ਼ੀਨ ਵਿਚੋਂ ਸਮਾਨ ਕੱਢਦਿਆਂ ਉਨ੍ਹਾਂ ਮੇਰੇ ਅਟੈਚੀ 'ਤੇ ਚਿੱਟਾ ਕਾਟੇ ਦਾ ਨਿਸ਼ਾਨ ਲਾ ਦਿਤਾ, ਜਿਸ ਨੇ ਮੈਨੂੰ ਪ੍ਰੇਸ਼ਾਨ ਕਰ ਦਿਤਾ ਕਿ ਇਨ੍ਹਾਂ ਇਉਂ ਕਿਉਂ ਕੀਤਾ ਹੈ? ਅਸਲ ਵਿਚ ਮੈਂ ਜਿੰਨੀ ਵੀ ਸਭ ਲਈ ਆਰਟੀਫਿਸ਼ਲ ਜਿਊਲਰੀ ਖਰੀਦੀ ਸੀ, ਉਹ ਦੁਕਾਨਦਾਰ ਤੋਂ ਗੱਤੇ ਦੇ ਬਣੇ ਇੱਕ ਡੱਬੇ ਵਿਚ ਪੈਕ ਕਰਵਾ ਲਈ ਸੀ। ਕਸਟਮ ਅਫਸਰ ਨੇ ਸੂਟਕੇਸ ਖੋਲ੍ਹ ਕੇ ਉਸੇ ਡੱਬੇ ਨੂੰ ਹੀ ਹੱਥ ਪਾਇਆ। ਮੈਂ ਵੀ ਅੱਗੋਂ ਕਹਿ ਦਿੱਤਾ, "ਦੇਖ ਲਵੋ, ਆਰਟੀਫਿਸ਼ਲ ਜਿਊਲਰੀ ਹੈ।"

ਕਸਟਮ ਤੋਂ ਫਾਰਗ ਹੋ ਕੇ ਬੱਸ ਰਾਹੀਂ ਅਟਾਰੀ ਵਾਲੇ ਪਾਸੇ ਬਾਹਰ ਆਏ ਤਾਂ ਅੱਗੇ ਹਰਜੀਤ ਸਿੰਘ ਦਾ ਜੁਆਈ, ਸਿਮਰ ਦਾ ਪਤੀ ਗੁਰਪ੍ਰੀਤ ਸਿੰਘ ਗੱਡੀ ਲੈ ਕੇ ਆਇਆ ਹੋਇਆ ਸੀ। ਹਰਜੀਤ ਸਿੰਘ ਨੇ ਮੈਨੂੰ ਪਹਿਲਾਂ ਹੀ ਪੁੱਛ ਰੱਖਿਆ ਸੀ ਕਿ ਕੀ ਮੈਂ ਗੁਰੂ ਕੇ ਬਾਗ ਗੁਰਦੁਆਰਾ ਸਾਹਿਬ ਕਦੀ ਗਈ ਹਾਂ? ਮੈਂ ਦੱਸਿਆ ਸੀ ਕਿ ਮੈਨੂੰ ਕਦੀ ਮੌਕਾ ਨਹੀਂ ਮਿਲਿਆ ਦਰਸ਼ਨ ਕਰਨ ਦਾ। ਘਰ ਪਹੁੰਚ ਕੇ ਚਾਹ-ਪਾਣੀ ਛਕਿਆ, ਕੁਝ ਦੇਰ ਪਿੱਛੋਂ ਹੀ ਬੱਚੇ ਘੁੰਮਣ-ਫਿਰਨ ਚਲੇ ਗਏ ਅਤੇ ਮੈਂ ਹਰਜੀਤ ਸਿੰਘ ਅਤੇ ਸੁਖਵੀਰ ਕੌਰ ਨਾਲ ਗੁਰੂ ਕੇ ਬਾਗ ਚਲੀ ਗਈ। ਗਿੱਲ ਪਰਿਵਾਰ ਦੇ ਜੱਦੀ ਪਿੰਡ ਜਗਦੇਵ ਕਲਾਂ ਵਿਚੋਂ ਹੁੰਦਿਆਂ ਅਸੀਂ ਗੁਰੂ ਕਾ ਬਾਗ ਪਹੁੰਚੇ। ਇੱਕ ਪਾਸੇ ਗੁਰੂ ਅਰਜਨ ਦੇਵ ਪਾਤਿਸ਼ਾਹ ਦੀ ਯਾਦ ਵਿਚ ਅਤੇ ਦੂਜੇ ਪਾਸੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਦੋਹਾਂ ਗੁਰਦੁਆਰਿਆਂ ਦੇ ਵਿਚਾਲੇ ਵਿਸ਼ਾਲ ਸਰੋਵਰ ਹੈ। ਉਸ ਦਿਨ ਪ੍ਰਤੀਕ ਸਿੰਘ (ਹਰਜੀਤ ਸਿੰਘ ਦਾ ਪੁੱਤਰ) ਦਾ ਜਨਮ ਦਿਨ ਵੀ ਸੀ। ਇਸ ਲਈ ਰਾਤ ਦੇ ਖਾਣੇ ਵਿਚ ਕੁਝ ਬਹੁਤ ਕਰੀਬੀ ਪਰਿਵਾਰ ਵੀ ਸੱਦੇ ਹੋਏ ਸਨ।

ਦੂਜੇ ਦਿਨ ਹਰਜੀਤ ਸਿੰਘ ਹੋਰਾਂ ਨਾਲ ਜਾ ਕੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਫਿਰ ਟੈਕਸੀ ਕਰਕੇ 12 ਕੁ ਵਜੇ ਕੰਮੋਕੇ ਪਹੁੰਚ ਗਈ। ਦਲਬੀਰ ਤੇ ਛਿੰਦਾ ਮੇਰੀ ਉਡੀਕ ਕਰ ਰਹੇ ਸਨ। 20 ਤੋਂ 23 ਫਰਵਰੀ ਤੱਕ ਪਿੰਡ ਰਹੀ। ਛਿੰਦਾ ਇਸ ਵਾਰ ਬਹੁਤ ਹੀ ਖੁਸ਼ ਸੀ। ਉਹ ਸਵੇਰੇ ਬਹੁਤ ਹੀ ਜਲਦੀ ਉਠ ਖੜ੍ਹਦਾ ਸੀ ਅਤੇ ਮੈਂ ਵੀ, ਜਿਸ ਦਿਨ ਦੀ ਕੈਨੇਡਾ ਤੋਂ ਆਈ ਸਾਂ ਚਾਰ ਵਜੇ ਹੀ ਮੇਰੀ ਜਾਗ ਖੁੱਲ੍ਹ ਜਾਂਦੀ ਸੀ। ਸਵੇਰੇ ਉਸ ਨੇ ਚਾਹ ਬਣਾ ਲੈਣੀ ਅਤੇ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਚਾਹ ਦੇ ਕੱਪ ਖਤਮ ਕਰਨੇ। ਉਨ੍ਹੀਂ ਦਿਨੀਂ ਠੰਢ ਤਾਂ ਭਾਵੇਂ ਕਾਫੀ ਸੀ, ਪਰ ਧੁੱਪ ਚੰਗੀ ਨਿਕਲਦੀ ਰਹੀ। ਤਿੰਨ-ਚਾਰ ਦਿਨ ਖੂਬ ਧੁੱਪ ਵੀ ਸੇਕੀ ਅਤੇ ਗੱਲਾਂ ਵੀ ਕੀਤੀਆਂ, ਪਰ ਇਹ ਚਿੱਤ

(ਬਾਕੀ ਅਗਲੇ ਸਫੇ 'ਤੇ)



'ਪੰਜਾਬੀ ਕੇਂਦਰ' ਵਿਚ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ, ਡਾ. ਗੁਰਨਾਮ ਕੌਰ ਅਤੇ ਡਾ. ਬਲਕਾਰ ਸਿੰਘ




ਗੁਰਮਤਿ ਕਾਲਜ ਵਿਖੇ ਸਨਮਾਨ ਦੀਆਂ ਘੜੀਆਂ



ਡਾ. ਗੁਰਨਾਮ ਕੌਰ ਅਤੇ ਸਲਮਾਨ ਸੰਧੂ

# ਮਿਰਜ਼ਾ ਗਾਲਿਬ ਤੇ ਫਖਰੁਦੀਨ ਅਲੀ ਅਹਿਮਦ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ 10 ਮਈ ਦਾ ਦਿਨ ਭੁੱਲ ਬਖਸ਼ਾਉਣ ਲਈ ਚੁਣਿਆ ਹੈ। ਇਸ ਭੁੱਲ ਦੇ ਪਾਤਰ ਮੇਰੇ ਹੋਰ ਮਿੱਤਰ ਵੀ ਹਨ, ਮਿਰਜ਼ਾ ਗਾਲਿਬ ਦੇ ਮੱਦਾਹ। ਪੰਜਾਬੀ ਕਵੀ ਸੁਰਜੀਤ ਪਾਤਰ, ਉਰਦੂ ਹਾਸ ਵਿਅੰਗ ਸ਼ਾਇਰ ਟੀ. ਐਨ. ਰਾਜ਼, ਐਡਵੋਕੇਟ ਰਾਜਿੰਦਰ ਸਿੰਘ ਚੀਮਾ ਤੇ ਹੋਰ। 1945 ਦੇ ਏਸ ਦਿਨ ਬੱਗਾ ਬੇਗਮ (ਪਤਨੀ ਬਾਕਰ ਅਲੀ ਖਾਂ) ਦੀ ਮੌਤ ਹੋ ਗਈ ਸੀ। ਬਾਕਰ ਅਲੀ ਨੂੰ ਉਸ ਦੇ ਪਿਤਾ ਆਰਿਫ ਦੀ ਮੌਤ ਪਿੱਛੋਂ ਗਾਲਿਬ ਦੀ ਬੀਵੀ ਉਮਰਾਓ ਬੇਗਮ ਨੇ ਪਾਲਿਆ ਸੀ। ਆਰਿਫ ਦੀ ਮਾਂ ਬੁਨਿਆਦੀ ਬੇਗਮ ਮਿਰਜ਼ਾ ਗਾਲਿਬ ਦੀ ਸਾਲੀ



*ਸਾਬਕਾ ਰਾਸ਼ਟਰਪਤੀ ਫਖਰੁਦੀਨ ਅਲੀ ਅਹਿਮਦ*

ਸੀ ਤੇ ਉਮਰਾਓ ਬੇਗਮ ਦੀ ਸਕੀ ਭੈਣ। ਉਹ ਬਾਰਾਂ ਸਾਲ ਦੀ ਉਮਰ ਵਿਚ ਬਾਕਰ ਅਲੀ ਦੀ ਦੁਲਹਨ ਬਣ ਕੇ ਮਿਰਜ਼ਾ ਗਾਲਿਬ ਦੇ ਘਰ ਆਈ ਸੀ। ਉਸ ਨੇ 69 ਸਾਲ ਵਿਧਵਾ ਰਹਿ ਕੇ 93 ਸਾਲ ਦੀ ਉਮਰ ਭੋਗੀ। ਭਾਰਤ ਦਾ ਦੂਜਾ ਰਾਸ਼ਟਰਪਤੀ ਫਖਰੁਦੀਨ ਅਲੀ ਅਹਿਮਦ ਮੁਆਜ਼ਮ ਜ਼ਪਾਨੀ ਬੇਗਮ ਉਰਫ ਬੱਗਾ ਬੇਗਮ ਦਾ ਦੋਹਤਰਾ ਸੀ।

ਇਹ ਵੇਰਵਾ ਮੈਂ ਫਖਰੁਦੀਨ ਤੇ ਗਾਲਿਬ ਦਾ ਨਾਤਾ ਜੋੜਨ ਲਈ ਦਿੱਤਾ ਹੈ। ਆਪਾਂ ਮਿਰਜ਼ਾ ਗਾਲਿਬ ਦੇ ਪ੍ਰਸੰਗ ਵਿਚ ਹੋਈ ਭੁੱਲ ਦੀ ਗੱਲ ਕਰੀਏ, ਜਿਸ ਦੇ ਪਾਤਰ ਮੇਰੇ ਮਿੱਤਰ ਰਾਜ਼, ਪਾਤਰ ਤੇ ਚੀਮਾ ਵੀ ਹਨ। ਭੁੱਲ ਇੱਕ ਸਾਲ ਪੁਰਾਣੀ ਹੈ। ਲੰਘੇ ਸਾਲ ਮਿਰਜ਼ਾ ਗਾਲਿਬ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ ਡੇਢ ਸੌ ਸਾਲ ਹੋ ਗਏ ਸਨ। ਅਸੀਂ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਸੰਤੋਖ ਸਿੰਘ ਧੀਰ ਦੀਆਂ ਸਵਾ ਸੌ ਤੇ ਸੌ ਸਾਲਾ ਵਰ੍ਹੇਗੰਢਾਂ ਤਾਂ ਮਨਾਉਂਦੇ ਰਹੇ, ਉਰਦੂ ਦੇ ਮਾਇਆਨਾਜ਼ ਸ਼ਾਇਰ ਮਿਰਜ਼ਾ ਅਸਦ ਉਲਾ ਖਾਂ ਗਾਲਿਬ ਨੂੰ ਭੁੱਲ ਗਏ। ਉਹ ਮਰਨ ਤੋਂ ਪਹਿਲਾਂ ਇਸ ਦੀ ਪੇਸ਼ੀਨਗੋਈ ਖੁਦ ਵੀ ਕਰ ਗਿਆ ਸੀ,

ਗਾਲਿਬ-ਏ-ਖਸਤਾ ਕੇ ਬਗੈਰ
ਕੌਨ ਸੇ ਕਾਮ ਬੰਦ ਹੈਂ,
ਰੋਈਏ ਜ਼ਾਰ ਜ਼ਾਰ ਕਿਆ ਕੀਚੀਏ
ਹਾਏ ਹਾਏ ਕਿਉਂ?

ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਪੇਸ਼ੀਨਗੋਈ ਵਿਚ ਉਨਾ ਹੀ ਕਮਾਲ ਹਾਸਿਲ ਸੀ, ਜਿੰਨਾ ਸ਼ਾਇਰੀ ਵਿਚ। ਉਸ ਦੀ ਇਸ ਕਲਾ ਵਿਚ ਨਾਕਾਮੀ ਦੀ ਪੁਸ਼ਟੀ ਚਾਹੀਦੀ ਹੋਵੇ ਤਾਂ ਉਸ ਦਾ ਹੇਠ ਲਿਖਿਆ ਸ਼ਿਅਰ ਕਾਫੀ ਹੈ,

ਸ਼ੇਰ ਲਾਸ਼-ਏ-ਬੇਕਫਨ
ਅਸਦ ਖਸਤਾ ਜਾਂ ਕੀ ਹੈ,
ਹੱਕ ਮਸਫਰਤ ਕਰੇ,
ਅਜਬ ਆਜ਼ਾਦ ਮਰਦ ਥਾ।

ਜੇ ਹੋਰ ਸਬੂਤ ਦੀ ਲੋੜ ਹੋਵੇ ਤਾਂ ਇਹ ਵੀ,

ਹੂਏ ਮਰ ਕੇ ਹਮ ਜੋ ਰੁਸਵਾ
ਹੂਏ ਕਿਉਂ ਨਾ ਗਰਕ-ਏ-ਦਰਯਾ,
ਨਾ ਕਭੀ ਜਨਾਜ਼ਾ ਉਠਤਾ
ਨਾ ਕਹੀਂ ਮਜ਼ਾਰ ਹੋਤਾ।

ਉਸ ਦੀ ਲਾਸ਼ ਨੂੰ ਕਫਨ ਵੀ ਮਿਲਿਆ, ਜਨਾਜ਼ਾ ਵੀ ਉਠਿਆ ਤੇ ਮਜ਼ਾਰ ਵੀ ਬਣਿਆ। ਇਹ ਗੱਲ ਵੀ ਕਰਾਂਗੇ, ਪਹਿਲਾਂ ਉਸ ਦੀ ਅਜ਼ਮਤ ਤੇ ਅਮਰਤਾ ਦੇ ਤਿੰਨ ਸ਼ਿਅਰ,

1. ਹੈਂ ਔਰ ਭੀ ਦੁਨੀਆਂ ਮੇ
ਸ਼ਖਨਵਰ ਬਹੁਤ ਅੱਛੇ,
ਕਹਿਤੇ ਹੈਂ ਕਿ ਗਾਲਿਬ ਕਾ
ਹੈ ਅੰਦਾਜ਼-ਏ-ਬਯਾਂ ਔਰ।

2. ਹਮ ਕਹਾ ਕੇ ਦਾਨਾ ਥੇ
ਕਿਸ ਹੁਨਰ ਮੇਂ ਯਕਤਾ ਥੇ,
ਬੇਸਬਬ ਹੂਆ ਗਾਲਿਬ
ਦੁਸ਼ਮਨ ਆਸਮਾਂ ਅਪਨਾ।

3. ਯੇਹ ਮਸਾਇਲ-ਏ-ਤਸਵੁਫ
ਯੇਹ ਤੇਰਾ ਬਯਾਨ ਗਾਲਿਬ,
ਤੁਝੇ ਹਮ ਵਲੀ ਸਮਝਤੇ
ਜੋ ਨਾ ਬਾਦਾਖ੍ਵਾਰ ਹੋਤਾ।

ਨਿਸ਼ਚੇ ਹੀ ਮਿਰਜ਼ਾ ਗਾਲਿਬ ਨੂੰ ਆਪਣੀ ਅਕਲ, ਪਹੁੰਚ ਅਤੇ ਧਾਰਨਾ 'ਤੇ ਮਾਣ ਸੀ। ਉਸ ਦੀ ਹਰ ਗਜ਼ਲ ਜੀਵਨ ਦੀ ਜਦੋ-ਜਹਿਦ, ਮਨ ਦੀ ਸਾਦਗੀ ਤੇ ਦ੍ਰਿੜ੍ਹਤਾ ਅਤੇ ਜ਼ਿੰਦਗੀ ਦੇ ਸਥਾਈ ਸੱਚ ਨਾਲ ਭਰੀ ਪਈ ਹੈ। ਸਮਝਾਉਣ, ਬੁਝਾਉਣ ਤੇ ਜ਼ਿੰਦਗੀ ਨੂੰ ਰੱਜ ਕੇ ਮਾਣਨ ਦੀ ਸੇਧ ਦੇਣ ਵਾਲੀ। 1821 ਵਿਚ 24 ਸਾਲ ਦੀ ਉਮਰੇ ਲਿਖੇ ਕੁਝ ਸ਼ਿਅਰ ਧਿਆਨ ਮੰਗਦੇ ਹਨ,


ਏਕ ਹੰਗਾਮੇ ਪੇ ਮੌਕੂਫ ਹੈ ਘਰ ਕੀ ਰੌਨਕ
ਨੌਹਾ-ਏ-ਗਮ ਹੀ ਸਹੀ,
ਨਗਮਾ-ਏ-ਸ਼ਾਦੀ ਨਾ ਸਹੀ।

ਉਹ ਘਰ ਕੀ ਹੋਇਆ, ਜਿਸ ਵਿਚ ਸ਼ੋਰ ਸ਼ਰਾਬਾ ਨਾ ਹੋਵੇ! ਹੰਗਾਮੇ ਤੋਂ ਬਿਨਾ ਬੰਦੇ ਦਾ ਕੀ ਜਿਉਣਾ। ਜੇ ਖੁਸ਼ੀ ਦਾ ਗੀਤ ਨਸੀਬ ਨਾ ਹੋਵੇ ਤਾਂ ਦੁਖਦਾਈ ਵਿਰਲਾਪ ਵੀ ਰਾਹਤ ਦਿੰਦਾ ਹੈ।

ਆਸ਼ਕੀ ਦੇ ਪ੍ਰਸੰਗ ਵਿਚ ਲਿਖਿਆ ਹੈ,

ਨਾ ਹੂਈ ਗਰ ਮੇਰੇ ਮਰਨੇ ਸੇ ਤਸੱਲੀ,
ਨਾ ਸਹੀ
ਇਮਤਿਹਾਂ ਔਰ ਭੀ ਬਾਕੀ ਹੋ,
ਤੋ ਯੇ ਭੀ ਨਾ ਸਹੀ।

ਜੇ ਮੇਰੇ ਮਰਨ ਨਾਲ ਵੀ ਤੇਰੀ ਤਸੱਲੀ ਨਹੀਂ



*ਮਿਰਜ਼ਾ ਗਾਲਿਬ*

ਹੋਈ ਤੇ ਜ਼ੁਲਮ ਕਰਨ ਦੀ ਹਵਸ ਬਾਕੀ ਹੈ ਤਾਂ ਮੇਰੇ ਵਲੋਂ ਇਮਤਿਹਾਨ ਲਈ ਲਾਸ਼ ਹਾਜ਼ਰ ਹੈ। ਮੇਰਾ ਇਸ਼ਕ ਮਰਨ ਤੋਂ ਪਿੱਛੋਂ ਵੀ ਵਡੇਰੇ ਇਮਤਿਹਾਨ ਵਿਚੋਂ ਲੰਘਣ ਲਈ ਤਿਆਰ ਹੈ।

ਨਾ ਸਤਾਇਸ਼ ਕੀ ਤਮੰਨਾ,
ਨਾ ਸਿਲੇ ਕੀ ਪਰਵਾਹ,
ਗ਼ਰ ਨਹੀਂ ਮੇਰੇ ਇਸ਼ਆਰ ਮੇਂ ਮਾਅਨੀ,
ਨਾ ਸਹੀ।

ਗਾਲਿਬ ਦੇ ਕਲਾਮ ਵਿਚ ਨੁਕਸ ਕੱਢਣ ਵਾਲਿਆਂ ਦੀ ਸਦਾ ਇਹੀਓ ਸ਼ਿਕਾਇਤ ਸੀ ਕਿ ਸਮਝ ਨਹੀਂ ਆਉਂਦਾ। ਉਸ ਨੇ ਇਸ ਦਾ ਉਤਰ ਭਰ ਜਵਾਨ ਉਮਰੇ ਇਸ ਸ਼ਿਅਰ ਰਾਹੀਂ ਦਿੱਤਾ ਸੀ, "ਮੈਂ ਜੋ ਵੀ ਲਿਖਦਾ ਹਾਂ, ਕਿਸੇ ਤੋਂ ਪ੍ਰਸ਼ੰਸਾ ਪ੍ਰਾਪਤ ਕਰਨ ਜਾਂ ਇਨਾਮ ਲੈਣ ਲਈ ਨਹੀਂ ਲਿਖਦਾ। ਜੇ ਕਿਸੇ ਨੂੰ ਮੇਰੇ ਲਿਖੇ ਦਾ ਅਰਥ ਸਮਝ ਨਹੀਂ ਆਉਂਦਾ ਤਾਂ ਮੈਨੂੰ ਕੀ?"

ਸ਼ਾਇਦ ਇਹੀਓ ਕਾਰਨ ਹੈ ਕਿ ਉਸ ਨੇ 1833 ਵਿਚ 36 ਵਰ੍ਹੇ ਦੀ ਉਮਰੇ ਹੇਠ ਲਿਖੇ ਸ਼ਿਅਰਾਂ ਵਾਲੀ ਗਜ਼ਲ ਲਿਖੀ,

ਰਹੀਏ ਅਬ ਐਸੀ ਜਗ੍ਹਾ ਚਲ ਕਰ
ਜਹਾਂ ਕੋਈ ਨਾ ਹੋ,
ਹਮ-ਸੁਖਨ ਕੋਈ ਨਾ ਹੋ
ਔਰ ਹਮ-ਜ਼ੁਬਾਂ ਕੋਈ ਨਾ ਹੋ।
ਬੇ-ਦਰ-ਓ-ਦੀਵਾਰ ਸਾ ਏਕ ਘਰ
ਬਨਾਯਾ ਚਾਹੀਏ
ਕੋਈ ਹਮਸਾਯਾ ਨਾ ਹੋ
ਔਰ ਪਾਸਬਾਂ ਕੋਈ ਨਾ ਹੋ।
ਪੜੀਏ ਗਰ ਬੀਮਾਰ ਤੋ
ਕੋਈ ਨਾ ਹੋ ਤੀਮਾਰਦਾਰ
ਔਰ ਅਗਰ ਮਰ ਜਾਈਏ,
ਤੋ ਨੌਹਾ-ਖ੍ਵਾਂ ਕੋਈ ਨਾ ਹੋ।

ਉਹ ਆਪਣੇ ਨਿਰਾਸ਼ ਦਿਲ ਨੂੰ ਢਾਰਸ ਦੇਣੀ ਵੀ ਜਾਣਦਾ ਹੈ,

ਸੰਭਲਨੇ ਦੇ ਮੁਝੇ ਐ ਨਾਉਮੀਦੀ
ਕਿਆ ਕਿਆਮਤ ਹੈ,
ਕਿ ਦਾਮਨ-ਏ-ਖਿਆਲ-ਏ-ਯਾਰ
ਛੂਟਾ ਜਾਏ ਹੈ ਮੁੱਝ ਸੇ।

ਭਾਵ ਏਨੀ ਵੀ ਨਿਰਾਸ਼ਾ ਕੀ ਹੋਈ ਕਿ ਮਾਸ਼ੂਕ ਦੀ ਯਾਦ ਖਿਆਲ ਹੀ ਵਿਸਰਦਾ ਜਾਪੇ।

ਗਾਲਿਬ ਦੇ ਅੰਤਲੇ ਦਿਨਾਂ ਵਿਚ ਉਨ੍ਹਾਂ ਦਾ ਸ਼ਾਗਿਰਦ ਮੌਲਾਨਾ ਅਲਤਾਫ ਹੁਸੈਨ ਹਾਲੀ ਉਨ੍ਹਾਂ ਨੂੰ ਮਿਲਣ ਗਿਆ ਤਾਂ ਪਲੰਘ 'ਤੇ ਪਏ ਲੋਹਾਰੂ ਦੇ ਨਵਾਬ ਅਲਾਉਦੀਨ ਖਾਂ ਦੇ ਖਤ ਦਾ ਜਵਾਬ ਲਿਖਵਾ ਰਹੇ ਸਨ। ਫਾਰਸੀ ਦਾ ਕੋਈ ਸ਼ਿਅਰ ਲਿਖਵਾ ਕੇ ਲਿਖਵਾਇਆ, 'ਮੇਰਾ ਹਾਲ ਮੁਝ ਸੇ ਕਿਆ ਪੂਛਤੇ ਹੋ, ਏਕ ਆਧ ਰੋਜ਼ ਮੇਂ ਪੜੋਸੀਓਂ ਸੇ ਪੂਛਨਾ।'

ਉਹ ਆਪਣੀ ਉਮਰ ਦੇ ਅੰਤ ਸਮੇਂ ਬਹੁਤ ਸਾਰੀਆਂ ਬਿਮਾਰੀਆਂ ਦੇ ਸ਼ਿਕਾਰ ਸਨ। ਮਰਨ ਤੋਂ ਕੁਝ ਦਿਨ ਪਹਿਲਾਂ ਰਾਸ਼ੀ ਦੇ ਦੌਰੇ ਪੈਣ ਲੱਗ ਪਏ ਤੇ ਅੰਤ ਦਿਮਾਗ ਦੇ ਫਾਲਿਜ (ਬਰੇਨ ਹੈਮਰੇਜ) ਨਾਲ ਚੱਲ ਵੱਸੇ; 71 ਸਾਲ ਤੋਂ ਇਕ ਮਹੀਨਾ ਵਧ ਉਮਰ ਭੋਗ ਕੇ। ਨਵਾਬ ਰਾਮਪੁਰ ਵਲੋਂ ਭੇਜਿਆ ਆਖਰੀ ਵਜੀਫਾ ਉਨ੍ਹਾਂ ਦੀ ਮੌਤ ਤੋਂ ਸਿਰਫ ਘੰਟਾ ਪਹਿਲਾਂ ਮਿਲਿਆ ਸੀ।

ਮੈਂ ਆਪਣੀ ਭੁਲ ਬਖਸ਼ਾਉਣ ਵਜੋਂ ਸ਼ੇਖ ਮੁਹੰਮਦ ਇਕਰਾਮ ਦੀ ਪੁਸਤਕ 'ਆਸਾਰ-ਏ-ਗਾਲਿਬ' ਵਿਚ ਦਰਜ ਇਹ ਸ਼ਬਦ ਪਾਠਕਾਂ ਦੀ ਨਜ਼ਰ ਕਰ ਰਿਹਾਂ, "ਮਿਰਜ਼ਾ ਦੀ ਜ਼ਿੰਦਗੀ ਦੀਆਂ ਘਟਨਾਵਾਂ ਤੇ ਉਨ੍ਹਾਂ ਦੀ ਸ਼ਖਸੀਅਤ 'ਤੇ ਵਿਚਾਰ ਕੀਤਾ ਜਾਵੇ ਤਾਂ ਖਿਆਲ ਆਉਂਦਾ ਹੈ ਇਨ੍ਹਾਂ 'ਚ ਪਵਿੱਤਰਤਾ, ਦੂਜੇ ਦੀ ਭਲਾਈ ਤੇ ਰਹਿਮਦਿਲੀ ਇੰਨੀ ਵੱਧ ਉਜਾਗਰ ਨਹੀਂ, ਜਿੰਨੀ ਮਜ਼ਬੂਤ ਅਕਲ ਤੇ ਹੋਸ਼ ਅਤੇ ਸੰਤੁਲਿਤ ਦਿਲ ਤੇ ਦਿਮਾਗ। ਮਿਰਜ਼ਾ ਸੁਭਾਅ ਦੇ ਨੇਕ ਸਨ। ਕਿਉਂ ਜੋ ਉਨ੍ਹਾਂ ਨੇ ਖੁਦ ਤਰ੍ਹਾਂ ਤਰ੍ਹਾਂ ਦੀਆਂ ਮੁਸੀਬਤਾਂ ਬਰਦਾਸ਼ਤ ਕੀਤੀਆਂ ਸਨ, ਇਸ ਲਈ ਉਨ੍ਹਾਂ ਨੂੰ ਦੂਜਿਆਂ ਦੀਆਂ ਤਕਲੀਫਾਂ ਦਾ ਪੂਰਾ ਪੂਰਾ ਅਹਿਸਾਸ ਸੀ ਤੇ ਉਨ੍ਹਾਂ ਨੂੰ ਦੂਰ ਕਰਨ ਲਈ ਉਨ੍ਹਾਂ ਦੀ ਸੱਚੇ ਦਿਲੋਂ ਖਾਹਿਸ਼ ਰਹਿੰਦੀ ਸੀ, ਪਰ ਇਹ ਖਾਹਿਸ਼ ਇਸ ਕਦਰ ਮਜ਼ਬੂਤ ਨਹੀਂ ਸੀ, ਜਿਸ ਕਦਰ ਉਨ੍ਹਾਂ ਦਾ ਵਿਸ਼ੇ ਬੋਧ ਤੇ ਅਵਸਰ ਬੋਧ। ਮਿਰਜ਼ਾ ਗਾਲਿਬ ਸਾਦਾ ਦਿਲ ਬਿਲਕੁਲ ਨਹੀਂ ਸਨ, ਸਗੋਂ ਮਜ਼ਬੂਤ ਅਕਲ ਤੇ ਹੋਸ਼ ਦੇ ਮਾਲਿਕ ਸਨ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ 'ਚ ਸਭ ਤੋਂ ਵੱਧ ਵਿਸ਼ਵਾਸਯੋਗ ਤੇ ਪ੍ਰਭਾਵੀ ਮਾਰਗ ਦਰਸ਼ਕ ਉਨ੍ਹਾਂ ਦੀ ਸੂਖਮ ਬੁੱਧੀ ਹੀ ਸੀ।"

ਮੇਰੇ ਮਿਤਰ ਟੀ. ਐਨ. ਰਾਜ਼, ਰਾਜਿੰਦਰ ਚੀਮਾ ਤੇ ਸੁਰਜੀਤ ਪਾਤਰ ਕਿਵੇਂ ਭੁੱਲ ਬਖਸ਼ਾਉਂਦੇ ਹਨ, ਸਮੇਂ ਨੇ ਦਸੱਣਾ ਹੈ। ਉਂਜ ਇਹ ਸਤਰਾਂ ਲਿਖਦੇ ਸਮੇਂ ਮੇਰੇ ਸਾਹਮਣੇ ਉਰਦੂ ਅਕਾਦਮੀ ਆਂਧਰਾ ਪ੍ਰਦੇਸ਼ ਵਲੋਂ 2009 ਵਿਚ ਪ੍ਰਕਾਸ਼ਿਤ ਮੁਰੱਕਾ-ਏ-ਚੁਗਤਾਈ ਦੇ ਸੁਚਿੱਤਰ ਦੀਵਾਨ-ਏ-ਗਾਲਿਬ ਦੀ ਬੇਸ਼ਕੀਮਤ ਕਾਪੀ ਪਈ ਹੈ, ਜੋ ਰਾਜਿੰਦਰ ਚੀਮਾ ਨੇ ਮੇਰੇ ਸ਼ੌਕ ਨੂੰ ਮੁਖ ਰਖਦਿਆਂ ਪਹਿਲੀ ਸਤੰਬਰ 2010 ਵਾਲੇ ਦਿਨ ਇੱਕ ਵਡਮੁੱਲੇ ਤੁਹਫੇ ਵਜੋਂ ਮੈਨੂੰ ਦਿੱਤੀ ਸੀ। ਇਸ ਤੋਂ ਬਿਨਾ ਟੀ. ਐਨ. ਰਾਜ਼ ਦੀ ਸੰਪਾਦਿਤ 'ਗਾਲਿਬ, ਜੀਵਨ, ਸ਼ਾਇਰੀ, ਖਤ ਅਤੇ ਸਫਰ-ਏ-ਕਲਕੱਤਾ' ਦਾ ਪੰਜਾਬੀ ਐਡੀਸ਼ਨ (ਲੋਕਗੀਤ ਪ੍ਰਕਾਸਨ, ਚੰਡੀਗੜ੍ਹ, ਪੰਨੇ 230, ਮੁੱਲ: ਮੂੰਹ ਮੰਗਿਆ) ਵੀ ਪਿਆ ਹੈ, ਜਿਸ ਦੇ ਸਰਵਰਕ ਉਤੇ ਸੁਰਜੀਤ ਪਾਤਰ ਦਾ ਵਾਕ "ਰਾਜ਼ ਸਾਹਿਬ ਨੇ ਪੰਜਾਬੀ ਵਿਚ ਏਨਾ ਮਹਾਨ ਕਾਰਜ ਸਿਰਜਿਆ ਹੈ ਕਿ ਜੇ ਅੱਜ ਮਿਰਜ਼ਾ ਗਾਲਿਬ ਹੁੰਦੇ ਤਾਂ ਰਾਜ਼ ਨੂੰ ਮੁਹੱਬਤਾਂ ਨਾਲ ਲਬਰੇਜ ਗਲਵੱਕੜੀ ਵਿਚ ਲੈ ਲੈਂਦੇ" ਨੋਟ ਕਰਨ ਵਾਲਾ ਹੈ। ਇਹ ਵੀ ਕਿ ਗਾਲਿਬ ਦੀ ਬੀਵੀ ਉਮਰਾਓ ਬੇਗਮ ਦੀ ਮੌਤ ਵੀ 4 ਮਈ ਨੂੰ ਹੋਈ ਸੀ।

ਰਾਜ਼ ਦੀ ਪੁਸਤਕ ਵਿਚ ਗਾਲਿਬ ਦੇ ਜਨਮ ਅਸਥਾਨ, (ਕਲਾ ਮਹਲ ਆਗਰਾ) ਤੇ ਦਿੱਲੀ ਵਾਲੇ ਘਰ ਦੀ ਹੀ ਨਹੀਂ, ਨਿਜ਼ਾਮੁਦੀਨ ਵਾਲੇ ਖੂਬਸੂਰਤ ਮਜ਼ਾਰ ਦੀ ਤਸਵੀਰ ਵੀ ਹੈ, ਜੋ ਗਾਲਿਬ ਦੀ ਮੌਤ ਤੋਂ ਪਿੱਛੋਂ ਲਾਸ਼-ਏ-ਬੇਕਫਨ ਵਾਲੀ ਪੇਸ਼ੀਨਗੋਈ ਉਤੇ ਪੋਚਾ ਫੇਰਦੀ ਹੈ। ਫਿਰ ਵੀ ਮੈਂ ਇਨ੍ਹਾਂ ਸਤਰਾਂ ਨਾਲ ਆਪਣੇ ਆਪ ਨੂੰ ਸੁਰਖਰੂ ਨਹੀਂ ਕਰ ਰਿਹਾ। ਜੇ ਮੇਰਾ ਵੱਸ ਚੱਲਿਆ ਤਾਂ ਆਪਣੀ ਪਹੁੰਚ ਵਾਲੀਆਂ ਸਾਹਿਤ ਅਕਾਦਮੀਆਂ ਤੇ ਯੂਨੀਵਰਸਿਟੀਆਂ ਨੂੰ ਬੇਨਤੀ ਕਰਕੇ ਆਪਣੇ ਪਸੰਦੀਦਾ ਸ਼ਾਇਰ ਦੀ 150ਵੀਂ ਬਰਸੀ ਦੀ ਯਾਦ ਵਿਚ ਲੋੜੀਂਦੇ ਪ੍ਰੋਗਰਾਮ ਵੀ ਆਯੋਜਿਤ ਕਰਾਵਾਂਗਾ-ਦੇਰੀ ਦੀ ਖਿਮਾ ਮੰਗ ਕੇ। ਮਿਰਜ਼ਾ ਗਾਲਿਬ ਦਾ ਹੀ ਕਥਨ ਹੈ,

ਮਿਹਰਬਾਂ ਹੋ ਕੇ ਬੁਲਾ ਲੋ
ਮੁਝੇ ਚਾਹੋ ਜਿਸ ਵਕਤ,
ਮੈਂ ਗਯਾ ਵਕਤ ਨਹੀਂ ਹੂੰ
ਕਿ ਆ ਭੀ ਨਾ ਸਕੂੰ।

**ਅੰਤਿਕਾ: ਮਿਰਜ਼ਾ ਗਾਲਿਬ**

ਚਾਹੀਏ ਅੱਛੋਂ ਕੋ ਜਿਤਨਾ ਚਾਹੀਏ
ਯੇਹ ਅਗਰ ਚਾਹੇਂ ਤੋ ਫਿਰ ਕਿਆ ਚਾਹੀਏ।

# ਲਾਹੌਰ, ਲਾਹੌਰ ਹੈ...

*(ਪਿਛਲੇ ਸਫੇ ਦੀ ਬਾਕੀ)*

ਚੇਤੇ ਵੀ ਨਹੀਂ ਸੀ ਕਿ ਬੀਜੀ ਦੇ 'ਛਿੰਦ' ਨਾਲ ਇਹ ਆਖਰੀ ਮੁਲਾਕਾਤ ਹੈ। ਮੇਰੇ ਭਤੀਜੇ ਦੇ ਪੁੱਤਰ ਜੁਗਰਾਜ ਦੀ ਵਹੁਟੀ ਆਪਣੀਆਂ ਹੋਰ ਸਹੇਲੀਆਂ ਨਾਲ ਆਪਣੀ ਬੁਤਾਲੇ ਵਾਲੀ ਸਹੇਲੀ ਦੇ ਭਾਈ ਦਾ ਵਿਆਹ ਦੇਖਣ ਆਈ ਸੀ। ਜੁਗਰਾਜ ਸਾਨੂੰ ਦੋਹਾਂ ਨੂੰ ਲੈਣ ਆਇਆ ਸੀ। ਫਰਵਰੀ 23 ਨੂੰ ਰਾਤੀਂ ਆਪਣੇ ਪਿੰਡ ਪਹੁੰਚੇ ਅਤੇ 24 ਨੂੰ ਪਟਿਆਲੇ ਲਈ ਰਵਾਨਾ ਹੋ ਗਏ।

ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ 25 ਤੋਂ 27 ਫਰਵਰੀ ਤੱਕ ਤਿੰਨ ਰੋਜ਼ਾ 'ਆਲਮੀ ਪੰਜਾਬੀ ਕਾਨਫਰੰਸ' ਰੱਖੀ ਹੋਈ ਸੀ ਅਤੇ ਡਾ. ਸਰਬਜਿੰਦਰ ਸਿੰਘ ਨੇ ਬਤੌਰ ਪਬਲੀਕੇਸ਼ਨ ਬਿਊਰੋ ਮੁਖੀ 'ਪੁਸਤਕ ਮੇਲਾ' ਲਾਇਆ ਸੀ। ਪੰਜਾਬੀ ਸਾਹਿਤ ਅਧਿਐਨ ਵਿਭਾਗ ਨੇ ਮੈਨੂੰ 26 ਫਰਵਰੀ ਲਈ 'ਵਿਸ਼ੇਸ਼ ਮਹਿਮਾਨ' ਵਜੋਂ ਸਤਿਕਾਰ ਦਿੱਤਾ। ਸੈਨੇਟ ਹਾਲ ਦੀ ਜਿਸ ਸਟੇਜ ਤੋਂ ਮੈਂ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਮੁਖੀ ਹੋਣ ਦੇ ਨਾਤੇ ਏਨੀ ਵਾਰੀ ਸੈਮੀਨਾਰ, ਗੁਰੂ ਨਾਨਕ ਯਾਦਗਾਰੀ ਵਿਖਿਆਨ, ਗੁਰੂ ਤੇਗ ਬਹਾਦਰ ਯਾਦਗਾਰੀ ਵਿਖਿਆਨ ਕਰਵਾਏ ਸਨ; ਅੱਜ ਉਸੇ ਸਟੇਜ 'ਤੇ ਮੈਂ ਇੱਕ ਮਹਿਮਾਨ ਵਜੋਂ ਬੈਠੀ ਸਾਂ। ਪੁਸਤਕਾਂ ਦੇ ਸੈੱਟ ਅਤੇ ਫੁਲਕਾਰੀ ਨਾਲ ਡਾ. ਭੀਮਇੰਦਰ ਸਿੰਘ ਅਤੇ ਸਟਾਫ ਨੇ ਮੇਰਾ ਸਤਿਕਾਰ ਕੀਤਾ। ਪੁਰਾਣੇ ਸਾਥੀਆਂ ਨੂੰ ਮਿਲ ਕੇ ਬਹੁਤ ਹੀ ਖੁਸ਼ੀ ਹੋਈ। ਪੰਜਾਬੀ ਦੇ ਸਤਿਕਾਰਤ ਸਾਹਿਤਕਾਰ, ਕਵੀ ਡਾ. ਸੁਰਜੀਤ ਪਾਤਰ ਅਤੇ ਡਾ. ਜਗਬੀਰ ਸਿੰਘ ਦਿੱਲੀ ਵਾਲਿਆਂ ਨਾਲ ਬੜੀ ਮੁੱਦਤ ਬਾਅਦ ਮੁਲਾਕਾਤ ਹੋਈ ਸੀ। ਡਾ. ਸਰਬਜਿੰਦਰ ਸਿੰਘ ਨਾਲ ਘੁੰਮ ਫਿਰ ਕੇ ਪੁਸਤਕ ਮੇਲੇ ਦਾ ਅਨੰਦ ਮਾਣਿਆ, ਕੁਝ ਪੁਸਤਕਾਂ ਖਰੀਦੀਆਂ ਅਤੇ ਘਰ ਜਾ ਕੇ ਭੂਆ ਜੀ ਅਤੇ ਬਿਮਲਜੀਤ (ਮਿਸਿਜ਼ ਸਰਬਜਿੰਦਰ ਸਿੰਘ) ਨੂੰ ਮਿਲੀ।

28 ਫਰਵਰੀ ਨੂੰ ਡਾ. ਜਸਵੀਰ ਕੌਰ ਨੇ ਮੇਰਾ ਗੁਰਮਤਿ ਕਾਲਜ ਵਿਚ ਭਾਸ਼ਣ ਰੱਖ ਲਿਆ। ਇੱਥੇ ਵੀ ਪਟਿਆਲੇ ਦਾ ਖਾਸ ਤੋਹਫਾ ਫੁਲਕਾਰੀ ਅਤੇ 'ਗੁਰੂ ਨਾਨਕ ਫਾਊਂਡੇਸ਼ਨ' ਵੱਲੋਂ ਛਪੀਆਂ ਕਿਤਾਬਾਂ ਦਾ ਸੈੱਟ ਸਟਾਫ ਅਤੇ ਵਿਦਿਆਰਥੀਆਂ ਨੇ ਦਿੱਤਾ। ਪਿੰਡ ਵਾਪਸ ਆ ਕੇ ਰਿਸ਼ਤੇਦਾਰੀਆਂ ਵਿਚ ਮਿਲ-ਮਿਲਾ ਕੇ 6 ਮਾਰਚ ਨੂੰ ਫਿਰ ਡਾ. ਓਂਕਾਰ ਸਿੰਘ ਦੀ ਨਵੀਂ ਛਪੀ ਪੁਸਤਕ 'ਅਰਦਾਸ' ਨੂੰ ਸੰਗਤ ਦੇ ਅਰਪਣ ਕਰਨ ਦਾ ਪ੍ਰੋਗਰਾਮ ਡਾ. ਬਲਕਾਰ ਸਿੰਘ ਦੇ ਨਵੇਂ ਵਿਭਾਗ 'ਪੰਜਾਬੀ ਕੇਂਦਰ' ਵਿਚ ਰੱਖਿਆ ਹੋਇਆ ਸੀ। ਇਥੇ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ ਨਾਲ ਸਟੇਜ ਸਾਂਝੀ ਕੀਤੀ। ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰੀ ਸਿੰਘ ਬੋਪਾਰਾਏ, ਸ. ਦਲੀਪ ਸਿੰਘ ਉਪਲ, ਡਾ. ਮਨਜੀਤ ਸਿੰਘ ਅਤੇ ਡਾ. ਕੇਹਰ ਸਿੰਘ ਹੋਰਾਂ ਸਭ ਨਾਲ ਮਿਲ ਬੈਠਣ ਦਾ ਮੌਕਾ ਮਿਲਿਆ।

ਮੇਰੀ ਭਾਰਤ ਤੋਂ ਵਾਪਸੀ 9 ਮਾਰਚ ਦੀ ਸੀ। ਵਾਪਸ ਆਉਣ ਵੇਲੇ ਤੱਕ 'ਕੋਵਿਡ-19' ਨੇ ਸਾਰੇ ਸੰਸਾਰ ਨੂੰ ਕਾਫੀ ਭੈਭੀਤ ਕਰ ਦਿੱਤਾ ਸੀ। ਮੇਰਾ ਭਤੀਜਾ ਦਲੀਪ ਸਿੰਘ ਲੁਧਿਆਣੇ ਤੋਂ ਮੇਰੇ ਲਈ ਮਾਸਕ ਖਰੀਦ ਕੇ ਲਿਆਇਆ ਅਤੇ ਯੁਗਰਾਜ ਸੈਨੇਟਾਈਜ਼ਰ ਦੀਆਂ ਦੋ ਛੋਟੀਆਂ ਸ਼ੀਸ਼ੀਆਂ, ਜੋ ਭਾਵੇਂ ਮੇਰੇ ਕੋਲ ਦੋ ਕੁ ਪਹਿਲਾਂ ਹੀ ਸਨ; ਪਰ ਖਬਰਾਂ ਸਨ ਕਿ ਕੈਨੇਡਾ ਵਿਚ ਸੈਨੇਟਾਈਜ਼ਰ ਬਹੁਤ ਔਖਾ ਮਿਲ ਰਿਹਾ ਹੈ। ਯੁਗਰਾਜ ਮੈਨੂੰ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਆਇਆ, ਪਰ ਚਾਰ-ਚੁਫੇਰੇ ਇੱਕ ਅਜੀਬ ਕਿਸਮ ਦੀ ਦਹਿਸ਼ਤ ਸੀ। ਬਹੁਤੇ ਲੋਕ ਮੂੰਹ 'ਤੇ ਮਾਸਕ ਪਾਈ ਫਿਰਦੇ ਸਨ। ਅੰਮ੍ਰਿਤਾ ਨੇ ਖਾਸ ਹਦਾਇਤਾਂ ਕੀਤੀਆਂ ਸਨ ਕਿ ਸੈਨੇਟਾਈਜ਼ਰ ਨਾਲ ਹੱਥ ਵਾਰ ਵਾਰ ਸਾਫ ਕਰਾਂ ਅਤੇ ਜਹਾਜ ਦੀ ਸੀਟ 'ਤੇ ਵੀ ਛਿੜਕਾਂ। ਵਾਪਸੀ 'ਤੇ ਦਿੱਲੀ ਤੋਂ ਦੁੱਬਈ ਤੱਕ ਏਅਰ-ਇੰਡੀਆ 'ਤੇ ਆਉਣਾ ਸੀ ਅਤੇ ਦੁੱਬਈ ਤੋਂ ਏਅਰ-ਕੈਨੇਡਾ 'ਤੇ।

ਦੁੱਬਈ ਉਤਰਨ 'ਤੇ ਜੋ ਨੌਜੁਆਨ ਵ੍ਹੀਲਚੇਅਰ ਲਿਜਾ ਰਿਹਾ ਸੀ, ਬੜੀ ਸੁਹਣੀ ਪੰਜਾਬੀ ਬੋਲਦਾ ਸੀ; ਜਿਸ ਨੇ ਪੁੱਛਣ 'ਤੇ ਦੱਸਿਆ ਕਿ ਉਹ ਲਹਿੰਦੇ ਪੰਜਾਬ ਤੋਂ ਹੈ। ਉਥੇ ਹਿੰਦੀ ਬੋਲਦੇ ਨੇਪਾਲੀ ਮੁੰਡੇ-ਕੁੜੀਆਂ ਅਤੇ ਪੰਜਾਬੀ ਬੋਲਦੇ ਪਾਕਿਸਤਾਨੀ ਆਮ ਕੰਮ ਕਰਦੇ ਮਿਲ ਜਾਂਦੇ ਹਨ। ਜਹਾਜ ਚੜ੍ਹਨ ਵੇਲੇ ਵ੍ਹੀਲਚੇਅਰ ਵਾਲਾ ਲੜਕਾ ਹਿੰਦੀ ਬੋਲ ਰਿਹਾ ਸੀ, ਜੋ ਦੇਖਣ ਨੂੰ ਦੱਖਣੀ ਭਾਰਤ ਦਾ ਲਗਦਾ ਸੀ। ਉਸ ਨੇ ਦੱਸਿਆ ਕਿ ਉਹ ਕੇਰਲਾ ਤੋਂ ਹੈ ਅਤੇ ਪੰਜਾਬ ਦੀ ਲਵਲੀ ਯੂਨੀਵਰਸਿਟੀ, ਜਲੰਧਰ ਤੋਂ ਬੀ. ਟੈੱਕ ਦੀ ਡਿਗਰੀ ਕੀਤੀ ਹੈ। ਭਾਰਤ ਵਿਚ ਨੌਕਰੀ ਮਿਲਦੀ ਨਹੀਂ ਸੀ ਤੇ ਜੇ ਕੋਈ ਪ੍ਰਾਈਵੇਟ ਫਰਮ ਨੌਕਰੀ ਦੀ ਪੇਸ਼ਕਸ਼ ਕਰਦੀ ਸੀ ਤਾਂ ਬਹੁਤ ਹੀ ਘੱਟ ਤਨਖਾਹ 'ਤੇ। ਇਸੇ ਲਈ ਉਹ ਇਥੇ ਦੁੱਬਈ ਏਅਰਪੋਰਟ 'ਤੇ ਵ੍ਹੀਲਚੇਅਰ ਖਿੱਚਣ ਦਾ ਕੰਮ ਕਰ ਰਿਹਾ ਸੀ। 'ਮਨ ਕੀ ਬਾਤ' ਕਰਨ ਵਾਲੇ ਲੀਡਰਾਂ ਨੂੰ ਇਸ ਗੱਲ ਦੀ ਕੋਈ ਸ਼ਰਮ ਨਹੀਂ ਆਉਂਦੀ ਕਿ ਉਨ੍ਹਾਂ ਦੇ ਨੌਜੁਆਨ ਵੱਡੀਆਂ ਵੱਡੀਆਂ ਡਿਗਰੀਆਂ ਲੈ ਕੇ ਵੀ ਵਿਦੇਸ਼ਾਂ ਵਿਚ ਏਅਰਪੋਰਟਾਂ 'ਤੇ ਵ੍ਹੀਲਚੇਅਰਾਂ ਖਿੱਚਣ ਦਾ ਕੰਮ ਕਰ ਰਹੇ ਹਨ। ਇਥੇ ਵੀ ਲੁਫਥਾਂਸਾ ਏਅਰਲਾਈਨ ਵਾਲੀ ਹੀ ਹੋਈ। ਫਲਾਈਟ ਸ਼ਾਇਦ ਰਾਤ ਦੇ 10 ਵੱਜ ਕੇ 10 ਮਿੰਟ 'ਤੇ ਜਾਣੀ ਸੀ। ਜਹਾਜ ਵਿਚ ਬੈਠ ਗਏ ਤਾਂ ਪਤਾ ਲੱਗਾ ਕਿ ਕੋਈ ਤਕਨੀਕੀ ਖ਼ਰਾਬੀ ਹੈ, ਜਿਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਤ ਕਰੀਬ ਡੇਢ ਵਜੇ ਯਾਨਿ ਅਗਲੀ ਸਵੇਰ ਜਹਾਜ ਖਾਲੀ ਕਰਨ ਲਈ ਕਹਿ ਦਿੱਤਾ, ਕਿਉਂਕਿ ਨੁਕਸ ਠੀਕ ਨਹੀਂ ਸੀ ਹੋ ਰਿਹਾ।

ਜਹਾਜ ਵਿਚੋਂ ਉਤਰ ਕੇ ਵ੍ਹੀਲਚੇਅਰ 'ਤੇ ਧੂਹ-ਘੜੀਸ ਕਰਦਿਆਂ ਬੈਲਟਾਂ ਤੋਂ ਸਮਾਨ ਲੈਣ ਗਏ, ਜਿੱਥੇ ਕਈ ਘੰਟੇ ਲੱਗ ਗਏ, ਕਿਉਂਕਿ ਹਰ ਇੱਕ ਦਾ ਕੋਈ ਅਟੈਚੀ ਕਿਸੇ ਬੈਲਟ 'ਤੇ ਆ ਰਿਹਾ ਸੀ, ਕੋਈ ਕਿਸੇ 'ਤੇ। ਸਮਾਨ ਲੈ ਕੇ ਦੁੱਬਈ ਦਾ ਵੀਜ਼ਾ ਲੈਣ ਲਈ ਕਤਾਰਾਂ ਵਿਚ ਆ ਗਏ। ਸਭ ਕੁਝ ਕਰਦਿਆਂ-ਕਰਾਉਂਦਿਆਂ ਬੱਸਾਂ ਰਾਹੀਂ ਕਰੀਬ ਸਵੇਰ ਦੇ ਪੰਜ ਵਜੇ ਹੋਟਲ ਵਿਚ ਪਹੁੰਚੇ। ਆਪੋ ਆਪਣੇ ਕਮਰਿਆਂ ਦੀਆਂ ਚਾਬੀਆਂ ਲੈ ਕੇ ਕਮਰੇ ਮੱਲੇ। ਗਰਮੀ ਏਨੀ ਲੱਗ ਰਹੀ ਸੀ ਕਿ ਕਮਰੇ ਤੱਕ ਪਹੁੰਚਦਿਆਂ ਮੈਂ ਪਸੀਨੇ ਨਾਲ ਗੜੁੱਚ ਸਾਂ। ਰਾਤ ਦੀ ਰੋਟੀ ਨਾ ਖਾਣ ਕਰਕੇ ਭੁੱਖ ਵੀ ਲੱਗੀ ਹੋਈ ਸੀ। ਕੌਫੀ ਦਾ ਕੱਪ ਬਣਾ ਕੇ ਪੀਤਾ। ਸੱਤ ਕੁ ਵਜੇ ਨਾਸ਼ਤਾ ਕਰਨ ਗਈ ਤੇ ਫਿਰ ਕਮਰੇ ਵਿਚ ਜਾ ਕੇ ਸੌਂ ਗਈ।

ਦੁਪਹਿਰ ਦੇ ਖਾਣੇ ਪਿਛੋਂ ਹੋਟਲ ਵਾਲਿਆਂ ਜਾਣਕਾਰੀ ਦਿੱਤੀ ਕਿ ਢਾਈ ਵਜੇ ਸਮਾਨ ਲੈ ਕੇ ਹੇਠਾਂ ਆ ਜਾਣਾ ਹੈ, ਏਅਰਪੋਰਟ 'ਤੇ ਪਹੁੰਚਣ ਲਈ। ਸਮਾਨ ਖੁਦ ਹੀ ਲਿਆਉਣਾ ਪੈਣਾ ਸੀ, ਲਿਫਟ ਰਾਹੀਂ ਖਿੱਚ-ਧੂਹ ਕਰਕੇ ਲਿਆਂਦਾ, ਜੋ ਹੋਟਲ ਵਾਲਿਆਂ ਵੈਨ ਵਿਚ ਲੱਦਿਆ ਅਤੇ ਵਾਰੀ ਵਾਰੀ ਸਭ ਨੂੰ ਵੈਨਾਂ ਰਾਹੀਂ ਏਅਰਪੋਰਟ 'ਤੇ ਛੱਡਿਆ। ਕੋਈ ਦੂਜਾ ਜਹਾਜ ਮੰਗਵਾ ਕੇ, ਜੋ ਸ਼ਾਇਦ ਮੈਕਸੀਕੋ ਨੂੰ ਉਡਾਣਾਂ ਭਰਦਾ ਸੀ, ਸਾਨੂੰ ਲੈ ਕੇ ਟੋਰਾਂਟੋ ਲਈ ਨੌਂ ਵਜੇ ਫਲਾਈਟ ਉੜੀ। ਸ਼ੁਕਰ ਕੀਤਾ ਜਦੋਂ ਬੱਚਿਆਂ ਕੋਲ ਪਹੁੰਚੀ। ਕਰੀਬ ਦੋ ਮਹੀਨੇ ਹੋਣ ਵਾਲੇ ਨੇ ਭਾਰਤ ਤੋਂ ਆਇਆਂ, ਪਰ ਆਪਣੇ ਕਿਸੇ ਰਿਸ਼ਤੇਦਾਰ ਨੂੰ ਨਹੀਂ ਮਿਲ ਸਕੀ। 'ਕੋਵਿਡ-19' ਨੇ ਸਭ ਨੂੰ ਸਿਰਫ ਅਲੱਗ ਥਲੱਗ ਹੀ ਨਹੀਂ ਕੀਤਾ ਸਗੋਂ ਭੈਭੀਤ ਕਰਕੇ ਤਰਥੱਲੀ ਮਚਾ ਦਿੱਤੀ ਹੈ। ਰੱਬ ਖੈਰ ਕਰੇ!

# ਹੈਪੀ ਮਦਰ'ਜ਼ ਡੇਅ

ਮਾਂਵਾਂ ਦਾ ਦਿਨ ਆਇਆ ਹੈ, ਮੈਂ ਸਾਰੇ ਸੰਸਾਰ ਦੀਆਂ ਮਾਂਵਾਂ ਨੂੰ ਨਮਸ਼ਕਾਰ ਕਰਦੀ ਹਾਂ ਅਤੇ ਮਾਂਵਾਂ ਦੀ ਸੁੱਖ ਵੀ ਮੰਗਦੀ ਹਾਂ। ਮਾਂਵਾਂ ਦਾ ਦਿਨ ਹੈ ਤੇ ਮਾਂ ਨੂੰ ਕੁਝ ਦੇਣਾ ਪੈਣਾ ਹੈ ਜਾਂ ਦੇਣਾ ਹੀ ਚਾਹੀਦਾ ਹੈ; ਧੀਆਂ ਵੀ ਅਤੇ ਪੁੱਤਰ ਵੀ ਸਾਰੇ ਸੋਚਦੇ ਹਨ ਕਿ ਕੁਝ ਵੀ ਦੇ ਦਿਉ, ਮਾਂ ਖੁਸ਼ ਹੋ ਜਾਏਗੀ। ਮਾਂ ਤਾਂ ਮਾਂ ਹੈ, ਮਾਂ ਦਾ ਕੀ ਹੈ!

ਬਹੁਤ ਸਾਰੇ ਵੀਰ ਤੇ ਭੈਣਾਂ ਮਾਂਵਾਂ ਦੇ ਇਸ ਦਿਨ 'ਤੇ ਕੁਝ ਨਾ ਕੁਝ ਲਿਖ ਕੇ ਫੇਸਬੁਕ 'ਤੇ ਪੋਸਟਾਂ ਪਾਉਣਗੇ ਅਤੇ ਕੁਝ ਅਖਬਾਰਾਂ ਵਿਚ ਛਪਣਗੇ। ਮਾਂਵਾਂ ਦੀ ਅਨਮੋਲ ਮਮਤਾ ਦੇ ਕਸ਼ੀਦੇ ਜ਼ੋਰ ਸ਼ੋਰ ਨਾਲ ਪੜ੍ਹੇ ਜਾਣਗੇ; ਜਿਨ੍ਹਾਂ ਦੀਆਂ ਮਾਂਵਾਂ ਸੰਸਾਰ ਤੋਂ ਰੁਖਸਤ ਹੋ ਚੁਕੀਆਂ ਹਨ, ਉਹ ਉਨ੍ਹਾਂ ਦੀ ਯਾਦ ਵਿਚ ਤੜਪਣਗੇ, ਪਰ ਜਿਨ੍ਹਾਂ ਦੀਆਂ ਅਜੇ ਜਿਉਂਦੀਆਂ ਹਨ, ਉਹ ਇਸ ਦਿਨ ਪਿਆਰ ਦਾ ਵੱਧ ਚੜ੍ਹ ਕੇ ਇਜ਼ਹਾਰ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਮੁਆਫ ਕਰਨਾ! ਮੈਂ ਮਾਂਵਾਂ ਲਈ 'ਬੇਚਾਰੀਆਂ' ਸ਼ਬਦ ਵਰਤ ਰਹੀ ਹਾਂ, ਪਰ ਮਾਂਵਾਂ ਤਾਂ ਹੁੰਦੀਆਂ ਹੀ ਬੇਚਾਰੀਆਂ ਹਨ। ਉਹ ਤਾਂ ਜਨਮ ਤੋਂ ਹੀ ਬੇਚਾਰੀਆਂ ਸ਼ਬਦ ਨਾਲ ਲੈ ਕੇ ਜਨਮ ਲੈਂਦੀਆਂ ਹਨ ਅਤੇ ਮਰਨ ਤਕ ਇਹ ਸ਼ਬਦ ਉਨ੍ਹਾਂ ਦੇ ਨਾਲ ਨਾਲ ਕਦਮ ਮਿਲਾ ਕੇ ਤੁਰਦਾ ਹੈ। ਮੈਂ ਸਿਰਫ ਤੇ ਸਿਰਫ ਮਾਂਵਾਂ ਦੇ ਬੁਢਾਪੇ ਦੇ ਜੀਵਨ 'ਤੇ ਕੁਝ ਵਿਚਾਰ ਕਰਾਂਗੀ; ਦੁੱਖ-ਦਰਦ, ਮੁਸੀਬਤਾਂ, ਮੁਸ਼ਕਿਲਾਂ ਅਤੇ ਬੀਮਾਰੀਆਂ-ਇਹ ਸਭ ਕੁਝ ਬੁਢਾਪਾ ਆਪਣੇ ਨਾਲ ਹੀ ਲੈ ਕੇ ਆਉਂਦਾ ਹੈ, ਪਰ ਮਾਂ ਆਪਣੇ ਅੰਦਰ ਇਕ ਭਰਮ ਪਾਲ ਰੱਖਦੀ ਹੈ ਕਿ ਮੇਰੇ ਆਪਣੇ ਜਿਸਮ ਦੇ ਹਿੱਸੇ ਮੇਰਾ ਆਪਣਾ ਖੂਨ ਮੇਰੇ ਬੱਚੇ ਬੁਢਾਪੇ ਵਿਚ ਮੈਨੂੰ ਬਹੁਤ ਸੁੱਖ ਅਤੇ ਆਰਾਮ ਦੇਣਗੇ। ਉਹ ਆਪਣੇ ਅੰਦਰ ਇਕ ਐਸਾ ਝੂਠਾ ਸੁਪਨ ਮਹਿਲ ਉਸਾਰ ਲੈਂਦੀ ਹੈ, ਜਿਸ 'ਤੇ ਕਿਸੇ ਦੀ ਤਾਂ ਕੀ, ਉਹ ਆਪਣੀ ਵੀ ਸੁਣਨ ਨੂੰ ਤਿਆਰ ਨਹੀਂ ਹੁੰਦੀ; ਪਰ ਬੱਚੇ! ਉਹ ਆਪਣੇ ਜੀਵਨ ਵਿਚ ਮਸ਼ਰੂਫ ਹੋ ਬਾਕੀ ਜ਼ਿੰਮੇਵਾਰੀਆਂ ਨੂੰ ਤਿਲਾਂਜਲੀ ਦੇ ਬੈਠਦੇ ਹਨ। ਜੇ ਅਸੀਂ ਆਪਣੇ ਬਚਪਨ ਅਤੇ ਹੁਣ ਦੇ ਸਮੇਂ ਦੀ ਵੀ ਗੱਲ ਕਰੀਏ ਤਾਂ ਸਭ ਸੁਪਨਾ ਜਾਂ ਝੂਠ ਜਿਹਾ ਹੀ ਲਗਦਾ ਹੈ, ਪਰ ਹੈ ਸੱਚ! ਇਕ ਐਸਾ ਸੱਚ, ਜੋ ਮੰਨਣ ਲੱਗਿਆਂ ਵੀ ਬਹੁਤ ਪੀੜ ਹੁੰਦੀ ਹੈ।

ਉਹ ਸੱਚ ਇਹ ਹੈ ਕਿ ਮਾਂਵਾਂ ਦਾ ਜਿੰਨਾ ਅਪਮਾਨ ਇਸ ਸਮੇਂ ਵਿਚ ਧੀਆਂ-ਪੁੱਤਰਾਂ ਵਲੋਂ ਕੀਤਾ ਜਾ ਰਿਹਾ ਹੈ, ਸ਼ਾਇਦ ਕਦੀ ਵੀ ਨਹੀਂ ਹੋਇਆ। ਮੈਨੂੰ ਤਾਂ ਕਦੀ ਕਦੀ ਇੰਜ ਵੀ ਭਾਸਦਾ ਹੈ ਕਿ ਜਦੋਂ ਦਾ ਵਿਦਿਆ ਦਾ ਪਸਾਰ ਵਧਿਆ ਹੈ ਅਤੇ ਬੱਚਿਆਂ ਦੇ ਪੜ੍ਹ-ਲਿਖ ਜਾਣ ਮਗਰੋਂ ਉਨ੍ਹਾਂ ਦੇ ਮਨ ਮਰਜ਼ੀ ਦੇ ਵਿਆਹ, ਉਚੇ ਤੇ ਅਲੱਗ ਸਟੇਟਸ, ਆਜ਼ਾਦ ਜ਼ਿੰਦਗੀ ਜਿਉਣ ਦੇ ਤੌਰ ਤਰੀਕੇ, ਪਹਿਲਾਂ ਜਿਵੇਂ ਪੜ੍ਹੇ-ਲਿਖੇ ਜੋੜਿਆਂ ਨੇ ਪਿੰਡ ਛੱਡ ਕੇ ਸ਼ਹਿਰਾਂ ਦੇ ਰੁਖ ਕੀਤੇ ਅਤੇ ਉਸ ਮਗਰੋਂ ਸਾਰੀ ਦੁਨੀਆਂ ਦਾ ਇਕ ਗਲੋਬਲ ਪਿੰਡ ਜਾਂ ਸ਼ਹਿਰ ਬਣ ਜਾਣਾ, ਇਨ੍ਹਾਂ ਸਭ ਚੀਜ਼ਾਂ ਨੇ ਵੀ ਸਾਡੇ ਪਰਿਵਾਰਾਂ ਦੀ ਰੂਪ ਰੇਖਾ ਨੂੰ ਢਾਹ ਲਾਉਣ ਵਿਚ ਜਾਂ ਤੋੜਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਇਸ ਬਦਲ ਰਹੇ ਸੰਸਾਰ ਵਿਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਮਾਰ ਪਈ ਹੈ, ਉਹ ਹੈ ਮਾਂ ਦਾ ਰਿਸ਼ਤਾ। ਉਹ ਬੱਚੇ, ਜੋ ਮਾਂ ਦੇ ਜਿਸਮ ਦਾ ਹਿੱਸਾ ਹਨ, ਉਹ ਬੱਚੇ ਜਿਨ੍ਹਾਂ ਨੂੰ ਮਾਂ ਨੌਂ ਮਹੀਨੇ ਢਿੱਡ ਵਿਚ ਰੱਖ ਕੇ ਆਪਣੇ ਖੂਨ ਨਾਲ ਸਿੰਜਦੀ ਹੈ ਅਤੇ ਮੌਤ ਨਾਲ ਲੜਦੀ ਉਨ੍ਹਾਂ ਨੂੰ ਜਨਮ ਦੇ ਕੇ ਇਸ ਸੰਸਾਰ ਵਿਚ ਲੈ ਆਉਂਦੀ ਹੈ, ਤੇ ਫਿਰ ਜਨਮ ਉਪਰੰਤ ਪਾਲਣ ਪੋਸਣ ਦਾ ਸਾਰਾ ਸਿਲਸਿਲਾ-ਇੰਨਾ ਬਦਲਾਓ ਕਿ ਬੱਚੇ ਮਾਂ ਵਲੋਂ ਹੀ ਮੂੰਹ ਮੋੜ ਲੈਣ! ਕਿਉਂ, ਮਾਂ ਦਾ ਕਸੂਰ ਕੀ ਹੈ?

ਮੈਂ ਮੰਨਦੀ ਹਾਂ ਕਿ ਕੁਝ ਮਾਂਵਾਂ ਵੱਖਰੇ ਜਾਂ ਅਲੱਗ ਸਖਤ ਸੁਭਾਓ ਦੀਆਂ ਵੀ ਹੋ ਸਕਦੀਆਂ ਹਨ ਜਾਂ ਹੋਣਗੀਆਂ, ਪਰ ਬਹੁਤੀਆਂ ਮਾਂਵਾਂ ਆਪਣੇ ਬੱਚਿਆਂ ਤੋਂ ਹਰ ਵੇਲੇ ਜਾਨ ਨਿਛਾਵਰ ਕਰਨ ਨੂੰ ਤਿਆਰ ਰਹਿੰਦੀਆਂ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਬੱਚੇ ਮਾਣ ਸਤਿਕਾਰ ਕਿਉਂ ਨਹੀਂ ਦਿੰਦੇ? ਗੱਲ ਸਾਡੀ ਸੱਭਿਅਤਾ ਅਤੇ ਸਾਡੇ ਪਰਿਵਾਰਾਂ ਦੀ ਹੋ ਰਹੀ ਹੈ, ਫਿਰ ਅਸੀਂ ਪੰਜਾਬ ਵਿਚ ਬੈਠੇ ਹੋਈਏ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਵੱਸਦੇ ਹੋਈਏ, ਮਾਂਵਾਂ ਦੀ ਹਾਲਤ ਬਦ ਤੋਂ ਬਦਤਰ ਹੋਈ ਜਾ ਰਹੀ ਹੈ। ਕਿਉਂ? ਕਿਉਂਕਿ ਅਸੀਂ ਨਵੇਂ ਜ਼ਮਾਨੇ ਦੇ ਬੰਦੇ ਹਾਂ, ਇਕੀਵੀਂ ਸਦੀ ਵਿਚ ਜੀਅ ਰਹੇ ਹਾਂ, ਪੜ੍ਹੇ-ਲਿਖੇ ਹਾਂ ਅਤੇ ਅਮੀਰੀ ਠਾਠ ਨਾਲ ਵੀ ਲਬਾ ਲਬ ਭਰਪੂਰ ਹਾਂ, ਸਾਡਾ ਸਟੇਟਸ ਬਹੁਤ ਉਚੇ ਲੋਕਾਂ ਨਾਲ ਹੈ, ਮਾਂ ਅਨਪੜ੍ਹ ਹੈ, ਉਸ ਨੂੰ ਗੱਲ ਕਰਨ ਦਾ ਸਲੀਕਾ ਨਹੀਂ ਹੈ ਅਤੇ ਸਾਡੇ ਬੱਚੇ ਸਾਡੀ ਮਾਂ ਨੂੰ 'ਲਾਈਕ' ਨਹੀਂ ਕਰਦੇ। ਇਹ ਦੋਸ਼ ਹਨ ਮਾਂ ਵਿਚ, ਜੋ ਅਕਸਰ ਸੁਣਨ ਨੂੰ ਮਿਲਦੇ ਹਨ।

ਇਸ ਲਈ ਜਗਤ ਜਨਨੀਆਂ ਮਾਂਵਾਂ ਲਈ ਓਲਡ ਹੋਮ/ਬਿਰਧ ਆਸ਼ਰਮ ਬਣਾਏ ਗਏ ਹਨ। ਉਹ ਮਾਂ ਜੋ ਆਪਣੇ ਬੱਚਿਆਂ ਦੇ ਬੱਚਿਆਂ ਨਾਲ ਖੇਡਣਾ ਚਾਹੁੰਦੀ ਹੈ, ਉਨ੍ਹਾਂ ਨੂੰ ਆਪਣੇ ਹੱਥੀਂ ਚੂਰੀ ਕੁੱਟ ਕੇ ਖੁਆਉਣਾ ਚਾਹੁੰਦੀ ਹੈ, ਰਾਤ ਨੂੰ ਆਪਣੀ ਝੋਲੀ ਵਿਚ ਬਿਠਾ ਕੇ ਰਾਜੇ-ਰਾਣੀਆਂ ਦੀ ਕਹਾਣੀ ਸੁਣਾਉਣੀ ਚਾਹੁੰਦੀ ਹੈ ਅਤੇ ਫਿਰ ਸਿਰ ਪਲੋਸ ਕੇ ਲੋਰੀਆਂ ਗਾ ਕੇ ਉਨ੍ਹਾਂ ਨੂੰ ਸੁਆਉਣਾ ਚਾਹੁੰਦੀ ਹੈ-ਉਹ ਮਾਂ ਅੱਜ ਅਨਪੜ੍ਹ ਗਵਾਰ ਔਰਤ ਬਣ ਗਈ ਹੈ, ਬੱਚਿਆਂ ਦੇ ਬੱਚੇ ਉਸ ਨੂੰ 'ਓਲਡ ਲੇਡੀ' ਆਖ ਕੇ ਉਸ ਦਾ ਤ੍ਰਿਸਕਾਰ ਕਰਦੇ ਹਨ, ਪਰ ਉਹ ਰੋਂਦੀ ਨਹੀਂ, ਹੱਸ ਛੱਡਦੀ ਹੈ। ਉਹ ਕਰੇ ਵੀ ਕੀ, ਕਿਥੇ ਜਾਵੇ?



ਬੁਢਾਪਾ ਵੀ ਹੈ, ਬੀਮਾਰੀਆਂ ਵੀ ਹਨ। ਬਾਕੀ ਬਚੀ ਜ਼ਿੰਦਗੀ ਲਈ ਸਿਰ 'ਤੇ ਛੱਤ ਚਾਹੀਦੀ ਹੈ, ਕੋਈ ਆਸਰਾ ਚਾਹੀਦਾ ਹੈ। ਉਹ ਆਨੇ-ਬਹਾਨੇ ਰੋਂਦੀ ਹੈ, ਦਿਲ ਨੂੰ ਹੌਲਾ ਕਰਕੇ ਫਿਰ ਸੋਚਦੀ ਹੈ, 'ਮੇਰੇ ਬੱਚੇ ਹਨ, ਮੇਰੇ ਆਪਣੇ ਹਨ।' ਸਵੇਰੇ ਸਭ ਤੋਂ ਪਹਿਲਾਂ ਉਠ ਬੈਠਦੀ ਹੈ; ਘਰ ਦੇ, ਬੱਚਿਆਂ ਦੇ ਅਤੇ ਬੱਚਿਆਂ ਦੇ ਬੱਚਿਆਂ ਦੇ, ਸਾਰਾ ਦਿਨ ਸਾਰੇ ਕੰਮ ਕਰਦੀ ਹੈ। ਜਦ ਲੇਟ ਰਾਤ ਨੂੰ ਸੌਣ ਲਈ ਜਾਂਦੀ ਹੈ, ਫਿਰ ਰੋਂਦੀ ਹੈ, ਸਿਸਕਦੀ ਹੈ, ਹਉਕੇ ਭਰਦੀ ਹੈ ਅਤੇ ਆਪਣੇ ਕਰਮਾਂ ਦਾ ਲੇਖਾ-ਜੋਖਾ ਕਰਦੀ ਹੈ। ਆਪਣੇ ਆਪ ਨੂੰ ਹਰ ਪਲ ਪੁੱਛਦੀ ਹੈ-ਮੇਰਾ ਕਸੂਰ ਕੀ ਹੈ, ਮੇਰੀ ਗਲਤੀ ਕੀ ਹੈ, ਮੈਨੂੰ ਇੰਨੀ ਸਖਤ ਸਜ਼ਾ ਕਿਉਂ ਮਿਲ ਰਹੀ ਹੈ, ਕੀ ਮਾਂ ਹੋਣਾ ਹੀ ਗੁਨਾਹ ਹੈ? ਜਵਾਬ ਕਿਥੇ ਹੈ ਅਤੇ ਕੌਣ ਦੇਵੇਗਾ!

ਇਹ ਸਾਡੇ ਸਮਾਜ ਦੇ ਹਰ ਘਰ ਦੀ ਕਹਾਣੀ ਹੈ, ਕਿਉਂ ਬੱਚੇ ਆਪਣੀ ਮਾਂ ਨੂੰ ਮਾਂ ਨਹੀਂ ਸਮਝਦੇ? ਮਾਂ ਤਾਂ ਹਰ ਵੇਲੇ ਬਾਹਾਂ ਖੋਲ੍ਹੀ ਬੱਚਿਆਂ ਨੂੰ ਗਲ ਨਾਲ ਲਾਉਣ ਲਈ ਤੜਪਦੀ ਹੈ, ਤਰਸਦੀ ਹੈ। ਮਾਂ ਦੀਆਂ ਨਜ਼ਰਾਂ ਤਾਂ ਬੱਚਿਆਂ ਨੂੰ ਦੇਖ ਕੇ ਖੁਸ਼ ਹੁੰਦੀਆਂ ਹਨ, ਬੱਚੇ ਖਾਂਦੇ ਹਨ ਤਾਂ ਮਾਂ ਦਾ ਢਿੱਡ ਭਰ ਜਾਂਦਾ ਹੈ। ਮਾਂ ਬੱਚਿਆਂ ਨੂੰ ਦੇਖ ਕੇ ਜਿਉਂਦੀ ਹੈ, ਫਿਰ ਮਾਂ ਦਾ ਤ੍ਰਿਸਕਾਰ ਕਿਉਂ? ਮਾਂ ਲਈ ਓਲਡ ਹੋਮ ਜਾਂ ਬਿਰਧ ਆਸ਼ਰਮ ਕਿਉਂ?

ਮਾਂਵਾਂ ਦਾ ਦਿਨ ਆਇਆ ਹੈ-ਕਿਸ ਮੁਲਕ ਦਾ ਦਿਨ ਹੈ, ਕਿਸ ਧਰਮ ਦਾ ਦਿਨ ਹੈ? ਪਰ ਹੈ ਤਾਂ ਮਾਂਵਾਂ ਦਾ ਹੀ ਦਿਨ, ਮਾਂਵਾਂ ਤਾਂ ਸਾਰੇ ਧਰਮਾਂ, ਸਾਰੇ ਮੁਲਕਾਂ, ਸਾਰੇ ਮਜਹਬਾਂ ਦੀਆਂ ਮਾਂਵਾਂ ਹੀ ਹਨ, ਇਸ ਲਈ ਬਹੁਤ ਪਿਆਰ ਅਦਬ ਅਤੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਇਥੇ ਜ਼ਰਾ ਵਿਚਾਰ ਕਰੀਏ ਕਿ ਕੀ ਮਾਂ ਨਾਲ ਜੋ ਘਰ ਵਿਚ ਵਰਤਾਓ ਅਸੀਂ ਕਰਦੇ ਹਾਂ, ਮਾਂ ਨੂੰ ਨਹੀਂ ਪਤਾ! ਸਭ ਪਤਾ ਹੈ, ਮਾਂ ਨੂੰ ਆਪਣਾ ਹਰ ਪਲ ਘੁਟ ਘੁਟ ਕੇ ਜੀਣਾ ਤੇ ਮਰਨਾ ਸਭ ਯਾਦ ਹੈ। ਮਾਂ ਸਭ ਜਾਣਦੀ ਹੈ, ਪਰ ਉਹ ਦੇਖ ਕੇ ਵੀ ਅਣਦੇਖਿਆ ਕਰਦੀ ਹੈ। ਅਸੀਂ ਅਰਦਾਸ ਕਰਦੇ ਸਮੇਂ ਆਖਦੇ ਹਾਂ, 'ਜਿਨ੍ਹਾਂ ਨੇ ਦੇਖ ਕੇ ਅਣਡਿੱਠ ਕੀਤਾ', ਤਾਂ ਮਾਂ ਤਾਂ ਹਰ ਸਮੇਂ ਹੀ ਸਾਡੀਆਂ ਗਲਤੀਆਂ, ਸਾਡੇ ਗੁਨਾਹ ਦੇਖ ਕੇ ਵੀ ਸਾਨੂੰ ਮੁਆਫ ਕਰ ਰਹੀ ਹੈ।

ਮਾਂਵਾਂ ਦਾ ਇਹ ਦਿਨ ਵੀ ਚਾਅਵਾਂ, ਸੱਧਰਾਂ ਅਤੇ ਸਤਿਕਾਰ ਨਾਲ ਮਨਾਈਏ, ਪਰ ਮਾਂ ਨੂੰ ਹਰ ਪਲ, ਹਰ ਸਮੇਂ ਪਿਆਰ ਕਰੀਏ। ਮਾਂ ਸਾਡੀ ਮਾਂ ਹੈ, ਮਾਂ ਸਾਡੀ ਜਨਮ ਦਾਤੀ ਹੈ, ਮਾਂ ਨੂੰ ਬੇਚਾਰੀ ਨਾ ਕਹੀਏ, ਰੱਬ ਵਾਂਗ ਪਿਆਰ ਕਰੀਏ। ਉਏ ਪੁੱਤਰੋ-ਧੀਓ! ਮਾਂ ਤਾਂ ਤੁਹਾਡੇ ਕੋਲ ਬਿਨ ਤਨਖਾਹ ਤੋਂ ਮੁਫਤ ਦੀ ਨੌਕਰ ਹੈ, ਜੋ ਤੁਹਾਡੇ ਸਾਰੇ ਕੰਮ ਵੀ ਕਰਦੀ ਹੈ, ਤੁਹਾਡੀ ਦੇਖ-ਭਾਲ ਵੀ ਕਰਦੀ ਹੈ, ਤੁਹਾਡੇ ਬੱਚੇ ਵੀ ਪਾਲਦੀ ਹੈ ਅਤੇ ਤੁਹਾਡੀਆਂ ਸੁੱਖਾਂ ਵੀ ਮੰਗਦੀ ਹੈ।

ਪਿਛਲੇ ਕੁਝ ਸਮੇਂ ਤੋਂ ਸਮਾਜ ਵਿਚ ਧੀਆਂ ਵਲੋਂ ਬੁਢਾਪੇ ਵਿਚ ਮਾਪਿਆਂ ਦੀ ਦੇਖ-ਭਾਲ ਕਰਨ ਦੇ ਬਹੁਤ ਚਰਚੇ ਹੋ ਰਹੇ ਹਨ। ਬਹੁਤ ਹੀ ਚੰਗਾ ਰੁਝਾਨ ਹੈ। ਕੁਝ ਧੀਆਂ ਨੂੰ ਅਸੀਂ ਜਾਣਦੇ ਵੀ ਹਾਂ, ਜੋ ਇਹ ਨੇਕ ਕਰਮ ਕਰ ਰਹੀਆਂ ਹਨ। ਸਤਿਗੁਰੂ ਉਨ੍ਹਾਂ ਨੂੰ ਭਾਗ ਲਾਉਣ, ਪਰ ਬੇਨਤੀ ਹੈ ਕਿ ਜਿਥੇ ਅਸੀਂ ਪੁੱਤਰਾਂ ਨੂੰ ਵਿਗੜ ਚੁਕੇ ਸਮਝਣ ਲਈ ਨੂੰਹਾਂ 'ਤੇ ਇਲਜ਼ਾਮ ਲਾਉਂਦੇ ਹਾਂ, ਉਥੇ ਸਾਡੀਆਂ ਧੀਆਂ ਦੇ ਨਾਲ ਜਵਾਈ ਵੀ ਬਿਰਾਜਮਾਨ ਹਨ, ਉਨ੍ਹਾਂ ਘਰਾਂ ਵਿਚ ਵੀ ਸਭ ਚੰਗਾ ਨਹੀਂ ਹੈ। ਫਿਰ ਕੀ ਕਰੀਏ? ਆਪਣੇ ਆਪ 'ਤੇ ਸਬਰ ਸੰਤੋਖ ਅਤੇ ਸੰਜਮ ਰੱਖਣਾ ਸਿੱਖ ਲਈਏ ਜਾਂ ਫਿਰ ਧੱਕੇ ਖਾ ਲਈਏ? ਮੈਂ ਉਨ੍ਹਾਂ ਮਾਪਿਆਂ ਨੂੰ ਬੇਨਤੀ ਕਰਾਂਗੀ, ਜੋ ਆਪਣੇ ਪੁੱਤਰ ਨੂੰਹਾਂ ਜਾਂ ਧੀਆਂ ਤੇ ਜਵਾਈਆਂ ਨਾਲ ਬੁਢਾਪੇ ਗੁਜਾਰ ਰਹੇ ਹਨ, ਆਪਣੇ ਵਿਚਾਰਾਂ ਉਤੇ ਕਾਬੂ ਪਾ ਲੈਣਾ ਹੀ ਸਾਰੇ ਸੁੱਖਾਂ ਦਾ ਸਾਧਨ ਹੈ। ਜਵਾਨੀ ਅਤੇ ਬੁਢਾਪੇ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ। ਨਾ ਸਾਰੇ ਮਾਪੇ ਬੁਰੇ ਹਨ ਅਤੇ ਨਾ ਹੀ ਸਾਰੇ ਪੁੱਤਰ-ਧੀਆਂ ਬੁਰੇ ਹਨ, ਪਰ ਫਿਰ ਵੀ ਬਹੁਤਾਤ ਵਿਚ ਤਾਂ ਦਰਾੜਾਂ ਪੈ ਹੀ ਚੁਕੀਆਂ ਹਨ, ਉਨ੍ਹਾਂ ਨੂੰ ਭਰਨ ਦੀ ਕੋਸ਼ਿਸ਼ ਜ਼ਰੂਰ ਕਰੀਏ। ਮਾਂਵਾਂ ਨੂੰ ਸੋਹਣੇ ਸੋਹਣੇ ਗਿਫਟ ਵੀ ਦਿਉ ਤੇ ਉਨ੍ਹਾਂ ਦੇ ਗਲ ਲੱਗ ਕੇ, ਗਲਵੱਕੜੀ ਪਾ ਕੇ ਪਿਆਰ ਵੀ ਕਰੋ। ਸਿਰਫ ਇਕ ਦਿਨ ਹੀ ਨਹੀਂ, ਹਰ ਰੋਜ਼, ਹਰ ਪਲ ਮਾਂ ਨੂੰ ਪਿਆਰ ਕਰੋ ਬੱਚਿਓ। ਫਿਰ ਦੇਖਣਾ, ਤੁਸੀਂ ਮਹਿਸੂਸ ਕਰੋਗੇ ਕਿ ਅਸਲ ਅਮੀਰੀ ਤਾਂ ਹੁਣ ਮਿਲੀ ਹੈ।

---

# ਸਾਰਥਕ ਤਜਰਬਾ

ਉਹ ਸਵੇਰੇ 6 ਵਜੇ ਉਠਦੀ ਹੈ। ਇੱਕ ਵਾਰ ਸਾਰੇ ਘਰ ਦੀ ਸਫਾਈ ਕਰਨ ਪਿਛੋਂ ਸਭ ਲਈ ਚਾਹ ਧਰਦੀ ਹੈ। ਸਭ ਨੂੰ ਬੈਡ ਟੀ ਦੀ ਆਦਤ ਹੈ। ਚਾਹ ਦੀ ਕੇਤਲੀ ਡਾਈਨਿੰਗ ਟੇਬਲ 'ਤੇ ਰੱਖਣ ਪਿਛੋਂ ਹਰ ਇੱਕ ਨੂੰ ਹਲੂਣ ਕੇ ਜਗਾਉਣਾ ਵੀ ਉਸੇ ਦੀ ਡਿਊਟੀ ਹੈ, ਕਿਉਂਕਿ ਉਹ ਇਸ ਘਰ ਦੀ ਰੂਹ, ਮਾਂ ਹੈ। ਸਭ ਨੇ ਚਾਹ ਪੀਣ ਪਿਛੋਂ ਨਹਾਉਣਾ ਧੋਣਾ ਅਰੰਭ ਕਰ ਦੇਣਾ ਹੈ ਅਤੇ ਮਾਂ ਨੇ ਨਾਸ਼ਤੇ ਦੀ ਤਿਆਰੀ ਲਈ ਰਸੋਈ 'ਚ ਜਾ ਜੁਟਣਾ ਹੈ। ਨਾਸ਼ਤੇ ਦੇ ਨਾਲ ਹੀ ਉਸ ਨੇ ਪਤੀ,

ਹਰਜੀਤ ਦਿਓਲ, ਬਰੈਂਪਟਨ

ਬੇਟੇ ਅਤੇ ਬੇਟੀ ਦੇ ਟਿਫਨ ਤਿਆਰ ਕਰਨੇ ਹਨ।

ਦਸ ਕੁ ਵਜੇ ਤੱਕ ਉਹ ਸਭ ਨੂੰ ਆਪੋ ਆਪਣੇ ਥਾਂਈਂ ਤੋਰ ਦਿੰਦੀ ਹੈ। ਪਤੀ ਤੇ ਬੇਟਾ ਕੰਮ 'ਤੇ ਚਲੇ ਜਾਂਦੇ ਹਨ ਅਤੇ ਬੇਟੀ ਆਪਣੇ ਕਾਲਜ। ਇਸ ਪਿਛੋਂ ਲਾਂਡਰੀ ਅਤੇ ਘਰ ਦੇ ਹੋਰ ਨਿੱਕੇ ਮੋਟੇ ਕੰਮ ਕਰਦਿਆਂ ਦੁਪਹਿਰ ਦੇ 2 ਵੱਜ ਗਏ। ਖਾਣਾ ਖਾ ਕੇ ਉਸ ਟੀ. ਵੀ. ਲਾ ਲਿਆ। ਕੋਈ ਤਿੰਨ ਕੁ ਵਜੇ ਬੇਟੀ ਕਾਲਜ ਤੋਂ ਮੁੜੀ। ਉਸ ਆਉਂਦਿਆਂ ਹੀ ਆਪਣਾ ਪਰਸ ਇੱਕ ਪਾਸੇ ਵਗਾਹ ਮਾਰਿਆ 'ਤੇ ਸੋਫੇ 'ਤੇ ਪਸਰ ਗਈ ਜਿਵੇਂ ਬਹੁਤ ਥੱਕੀ ਹੋਵੇ। ਕੁਝ ਦੇਰ ਅਰਾਮ ਫਰਮਾਉਣ ਪਿਛੋਂ ਉਸ ਨੇ ਮਾਂ ਵੱਲ ਹੈਰਾਨੀ ਨਾਲ ਦੇਖਿਆ। ਮਾਂ ਕਿਸੇ ਟੀ. ਵੀ. ਸੀਰੀਅਲ ਵਿਚ ਮਗਨ ਸੀ। ਦਰਅਸਲ ਬੇਟੀ ਦੇ ਕਾਲਜ ਤੋਂ ਮੁੜਦਿਆਂ ਹੀ ਮਾਂ ਉਸ ਲਈ ਚਾਹ ਬਣਾ ਲਿਆਉਂਦੀ ਹੈ, ਪਰ ਅੱਜ ਮਾਜਰਾ ਕੁਝ ਵੱਖਰਾ ਈ ਜਾਪਦਾ ਹੈ।

"ਮਾਂ! ਕੀ ਗੱਲ ਚਾਹ ਨਹੀਂ ਬਣੀ? ਬੜੀ ਥੱਕੀ ਹਾਂ, ਪਲੀਜ਼ ਛੇਤੀ ਇੱਕ ਕੱਪ ਚਾਹ ਦਾ ਬਣਾਓ ਨਾ।" ਬੇਟੀ ਨੇ ਕਿਹਾ।

"ਬੇਟਾ ਹੋ ਸਕੇ ਤਾਂ ਚਾਹ ਆਪ ਹੀ ਬਣਾ ਲੈ।" ਮਾਂ ਦਾ ਜਵਾਬ ਸੀ।

ਕੁਝ ਹੈਰਾਨ ਹੋਈ ਬੇਟੀ ਮਾਂ ਕੋਲ ਆਈ ਤੇ ਕਿਹਾ, "ਮਾਂ ਹਮੇਸ਼ਾ ਮੇਰੇ ਆਉਂਦਿਆਂ ਹੀ ਤੁਸੀਂ ਚਾਹ ਬਣਾ ਕੇ ਦਿੰਦੇ ਹੋ, ਅੱਜ ਕੀ ਗੱਲ ਹੋ ਗਈ?"

"ਕਿਉਂਕਿ ਅੱਜ ਚਾਹ ਬਣਾਉਣ ਦਾ ਮੇਰਾ ਮੂਡ ਨਹੀਂ।"

ਮਾਂ ਦਾ ਜਵਾਬ ਸੁਣ ਕੇ ਬੇਟੀ ਮਾਂ ਪਾਸ ਆ ਉਸ ਦਾ ਮੱਥਾ ਛੂਹ ਕੇ ਦੇਖਦੀ ਬੋਲੀ, "ਮਾਂ, ਕੀ ਤਬੀਅਤ ਠੀਕ ਨਹੀਂ?"

"ਨਹੀਂ ਬੇਟਾ, ਮੈਂ ਬਿਲਕੁਲ ਠੀਕ ਹਾਂ, ਫਿਕਰ ਵਾਲੀ ਕੋਈ ਗੱਲ ਨਹੀਂ।" ਮਾਂ ਨੇ ਕਹਿ ਦਿੱਤਾ।

ਬੇਟੀ ਸ਼ਸ਼ੋਪੰਜ ਜਿਹੀ ਵਿਚ ਕਿਚਨ 'ਚ ਗਈ ਅਤੇ ਆਪਣੇ ਲਈ ਇੱਕ ਕੱਪ ਚਾਹ ਬਣਾ ਲਿਆਈ। ਫਿਰ ਉਹ ਆਪਣੇ ਕਮਰੇ ਵਿਚ ਜਾ ਵੜੀ।

ਡੇਢ ਕੁ ਘੰਟੇ ਪਿਛੋਂ ਬੇਟਾ ਕੰਮ ਤੋਂ ਮੁੜਿਆ। ਆਉਂਦਿਆਂ ਹੀ ਸੋਫੇ 'ਤੇ ਪਸਰ ਉਹ ਬੁੜਬੁੜਾਉਣ ਲੱਗਾ, "ਇਸ ਸ਼ਹਿਰ ਵਿਚ ਤਾਂ ਹੁਣ ਟਰੈਫਿਕ ਦਾ ਮੰਦਾ ਹਾਲ ਹੈ। ਜਾਮ ਵਿਚ ਫਸ ਗਿਆ ਤੇ ਨਿਕਲਣ ਵਿਚ ਘੰਟਾ ਖਰਾਬ ਹੋ ਗਿਆ, ਟਰੈਫਿਕ ਦੇ ਸ਼ੋਰ ਵਿਚ ਤਾਂ ਸਿਰ ਫਟਣ ਨੂੰ ਆ ਗਿਐ।"

ਭਰਾ ਦੀ ਅਵਾਜ਼ ਸੁਣ ਕੇ ਭੈਣ ਵੀ ਕਮਰੇ ਵਿਚੋਂ ਨਿਕਲ ਆਈ ਤੇ ਭਰਾ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਣ ਲੱਗੀ, ਕਿਉਂਕਿ ਮਾਂ ਟੀ. ਵੀ. ਬੰਦ ਕਰ ਕੇ ਹੁਣ ਇੱਕ ਫਿਲਮੀ ਮੈਗਜ਼ੀਨ ਦੇਖਣ ਵਿਚ ਮਸ਼ਗੂਲ ਸੀ। ਇਸ ਘਰ ਦਾ ਬੇਟਾ ਆਦਤ ਮੁਤਾਬਕ ਮਾਂ ਕੋਲੋਂ ਇੱਕ ਕੱਪ ਗਰਮਾ ਗਰਮ ਚਾਹ ਦੀ ਆਸ ਕਰ ਰਿਹਾ ਸੀ। ਭੈਣ ਨੇ ਭਰਾ ਵੱਲ ਕੁਝ ਗੁੱਝਾ ਇਸ਼ਾਰਾ ਕੀਤਾ ਤਾਂ ਬੇਟੇ ਨੇ ਮਾਂ ਕੋਲ ਆ ਉਸ ਦਾ ਹਾਲ ਚਾਲ ਪੁਛਿਆ ਤੇ ਚਾਹ ਦੀ ਫਰਮਾਇਸ਼ ਕੀਤੀ।

ਮਾਂ ਨੇ ਬੜੇ ਪਿਆਰ ਨਾਲ ਕਿਹਾ, "ਬੇਟੇ ਮੈਂ ਬਿਲਕੁਲ ਠੀਕ ਹਾਂ, ਪਰ ਚਾਹ ਦੀ ਖੇਚਲ ਕਿਰਪਾ ਕਰ ਕੇ ਆਪ ਹੀ ਕਰ ਲਓ।"

ਭੈਣ ਅਤੇ ਭਰਾ ਕੋਲੋਂ ਅੱਜ ਦੀ ਗੁੰਝਲ ਹਾਲੇ ਹੱਲ ਨਹੀਂ ਹੋ ਰਹੀ ਸੀ ਕਿ ਇਸੇ ਦੌਰਾਨ ਬੱਚਿਆਂ ਦਾ ਡੈਡੀ ਵੀ ਕੰਮ ਤੋਂ ਪਰਤ ਆਇਆ। ਆਦਤ ਅਨੁਸਾਰ ਬ੍ਰੀਫ ਕੇਸ ਇੱਕ ਪਾਸੇ ਰੱਖ ਕੇ ਉਹ ਵੀ ਸੋਫੇ 'ਤੇ ਬਿਰਾਜਮਾਨ ਹੋ ਗਿਆ। ਹੁਣ ਉਸ ਦੇ ਹੈਰਾਨ ਹੋਣ ਦੀ ਵਾਰੀ ਸੀ, ਕਿਉਂਕਿ ਅਮੂਮਨ ਪਤਨੀ ਉਨ੍ਹਾਂ ਦਾ ਬ੍ਰੀਫ ਕੇਸ ਉਨ੍ਹਾਂ ਦੇ ਕਮਰੇ ਵਿਚ ਰੱਖ ਕੇ ਬਦਲਣ ਲਈ ਕੱਪੜੇ ਲਿਆ ਕੇ ਦਿੰਦੀ ਹੈ ਅਤੇ ਚਾਹ ਨਾਸ਼ਤੇ ਲਈ ਕਿਚਨ ਵਿਚ ਜਾ ਵੜਦੀ ਹੈ, ਪਰ ਅੱਜ ਤਾਂ ਉਹ ਮੈਗਜ਼ੀਨ ਦੇਖਣ ਵਿਚ ਹੀ ਰੁੱਝੀ ਹੈ। ਘਰ ਦੇ ਤਿੰਨੇ ਜੀਅ ਇੱਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੇ ਹਨ, ਪਰ ਮਾਜਰਾ ਉਨ੍ਹਾਂ ਦੀ ਸਮਝ ਤੋਂ ਪਰੇ ਹੈ।

ਹੁਣ ਮਾਂ ਨੇ ਉਨ੍ਹਾਂ ਦੀ ਉਲਝਣ ਦੂਰ ਕਰਨ ਦਾ ਮਨ ਬਣਾ ਲਿਆ ਅਤੇ ਮੈਗਜ਼ੀਨ ਪਰ੍ਹੇ ਸੁੱਟ ਕਹਿਣਾ ਸ਼ੁਰੂ ਕੀਤਾ, "ਮੇਰੇ ਪਿਆਰਿਓ, ਤੁਹਾਨੂੰ ਪ੍ਰੇਸ਼ਾਨ ਦੇਖ ਮੈਨੂੰ ਬੜਾ ਦੁੱਖ ਹੋਇਆ ਹੈ, ਪਰ ਮੈਨੂੰ ਇਹ ਸਭ ਇੱਕ ਦਿਨ ਕਰਨਾ ਹੀ ਪੈਣਾ ਸੀ। ਦੇਖੋ ਤੁਸੀਂ ਸਾਰੇ ਅੱਠ ਘੰਟੇ ਬਾਹਰ ਕੰਮ ਕਰਕੇ ਆਏ ਹੋ ਅਤੇ ਘਰ ਆ ਅਰਾਮ ਭਾਲਦੇ ਹੋ। ਮੈਂ ਸਵੇਰ ਦੇ ਛੇ ਵਜੇ ਤੋਂ ਦੋ ਵਜੇ ਤੱਕ ਯਾਨਿ ਲਗਾਤਾਰ ਅੱਠ ਘੰਟੇ ਤੁਹਾਡੇ ਵਾਂਗੂੰ ਡਟ ਕੇ ਕੰਮ ਕੀਤਾ ਹੈ। ਮੇਰੀ ਡਿਊਟੀ ਵੀ ਹੁਣ ਖਤਮ ਹੈ। ਹੁਣ ਮੈਨੂੰ ਵੀ ਅਰਾਮ ਅਤੇ ਮਨੋਰੰਜਨ ਕਰਨ ਦਾ ਕੁਝ ਹੱਕ ਹੈ ਕਿ ਨਹੀਂ? ਹੋਰ ਸੁਣੋ! ਅੱਜ ਸ਼ਾਮ ਦਾ ਖਾਣਾ ਵੀ ਮੈਂ ਨਹੀਂ ਬਣਾਵਾਂਗੀ, ਜਾਂ ਤਾਂ ਸਾਰੇ ਮਿਲ ਕੇ ਬਣਾਵਾਂਗੇ ਜਾਂ ਫਿਰ ਬਾਹਰੋਂ ਲੈ ਆਇਓ।"

ਪਿਓ, ਪੁੱਤ ਅਤੇ ਧੀ ਇੱਕ ਦੂਜੇ ਦੇ ਮੂੰਹਾਂ ਵੱਲ ਦੇਖ ਰਹੇ ਸਨ। ਮਾਂ ਦੀ ਦਲੀਲ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਸਾਰੇ ਇਸ ਅਚਾਨਕ ਝਟਕੇ ਲਈ ਤਿਆਰ ਨਹੀਂ ਸਨ ਅਤੇ ਜਕੋ-ਤਕੀ ਵਿਚ ਕੁਝ ਸੋਚਣ ਦਾ ਉਪਰਾਲਾ ਕਰ ਹੀ ਰਹੇ ਸਨ ਕਿ ਮਾਂ ਨੇ ਫਿਰ ਐਲਾਨ ਕਰ ਦਿੱਤਾ, "ਮੇਰੇ ਪਿਆਰਿਓ, ਕੱਲ ਤੇ ਪਰਸੋਂ-ਦੋ ਦਿਨ ਤੁਹਾਡੀ ਵੀਕ ਐਂਡ ਦੀ ਛੁੱਟੀ ਹੈ ਤਾਂ ਫਿਰ ਮੇਰੀ ਵੀ ਛੁੱਟੀ ਬਣਦੀ ਹੈ। ਇਹ ਦੋ ਦਿਨ ਆਪਾਂ ਮਿਲਜੁਲ ਕੇ ਸਾਰੇ ਕੰਮ ਕਿਵੇਂ ਨਿਬੇੜਨੇ ਹਨ, ਇਸ ਦਾ ਫੈਸਲਾ ਵੀ ਤੁਸਾਂ ਤਿੰਨਾਂ ਨੇ ਕਰਨਾ ਹੈ। ਇਸ ਬਾਰੇ ਵਿਚਾਰ ਵਟਾਂਦਰਾ ਕਰ ਲਓ, ਤਦ ਤੱਕ ਮੈਂ ਗੁਆਂਢਣ ਸ਼ੀਲਾ ਵੱਲ ਹੋ ਆਵਾਂ।" ਇੰਨਾ ਆਖ ਸਭ ਦੇ ਤੋਰੀ ਵਾਂਗੂੰ ਲਟਕਦੇ ਚਿਹਰੇ ਛੱਡ ਮਾਂ ਘਰੋਂ ਬਾਹਰ ਹੋ ਗਈ।

ਮਾਂ ਜਦ ਸ਼ੀਲਾ ਘਰੇ ਪਹੁੰਚੀ ਤਾਂ ਉਸ ਨੇ ਹੱਸਦਿਆਂ ਪੁੱਛਿਆ, "ਮੇਰਾ ਤਜਰਬਾ ਕਿਵੇਂ ਰਿਹਾ ਡੀਅਰ?" ਕਿਉਂਕਿ ਇਹ ਡਰਾਮਾ ਸ਼ੀਲਾ ਦਾ ਸੁਝਾਇਆ ਸੀ। ਪੜੋਸੀ ਮਹਿਲਾ ਨੂੰ ਬਾਰਾਂ ਘੰਟੇ ਨੌਕਰ ਵਾਂਗ ਖਪਦਿਆਂ ਦੇਖ ਉਸ ਨੇ ਉਸ ਦੀ ਮਦਦ ਦਾ ਉਪਰਾਲਾ ਕਰਨ ਦਾ ਇਰਾਦਾ ਕੀਤਾ ਸੀ। ਥੋੜੀ ਦੇਰ ਗੱਪ ਸ਼ੱਪ ਮਾਰ ਜਦ ਮਾਂ ਘਰੇ ਆਈ ਤਾਂ ਸਭ ਕਿਚਨ ਵਿਚ ਰੁੱਝੇ ਹੋਏ ਸਨ। ਬੇਟਾ ਸਬਜ਼ੀ ਕੱਟ ਰਿਹਾ ਸੀ, ਬੇਟੀ ਸਿੰਕ 'ਚ ਪਏ ਭਾਂਡੇ ਧੋ ਰਹੀ ਸੀ ਅਤੇ ਪਿਤਾ ਸ਼੍ਰੀ ਸੋਚ ਰਹੇ ਸਨ ਕਿ ਆਟਾ ਕਿਵੇਂ ਗੁੰਨ੍ਹਿਆ ਜਾਏ, ਪਰ ਮਾਂ ਨੇ ਆ ਕੇ ਹੱਥ ਵਟਾਉਂਦਿਆਂ ਇਹ ਸਮੱਸਿਆ ਹੱਲ ਕਰ ਦਿੱਤੀ।

ਅਗਲੇ ਦਿਨ ਸਵੇਰੇ ਜਦ ਸਾਰੇ ਮਿਲਜੁਲ ਕੇ ਨਾਸ਼ਤਾ ਤਿਆਰ ਕਰ ਰਹੇ ਸਨ ਤਾਂ ਅਚਾਨਕ ਸ਼ੀਲਾ ਆ ਗਈ। ਆਉਂਦੇ ਹੀ ਉਸ ਨੇ ਸਭ ਨੂੰ ਸ਼ੁਭ ਸਵੇਰ ਕਿਹਾ। ਫਿਰ ਉਸ ਨੇ ਆਪਣੀ ਸਹੇਲੀ ਨੂੰ 'ਮਦਰ'ਜ਼ ਡੇਅ' ਦੀ ਵਧਾਈ ਦਿੱਤੀ। ਦੋਵੇਂ ਇੱਕ ਦੂਜੇ ਵੱਲ ਦੇਖ ਕੇ ਮੁਸਕਰਾਈਆਂ। ਇਸ ਘਰ ਦੀ ਮਾਂ ਲਈ ਇਸ ਵਾਰ ਦਾ ਮਦਰ'ਜ਼ ਡੇਅ ਸਾਰਥਕ ਹੋ ਨਿਬੜਿਆ ਸੀ। ਗੁਆਂਢਣ ਸ਼ੀਲਾ ਦਾ ਤਜਰਬਾ ਸਫਲ ਰਿਹਾ ਸੀ।

***(ਅੰਗਰੇਜ਼ੀ ਦੇ ਇੱਕ ਨਾਟਕ 'ਤੇ ਆਧਾਰਤ)***

## ਮਿਨੀ ਕਹਾਣੀ

### ਪੁੱਤ ਬਨਾਮ ਡਾਲਰ

ਬਾਰਾਂ ਸਾਲਾਂ ਬਾਅਦ ਕੋਰਟ ਨੇ ਦੇਬੂ ਦੇ ਦੇਸ਼ ਨਿਕਾਲੇ ਦਾ ਹੁਕਮ ਸੁਣਾ ਦਿੱਤਾ। ਉਹ ਬੇਚਾਰਾ ਮਸਾਂ ਕੋਰਟ ਦੀਆਂ ਪੌੜੀਆਂ ਉਤਰ ਕੇ ਕਾਰ ਤੱਕ ਪੁੱਜਾ। ਘਰੇ ਫੋਨ ਕਰਕੇ ਆਉਣ ਦੀ ਖਬਰ ਸੁਣਾਈ ਤਾਂ ਸਾਰਿਆਂ ਦੇ ਮੂੰਹੋਂ ਇਕੱਠਿਆਂ ਨਿਕਲਿਆ, "ਹੈਂ! ਤੈਂ ਆ ਜਾਣਾ ਹੈ।" ਜਿਵੇਂ ਸਾਰੇ ਟੱਬਰ ਨੂੰ ਸੱਪ ਸੁੰਘ ਗਿਆ ਹੋਵੇ। ਮਾਂ-ਪਿਓ, ਪਤਨੀ ਤੇ ਬੱਚੇ ਅਤੇ ਭਰਾ-ਕੋਈ ਵੀ ਉਸ ਨੂੰ ਹਿੱਕ ਨਾਲ ਲਾਉਣ ਨੂੰ ਤਿਆਰ ਨਹੀਂ ਸੀ।

ਜਿਨ੍ਹਾਂ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਸਮਾਂ ਹਿੱਕ ਨਾਲੋਂ ਲਾਹ ਕੇ ਅਮਰੀਕਾ ਨੂੰ ਤੋਰਿਆ ਸੀ, ਅੱਜ ਖੁਸ਼ੀਆਂ ਦੇ ਹੰਝੂਆਂ ਨਾਲ ਉਸ ਨੂੰ ਸਵੀਕਾਰਨ ਤੋਂ ਜਿਵੇਂ ਅਸਮਰੱਥ ਹੋ ਗਏ ਹੋਣ! ਦੇਬੂ ਵਲੋਂ ਭੇਜੇ ਹੋਏ ਡਾਲਰਾਂ ਨੂੰ ਚੁੰਮਣ ਵਾਲੇ ਖੋਰੇ ਅੱਜ ਕਿਉਂ ਬੇਗਾਨੇ ਹੋ ਰਹੇ ਸਨ? ਦੇਬੂ ਲਈ ਆਪਣਾ ਘਰ ਤੇ ਪਰਿਵਾਰ ਬੇਗਾਨਾ ਬਣ ਗਿਆ ਸੀ, ਜਿਥੇ ਉਸ ਨੂੰ ਅਮਰੀਕਾ ਵਿਚ ਸ਼ਰਨ ਲਈ ਅਰਜੀ ਦੇਣੀ ਪੈ ਰਹੀ ਸੀ।

ਜਦ ਦੇਬੂ ਦੇ ਬਾਪੂ ਨੇ ਕਿਹਾ, "ਪਿੰਡ ਆ ਕੇ ਕੀ ਕਰੇਂਗਾ, ਐਥੇ ਹੀ ਕੋਈ ਵੱਡੀ ਅਦਾਲਤ ਵਿਚ ਅਪੀਲ ਪਾ ਦੇ।" ਤਾਂ ਦੇਬੂ ਨੂੰ ਲੱਗਾ ਕਿ ਬਾਪ ਨੂੰ ਪੁੱਤ ਨਾਲੋਂ ਡਾਲਰ ਪਿਆਰੇ ਨੇ। ਦੇਬੂ ਨੇ ਰੋਂਦਿਆਂ ਫੋਨ ਕੱਟ ਦਿੱਤਾ।

***-ਮੇਜਰ ਕੁਲਾਰ ਬੋਪਾਰਾਏ ਕਲਾਂ***

ਪੁਸਤਕ ਰਿਵਿਊ

# ਗੁਰਬਾਣੀ ਦੀ ਸਰਲ ਵਿਆਖਿਆ

ਡਾ. ਡੀ. ਪੀ. ਸਿੰਘ, ਕੈਨੇਡਾ
E-mail: drdpsn@gmail.com

ਪ੍ਰਸਿੱਧ ਵਿਗਿਆਨੀ ਪ੍ਰੋ. ਹਰਦੇਵ ਸਿੰਘ ਵਿਰਕ ਦੀ ਕਿਤਾਬ 'ਗੁਰਬਾਣੀ ਦੀ ਸਰਲ ਵਿਆਖਿਆ' 30 ਲੇਖਾਂ ਦਾ ਸੰਗ੍ਰਿਹ ਹੈ। ਕਿਤਾਬ ਦੇ ਆਸ਼ੇ ਬਾਰੇ ਲੇਖਕ ਦਾ ਕਥਨ ਹੈ ਕਿ "ਇਹ ਯਤਨ ਆਪਣੀ ਤੁੱਛ ਬੁੱਧੀ ਅਨੁਸਾਰ ਗੁਰਬਾਣੀ ਦੇ ਪਦਾਂ ਅਤੇ ਸੰਕਲਪਾਂ ਨੂੰ ਸਮਝਣ ਦਾ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਵਿਆਖਿਆ ਸੰਖੇਪ



ਅਤੇ ਸਰਲ ਹੋਵੇ ਤਾਂ ਕਿ ਆਮ ਸਿੱਖ ਇਸ ਨੂੰ ਸਮਝ ਸਕੇ।" ਕਿਤਾਬ ਦੇ ਮੁੱਖ ਬੰਦ ਦੇ ਰਚੈਤਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦਾ ਕਹਿਣਾ ਹੈ ਕਿ ਗੁਰਬਾਣੀ ਦੇ ਅਰਥਾਂ ਅਤੇ ਸੰਕਲਪਾਂ ਨੂੰ ਸੁਖੈਨਤਾ ਨਾਲ ਸਮਝਣ ਵਾਸਤੇ ਪ੍ਰੋ. ਵਿਰਕ ਦੀ ਇਹ ਕਿਤਾਬ ਸ਼ਲਾਘਾਯੋਗ ਕਦਮ ਹੈ।

ਕਿਤਾਬ ਦਾ ਪਹਿਲਾ ਲੇਖ ਸ਼ਬਦ ਗੁਰੂ, ਗ੍ਰੰਥ ਗੁਰੂ ਅਤੇ ਦੇਹਧਾਰੀ ਗੁਰੂ ਦੇ ਵਿਭਿੰਨ ਸੰਕਲਪਾਂ ਦਾ ਵਿਖਿਆਨ ਕਰਦਿਆਂ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਅਸੀਂ ਸ਼ਬਦ ਗੁਰੂ ਦੇ ਲੜ ਲੱਗੀਏ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਆਪਣੇ ਜੀਵਨ ਦਾ ਆਧਾਰ ਬਣਾਈਏ। ਕਿਤਾਬ ਦਾ ਦੂਜਾ ਲੇਖ ਨਿਰਗੁਨ, ਸਰਗੁਨ ਤੇ ਨਿਰੰਕਾਰ ਦੇ ਵਿਗਿਆਨਕ ਸੱਚ ਦਾ ਵਰਣਨ ਕਰਦਾ ਹੈ। ਲੇਖਕ ਦਾ ਕਥਨ ਹੈ, 'ਨਿਰੰਕਾਰ' ਸ਼ਬਦ ਦੀ ਵਰਤੋਂ ਬਾਬੇ ਨਾਨਕ ਨੇ ਹੀ ਪਹਿਲੀ ਵਾਰ ਆਪਣੀ ਬਾਣੀ ਵਿਚ ਕੀਤੀ ਹੈ।

'ਮਾਇਆ ਦੇ ਸੰਕਲਪ' ਬਾਰੇ ਪ੍ਰੋ. ਵਿਰਕ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਦਾ ਸੰਕਲਪ ਹਿੰਦੂ ਗ੍ਰੰਥਾਂ ਵਿਚ ਵਰਣਿਤ ਸੰਕਲਪ ਤੋਂ ਭਿੰਨ ਹੈ। 'ਹਉਮੈ ਦੀਰਘ ਰੋਗ ਹੈ' ਲੇਖ ਵਿਚ ਉਹ ਦੱਸਦੇ ਹਨ ਕਿ ਆਤਮਿਕ ਉਨਤੀ ਲਈ ਹਰ ਵਿਅਕਤੀ ਨੂੰ ਜੀਵਨ ਵਿਚ ਮਾਇਆ ਅਤੇ ਹਉਮੈ ਨਾਲ ਘੋਲ ਕਰਨਾ ਜ਼ਰੂਰੀ ਹੈ। ਗੁਰਮੁਖ ਇਸ ਘੋਲ ਵਿਚ ਜਿੱਤ ਪ੍ਰਾਪਤ ਕਰ ਕੇ ਜੀਵਨ ਸਫਲਾ ਕਰ ਲੈਂਦੇ ਹਨ। 'ਨਾਮ ਦੀ ਮਹਿਮਾ' ਲੇਖ 'ਨਾਮ' ਬਾਰੇ ਪ੍ਰਚਲਿਤ ਭਰਮ-ਭੁਲੇਖਿਆਂ ਦਾ ਨਿਰਣਾ ਕਰਦਾ ਹੈ। ਅਗਲੇ ਤਿੰਨ ਲੇਖਾਂ 'ਅੰਮ੍ਰਿਤ ਸਰੁ ਅਤੇ ਹਰਿ ਮੰਦਰੁ ਤੋਂ ਕੀ ਭਾਵ ਹੈ?', '84 ਲੱਖ ਜੂਨੀਆਂ ਦਾ ਸਕੰਲਪ' ਅਤੇ 'ਸਰੀਰ ਅਤੇ ਕਾਇਆ ਦਾ ਸੰਕਲਪ' ਵਿਚ ਲੇਖਕ




ਇਨ੍ਹਾਂ ਸੰਕਲਪਾਂ ਦੀ ਗੁਰਬਾਣੀ ਦੀ ਸੇਧ ਅਨੁਸਾਰ ਉਚਿਤ ਵਿਆਖਿਆ ਕਰਦਾ ਹੈ।

'ਸਿਮਰਨ ਦੀ ਮਹਿਮਾ' ਲੇਖ ਸਿਮਰਨ ਦੇ ਲਾਭਾਂ ਦਾ ਖੁਲਾਸਾ ਹੈ। ਅਗਲੇ ਛੇ ਲੇਖ ਵਿਭਿੰਨ ਸੰਕਲਪਾਂ-'ਸੁੰਨ, 'ਬ੍ਰਹਿਮੰਡ', 'ਕੁਦਰਤਿ', 'ਸੁਰਤਿ' ਅਤੇ 'ਪੜ੍ਹਿਆ' ਦਾ ਵਰਣਨ ਕਰਦੇ ਹਨ। ਲੇਖਕ ਅਨੁਸਾਰ ਸੁੰਨ ਦੀ ਅਵਸਥਾ ਮਨੁੱਖੀ ਸੂਝ-ਬੂਝ ਦੇ ਘੇਰੇ ਤੋਂ ਬਾਹਰ ਹੈ। 'ਬ੍ਰਹਿਮੰਡ ਦਾ ਸੰਕਲਪ' ਲੇਖ ਕਰੋੜਾਂ ਬ੍ਰਹਿਮੰਡਾਂ ਦੀ ਹੋਂਦ ਦਾ ਜ਼ਿਕਰ ਕਰਦਾ ਹੈ। 'ਕੁਦਰਤਿ ਦਾ ਸੰਕਲਪ' ਲੇਖ ਦੱਸ ਪਾਉਂਦਾ ਹੈ ਕਿ ਗੁਰੂ ਨਾਨਕ ਨੇ ਕਾਦਰ ਅਤੇ ਕੁਦਰਤਿ ਦੇ ਸਾਮੀ ਸੰਕਲਪਾਂ ਨੂੰ ਬਾਣੀ ਵਿਚ ਵਰਤ ਕੇ ਨਵੀਂ ਪਿਰਤ ਪਾਈ ਹੈ। 'ਸੁਰਤਿ ਦਾ ਸੰਕਲਪ' ਲੇਖ ਸਪਸ਼ਟ ਕਰਦਾ ਹੈ ਕਿ ਸੁਰਤਿ ਕੋਈ ਅਨੁਭਵੀ ਅਵਸਥਾ ਨਾਲ ਸੰਬੰਧਤ ਜਾਗਰੂਕਤਾ ਹੈ।

ਅਗਲੇ ਦੋ ਲੇਖ ਗੁਰਬਾਣੀ ਵਿਚ 'ਵੇਦਾਂ ਬਾਰੇ ਵਿਚਾਰ' ਅਤੇ 'ਸਾਮੀ ਗ੍ਰੰਥਾਂ ਦਾ ਹਵਾਲਾ' ਦਾ ਖੁਲਾਸਾ ਕਰਦੇ ਹਨ। ਗੁਰਬਾਣੀ ਵਿਚ ਵਰਣਿਤ ਸੰਕਲਪਾਂ-'ਨਦਰਿ ਅਤੇ ਕਰਮ', 'ਸੁਰਗ ਅਤੇ ਨਰਕ', 'ਬ੍ਰਹਮਾ, ਬਿਸਨੁ, ਮਹੇਸ', 'ਅਕੱਥ ਕਥਾ', 'ਤੁਰੀਆ ਅਵਸਥਾ', 'ਜੀਵਨ ਮੁਕਤਿ', 'ਭਗਤੀ', 'ਸਤਸੰਗਤਿ', 'ਵਿਸਮਾਦੁ', 'ਆਤਮਾ', 'ਤਰੰਗ' ਅਤੇ 'ਸੂਖਮ ਅਤੇ ਅਸਥੂਲ' ਦੀਆਂ ਵਿਆਖਿਆਵਾਂ ਅਗਲੇ ਬਾਰ੍ਹਾਂ ਲੇਖਾਂ ਵਿਚ ਸ਼ਾਮਿਲ ਹਨ। 'ਜਪੁ ਜੀ ਵਿਚ ਸ੍ਰਿਸ਼ਟੀ ਰਚਨਾ' ਲੇਖ ਸ੍ਰਿਸ਼ਟੀ ਦੀ ਰਚਨਾ ਦਾ ਸੰਖੇਪ ਵਰਣਨ ਹੈ।

ਪ੍ਰੋ. ਵਿਰਕ ਅਨੁਸਾਰ ਗੁਰਬਾਣੀ ਵਿਚ ਕਈ ਨਵੇਂ ਸੰਕਲਪ ਪੇਸ਼ ਕੀਤੇ ਗਏ ਹਨ, ਜੋ ਸਾਮੀ ਧਰਮ ਗ੍ਰੰਥਾਂ ਵਿਚ ਮੌਜੂਦ ਨਹੀਂ ਹਨ। ਕਿਤਾਬ ਵਿਚ ਵਰਣਿਤ ਵਿਚਾਰਾਂ ਅਤੇ ਵਿਆਖਿਆਵਾਂ ਬਾਰੇ ਵੱਧ ਸਪਸ਼ਟਤਾ ਦੀ ਲੋੜ ਨਜ਼ਰ ਆਉਂਦੀ ਹੈ।

ਪ੍ਰੋ. ਵਿਰਕ ਦੀ ਲੇਖਣ ਸ਼ੈਲੀ ਸਰਲ ਤੇ ਰੌਚਕਤਾਪੂਰਣ ਹੈ। ਇਹ ਕਿਤਾਬ ਗੁਰਬਾਣੀ ਦੀਆਂ ਜਟਿਲ ਧਾਰਨਾਵਾਂ ਨੂੰ ਸਰਲ ਰੂਪ ਵਿਚ ਪ੍ਰਗਟਾਉਂਦੀ ਹੋਣ ਕਾਰਨ ਪਾਠਕਾਂ ਦੇ ਗਿਆਨ ਖੇਤਰ ਨੂੰ ਮੋਕਲਾ ਕਰਨ ਦੇ ਸਮਰਥ ਹੈ। ਆਸ ਹੈ, ਸਿੱਖ ਪ੍ਰਚਾਰਕ ਇਸ ਰਚਨਾ ਤੋਂ ਲਾਭ ਉਠਾਉਂਦਿਆਂ ਸਿੱਖ ਧਰਮ ਦੇ ਵਿਭਿੰਨ ਸੰਕਲਪਾਂ ਬਾਰੇ, ਇਸ ਜਾਣਕਾਰੀ ਭਰਪੂਰ ਸਾਹਿਤ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਅਹਿਮ ਯੋਗਦਾਨ ਪਾਉਣਗੇ।

# ਰੱਬ ਨਾਲੋਂ ਵੀ ਪਹਿਲਾਂ ਯਾਦ ਆਉਂਦੀਆਂ ਮਾਂਵਾਂ

ਜਸਵੰਤ ਸਿੰਘ ਸੇਖੋਂ
ਫੋਨ: 403-681-3132

ਕੁਝ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਦੇ ਦੋ-ਦੋ ਨਾਂ ਵੀ ਹਨ। ਜਿਵੇਂ ਗੁਰੂ ਹਰਿ ਰਾਏ ਸਾਹਿਬ ਦੇ ਮਾਤਾ ਜੀ ਰਾਜ ਕੌਰ ਤੇ ਬੀਬੀ ਨਿਹਾਲੀ। ਚੌਥੇ ਗੁਰੂ ਸਾਹਿਬ ਦੇ ਮਾਤਾ ਜੀ ਬਾਰੇ ਹੇਠਲੇ ਛੰਦ ਵਿਚ ਸਾਫ ਹੋ ਚੁਕਾ ਹੈ। ਹੋਰ ਵੀ ਹਨ। ਇਹ ਨਾਮ ਪ੍ਰਿੰ. ਸਤਿਬੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਕਿਤਾਬਚੇ (ਮਹਾਨ ਕੋਸ਼) ਤੋਂ ਪ੍ਰਾਪਤ ਕੀਤੇ ਹਨ।

ਹਰ ਟੇਕ (ਪਹਿਰੇ) ਦੇ ਹੇਠਾਂ ਗੁਰੂ ਸਾਹਿਬਾਨ ਦੇ ਪਿਤਾ ਸਾਹਿਬਾਨ ਦੇ ਨਾਂ ਵੀ ਲਿਖੇ ਹਨ।

**ਦੋਹਿਰਾ**

ਆਦਿ ਗੁਰੂ ਨੇ ਜਗਤ ਮੇਂ, ਔਰਤ ਕਹੀ ਮਹਾਨ।
ਰਚਨਾ ਹੈ ਸਭ ਏਸ ਦੀ, ਜੋ ਦਿਸੇ ਕੁੱਲ ਜਹਾਨ।

**ਦੋਤਾਰਾ ਛੰਦ**

ਕੁੱਖ ਮਾਤ ਤ੍ਰਿਪਤਾ ਤੋਂ, ਤਲਵੰਡੀ ਵਿਚ ਪ੍ਰਗਟਿਆ ਤਾਰਾ।
ਅੰਧੇਰ ਪਲੋਆ ਤੇ, ਮਿਟੀ ਧੁੰਦ ਚਾਨਣ ਹੋਆ ਪਸਾਰਾ।
ਹਰ ਔਰਤ ਪੁੱਤ ਦੀਆਂ, ਰੱਖਦੀ ਮਨ ਦੇ ਵਿਚ ਇਛਾਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਬੇਦੀ ਕਾਲੂ ਚੰਦ ਜੀ)

ਮਨ ਮਾਤਾ ਰਾਮੋ ਦੇ, ਪੁੱਤਰ ਦੀ ਰਹਿੰਦੀ ਸਦਾ ਉਮੰਗਤ।
ਲਹਿਣਾ ਜੀ ਜਨਮੇ ਤਾਂ, ਗੁਰ ਅੰਗ ਲੱਗ ਕੇ ਬਣ'ਗੇ 'ਅੰਗਦ'।
ਉਹ ਸਿਮਰਨ ਕਰਦੇ ਤੇ, ਪੜ੍ਹਦੇ ਸੀ ਧਰਮੀ ਰਚਨਾਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਫੇਰੂ ਮੱਲ ਖੱਤਰੀ)

ਮਾਂ ਲੱਖੋ ਦੇ ਉਦਰੋਂ ਜੀ,
ਅਵਤਾਰ 'ਅਮਰ ਦਾਸ' ਗੁਰ ਧਾਰਿਆ।
ਪੈਰ ਪਦਮ ਦੱਸਿਆ ਸੀ, ਪੰਡਤ ਦੁਰਗੇ ਜਦੋਂ ਵਿਚਾਰਿਆ।
ਸੀ ਭੁਜਾਂ ਲੰਮੀਆਂ ਤੇ, ਅਨੇਕਾਂ ਹੋਰ ਵਿਸ਼ੇਸ਼ਤਾਵਾਂ
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਬਾਬਾ ਤੇਜ ਭਾਨ ਜੀ)

ਗੁਰੂ ਰਾਮ ਦਾਸ ਚੌਥੇ, ਜਨਮੇ ਸੀ ਜੀ ਮਾਤ 'ਅਨੂਪੀ'
ਹੈ ਮਾਤ ਅਨੂਪੀ ਤੇ, ਮਾਤਾ ਦਯਾ ਕੌਰ ਇਕ ਰੂਪੀ।
ਦੇਖੋ ਇਕ ਦੇਹੀ ਨੂੰ, ਪੁਕਾਰਿਆ ਗਿਆ ਨਾਲ ਦੋ ਨਾਂਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ
(ਹਰਿਦਾਸ ਜੀ)

ਮਾਤਾ ਗੁਰੂ ਅਰਜਨ ਦੀ,
ਜਿਸ ਦਾ ਨਾਮ ਹੈ 'ਬੀਬੀ ਭਾਨੀ'
ਧੀ ਤੀਜੇ ਸਤਿਗੁਰ ਦੀ,
ਗੱਲ ਇਤਿਹਾਸਕ, ਨਹੀਂ ਜ਼ੁਬਾਨੀ।
ਭਾਰੀ ਪੁਰਖ ਆਖਿਆ ਸੀ, ਤੱਕ ਕੇ ਤੀਜੇ ਗੁਰ ਅਦਾਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਚੌਥੇ ਗੁਰ ਰਾਮ ਦਾਸ ਸਾਹਿਬ)

ਗੁਰੂ ਹਰਿ ਗੋਬਿੰਦ ਜੀ ਨੇ,
ਵਡਾਲੀ ਵਿਚ ਜਨਮ ਜਾਂ ਧਾਰਿਆ।
ਖੁਸ਼ੀ ਵਿਚ ਸੰਗਤਾਂ ਨੇ,
ਛੇ-ਹਰਟਾ ਖੂਹ ਸੀ ਉਦੋਂ ਉਸਾਰਿਆ।
ਗੰਗਾ ਦੇਈ ਮਾਤਾ ਜੀ, ਪਰ੍ਹੇ ਨਾ ਹੋਣ ਦਏ ਪਰਛਾਂਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਪੰਜਵੇਂ ਗੁਰੂ ਅਰਜਨ ਦੇਵ ਸਾਹਿਬ)

'ਨਿਹਾਲੀ' ਜੀ ਮਾਤਾ ਦੇ,
ਕੁੱਖ ਨੂੰ ਭਾਗ ਦਾਤਾਰ ਲਗਾਇਆ
ਗੁਰ ਛੇਵੇਂ ਆਖ ਦਿੱਤਾ, ਗਾਹਕ ਵੱਡੀ ਵਸਤ ਦਾ ਆਇਆ।
ਕਹਿੰਦੇ ਹਰਿ ਰਾਏ ਜੀ ਨੂੰ,
ਦੇਖਣ ਕੀਰਤਪੁਰ ਸਾਹਿਬ ਮੈਂ ਜਾਵਾਂ
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਬਾਬਾ ਗੁਰਦਿਤਾ ਜੀ)

'ਗੁਰੂ ਹਰਿ ਕ੍ਰਿਸ਼ਨ' ਜਦੋਂ,
ਅਵਤਾਰ ਧਾਰ ਜਗਤ ਵਿਚ ਆਇਆ
ਮਾਤਾ ਕ੍ਰਿਸ਼ਨ ਕੌਰ ਨੇ,
ਜੀ ਰੱਬ ਦਾ ਲੱਖ ਲੱਖ ਸ਼ੁਕਰ ਮਨਾਇਆ।
ਤੇ ਬ੍ਰਹਮ ਅਵਸਥਾ ਸੀ, ਪੰਜੋਖੜੇ ਤਾਂ ਚੱਲੀਆਂ ਕਥਾਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਗੁਰੂ ਹਰਿ ਰਾਏ ਸਾਹਿਬ)

ਕੁੱਖ ਮਾਤ ਨਾਨਕੀ ਤੋਂ, ਪ੍ਰਗਟ ਹੋਏ ਸੀ ਤੇਗ ਬਹਾਦਰ
ਲਾਜ ਰੱਖੀ ਦੇਸ਼ ਦੀ ਸੀ, ਉਨ੍ਹਾਂ ਬਣ ਕੇ ਹਿੰਦ ਦੀ ਚਾਦਰ।
ਸਿਰ ਲੱਥੇ ਲੱਖ ਵਾਰੀ, ਕਹਿੰਦੇ ਜੰਞੂ ਤਿਲਕ ਬਚਾਵਾਂ।
ਰੱਬ ਨਾਲੋਂ ਵੀ ਪਹਿਲਾਂ, ਲੋਕੋ ਯਾਦ ਆਉਂਦੀਆਂ ਮਾਂਵਾਂ।
(ਗੁਰੂ ਹਰਿ ਗੋਬਿੰਦ ਸਾਹਿਬ)

ਗੁਰੂ ਦਸਮ ਪਿਤਾਮਾ ਦੀ,
'ਗੁਜਰੀ' ਮਾਤ ਜਗਤ ਦੀ ਕਹਿੰਦੇ
ਮਾਂ ਐਸੀ ਹੋਈ ਨਾ, ਨਾ ਹੀ ਹੋਣੀ ਚੜ੍ਹਦੇ ਤੇ ਲਹਿੰਦੇ।
ਅਨੰਤ ਹੀ ਪਈਆਂ ਨੇ ਮਾਤ 'ਤੇ ਬਿੱਜਾਂ ਅਤੇ ਬੁਲਾਵਾਂ।
ਰੱਬ ਨਾਲੋਂ ਵੀ ਪਹਿਲਾਂ ਲੋਕੋ ਯਾਦ ਆਉਂਦੀਆਂ ਮਾਂਵਾਂ।
(ਗੁਰੂ ਤੇਗ ਬਹਾਦਰ ਸਾਹਿਬ)

ਖਾਲਸਾ ਪੁੱਤ ਨਾਦੀ ਜੋ,
ਦੋ ਸੌ ਤੀਹ ਸਾਲ ਵਿਚ ਹੈ ਪਲਿਆ
ਫੇਰ ਸੈਆਂ ਸਾਲਾਂ ਹੀ, ਪੈ ਕੇ ਭੱਠੀ ਦੇ ਵਿਚ ਢਲਿਆ।
ਸਾਹਿਬ ਕੌਰ ਮਾਤ ਤੋਂ ਜੀ, 'ਸੇਖੋਂ' ਮੰਗਦੈ ਸਦਾ ਦੁਆਵਾਂ
ਰੱਬ ਨਾਲੋਂ ਵੀ ਪਹਿਲਾਂ ਲੋਕੋ ਯਾਦ ਆਉਂਦੀਆਂ ਮਾਂਵਾਂ।
(ਗੁਰੂ ਗੋਬਿੰਦ ਸਿੰਘ ਸਾਹਿਬ)

---

***1. ਪਲੋਆ=ਨੱਠਿਆ, ਮਿਟ ਗਿਆ; 2. ਬਿੱਜਾਂ=ਆਚਾਨਕ ਕਿਸੇ ਆਫਤਾਂ ਦਾ ਆ ਪੈਣਾ; 3. ਬਲਾਵਾਂ=ਇਹ ਸ਼ਬਦ ਬਲਾ ਤੋਂ ਬਣਿਆ ਹੈ, ਇਹ ਇਕ ਬੂਟੀ ਹੈ, ਜਿਸ ਨੂੰ ਖਰੇਟੀ ਵੀ ਕਹਿੰਦੇ ਹਨ, ਜੋ ਦੁਆਈਆਂ ਬਣਾਉਣ ਦੇ ਕੰਮ ਆਉਦੀ ਹੈ, ਪਰ ਅਰਬੀ ਵਿਚ ਬਲਾ ਆਫਤ ਨੂੰ ਕਹਿੰਦੇ ਹਨ।***

# ਕੌਮਾਂਤਰੀ ਨਰਸ ਦਿਵਸ

ਪ੍ਰਭਜੀਤ ਸਿੰਘ ਰਸੂਲਪੁਰ
ਫੋਨ: 91-98780-23768

ਮਾਂ ਦਾ ਰੋਲ ਇਕ ਆਦਰਸ਼ ਨਰਸ ਦਾ ਰੋਲ ਹੈ, ਜੋ ਸਾਰੇ ਪਰਿਵਾਰ ਦੀ ਦੇਖ-ਰੇਖ ਸਾਂਭ-ਸੰਭਾਲ ਕਰਦੀ ਹੈ। ਨਰਸ ਵੀ ਸਾਰੇ ਸੰਸਾਰ ਨੂੰ ਇਕ ਪਰਿਵਾਰ ਸਮਝ ਕੇ ਮਰੀਜਾਂ ਦੀ ਸੇਵਾ ਉਸੇ ਤਰ੍ਹਾਂ ਕਰਦੀ ਹੈ, ਜਿਵੇਂ ਇੱਕ ਮਾਂ ਆਪਣੇ ਬੱਚਿਆਂ ਦੀ ਸੇਵਾ ਕਰਦੀ ਹੈ।

ਨਰਸ ਦਿਵਸ ਦੀ ਸ਼ੁਰੂਆਤ ਸਾਲ 1953 ਵਿਚ ਹੋਈ, ਜਦੋਂ ਡੌਰਥੀ ਸੁਥਰਲੈਂਡ ਨੇ ਅਮਰੀਕਾ ਦੇ ਸਿਹਤ, ਸਿੱਖਿਆ ਅਤੇ ਭਲਾਈ ਵਿਭਾਗ ਦੇ ਇਕ ਅਧਿਕਾਰੀ ਹੁੰਦਿਆਂ ਇਸ ਦਿਨ ਨੂੰ ਮਨਾਉਣ ਦਾ ਮਤਾ ਪੇਸ਼ ਕੀਤਾ। ਇਹ ਦਿਨ ਮਨਾਉਣ ਦਾ ਐਲਾਨ ਅਮਰੀਕਾ ਦੇ ਰਾਸ਼ਟਰਪਤੀ ਡਵਿਥ. ਡੀ. ਆਈਸਨਹੋਵਰ ਨੇ ਕੀਤਾ। ਨਰਸਾਂ ਦੀ ਕੌਮਾਂਤਰੀ ਪ੍ਰੀਸ਼ਦ ਨੇ ਪਹਿਲੀ ਵਾਰ ਸਾਲ 1965 ਵਿਚ ਇਹ ਦਿਨ ਮਨਾਇਆ। ਸਾਲ 1974 ਵਿਚ ਨਰਸਿੰਗ ਕਿੱਤੇ ਵਿਚ ਸੰਸਾਰ ਦੇ ਨੇਤਾ ਫਲਾਰੇਂਨਸ ਨਾਈਟਿੰਗੇਲ ਦੀ ਯਾਦ ਵਿਚ ਉਨ੍ਹਾਂ ਦੇ ਜਨਮ ਦਿਵਸ ਮੌਕੇ ਭਾਵ 12 ਮਈ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ।

ਕੌਮਾਂਤਰੀ ਨਰਸ ਦਿਵਸ ਸੰਸਾਰ ਭਰ ਵਿਚ ਬਹੁ-ਪੱਖੀ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਅਮਰੀਕਾ ਅਤੇ ਕੈਨੇਡਾ ਵਿਚ ਇਹ ਦਿਨ ਪੂਰੇ ਹਫਤੇ ਲਈ ਮਨਾਇਆ ਜਾਂਦਾ ਹੈ। ਮਰੀਜ਼ ਦੀ ਦੇਖ-ਭਾਲ ਅਤੇ ਸਿਹਤ ਸੇਵਾ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਪੂਰਾ ਹਫਤਾ ਉਨ੍ਹਾਂ ਦੀ ਅਹਿਮ ਭੂਮਿਕਾ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਪੂਰੇ ਹਫਤੇ ਕਈ ਪ੍ਰੋਗਰਾਮਾਂ ਵਿਚ ਵਿਦਿਅਕ ਸੈਮੀਨਾਰ, ਬਹਿਸ, ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਅਤੇ ਨਰਸਿੰਗ ਨਾਲ ਸਬੰਧਿਤ ਮੁੱਦਿਆਂ 'ਤੇ ਚਰਚਾ ਕੀਤੀ ਜਾਂਦੀ ਹੈ। ਨਰਸਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

ਇੰਗਲੈਂਡ ਤੋਂ ਇਲਾਵਾ ਭਾਰਤ ਵਿਚ ਨਰਸਿੰਗ ਦਿਵਸ ਨੂੰ ਵਿਦਿਅਕ ਸੈਮੀਨਾਰ ਅਤੇ ਨਰਸਿੰਗ ਮੁੱਦੇ 'ਤੇ ਚਰਚਾ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਸਿਹਤ ਸੇਵਾ ਕਰਨ ਲਈ ਉਨ੍ਹਾਂ ਦੇ ਵਧੀਆ ਯੋਗਦਾਨ ਲਈ ਨਰਸਾਂ ਨੂੰ ਸਰਟੀਫਿਕੇਟ ਅਤੇ ਇਨਾਮ ਵੀ ਵੰਡੇ ਜਾਂਦੇ ਹਨ। ਨਰਸ ਕੌਮਾਂਤਰੀ ਪ੍ਰੀਸ਼ਦ ਇਸ ਦਿਨ 'ਕੌਮਾਂਤਰੀ ਨਰਸ ਦਿਵਸ (ਆਈ. ਐਨ. ਡੀ.) ਕਿੱਟਾਂ' ਵੰਡ ਕੇ ਇਹ ਦਿਨ ਮਨਾਉਂਦੀ ਹੈ। ਨਰਸਿੰਗ ਨੂੰ ਸੰਸਾਰ ਵਿਚ ਸਭ ਤੋਂ ਵੱਡੇ ਸਿਹਤ ਪੇਸ਼ੇ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਨਰਸਾਂ ਮਰੀਜ਼ ਦੀ ਬਹੁ-ਪੱਖੀ ਦੇਖਭਾਲ ਕਰਦੀਆਂ ਹਨ, ਜਿਸ ਵਿਚ ਸਰੀਰਕ, ਮਨੋਵਿਗਿਆਨਕ ਅਤੇ ਸਮਾਜਕ-ਸਾਰੇ ਪਹਿਲੂ ਸ਼ਾਮਿਲ ਹਨ। ਨਰਸਾਂ ਇਨ੍ਹਾਂ ਵਿਸ਼ਿਆਂ ਬਾਰੇ ਸਿੱਖਿਅਤ, ਪੜ੍ਹੀਆਂ-ਲਿਖੀਆਂ ਅਤੇ ਅਨੁਭਵੀ ਹੁੰਦੀਆਂ ਹਨ।




ਆਪਣੇ ਪੇਸ਼ੇ ਵਿਚ ਬਹੁਤ ਜ਼ਿਆਦਾ ਰੁੱਝੇ ਹੋਣ ਕਾਰਨ ਡਾਕਟਰਾਂ ਦੀ ਪਹੁੰਚ ਮਰੀਜਾਂ ਤੱਕ ਕੁਝ ਘੱਟ ਹੁੰਦੀ ਹੈ, ਉਥੇ ਨਰਸ ਹੀ ਹਰ ਘੜੀ ਮਰੀਜ਼ ਦੀ ਦੇਖ-ਭਾਲ ਲਈ ਉਪਲੱਬਧ ਰਹਿੰਦੀਆਂ ਹਨ। ਨਰਸਾਂ ਤੋਂ ਹਮੇਸ਼ਾ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਮਰੀਜਾਂ ਨੂੰ ਉਨ੍ਹਾਂ ਦੀ ਬਿਮਾਰੀ ਦੀ ਸਥਿਤੀ ਤੋਂ ਬਾਹਰ ਕੱਢਣ ਅਤੇ ਉਨ੍ਹਾਂ ਦੇ ਮਨੋਬਲ ਨੂੰ ਹੁਲਾਰਾ ਦੇਣ ਲਈ ਦੋਸਤਾਨਾ ਮਦਦਗਾਰ ਸਹਾਇਕ ਹੋਣ। ਭਾਰਤ ਵਿਚ ਕਰੋਨਾ ਮਹਾਮਾਰੀ ਦੇ ਚਲਦਿਆਂ ਸਾਜ਼ੋ ਸਮਾਨ ਦੀ ਤੰਗੀ ਅਤੇ ਥੁੜ੍ਹਾਂ ਨਾਲ ਘੁਲਦੀਆਂ ਨਰਸਾਂ ਦਿਨ ਰਾਤ ਇਕ ਕਰਕੇ ਡਿਊਟੀ ਕਰ ਰਹੀਆਂ ਹਨ। ਸਰਮਾਏਦਾਰਾਂ ਦਾ 68,000 ਕਰੋੜ ਮਾਫ ਕਰਨ ਵਾਲੀ ਸਰਕਾਰ ਦੇਸ਼ ਭਰ ਦੀਆਂ ਨਰਸਾਂ ਨੂੰ ਇਸ ਭਿਆਨਕ ਸਮੇਂ 'ਚ ਡਿਊਟੀ ਕਰਨ ਦਾ ਕੋਈ ਸਪੈਸ਼ਲ ਇੰਕਰੀਮੈਂਟ ਦੇਣ ਜਾਂ ਕੋਈ ਰਿਸਕ ਅਲਾਊਂਸ ਦੇਣ ਦੀ ਕੋਈ ਸਕੀਮ ਵੀ ਬਣਾ ਲਵੇ ਤਾਂ ਇਹ ਨਰਸ ਦਿਵਸ ਸਫਲ ਸਮਝਿਆ ਜਾਵੇਗਾ।

# ਮਾਰਦਾ ਦਮਾਮੇ...



ਵਿਸਾਖ ਦਾ ਮਹੀਨਾ ਪੰਜਾਬੀਆਂ ਲਈ ਬਹੁਤ ਅਹਿਮ ਹੈ ਤੇ ਵਿਸਾਖੀ ਸਿੱਖਾਂ ਲਈ ਪਾਕਿ ਪਵਿਤਰ ਦਿਹਾੜਾ, ਪਰ ਪਰਦੇਸਾਂ ਵਿਚ ਵਿਸਾਖੀ ਸਿਰਫ ਰੰਗਾ-ਰੰਗ ਪ੍ਰੋਗਰਾਮ ਜਾਂ ਗੁਰਦੁਆਰਿਆਂ ਵਿਚ ਅਖੰਡ ਪਾਠ ਦੇ ਭੋਗਾਂ ਤੱਕ ਹੀ ਸੀਮਤ ਹੈ। ਜੱਟ ਦਮਾਮੇ ਮਾਰਦਾ ਮੇਲੇ ਕਿਵੇਂ ਆਉਂਦਾ ਹੈ, ਇਸ ਦੀ ਅਸਲੀਅਤ ਸਿਰਫ ਉਨ੍ਹਾਂ ਨੂੰ ਹੀ ਪਤਾ ਹੈ, ਜਿਨ੍ਹਾਂ ਨੇ ਹੱਡਾਂ 'ਤੇ ਹੰਢਾਈ ਹੈ। ਹਾੜ੍ਹੀ ਦੀ ਬਿਜਾਈ ਤੋਂ ਲੈ ਕੇ ਵਢਾਈ-ਗਹਾਈ ਤੱਕ ਜੱਟ ਦੀ ਜਾਨ ਕਿਵੇਂ ਸੂਲੀ 'ਤੇ ਟੰਗੀ ਰਹਿੰਦੀ ਹੈ, ਇਹ ਜਾਣਨਾ ਬਹੁਤ ਜ਼ਰੂਰੀ ਹੈ। ਸੋ, ਹਾਜ਼ਰ ਹੈ ਮੇਰੀ ਵਿਸਾਖੀ ਤਕ ਦੀ ਦਾਸਤਾਨ।



**ਠਾਕਰ ਸਿੰਘ ਬਸਾਤੀ, ਸ਼ਿਕਾਗੋ**
**ਫੋਨ: 847-736-6092**

ਮੇਰੇ ਪਿਓ ਹੋਰੀਂ ਤਿੰਨ ਭਰਾ ਸਨ। ਸਭ ਤੋਂ ਛੋਟੇ ਦਾ ਲੜਕਾ ਅਜੇ 6 ਕੁ ਮਹੀਨੇ ਦਾ ਸੀ, ਜਦੋਂ ਉਸ ਦੀ ਮੌਤ ਹੋ ਗਈ। ਉਹ ਬਹੁਤ ਸੁਨੱਖਾ ਤੇ ਨਿੱਡਰ ਸੀ। ਵਿਆਹ ਉਦੋਂ ਜਲਦੀ ਹੀ ਹੋ ਜਾਂਦੇ ਸਨ; ਸੋ, ਉਹ ਭਰ ਜਵਾਨੀ ਵਿਚ ਹੀ ਚਲਿਆ ਗਿਆ। ਉਸ ਪਿਛੋਂ ਮੇਰੇ ਪਿਤਾ ਜੀ ਅਤੇ ਉਨ੍ਹਾਂ ਦਾ ਛੋਟਾ ਭਰਾ ਹਮੇਸ਼ਾ ਇਕੱਠੇ ਰਹੇ। ਉਨ੍ਹਾਂ ਕੋਲ 300 ਵਿਘੇ ਜ਼ਮੀਨ ਸੀ। ਛੋਟੇ ਭਰਾ ਕੋਲ ਇਕ ਧੀ ਹੀ ਸੀ, ਪੁੱਤਰ ਨਹੀਂ ਬਚੇ ਸਨ; ਸੋ, ਉਨ੍ਹਾਂ ਸਾਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ। ਦੋ ਸਾਡੀਆਂ ਭੈਣਾਂ ਹਨ। ਸਾਡੇ ਪਿਤਾ ਜੀ ਜ਼ਿਆਦਾ ਨੰਬਰਦਾਰੀ ਹੀ ਕਰਦੇ ਅਤੇ ਖੇਤੀ ਦੀ ਜ਼ਿੰਮੇਵਾਰੀ ਛੋਟੇ ਦੇ ਸਿਰ 'ਤੇ ਸੀ।

ਜ਼ਮੀਨ ਵੱਤ ਆਉਣ 'ਤੇ ਬੀਜ ਤੋਲਣਾ ਪੈਂਦਾ। ਪਹਿਲਾਂ ਪੱਥਰ ਦੇ ਸੇਰ, ਪੰਸੇਰੇ, ਦੁਸੇਰੇ ਹੁੰਦੇ ਸਨ; ਫਿਰ ਕਿਲੋ ਦੇ ਵੱਟੇ ਆ ਗਏ। ਕਈ ਵਾਰ ਛੋਲੇ ਮਿਲਾ ਕੇ ਵੇਰੜਾ ਬੀਜਿਆ ਜਾਂਦਾ ਸੀ। ਸਾਡੇ ਪਾਣੀ ਦਾ ਸਾਧਨ ਸਿਰਫ ਇਕ ਪਾਸੇ ਬਰਸਾਤੀ ਨਾਲਾ ਸੀ, ਦੋ ਪਾਸੇ ਬਿਰਾਨੀ ਸੀ, ਮਤਲਬ ਰੱਬ ਆਸਰੇ। ਮੀਂਹ ਵਕਤ ਸਿਰ ਪੈ ਗਿਆ ਤਾਂ ਪੌਂ ਬਾਰਾਂ, ਨਹੀਂ ਔਲਾ-ਔਲਾ ਖੈਰ ਸੱਲਾ! ਜੇ ਕਿਤੇ ਪੱਕਣ ਨੇੜੇ ਆ ਕੇ ਵਾਧੂ ਮੀਂਹ, ਗੜੇ ਪੈ ਗਏ ਤਾਂ ਵੀ ਹੱਥ ਧੋਣੇ ਪੈ ਜਾਂਦੇ ਸਨ। ਬਿਰਾਨੀ ਹੋਣ ਕਰਕੇ ਮਸਰ, ਮਾਂਹ, ਕਾਲੇ ਛੋਲੇ, ਸਰੋਂ ਵੀ ਹੁੰਦੀ ਸੀ। ਸਾਡੇ ਦੋ ਹਲਾਂ ਦੀ ਖੇਤੀ ਸੀ, ਮਤਲਬ ਘੱਟੋ-ਘੱਟ 4 ਬਲਦ; ਸੋ, ਦੋ ਸਾਂਝੀ, ਇਕ ਨੌਕਰ ਖੇਤੀ ਲਈ ਤੇ ਇਕ ਨੌਕਰ ਡੰਗਰਾਂ ਲਈ ਰੱਖਿਆ ਸੀ। ਘਰੇ 4 ਕੁ ਮੱਝਾਂ, ਦੋ ਗਾਵਾਂ ਤੇ ਕੱਟਰੂ-ਬੱਛਰੂ ਸਨ।

ਇਹ ਟਰੈਕਟਰ ਆਉਣ ਤੋਂ ਪਹਿਲਾਂ ਦੀਆਂ ਗੱਲਾਂ ਹਨ। ਸਵੇਰੇ ਢਾਈ-ਤਿੰਨ ਵਜੇ ਪਹਿਲਾ ਮੁਰਗਾ ਬੋਲਣ 'ਤੇ ਜਾਂ ਵੱਡਾ ਤਾਰਾ ਦੇਖ ਕੇ ਮਰਦ ਲੋਕ (ਬਜ਼ੁਰਗ) ਔਰਤਾਂ ਨੂੰ ਅਵਾਜ਼ ਮਾਰ ਜਗਾ ਲੈਂਦੇ। ਇਕੱਠਾ ਪਰਿਵਾਰ ਹੋਣ ਕਰ ਕੇ ਮਰਦ ਮਕਾਨ ਦੇ ਅਗਲੇ ਪਾਸੇ ਅਤੇ ਔਰਤਾਂ ਤੇ ਬੱਚੇ ਅੰਦਰ ਸੌਂਦੇ ਸਨ। ਸਾਡਾ ਵਿਹੜਾ ਕਾਫੀ ਖੁੱਲ੍ਹਾ ਸੀ। ਚੰਦ ਤਾਰਿਆਂ ਦੀ ਛਾਂਵੇਂ ਸੌਣਾ ਅੱਛਾ ਲਗਦਾ ਸੀ। ਮੱਠੀ-ਮੱਠੀ ਠੰਢ ਹੁੰਦੀ। ਇਕ-ਇਕ ਮੰਜੀ 'ਤੇ ਦੋ-ਦੋ ਜਣੇ ਪੈ ਜਾਂਦੇ ਸਾਂ। ਜੇ ਕਿਤੇ ਰਾਤੀਂ ਬਾਰਿਸ਼ ਆ ਜਾਂਦੀ ਤਾਂ ਭਾਜੜ ਪੈ ਜਾਂਦੀ। ਆਲੇ ਦੁਆਲੇ 'ਵਾਖਰੂ-ਵਾਖਰੂ' ਦੀਆਂ ਅਵਾਜ਼ਾਂ ਆਉਣ ਲੱਗ ਜਾਂਦੀਆਂ। ਪਿੰਡਾਂ ਵਾਲੇ ਵਾਹਿਗੁਰੂ ਨੂੰ ਵਾਖਰੂ ਹੀ ਕਹਿੰਦੇ ਸਨ।

ਰਾਤ ਦਾ ਕੀਤਾ ਟੋਕਾ, ਤੂੜੀ ਨਾਲ ਰਲਾ ਕੇ ਟੋਕਰੇ ਭਰ-ਭਰ ਕੇ ਡੰਗਰਾਂ ਨੂੰ ਪਾ ਦਿੰਦੇ। ਕੁਝ ਡੰਗਰ ਖੋਰੂ ਪਾਉਂਦੇ ਤਾਂ ਝਿੜਕਾਂ ਪੈਂਦੀਆਂ। ਕੋਈ ਕਿੱਲੇ ਤੋਂ ਰੱਸਾ ਤੁੜਾ ਕੇ ਦੂਜੇ ਦੀ ਖੁਰਲੀ ਵਿਚ ਮੂੰਹ ਮਾਰਦਾ। ਤਾਈ (ਅਸਲ ਵਿਚ ਚਾਚੀ) ਨੌਕਰ ਨੂੰ ਲੈ ਕੇ ਧਾਰ ਕੱਢਣ ਤੁਰ ਪੈਂਦੀ। ਬਾਲਟੀਆਂ ਖੜਕਣ ਦੀਆਂ ਅਵਾਜ਼ਾਂ ਆਉਣੀਆਂ। ਧਾਰ ਕੱਢ ਕੇ ਚਾਹ ਬਣਾ ਦੇਣੀ। ਚਾਹ ਪੀ ਕੇ ਨੌਕਰ/ਸਾਂਝੀਆਂ ਨੇ ਹਲ ਜੋੜ ਕੇ ਖੇਤਾਂ ਨੂੰ ਲੈ ਜਾਣੇ। ਬੋਲਦਾਂ ਦੇ ਗਲਾਂ ਵਿਚ ਟੱਲੀਆਂ ਅਗੰਮੀ ਗੀਤ ਛੇੜਦੀਆਂ। ਜ਼ਮੀਨ ਵਾਹ ਕੇ ਤਿਆਰ ਕਰ ਲਈ ਜਾਂਦੀ। ਫਿਰ ਕਣਕ ਬੀਜਣ ਲਈ ਹਲ ਮਗਰੇ ਬੋਰ ਬੰਨ੍ਹ ਦਿੱਤੇ ਜਾਂਦੇ ਤਾਂ ਕਿ ਸਿਆੜ ਵਿਚ ਇਕ-ਇਕ ਕਰ ਕੇ ਦਾਣਾ ਡਿੱਗੇ। ਦਾਲਾਂ, ਛੋਲੇ ਛੱਟਾ ਦੇ ਕੇ ਬੀਜੇ ਜਾਂਦੇ। ਪਿੱਛੇ-ਪਿੱਛੇ ਚਿੜੀਆਂ ਗਟਾਰਾਂ ਦਾਣੇ ਲੱਭਦੀਆਂ ਫਿਰਦੀਆਂ। ਜੋ ਉਨ੍ਹਾਂ ਦੇ ਮੁਕੱਦਰ ਦੇ ਹੁੰਦੇ, ਉਹ ਉਤੇ ਰਹਿ ਜਾਂਦੇ ਅਤੇ ਬਾਕੀ ਡੂੰਘੇ ਸਿਆੜਾਂ ਅੰਦਰ ਜਾ ਛੁਪਦੇ।

ਕਣਕ ਥੋੜ੍ਹੀ ਵੱਡੀ ਹੁੰਦੀ ਤਾਂ ਨਾਲ ਹੀ ਕਬਾੜ ਉਗਣਾ ਸ਼ੁਰੂ ਹੋ ਜਾਂਦਾ। ਦਿਹਾੜੀਏ ਲਾ ਕੇ ਗੁਡਾਈ ਕਰਾਈ ਜਾਂਦੀ। ਗੁਡਾਵਿਆਂ ਲਈ ਸਵੇਰੇ ਚਾਹ, ਹਾਜ਼ਰੀ ਤੇ ਦੁਪਹਿਰ ਦੀ ਰੋਟੀ ਖੇਤ ਜਾਂਦੀ। ਵੇਰੜੇ ਦੀ ਰੋਟੀ ਉਤੇ ਅੰਬ ਦਾ ਅਚਾਰ ਅਤੇ ਨਾਲ ਚਾਟੀ ਦੀ ਲੱਸੀ ਪੀਣ ਨੂੰ ਘੱਲਦੇ। ਰਿਵਾਜ਼ ਇਹ ਸੀ ਕਿ ਅੱਠ ਗੁਡਾਵੇ ਲੱਗੇ ਹਨ ਤਾਂ ਦਸਾਂ ਦੀ ਰੋਟੀ ਜਾਵੇਗੀ ਤਾਂ ਕਿ ਆਉਂਦੇ ਜਾਂਦੇ ਰਾਹਗੀਰ ਨੂੰ ਅਵਾਜ਼ ਮਾਰ ਕੇ ਸਾਂਝੀ ਕੀਤੀ ਜਾ ਸਕੇ। ਰੋਟੀ ਖਾਣ ਲਈ ਜੇ ਹੱਥ ਧੋਣ ਨੂੰ ਪਾਣੀ ਮਿਲ ਗਿਆ ਤਾਂ ਠੀਕ ਨਹੀਂ ਹੱਥ ਝਾੜ ਕੇ ਸਾਫ ਕਰ ਲੈਣੇ। ਥੋੜ੍ਹੀ ਦੇਰ ਆਰਾਮ ਕਰਨਾ, ਫਿਰ ਡਟ ਜਾਣਾ। ਕਈ ਮੇਰੇ ਵਰਗੇ ਅਨਾੜੀ ਕਬਾੜ ਘੱਟ ਕੱਢਦੇ ਸਨ, ਕਣਕ ਬਹੁਤੀ ਪੁੱਟ ਦਿੰਦੇ। ਫਿਰ ਡਾਂਟ ਪੈਣੀ। ਕਈ ਵਾਰ ਉਨ੍ਹਾਂ ਆਖ ਵੀ ਦੇਣਾ, "ਜਾਓ ਤੁਸੀਂ, ਥੁਆਡੇ ਬਸ ਦਾ ਰੋਗ ਨਹੀਂ ਇਹੇ। ਘਰੇ ਜਾ ਕੇ ਕਾਪੀਆਂ ਕਾਲੀਆਂ ਕਰੋ।" ਫਿਰ ਦੁਪਹਿਰ ਨੂੰ ਰੋਟੀ ਲੈ ਕੇ ਪਰਤ ਆਉਣਾ। ਰੋਟੀ ਵਿਚ ਇਕੋ ਦਾਲ ਜਾਂ ਸਬਜ਼ੀ ਹੁੰਦੀ ਸੀ। ਕਦੇ-ਕਦੇ ਘਰ ਦਾ ਮੱਖਣ ਵੀ ਪਾ ਦਿੰਦੇ ਸਨ। ਰੋਟੀਆਂ ਕਣਕ ਜਾਂ ਮੱਕੀ ਦੀਆਂ ਹੁੰਦੀਆਂ। ਜੇ ਰੋਟੀਆਂ ਪੂਰੀਆਂ-ਪੂਰੀਆਂ ਆਉਂਦੀਆਂ ਤਾਂ ਘਰੇ ਆ ਕੇ ਔਰਤਾਂ ਦੀ ਸ਼ਾਮਤ ਆ ਜਾਂਦੀ ਕਿ ਰੋਟੀ ਬਚਣੀ ਚਾਹੀਦੀ ਹੈ ਤਾਂ ਕਿ ਕਿਸੇ ਕੁੱਤੇ ਜਾਂ ਜਨੌਰ ਨੂੰ ਪਾਈ ਜਾ ਸਕੇ। ਫਿਰ ਰੋਟੀ ਖਾ ਕੇ ਅੱਧਾ ਕੁ ਘੰਟਾ ਸੌਂ ਜਾਣਾ।

ਇਕ ਵਾਰ ਫਿਰ ਗੁਡਾਈ ਦੀ ਝੱਟ ਸ਼ੁਰੂ ਹੋ ਜਾਣੀ। ਕਈ ਵਾਰ ਪੁੱਟਿਆ ਘਾਹ, ਬਾਥੂ ਡੰਗਰਾਂ ਲਈ ਘਰੇ ਲੈ ਆਣਾ ਤਾਂ ਕਿ ਟੋਕੇ ਵਿਚ ਮਿਲਾ ਕੇ





ਪਸੂਆਂ ਨੂੰ ਚਾਰਿਆ ਜਾ ਸਕੇ। ਉਦੋਂ ਯੂਰੀਆ ਖਾਦਾਂ ਜਾਂ ਕਬਾੜ ਰੋਕਣ ਲਈ ਦਵਾਈਆਂ ਨਹੀਂ ਸਨ ਵਰਤ ਹੁੰਦੀਆਂ। ਘਰ ਦੀ ਖਾਦ ਹੀ ਵਧੇਰੇ ਵਰਤੀ ਜਾਂਦੀ ਸੀ, ਸਮਝੋ ਔਰਗੈਨਿਕ। ਕਿਤੇ-ਕਿਤੇ ਸਰੋਂ ਦੇ ਖੇਤ ਪੀਲੇ ਫੁੱਲਾਂ ਨਾਲ ਭਰੇ ਹੁੰਦੇ। ਥੱਲੇ ਹਰੀਆਂ ਕਚੂਰ ਗੰਦਲਾਂ ਤੋੜ ਕੇ ਸਾਗ ਲਈ ਲੈ ਆਉਣੀਆਂ, ਵਿਚ ਛੋਲੇ ਬਾਥੂ ਆਦਿ ਮਿਲਾ ਲੈਣਾ। ਹਾਰਿਆਂ ਵਿਚ ਸਾਗ ਸਾਰਾ-ਸਾਰਾ ਦਿਨ ਧੁਆਂਖਦਾ ਰਹਿਣਾ। ਕਦੇ-ਕਦੇ ਜਾ ਕੇ ਤੌੜੀ ਵਿਚ ਲੱਕੜ ਦੀ ਬਣੀ ਕੜਛੀ ਮਾਰ ਆਉਣੀ। ਫਿਰ ਮਸਾਲਾ ਜਾਂ ਲਸਣ ਕੁੱਟ ਕੇ ਵਿਚੇ ਸਿੱਟ ਦੇਣਾ। ਦੂਜੇ ਦਿਨ ਘਿਉ ਨਾਲ ਤੜਕਾ ਲਾ ਕੇ ਮੱਖਣ ਜਾਂ ਦੇਸੀ ਘਿਓ ਪਾ ਕੇ ਮੱਕੀ ਦੀ ਰੋਟੀ, ਛੰਨਾ ਲੱਸੀ ਦਾ ਬਹਿਸ਼ਤ (ਸਵਰਗ) ਵਿਚ ਲੈ ਜਾਂਦਾ। ਜੱਟ ਆਰਾਮ ਨਾਲ ਘਰੇ ਬਹਿ ਕੇ ਕਣਕ ਵੱਡੀ ਹੋਣ ਦੀ ਉਡੀਕ ਕਰਦਾ। ਜਦੋਂ ਕਣਕਾਂ ਨਾੜ ਪਕੜਨ ਲਗਦੀਆਂ ਤਾਂ ਕਦੇ-ਕਦੇ ਪੜ੍ਹਾਕੂ ਬੱਚੇ ਕੱਚੀ ਨਾੜ ਕੱਟ ਕੇ ਪੀਪਨੀਆਂ ਬਣਾ ਲੈਂਦੇ। ਪਿਛੋਂ ਜਾ ਕੇ ਪਤਾ ਲੱਗਾ ਕਿ ਪੀਪਨੀਆਂ ਬਣਾਉਣ ਦਾ ਮਤਲਬ ਸੀ, ਤੁਸੀਂ ਇਕ ਬੱਲ ਖਰਾਬ ਕਰ ਦਿੱਤੀ। ਜੇ ਘਾਹ-ਫੂਸ ਥੋੜ੍ਹਾ ਵੱਧ ਹੁੰਦਾ ਤਾਂ ਮੁੜ ਗੋਡੀ ਕਰ ਦੇਣੀ। ਇਹੀ ਵੇਲਾ ਸੀ ਜਦੋਂ ਕਾਂਗਿਆਰੀ ਦਾ ਪਤਾ ਲਗਦਾ ਸੀ।

ਆਖਿਰ ਕਣਕਾਂ ਨਿਸਰਨ ਲਗਦੀਆਂ। ਕਣਕਾਂ ਨਿਸਰੀਆਂ ਧੀਆਂ ਕਿਉਂ ਵਿਸਰੀਆਂ ਨੀ ਮਾਏ...ਜੱਟ ਦੇਖ-ਦੇਖ ਮੁੱਛਾਂ ਨੂੰ ਮਰੋੜੇ ਦਿੰਦਾ। ਕਿਆਸ ਲਾਉਂਦਾ ਕਿ ਕਿੰਨੇ ਕੁ ਮਣ ਨਿਕਲ ਆਵੇਗੀ। ਕਿਹਦੇ-ਕਿਹਦੇ ਵਿਆਹ 'ਤੇ ਕਿੰਨਾ-ਕਿੰਨਾ ਖਰਚ ਕਰਾਂਗੇ। ਕਿਹਦੀ-ਕਿਹਦੀ ਨਾਨਕ ਛੱਕ; ਨਿਉਂਦੇ ਕਿਨ੍ਹਾਂ ਦੇ ਪਾਉਣੇ ਹਨ, ਕਿਨ੍ਹਾਂ ਦੇ ਲਾਹੁਣੇ ਹਨ। ਮਾਲਵੇ ਵਿਚ ਤਾਂ ਡਾਂਗਾਂ ਗੰਡਾਸੀਆਂ ਵੀ ਤਿਆਰ ਕਰਨ ਲੱਗ ਪੈਂਦੇ ਸੀ ਕਿ ਕਣਕ ਵਾਹਵਾ ਹੈ, ਦੋ-ਚਾਰ ਤਾਂ ਸ਼ਰੀਕਾਂ ਦੇ ਠੋਕ ਹੀ ਦੇਣੀਆਂ, ਆਪੇ ਜ਼ਮਾਨਤ ਕਰਾ ਲਿਆਉਣਗੇ। ਜੇ ਕਿਤੇ ਰੱਬ ਦੀ ਮਾਰ ਪੈ ਜਾਂਦੀ; ਮੀਂਹ, ਝੱਖੜ, ਗੜੇ ਪੈ ਜਾਂਦੇ ਤੇ ਕਣਕਾਂ ਵਿਛ ਜਾਂਦੀਆਂ ਤਾਂ ਇਦਾਂ ਲੱਗਦਾ, ਜਿਵੇਂ ਕਿਸੇ ਨੇ ਜੱਟ ਦੇ ਮੱਥੇ 'ਤੇ ਪੱਥਰ ਮਾਰ ਕੇ ਚਿੱਬ ਪਾ ਦਿੱਤਾ। ਜੇ ਰੱਬ ਮਿਹਰਬਾਨ ਹੁੰਦਾ ਤਾਂ ਰੱਬ ਦਾ ਨਾਂ ਧਿਆ ਕੇ ਵਾਢੀ ਸ਼ੁਰੂ ਕਰ ਦੇਣੀ। ਪਹਿਲਾਂ ਦਾਤੀਆਂ ਇਕੱਠੀਆਂ ਕਰਨੀਆਂ, ਲੁਹਾਰ ਤੋਂ ਉਨ੍ਹਾਂ ਦੇ ਦੰਦੇ ਕਢਵਾਉਣੇ। ਕਈ ਵਾਰ ਦੰਦੇ ਇੰਨੇ ਤੇਜ਼ ਹੁੰਦੇ ਕਿ ਖੱਬੇ ਹੱਥ ਦੀ ਮੁੱਠੀ, ਜਿਸ ਨਾਲ ਕਣਕ ਫੜੀਦੀ ਸੀ, ਉਂਗਲ 'ਤੇ ਕੱਟ ਲਾ ਦਿੰਦੀ। ਚੀਚੀ ਉਂਗਲ ਤੇ ਪੱਟੀਆਂ ਬੱਧੀਆਂ ਅਕਸਰ ਮਿਲਦੀਆਂ ਸਨ। ਪੱਕੀਆਂ ਕਣਕਾਂ ਦਾ ਸੁਵੰਨਾ ਰੰਗ ਕੁਦਰਤ ਦੀ ਪੇਂਟਿੰਗ ਨਜ਼ਰ ਆਉਂਦੀ। ਸ਼ਾਇਦ ਤਾਂ ਹੀ ਮਸ਼ਹੂਰ ਹੈ, ਕਣਕ ਵੰਨਾ ਰੰਗ।

ਇਹੀ ਉਹ ਸਮਾਂ ਹੁੰਦਾ ਸੀ, ਜਦੋਂ ਜੱਟ ਨੂੰ ਫਿਕਰ ਰਹਿੰਦਾ ਸੀ ਕਿ ਜੇ ਲਸ਼ਕਦੀ ਬਿਜਲੀ ਜਾਂ ਬਿਜਲੀ ਦਾ ਸ਼ਾਰਟ ਸਰਕਟ ਜਾਂ ਕਿਸੇ ਸ਼ਰੀਕ ਨੇ ਬਰਬਾਦ ਕਰਨ ਲਈ ਤੀਲੀ ਬਾਲ ਕੇ ਸਿੱਟ ਨਾ ਦਿੱਤੀ ਤਾਂ ਸੁੱਕੀ ਕਣਕ ਹੋਣ ਕਰਕੇ ਅੱਗ ਰੋਕਣੀ ਬਹੁਤ ਮੁਸ਼ਕਿਲ ਹੁੰਦੀ ਹੈ। ਲਾਂਬੂ ਲਗ ਜਾਂਦੇ ਹਨ ਖੇਤ ਨੂੰ ਅਤੇ ਜਿਮੀਂਦਾਰ ਨੂੰ ਅੱਗ ਲਾਉਣੀ ਸੌਖੀ, ਬੁਝਾਉਣੀ ਬਹੁਤ ਔਖੀ। ਪੰਗਾ ਉਦੋਂ ਪੈਂਦਾ ਸੀ, ਜਦੋਂ ਕਿਤੇ ਕਸੂੰਭੜੀ ਹੱਥ ਵਿਚ ਆ ਜਾਵੇ। ਕਈ-ਕਈ ਦਿਨ ਖਾਰਸ਼ ਹੁੰਦੀ ਰਹਿੰਦੀ। ਸਰੋਂ ਦਾ ਤੇਲ ਹੀ ਥੋੜ੍ਹਾ ਆਰਾਮ ਦਿੰਦਾ ਸੀ।

ਵਢਾਵੇ ਕਣਕ ਕੱਟ-ਕੱਟ ਕੇ ਤਹਿਆਂ ਵਿਛਾਈ ਜਾਂਦੇ। ਪਿਛੇ ਪਰਾਲੀ ਦੇ ਰੱਸੇ ਬਣਾ ਕੇ ਭਾਰ ਬੰਨ੍ਹਦੇ ਰਹਿੰਦੇ। ਇਹ ਖਿਆਲ ਰੱਖਣਾ ਪੈਂਦਾ ਕਿ ਭਾਰ ਸਹੀ ਹੋਵੇ। ਫਿਰ ਇਕ-ਇਕ ਕਰਕੇ ਭਾਰ ਗੱਡੇ 'ਤੇ ਲੱਦਦੇ। ਪਹਿਲਾਂ ਗੱਡੇ ਨੂੰ ਤਿਆਰ ਕੀਤਾ ਜਾਂਦਾ। ਪਹੀਏ ਜੰਦਦੇ। ਸਣ ਲਪੇਟ ਕੇ ਉਤੇ ਘਿਓ ਜਾਂ ਗ੍ਰੀਸ ਲਾਇਆ ਜਾਂਦਾ ਤਾਂ ਕਿ ਪਹੀਏ ਅਸਾਨੀ ਨਾਲ ਘੁੰਮ ਸਕਣ। ਪਹੀਏ ਦੇ ਬਾਹਰ ਸਣ ਜਾਂ ਰੱਸੀ ਦੀ ਵਾਸ਼ਰ ਜਾਂਦੀ। ਪੰਜਾਲੇ ਨੂੰ ਰੱਸੇ ਨਾਲ ਕੱਸ ਕੇ ਬੰਨ੍ਹਿਆ ਜਾਂਦਾ। ਭਰੇ ਗੱਡੇ ਦਾ ਪੰਜਾਲਾ ਖੁੱਲ੍ਹ ਜਾਵੇ ਤਾਂ ਨੁਕਸਾਨ ਹੋ ਸਕਦਾ ਹੈ। ਇਕ-ਇਕ ਕਰਕੇ ਭਾਰਾਂ ਦੀ ਚੁਕਾਈ ਕੀਤੀ ਜਾਂਦੀ। ਹੱਥ ਨਾਲ ਗੱਡਾ ਚੁੱਕ ਕੇ ਪਰਖਦੇ ਕਿ ਕਿਤੇ ਲਾਲੂ (ਉਲਾਰੂ) ਤਾਂ ਨਹੀਂ; ਬਲਦਾਂ ਦੇ ਕੰਨ੍ਹਿਆਂ ਉਤੇ ਠੀਕ ਢੁੱਕੇਗਾ; ਨਹੀਂ ਤਾਂ ਬਲਦਾਂ ਦੇ ਗਲ ਘੁਟਣਗੇ। ਕਦੇ-ਕਦੇ ਸਾਨੂੰ ਭਾਰਾਂ ਉਤੇ ਝੂਟੇ ਲੈਣ ਦੀ ਇਜਾਜ਼ਤ ਮਿਲ ਜਾਂਦੀ, ਕਦੇ-ਕਦੇ ਬਲਦ ਹੱਕਣ ਦੀ ਵੀ। ਕਈ ਵਾਰ ਰੱਸਾ ਗਲਤ ਖਿੱਚ ਲੈਣਾ ਤੇ ਗੱਡਾ ਇਧਰ ਉਧਰ ਫਸਾ ਦੇਣਾ। ਝਿੜਕਾਂ ਪੈਣੀਆਂ ਤੇ ਫਿਰ ਮਜ਼ਾਕ ਬਣ ਜਾਣਾ। ਪਿੜ ਵਿਚ ਜਾ ਕੇ ਗੱਡਾ ਲਾਹੁਣਾ। ਬੱਸ ਮਖੌਲ-ਮਜ਼ਾਕ ਚਲਦੇ ਰਹਿੰਦੇ। ਦੌੜ-ਦੌੜ ਟੱਪ ਲਾ ਦੇਣੇ।

ਵਾਢੀ ਕਰਦਿਆਂ ਕਈ ਵਾਰ ਲੋਕੀ ਦੇਸੀ ਬੇਰ ਲੈ ਕੇ ਆ ਜਾਂਦੇ। ਭੁੱਖੇ ਪਿੰਡ ਛੋਲੇ ਵੀ ਬਦਾਮ! ਕੋਈ-ਕੋਈ ਪਕੌੜੇ ਲੈ ਕੇ ਆ ਜਾਂਦਾ। ਬਦਲੇ ਵਿਚ ਇਨ੍ਹਾਂ ਨੂੰ ਕਣਕ ਦੀਆਂ ਮੁੱਠੀਆਂ ਦੇ ਦਿੱਤੀਆਂ ਜਾਂਦੀਆਂ। ਭਿਉਂ ਵਹਿੰਗੀ 'ਤੇ ਪਾਣੀ ਲੈ ਆਉਂਦਾ। ਕਈ ਵਾਰ ਉਹ ਪਿਆ ਕੇ ਚਲਾ ਜਾਂਦਾ; ਵੈਸੇ ਘੜੇ ਵੀ ਕੋਲ ਰੱਖਦੇ ਸੀ। ਅਮਰ ਨੂਰੀ ਦਾ ਪਿਓ ਰੋਸ਼ਨ ਸਾਗਰ ਕਦੇ-ਕਦੇ ਤੂੰਬਾ ਲੈ ਕੇ ਆ ਜਾਂਦਾ। ਦੋ-ਤਿੰਨ ਗਾਣੇ ਸੁਣਾ ਜਾਂਦਾ ਤੇ ਬਜ਼ੁਰਗ ਅਸ਼ੀਰਵਾਦ ਦੇ ਦਿੰਦੇ।

ਜਦੋਂ ਵਢਾਈ ਅਖੀਰ 'ਤੇ ਆ ਜਾਂਦੀ ਤਾਂ ਇਕ ਖੂੰਜੇ ਵਿਚ ਮਰੁੰਡਾ ਛੱਡ ਦਿੱਤਾ ਜਾਂਦਾ। ਜਿਥੇ ਕਿਹਾ ਜਾਂਦਾ, ਚਿੜੀ ਜਨੌਰ ਦੇ ਨਾਂ, ਗਰੀਬ-ਗੁਰਬੇ ਦੇ ਨਾਂ। ਪਿੰਡ ਦੇ ਲੋੜਵੰਦਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਸੀ ਕਿ ਫਲਾਣੇ ਦੀ ਕਣਕ ਦੀ ਵਢਾਈ ਕੱਲ੍ਹ ਖਤਮ ਹੋ ਜਾਣੀ ਹੈ, ਉਹ ਦਾਤੀਆਂ ਲੈ ਕੇ ਪਹੁੰਚ ਜਾਂਦੇ। ਜਿਉਂ ਹੀ ਮਾਲਕ ਨੇ ਲਲਕਾਰਾ ਮਾਰਨਾ ਤਾਂ ਉਨ੍ਹਾਂ ਨੇ ਟੁੱਟ ਕੇ ਪੈ ਜਾਣਾ। ਜਿਹਦੇ ਜਿੰਨੀ ਹੱਥ ਆਈ, ਉਹ ਉਸ ਦੀ। ਸਕਤੇ ਦੀ ਸੱਤੀਂ ਵੀਹੀਂ ਸੌ!

ਕਈ ਵਾਰ ਸ਼ਾਮੀਂ ਜਾਂ ਸਵੇਰੇ ਭਾਰ ਖੋਲ੍ਹ ਕੇ ਗਾਹ ਪਾਇਆ ਜਾਂਦਾ। ਬਲਦ ਜੋੜ ਕੇ ਪਿਛੇ ਛਟੀਆਂ ਦਾ ਫਲ੍ਹਾ ਬਣਾਇਆ ਜਾਂਦਾ। ਖੜ੍ਹ ਕੇ ਬਲਦ ਹੱਕਣੇ, ਕਦੇ-ਕਦੇ ਝਟਕਾ ਲੱਗਣਾ ਤਾਂ ਲੱਤ ਫਲ੍ਹੇ ਅੱਗੇ ਆ ਜਾਣੀ। ਅਖਾਣ ਬਣਿਆ, ਫਲ੍ਹੇ ਵਿਚ ਲੱਤ ਡਾਹਣੀ। ਬਸ ਫਿਰ ਡਰਨਾ ਕਿ ਕਿਤੇ ਫਲ੍ਹੇ ਹੇਠ ਨਾ ਆ ਜਾਈਏ ਜਾਂ ਬਲਦ ਛੜ ਨਾ ਠੋਕ ਦੇਵੇ। ਭਰੀਟਾਂ ਤਾਂ ਜ਼ਰੂਰ ਹੀ ਲਗਦੀਆਂ ਸਨ। ਉਧਰ ਕਣਕ ਦੀ ਕੰਡ ਤੇ ਸੱਜਰੇ ਜ਼ਖਮ, ਬਸ ਦੰਦਾਂ ਵਿਚ ਜੀਭ ਦੇ ਕੇ ਬਹਾਦਰ ਬਣਦੇ ਰਹਿੰਦੇ। ਕਿਤੇ-ਕਿਤੇ ਪਿੜ ਵਿਚ ਮੰਜੇ 'ਤੇ ਖੇਸ ਸੁੱਟ ਕੇ ਰਾਤੀਂ ਉਥੇ ਹੀ ਸੌਂ ਜਾਣਾ। ਕਿਤੇ-ਕਿਤੇ ਮੱਛਰ ਨੇ ਖਬਰ ਲੈਣੀ, ਪਰ ਨੀਂਦ ਦਾ ਉਹ ਠੌਂਕਾ ਸਮਝੋ ਸਵਰਗ ਸੀ। ਬੋਲੀਆਂ ਤੇ ਕਲੀਆਂ ਨਾਲ ਰਾਤ ਨਸ਼ੀਲੀ ਬਣੀ ਰਹਿੰਦੀ ਸੀ। ਕਿਤੇ-ਕਿਤੇ ਲਾਹਣ ਦੇ ਮੱਟ ਵੀ ਪਾਏ ਹੁੰਦੇ ਸੀ ਅਤੇ ਇਕ-ਦੋ ਜਣਿਆਂ ਨੇ ਖਿਸਕ ਕੇ ਪਹਿਲੇ ਤੋੜ ਦੀ ਕੱਢ ਲੈਣੀ।

ਬਲਦ ਹੱਕਦੇ ਵੇਲੇ ਵੱਡੀ ਚੁਣੌਤੀ ਹੁੰਦੀ ਸੀ, ਫਲ੍ਹੇ ਤੋਂ ਬਿਨਾ ਡਿੱਗੇ ਬਲਦਾਂ ਦਾ ਗੋਹਾ ਬੋਚਣਾ। ਕੋਸ਼ਿਸ਼ ਹੁੰਦੀ ਸੀ ਕਿ ਇਹ ਦਾਣਿਆਂ ਵਿਚ ਨਾ ਰਲੇ। ਇਹੀ ਵਕਤ ਹੁੰਦਾ ਸੀ ਕਿ ਲੱਤ ਫਲ੍ਹੇ ਤੋਂ ਸਲਿਪ ਹੋ ਕੇ ਫਲ੍ਹੇ ਅੱਗੇ ਆ ਜਾਣੀ, ਤੇ ਉਧਰ ਬਲਦਾਂ ਨੇ ਪੂਛ ਨਾਲ ਝਾਂਬੜ ਲਾ ਦੇਣੀ। ਗੋਹਾ ਬੋਚ ਕੇ ਨੇੜੇ ਕੁਰੜੀ 'ਤੇ ਸੁੱਟਦੇ ਸਾਂ। ਨਾਲ ਦਾਣੇ ਵੀ ਚਲੇ ਜਾਂਦੇ ਸਨ। ਦਾਣੇ ਪਿੜ ਸੰਭਰਨ ਵੇਲੇ ਵੀ ਖਿਲਰੇ ਹੋਏ ਇਕੱਠੇ ਕਰ ਲਈਦੇ ਸਨ ਤੇ ਕੁਰੜੀ 'ਤੇ ਸੁੱਟ ਦਿੰਦੇ ਸਾਂ। ਦਾਣੇ ਆ ਗਏ ਤਾਂ ਸਮਝੋ ਚੂਹੇ-ਚੂਹੀਆਂ ਆ ਗਏ। ਚੂਹੇ-ਚੂਹੀਆਂ ਆ ਗਏ ਤਾਂ ਸੱਪ, ਨਿਉਲਾ, ਬਿੱਲੀ, ਕੁੱਤੇ ਵੀ ਚੱਕਰ ਮਾਰਦੇ ਸਨ; ਸੋ ਸੋਟੀ ਖੜਕਦੀ ਰਹਿੰਦੀ। ਵਧੇਰੇ ਡਰ ਹਲਕੇ ਕੁੱਤੇ ਤੋਂ ਲਗਦਾ ਸੀ। ਇਕ ਤਾਂ ਉਹਦਾ ਇਹ ਪਤਾ ਨਹੀਂ ਸੀ ਲਗਦਾ ਕਿ ਇਹ ਜਾਵੇਗਾ ਕਿਧਰ ਨੂੰ; ਦੂਜੇ, ਜੇ ਵੱਢ ਲਵੇ ਤਾਂ ਟੀਕੇ ਪੇਟ ਵਿਚ ਲਗਦੇ ਸਨ, ਜਿਸ ਦੀ ਦਵਾਈ ਕਸੌਲੀ ਬਣਦੀ ਸੀ। ਕਸੌਲੀ ਦੀਆਂ ਲਾਈਟਾਂ ਪਿੰਡੋਂ ਦਿਸਦੀਆਂ ਹੁੰਦੀਆਂ ਸਨ।

ਉਧਰ, ਜਦੋਂ ਗਾਹ ਅੱਧਾ ਕੁ ਟੁੱਟ ਚੁਕਾ ਹੁੰਦਾ ਤਾਂ ਸਾਂਲਘੇ, ਤੰਗਲੀ ਨਾਲ ਗਾਹ ਪੁੱਟਣਾ। ਥੱਲਿਉਂ ਉਪਰ ਤੇ ਉਪਰਲਾ ਥੱਲੇ ਕਰਨਾ। ਫਿਰ ਫਲ੍ਹਾ ਜੋੜ ਦੇਣਾ। ਜਦੋਂ ਸਾਰੀ ਕਣਕ ਤੂੜੀ ਤੇ ਘੁੰਡੀਆਂ ਨਾਲੋਂ ਵੱਖ ਹੋ ਜਾਂਦੀ ਤਾਂ ਫੌਹੜੇ ਨਾਲ ਲੰਮੀ ਢੇਰੀ ਲਾ ਲੈਣੀ। ਦਾਲਾਂ ਅਤੇ ਛੋਲੇ ਅਲੱਗ ਮੋਗਰੀਆਂ ਨਾਲ ਹੀ ਕੁੱਟ ਲੈਂਦੇ ਸਨ। ਸਾਂਝੀਆਂ ਦੀ ਕੱਢ ਕੇ ਜਾਂ ਜੇ ਦਾਲਾਂ-ਛੋਲੇ ਬਟਾਈ 'ਤੇ ਲੁਆਏ ਹੁੰਦੇ ਤਾਂ ਅੱਧੋ-ਅੱਧ ਕਰ ਲੈਣੀ। ਫਿਰ ਹਵਾ ਦਾ ਇੰਤਜ਼ਾਰ ਕਰਨਾ ਪੈਂਦਾ ਕਿ ਹਵਾ ਚੱਲੇ ਤਾਂ ਤੰਗਲੀਆਂ ਜਾਂ ਛੱਜ ਨਾਲ ਕਣਕ ਨਿਖਾਰਨੀ। ਛੱਜ ਦੀ ਅਜੀਬ ਆਦਤ ਹੈ ਕਿ ਚੰਗੀਆਂ ਚੀਜ਼ਾਂ ਆਪਣੇ ਕੋਲ ਰੱਖ ਲੈਂਦਾ ਹੈ ਤੇ ਘੁੰਡੀਆਂ, ਰੋੜ ਅਗਾਂਹ ਵਗਾਹ ਸੁੱਟਦਾ ਹੈ। ਕਣਕ ਨਿਖਾਰ ਕੇ ਬੋਹਲ ਬਣਾ ਲੈਣਾ। ਜੇ ਕਣਕ ਵਟਾਈ 'ਤੇ ਹੈ ਤਾਂ ਸਾਂਝੀਆਂ ਦਾ ਹਿੱਸਾ ਤੋਲ ਕੇ ਜਾਂ ਪੀਪਿਆਂ ਨਾਲ ਵੰਡ ਲੈਣਾ।

ਕਈ ਵਾਰ ਗੱਡੇ ਲੱਦ ਕੇ ਸਿੱਧੇ ਮੰਡੀ ਲੈ ਜਾਣੇ। ਕਈ ਵਾਰ ਬੋਰੀਆਂ ਭਰ-ਭਰ, ਕਈ ਵਾਰ ਖੇਸ ਵਿਛਾ ਕੇ ਭਰ ਦੇਣੇ ਅਤੇ ਇਕ ਮਾਲਕ ਤੇ ਇਕ ਨੌਕਰ ਜਾਂ ਸਾਂਝੀ ਸਵੇਰੇ 4 ਵਜੇ ਚੰਡੀਗੜ੍ਹ ਮੰਡੀ ਨੂੰ ਤੁਰ ਪੈਂਦੇ। ਉਥੇ ਆੜ੍ਹਤੀ ਕਰੀਬ ਪੱਕੇ ਮਿੱਥੇ ਹੁੰਦੇ ਸਨ। ਪਲੇਦਾਰਾਂ ਨਾਲ ਵੀ ਜਾਣ-ਪਛਾਣ ਹੁੰਦੀ ਸੀ। ਉਨ੍ਹਾਂ ਨੇ ਜਗ੍ਹਾ ਦੇਖ ਕੇ ਕਣਕ ਉਤਰਵਾ ਲੈਣੀ, ਫਿਰ ਦਿਹਾੜੀਦਾਰਾਂ ਤੋਂ ਭਰਨਾ ਲਵਾ ਦੇਣਾ। ਨਿਕਲਦਾ ਤਾਂ ਕੁਝ ਨਹੀਂ ਸੀ, ਪਰ ਪੈਸੇ ਦੇਣੇ ਪੈਂਦੇ ਸਨ। ਫਿਰ ਹੁੰਦੀ ਸੀ ਕਿਸਾਨ ਦੀ ਕਿਸਮਤ ਦੀ ਅਜ਼ਮਾਇਸ਼। ਬੋਲੀ ਲਗਦੀ। ਕਿਸੇ ਕਿਸਾਨ ਦੇ ਚਿਹਰੇ 'ਤੇ ਨਮੋਸ਼ੀ, ਕਿਸੇ ਦੀਆਂ ਵਰਾਛਾਂ ਖਿੜ ਪੈਂਦੀਆਂ। ਆੜ੍ਹਤੀ ਦੋਵੇਂ ਪਾਸੇ ਖੁਸ਼ ਹੁੰਦੇ। ਫਿਰ ਆੜ੍ਹਤੀਏ ਤੋਂ ਪੈਸੇ ਫੜ ਕੇ ਜਾਂ ਪਰਚੀ ਲੈ ਕੇ ਘਰ ਦਾ ਸਮਾਨ ਖਰੀਦਣ ਤੁਰ ਪੈਣਾ।

ਕਦੇ-ਕਦੇ ਸਾਨੂੰ ਵੀ ਗੱਡੇ ਨਾਲ ਜਾਣ ਦਾ ਮੌਕਾ ਮਿਲ ਜਾਂਦਾ ਸੀ। ਉਥੇ ਢਾਬੇ 'ਤੇ ਚਾਹ ਪੀਣ, ਨਾਸ਼ਤਾ ਜਾਂ ਦੁਪਹਿਰ ਦਾ ਖਾਣਾ ਖਾਣ ਦੀ ਬੜੀ ਟੌਹਰ ਹੁੰਦੀ। ਕਦੇ ਬਜ਼ੁਰਗ ਨੇ ਕਹਿ ਦੇਣਾ, ਚੱਲ ਮੱਠੀ ਜਾਂ ਬਿਸਕੁਟ ਵੀ ਲੈ ਲਓ। ਫਿਰ ਨੌਕਰ ਨੂੰ ਗੱਡਾ ਦੇ ਕੇ ਭੇਜ ਦੇਣਾ। ਕਈ ਬਲਦ ਤਾਂ ਐਨੇ ਸਿਆਣੇ ਹੁੰਦੇ ਸੀ ਕਿ ਇਸ਼ਾਰਾ ਕਰ ਦਿਉ, ਆਪੇ ਸੱਜੇ ਖੱਬੇ ਮੁੜ ਕੇ ਘਰੇ ਪਹੁੰਚਾ ਦਿੰਦੇ ਸਨ। ਸੜਕ 'ਤੇ ਵੀ ਆਪਣੇ ਹੱਥ ਆਪ ਚਲਦੇ ਰਹਿਣਾ।

ਫਿਰ ਸ਼ਾਮੀਂ ਜਾਂ ਦੋ-ਚਾਰ ਦਿਨ ਪਿਛੋਂ ਜਾਂ ਕਈ ਵਾਰ ਕੁਝ ਹਫਤੇ ਬਾਅਦ ਪੈਸੇ ਦੀ ਅਦਾਇਗੀ ਹੋਂਦੀ। ਫਿਰ ਜਿਸ ਦਾ ਦੇਣਾ ਹੁੰਦਾ, ਹਿਸਾਬ ਨਿਬੇੜ ਦਿੱਤਾ ਜਾਂਦਾ। ਉਸ ਪਿਛੋਂ ਕਿਸੇ ਨੂੰ ਸੈਂਡਲ, ਕਿਸੇ ਨੂੰ ਧੌੜੀ ਦੀ ਜੁੱਤੀ ਤੇ ਕਿਸੇ ਨੂੰ ਕੁਰਮ ਦੀ, ਕਿਸੇ ਨੂੰ ਬੂਟ-ਜੁਰਾਬਾਂ, ਕਿਸੇ ਨੂੰ ਬੋਸਕੀ ਦੀ ਸੁੱਥਣ, ਕਿਸੇ ਨੂੰ ਅਚਕਣ ਦੇ ਸੂਟ, ਕਿਸੇ ਨੂੰ ਮਲਮਲ ਦਾ ਦੁਪੱਟਾ, ਕਾਟੇ ਜਾਂ ਸੁਨਹਿਰੀ ਪੱਗ ਖਰੀਦ ਦਿੰਦੇ। ਜਦੋਂ ਮੇਲੇ ਦੇ ਦਿਨ ਹੁੰਦੇ ਤਾਂ ਸਵੇਰੇ ਮੱਥਾ ਟੇਕ ਲੈਣਾ। ਦੁਪਹਿਰੇ ਘਰ ਦੀ ਕੱਢੀ ਦੇ ਇਕ-ਇਕ ਦੋ-ਦੋ ਪੈੱਗ ਲਾ ਕੇ ਬੋਲੀਆਂ ਪਾਂਦੇ ਮੇਲੇ ਜਾਣਾ। ਕਦੇ ਪੈਦਲ ਕਦੇ ਤਾਂਗੇ ਜਾਂ ਗੱਡੇ 'ਤੇ। ਰਸਤੇ ਵਿਚ ਬਲਦਾਂ ਦੀਆਂ ਦੌੜਾਂ ਲਵਾਣੀਆਂ। ਮੇਲੇ 'ਤੇ ਜਾ ਕੇ ਜਲੇਬੀਆਂ ਪਕੌੜੇ ਛਕਣੇ। ਕਿਤੇ-ਕਿਤੇ ਭੰਗ ਦੇ ਪਕੌੜੇ ਵੀ ਹੁੰਦੇ ਸਨ। ਕਿਸੇ ਨੂੰ ਵੰਗਾਂ ਖਰੀਦਣੀਆਂ। ਕਿਸੇ ਨੇ ਪੱਟਾਂ ਜਾਂ ਬਾਂਹਾਂ 'ਤੇ ਮੋਰਨੀਆਂ ਪਵਾਉਣੀਆਂ।

ਬਸ ਇਹ ਹੁੰਦਾ ਸੀ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ! ਸਾਡੇ ਨੇੜਲੇ ਪਿੰਡ ਕੁੰਭੜੇ ਵਿਚ ਛਿੰਜ, ਨੰਡਿਆਲੀ ਸੀਤਲਾ ਮਾਤਾ ਦਾ ਮੇਲਾ, ਮਨਸਾ ਦੇਵੀ ਦਾ ਮੇਲਾ, ਪਿੰਜੌਰ ਦਾ ਮੇਲਾ, ਦਾਊਂ ਦਾ ਮੇਲਾ, ਲੰਬਿਆਂ ਦੀ ਸਭਾ, ਭੱਠਾ ਸਾਹਿਬ ਦਾ ਜੋੜ ਮੇਲ ਤੇ ਫਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲ ਮਸ਼ਹੂਰ ਸੀ। ਹੁਣ ਸਭ ਬਦਲ ਗਿਆ। ਬਸ ਨਮੂਨੇ ਮਾਤਰ ਹੀ ਰਹਿ ਗਏ ਹਨ।

# ਖ਼ੂਬਸੂਰਤ ਪੰਜਾਬਣ ਗੀਤਾ ਨਿਜ਼ਾਮੀ ਦਾ ਜਲਵਾ

ਖ਼ੂਬਸੂਰਤ ਪੰਜਾਬਣ ਮੁਟਿਆਰ ਰਸ਼ੀਦਾ ਬੇਗਮ ਉਰਫ ਗੀਤਾ ਨਿਜ਼ਾਮੀ ਦੀ ਪੈਦਾਇਸ਼ 1926 ਵਿਚ ਲਾਹੌਰ ਦੇ ਮੁਸਲਿਮ ਪੰਜਾਬੀ ਖਾਨਦਾਨ ਵਿਚ ਹੋਈ। ਬਰਕਤ ਨਿਜ਼ਾਮੀ ਨਵੇਂ ਫਨਕਾਰਾਂ ਦੀ ਤਲਾਸ਼ ਕਰਨ ਵਾਲੇ ਪਾਰਖੂ ਜ਼ੌਹਰੀ ਸਨ ਅਤੇ ਰਸ਼ੀਦਾ ਉਨ੍ਹਾਂ ਦੀ ਬਿਹਤਰੀਨ ਖੋਜ ਸੀ।


1940 ਵਿਚ ਮਸ਼ਹੂਰ ਅਦਾਕਾਰਾ ਮੁਮਤਾਜ਼ ਸ਼ਾਂਤੀ ਦੇ ਚਾਚਾ ਬਰਕਤ ਨਿਜ਼ਾਮੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਗੀਤਾ ਨਿਜ਼ਾਮੀ ਦੇ ਨਾਮ ਨਾਲ ਵਾਕਫ ਹੋਈ। ਇਸ ਦੌਰਾਨ ਉਸ ਨੇ ਉਮਦਾ ਅਦਾਕਾਰਾ ਵਜੋਂ ਸ਼ੁਹਰਤ ਖੱਟੀ। ਉਹ ਸਭ ਤੋਂ ਪਹਿਲਾਂ ਡਬਲਿਊ. ਜ਼ੈਡ. ਅਹਿਮਦ ਨਿਰਦੇਸ਼ਿਤ ਫਿਲਮ 'ਮਨ ਕੀ ਜੀਤ' (1944) ਵਿਚ ਨ੍ਰਿਤ ਅਦਾਕਾਰਾ ਦੀ ਹੈਸੀਅਤ ਨਾਲ ਪੇਸ਼ ਹੋਈ। ਐਸ. ਕੇ. ਪਾਲ ਫਿਲਮ ਦੇ ਸੰਗੀਤਕਾਰ ਸਨ। ਫਿਲਮ ਵਿਚ ਇਕ ਨ੍ਰਿਤ ਗੀਤ 'ਛਿਪ-ਛਿਪ ਕਰ ਮਤ ਦੇਖੋ ਜੀ ਭੰਵਰ ਜੀ' (ਸ਼ਾਂਤਾ ਠੱਕਰ, ਭਰਤ ਵਿਆਸ) ਗੀਤਾ ਨਿਜ਼ਾਮੀ 'ਤੇ ਫਿਲਮਾਇਆ ਗਿਆ ਜੋ ਬੇਹੱਦ ਮਕਬੂਲ ਹੋਇਆ। ਇਹ ਫਿਲਮ 4 ਅਗਸਤ 1945 ਨੂੰ ਕਮਲ ਟਾਕੀਜ਼, ਬੰਬੇ ਵਿਚ ਨੁਮਾਇਸ਼ ਹੋਈ।

ਗੀਤਾ ਦੀ ਦੂਜੀ ਹਿੰਦੀ ਫਿਲਮ ਨਜ਼ਮ ਨਕਵੀ ਨਿਰਦੇਸ਼ਿਤ ਫਿਲਮ 'ਪੰਨਾ' (1944) ਸੀ। ਫਿਲਮ ਵਿਚ ਗੀਤਾ ਨੇ ਅਦਾਕਾਰ ਜੈਰਾਜ ਦੇ ਬਰਾਬਰ ਜਾਸੂਸ ਮੁਟਿਆਰ 'ਪੰਨਾ' ਦਾ ਸ਼ਾਨਦਾਰ ਕਿਰਦਾਰ ਨਿਭਾਇਆ। ਉਸ 'ਤੇ ਫਿਲਮਾਏ 'ਸਾਂਵਰੀਆ ਰੇ ਕਾਹੇ ਮਾਰੇ ਨਜ਼ਰੀਆ', 'ਤਕਦੀਰ ਨੇ ਜੋ ਆਗ ਲਗਾਈ ਹੈ ਬੂਝਾ ਦੇ', 'ਜੋ ਹਮ ਪੇ ਗੁਜ਼ਰਤੀ ਹੈਂ ਹਮ ਕੈਸੇ ਬਤਾਏਂ' (ਰਾਜਕੁਮਾਰੀ) ਤੋਂ ਇਲਾਵਾ ਗੀਤਾ ਨਿਜ਼ਾਮੀ ਅਤੇ ਜੈਰਾਜ 'ਤੇ ਫਿਲਮਾਇਆ ਰੁਮਾਨੀ ਗੀਤ 'ਸਬ ਹਾਲ ਬਤਾ ਦੇਂਗੇ ਜੋ ਹਮ ਪੇ ਗੁਜ਼ਰਤੀ ਹੈ' (ਸ਼ਮਸਾਦ ਬੇਗਮ) ਆਦਿ ਬੜੇ ਪਸੰਦ ਕੀਤੇ ਗਏ। ਇਸ ਫਿਲਮ ਵਿਚ ਆਪਣੀ ਬਿਹਤਰੀਨ ਤੇ ਸ਼ਾਹਕਾਰ ਅਦਾਕਾਰੀ ਸਦਕਾ ਹਕੂਮਤ-ਏ-ਹਿੰਦ ਵਲੋਂ 9000 ਰੁਪਏ ਦਾ ਪੁਰਸਕਾਰ ਪਾਉਣ ਵਾਲੀ ਗੀਤਾ ਨਿਜ਼ਾਮੀ ਭਾਰਤੀ ਫਿਲਮਾਂ ਦੀ ਪਹਿਲੀ ਅਦਾਕਾਰਾ ਬਣੀ।

ਫਿਲਮ 'ਵਿਲੇਜ਼ ਗਰਲ' ਉਰਫ 'ਗਾਂਵ ਕੀ ਗੋਰੀ' (1945) ਵਿਚ ਉਸ 'ਤੇ ਨ੍ਰਿਤ ਗੀਤ 'ਸੈਯਾਂ ਸਲੋਨੇ ਸੇ ਨੈਨ ਮਿਲਾ ਕੇ ਪ੍ਰੀਤ ਲਗਾ ਕੇ' (ਅਮੀਰਬਾਈ ਕਰਨਾਟਕੀ) ਫਿਲਮਾਇਆ ਗਿਆ ਜਿਸ ਦਾ ਸੰਗੀਤ ਸ਼ਿਆਮ ਸੁੰਦਰ ਨੇ ਤਰਤੀਬ ਕੀਤਾ ਸੀ। ਫਿਲਮ 'ਰੂਮ ਨੰ. 9' (1946) ਵਿਚ ਉਸ ਨਾਲ ਹੀਰੋ ਦਾ ਕਿਰਦਾਰ ਸ਼ਿਆਮ ਨੇ ਅਦਾ ਕੀਤਾ। ਇਹ ਫਿਲਮ 15 ਜੂਨ 1946 ਨੂੰ ਕ੍ਰਿਸ਼ਨਾ ਥੀਏਟਰ, ਬੰਬੇ ਵਿਚ ਨੁਮਾਇਸ਼ ਹੋਈ। ਜੇ. ਪੀ. ਅਡਵਾਨੀ ਨਿਰਦੇਸ਼ਿਤ ਮੁਹੱਬਤੀ ਫਿਲਮ 'ਸੱਸੀ ਪੁੰਨੂੰ' (1946) ਵਿਚ ਗੀਤਾ ਨਿਜ਼ਾਮੀ ਨੇ ਅਦਾਕਾਰ ਜੈਰਾਜ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਗੀਤਾ ਤੇ ਜੈਰਾਜ 'ਤੇ ਫਿਲਮਾਇਆ ਗੀਤ 'ਦੇਖੋ ਜੀ ਕਯਾ ਸਮਾਂ ਹਠ ਚਮਨ ਪੇ ਫਿਜ਼ਾ ਹੈ' (ਸ਼ਮਸ਼ਾਦ ਬੇਗਮ, ਜੀ. ਐਮ. ਦੁਰਾਨੀ) ਵੀ ਮਕਬੂਲ ਹੋਇਆ। ਫਿਲਮ 'ਮੋਤੀ' (1947) ਵਿਚ ਗੀਤਾ ਨੇ ਬਿਮਨ ਬੈਨਰਜੀ ਦੇ ਸਨਮੁੱਖ 'ਮੋਤੀ' ਦਾ ਕਿਰਦਾਰ ਅਦਾ ਕੀਤਾ।



*ਭਾਰਤ ਵਿਚ ਗੀਤਾ ਨਿਜ਼ਾਮੀ ਦੀ ਪਹਿਲੀ ਪੰਜਾਬੀ ਫਿਲਮ ਨਿਗਾਰਸਤਨ (ਇੰਡੀਆ) ਫਿਲਮਜ਼, ਬੰਬੇ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਫਿਲਮ 'ਛਈ' (1950) ਸੀ। ਫਿਲਮ ਵਿਚ ਉਸ ਨੇ ਚਰਿਤਰ ਅਦਾਕਾਰ ਰਮੇਸ਼ ਠਾਕੁਰ (ਘਸੀਟਾਦਾਸ) ਦੀਆਂ 3 ਧੀਆਂ 'ਚੋਂ ਇਕ ਧੀ ਦਾ ਕਿਰਦਾਰ ਨਿਭਾਇਆ, ਜਿਸ ਦੇ ਰੂ-ਬ-ਰੂ ਅਦਾਕਾਰ ਬਲਰਾਜ ਮਹਿਤਾ ਕੰਮ ਕਰ ਰਿਹਾ ਸੀ। ਕਹਾਣੀ ਤੇ ਫਿਲਮਸਾਜ਼ੀ ਮੁਲਕਰਾਜ ਭਾਖੜੀ ਨੇ ਕੀਤੀ, ਗੀਤ ਵਰਮਾ ਮਲਿਕ ਨੇ ਲਿਖੇ ਅਤੇ ਸੰਗੀਤ ਹੰਸਰਾਜ ਬਹਿਲ ਨੇ ਤਰਤੀਬ ਕੀਤਾ।*




ਸ਼ੋਰੀ ਦੌਲਤਲਵੀ ਦੀ ਫਿਲਮ 'ਪਾਰੋ' (1947) 'ਚ ਉਸ ਨੇ ਮਖੌਲੀਆ ਅਦਾਕਾਰ ਰਣਧੀਰ ਨਾਲ ਅਦਾਕਾਰਾ ਦਾ ਪਾਤਰ ਨਿਭਾਇਆ। ਇਹ ਫਿਲਮ 18 ਦਸੰਬਰ 1948 ਨੂੰ ਨਿਊ ਵੈਸਟ ਐਂਡ ਸਿਨੇਮਾ, ਬੰਬਈ ਵਿਚ ਰਿਲੀਜ਼ ਹੋਈ। ਉਹ ਆਰ. ਡੀ. ਮਾਥੁਰ ਨਿਰਦੇਸ਼ਿਤ ਫਿਲਮ 'ਗਜਰੇ' (1948) ਵਿਚ ਅਦਾਕਾਰਾ ਸੁਰੱਈਆ ਅਤੇ ਮੋਤੀ ਲਾਲ ਦੀ ਜੋੜੀ ਨਾਲ ਦੂਜੀ ਹੀਰੋਇਨ ਵਜੋਂ ਆਪਣੇ ਫਨ ਦੀ ਪੇਸ਼ਕਾਰੀ ਕਰ ਰਹੀ ਸੀ। ਇਹ ਫਿਲਮ 4 ਮਾਰਚ 1949 ਨੂੰ ਕ੍ਰਿਸ਼ਨਾ ਥੀਏਟਰ, ਬੰਬਈ ਵਿਚ ਰਿਲੀਜ਼ ਹੋਈ। ਹਬੀਬ ਸਰਹੱਦੀ ਨਿਰਦੇਸ਼ਿਤ ਫਿਲਮ 'ਰਾਹਨੁਮਾ' (1948) ਵਿਚ ਉਸ ਨੇ ਅੰਜੁਮ ਨਾਲ ਹੀਰੋਇਨ ਦਾ ਪਾਰਟ ਨਿਭਾਇਆ। ਫਿਲਮ 'ਕਰਵਟ' (1949) ਵਿਚ ਉਸ ਨੇ ਸਤੀਸ਼ ਛਾਬੜਾ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਕੇ. ਅਮਰਨਾਥ ਨਿਰਦੇਸ਼ਿਤ ਫਿਲਮ 'ਬੇਕਸੂਰ' (1950) ਵਿਚ ਗੀਤਾ ਨੇ ਅਨਿਲ ਬਿਸਵਾਸ ਦੇ ਸੰਗੀਤ ਵਿਚ ਆਰਜ਼ੂ ਲਖਨਵੀ ਦੇ ਲਿਖੇ ਮੁਜਰਾ ਗੀਤ 'ਫਿਰ ਚਾਹੇ ਤੋ ਨਾ ਆਨਾ ਓ ਆਨਬਾਨ ਵਾਲੇ' (ਰਾਜਕੁਮਾਰੀ) 'ਤੇ ਨ੍ਰਿਤ ਗੀਤ ਪੇਸ਼ ਕੀਤਾ। ਫਿਲਮ 'ਏਕ ਥਾ ਲੜਕਾ' (1951) 'ਚ ਉਹ ਮੁੱਖ ਅਦਾਕਾਰਾ ਗੀਤਾ ਬਾਲੀ ਅਤੇ ਭਾਰਤ ਭੂਸ਼ਨ ਨਾਲ ਦੂਜੀ ਹੀਰੋਇਨ ਵਜੋਂ ਮੌਜੂਦ ਸੀ। ਐਸ. ਕੇ. ਔਝਾ ਨਿਰਦੇਸ਼ਿਤ ਫਿਲਮ 'ਹਲਚਲ' (1951) ਗੀਤਾ ਦੀ ਭਾਰਤ ਵਿਚ ਆਖਰੀ ਹਿੰਦੀ ਫਿਲਮ ਸੀ। ਇਸ ਫਿਲਮ ਵਿਚ ਉਸ ਨੇ ਅਦਾਕਾਰਾ ਨਰਗਿਸ ਅਤੇ ਦਿਲੀਪ ਕੁਮਾਰ ਨਾਲ ਅਦਾਕਾਰੀ ਕੀਤੀ ਸੀ।

ਭਾਰਤ ਵਿਚ ਗੀਤਾ ਨਿਜ਼ਾਮੀ ਦੀ ਪਹਿਲੀ ਪੰਜਾਬੀ ਫਿਲਮ ਨਿਗਾਰਸਤਨ (ਇੰਡੀਆ) ਫਿਲਮਜ਼, ਬੰਬੇ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਫਿਲਮ 'ਛਈ' (1950) ਸੀ। ਫਿਲਮ ਵਿਚ ਉਸ ਨੇ ਚਰਿਤਰ ਅਦਾਕਾਰ ਰਮੇਸ਼ ਠਾਕੁਰ (ਘਸੀਟਾਦਾਸ) ਦੀਆਂ 3 ਧੀਆਂ 'ਚੋਂ ਇਕ ਧੀ ਦਾ ਕਿਰਦਾਰ ਨਿਭਾਇਆ, ਜਿਸ ਦੇ ਰੂ-ਬ-ਰੂ ਅਦਾਕਾਰ ਬਲਰਾਜ ਮਹਿਤਾ ਕੰਮ ਕਰ ਰਿਹਾ ਸੀ। ਕਹਾਣੀ ਤੇ ਫਿਲਮਸਾਜ਼ੀ ਮੁਲਕਰਾਜ ਭਾਖੜੀ ਨੇ ਕੀਤੀ, ਗੀਤ ਵਰਮਾ ਮਲਿਕ ਨੇ ਲਿਖੇ ਅਤੇ ਸੰਗੀਤ ਹੰਸਰਾਜ ਬਹਿਲ ਨੇ ਤਰਤੀਬ ਕੀਤਾ। ਫਿਲਮ ਵਿਚ ਗੀਤਾ ਨਿਜ਼ਾਮੀ 'ਤੇ ਫਿਲਮਾਏ ਗੀਤ 'ਅਜੀ ਓਹ ਮੁੰਡਾ ਮੋਹ ਲਿਆ ਤਵੀਤਾਂ ਵਾਲਾ ਤੇ ਦੱਮੜੀ ਦਾ ਸੱਕ ਮਲ ਕੇ' (ਮੁਹੰਮਦ ਰਫੀ), ਮਖੌਲੀਆ ਗੀਤ 'ਜੇ ਮੈਂ ਐਸਾ ਜਾਣਦਾ, ਮਾਰ ਗੰਡਾਸਾ ਮਰ ਜਾਣਾ' (ਮੁਹੰਮਦ ਰਫੀ) ਅਤੇ ਕੱਵਾਲੀ ਗੀਤ 'ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ ਹੌਲੀ' (ਸ਼ਮਸ਼ਾਦ ਬੇਗਮ, ਐਸ. ਡੀ. ਬਾਤਿਸ਼) ਦਰਸ਼ਕਾਂ ਨੇ ਬਹੁਤ ਪਸੰਦ ਕੀਤੇ।

ਗੀਤਾ ਦਾ ਵਿਆਹ ਬਰਕਤ ਨਿਜ਼ਾਮੀ ਨਾਲ ਅੰਗਰੇਜ਼ੀ ਸ਼ਾਇਰ ਜਾਨ ਕੀਟਸ ਵਾਂਗ ਹੋਇਆ ਸੀ। ਬਰਕਤ ਨਿਜ਼ਾਮੀ ਦੇ ਮੁਜਬ ਇਹ ਵਪਾਰਕ ਵਿਆਹ ਸੀ। ਵਿਆਹ ਤੋਂ ਪਹਿਲਾਂ ਉਸ ਨੇ ਆਪਣੀ ਭਤੀਜੀ ਮੁਮਤਾਜ਼ ਸ਼ਾਂਤੀ ਨਾਲ ਸਾਂਝੇਦਾਰੀ ਕੀਤੀ। ਫਿਰ ਮੁਮਤਾਜ਼ ਸ਼ਾਂਤੀ ਦਾ ਵਲੀ ਸਾਹਬ ਨਾਲ ਵਿਆਹ ਹੋ ਜਾਣ ਤੋਂ ਬਾਅਦ ਪਤਨੀ ਗੀਤਾ ਨਾਲ ਸਾਂਝੇਦਾਰੀ ਬਣਾਉਣ ਲਈ ਐਗਰੀਮੈਂਟ ਕੀਤਾ ਜਿਸ ਅਨੁਸਾਰ ਗੀਤਾ ਨਿਜ਼ਾਮੀ ਆਪਣੀ ਆਮਦਨ ਦਾ 50 ਪ੍ਰਤੀਸ਼ਤ ਹਿੱਸਾ ਬਰਕਤ ਮਹਿਰਾ ਨੂੰ ਅਤੇ 25 ਪ੍ਰਤੀਸ਼ਤ ਬਰਕਤ ਦੇ ਪੁੱਤਰ ਅਤੇ 25 ਪ੍ਰਤੀਸ਼ਤ ਹਿੱਸਾ ਖੁਦ ਰੱਖੇਗੀ। ਇਹ ਐਗਰੀਮੈਂਟ ਵਾਲਾ ਦਸਤਾਵੇਜ਼ ਰਿਕਾਰਡ ਵਿਚ ਮੌਜੂਦ ਹੈ। ਇਹ ਸਾਂਝੇਦਾਰੀ ਬੜੀ ਹਾਸਜਨਕ ਅਤੇ ਹੈਰਾਨੀਜਨਕ ਸੀ। ਬਾਅਦ ਵਿਚ ਗੀਤਾ ਨਿਜ਼ਾਮੀ ਦਾ ਬਰਕਤ ਨਿਜ਼ਾਮੀ ਨਾਲ ਤਲਾਕ ਹੋ ਗਿਆ। ਇਸ ਤੋਂ ਬਾਅਦ ਗੀਤਾ ਨੇ ਉਰਦੂ ਦੇ ਮਸ਼ਹੂਰ ਅਫਸਾਨਾਨਿਗਾਰ ਰਾਜਿੰਦਰ ਸਿੰਘ ਬੇਦੀ ਨਾਲ ਵਿਆਹ ਕਰਵਾ ਲਿਆ। ਬਾਅਦ ਵਿਚ ਗੀਤਾ ਨੇ ਰਾਜਿੰਦਰ ਸਿੰਘ ਬੇਦੀ ਤੋਂ ਵੀ ਤਲਾਕ ਲੈ ਲਿਆ। 1951 ਵਿਚ ਉਹ ਆਪਣੀ ਇਕ ਧੀ ਨੂੰ ਨਾਲ ਲੈ ਕੇ ਨਵੇਂ ਤਾਮੀਰ ਹੋਏ ਮੁਲਕ ਪਾਕਿਸਤਾਨ ਤੁਰ ਗਈ।

ਪਾਕਿਸਤਾਨ ਵਿਚ ਜਾ ਕੇ ਉਸ ਨੇ ਕੁਝ ਪੰਜਾਬੀ ਤੇ ਉਰਦੂ ਫਿਲਮਾਂ ਵਿਚ ਕੰਮ ਕੀਤਾ। ਪਾਕਿਸਤਾਨ ਵਿਚ ਉਸ ਦੀ ਪਹਿਲੀ ਪੰਜਾਬੀ ਫਿਲਮ ਮਲਿਕ ਟਾਕੀਜ਼, ਲਾਹੌਰ ਦੀ ਐਮ. ਜੇ. ਰਾਣਾ (ਸਹਾਇਕ ਜ਼ਫਰ ਡਾਰ) ਨਿਰਦੇਸ਼ਿਤ 'ਮਾਹੀ ਮੁੰਡਾ' (1956) ਸੀ। ਫਿਲਮਸਾਜ਼ ਬੜੀ ਮਲਿਕ, ਕਹਾਣੀ ਸ਼ੇਖ ਇਕਬਾਲ, ਮੁਕਾਲਮੇ ਅਹਿਮਦ ਰਾਹੀ 'ਅੰਮ੍ਰਿਤਸਰੀ' ਅਤੇ ਮੌਸੀਕਾਰ ਬਾਬਾ ਜੀ. ਏ. ਚਿਸ਼ਤੀ ਸਨ। ਇਹ ਸਿਲਵਰ ਜੁਬਲੀ ਹਿੱਟ ਫਿਲਮ ਓਡੀਅਨ ਸਿਨਮਾ, ਲਾਹੌਰ ਵਿਖੇ 9 ਮਾਰਚ 1956 ਨੂੰ ਨੁਮਾਇਸ਼ ਹੋਈ। ਗੀਤਾ ਨਿਜ਼ਾਮੀ ਦੀ ਦੂਜੀ ਪੰਜਾਬੀ ਫਿਲਮ ਪਾਪੂਲਰ ਪਿਕਚਰਜ਼, ਲਾਹੌਰ ਦੀ ਅਮੀਨ ਮਲਿਕ ਨਿਰਦੇਸ਼ਿਤ 'ਪੀਂਘਾਂ' (1956) ਸੀ। ਫਿਲਮ ਦੇ ਕਿਰਦਾਰ ਮੁਸੱਰਤ ਨਜ਼ੀਰ ਤੇ ਅਸਲਮ ਪਰਵੇਜ਼ ਨਿਭਾ ਰਹੇ ਸਨ ਤੇ ਗੀਤਾ ਸਹਾਇਕ ਹੀਰੋਇਨ ਵਜੋਂ ਆਪਣੇ ਫਨ ਦੀ ਪੇਸ਼ਕਾਰੀ ਕਰ ਰਹੀ ਸੀ। ਇਹ ਫਿਲਮ 12 ਮਈ 1956 ਨੂੰ ਲਾਹੌਰ 'ਚ ਪਰਦਾਪੇਸ਼ ਹੋਈ।

ਮੁਮਤਾਜ਼ ਮਹਿਲ ਫਿਲਮ, ਲਾਹੌਰ ਦੀ ਨਿਜ਼ਾਮ ਨਾਖੁਦਾ (ਪਹਿਲੀ ਫਿਲਮ) ਨਿਰਦੇਸ਼ਿਤ ਉਰਦੂ ਫਿਲਮ 'ਝੀਲ ਕਿਨਾਰੇ' (1955) 'ਚ ਉਸ ਨੇ ਗੁਲਸ਼ਨ ਆਰਾ ਅਤੇ ਸੁਧੀਰ ਨਾਲ ਦੂਜੀ ਹੀਰੋਇਨ ਵਜੋਂ ਕੰਮ ਕੀਤਾ। ਇਹ ਫਿਲਮ 31 ਜੁਲਾਈ 1955 ਨੂੰ ਲਾਹੌਰ ਵਿਖੇ ਰਿਲੀਜ਼ ਹੋਈ। ਫਜ਼ਲਾਨੀ ਫਿਲਮ, ਲਾਹੌਰ ਦੀ ਐਮ. ਸੁਲਤਾਨ ਨਿਰਦੇਸ਼ਿਤ ਉਰਦੂ ਫਿਲਮ 'ਉਸਤਾਦੋਂ ਕਾ ਉਸਤਾਦ' (1967) ਗੀਤਾ ਨਿਜ਼ਾਮੀ ਦੀ ਚਰਿਤਰ ਅਦਾਕਾਰਾ ਵਜੋਂ ਆਖਰੀ ਫਿਲਮ ਕਰਾਰ ਪਾਈ। 4 ਅਗਸਤ 1967 ਨੂੰ ਇਰੋਜ਼ ਸਿਨਮਾ, ਲਾਹੌਰ ਵਿਖੇ ਰਿਲੀਜ਼ ਹੋਈ ਇਹ ਫਿਲਮ ਫਲਾਪ ਹੋ ਗਈ। ਭਾਰਤ-ਪਾਕਿਸਤਾਨ ਸਿਨੇਮਾ ਦੀ ਇਹ ਮਸ਼ਹੂਰ ਅਦਾਕਾਰਾ 28 ਅਪਰੈਲ 2008 ਨੂੰ 82 ਸਾਲਾਂ ਦੀ ਉਮਰੇ ਲਾਹੌਰ ਵਿਖੇ ਇੰਤਕਾਲ ਫਰਮਾ ਗਈ।

**-ਮਨਦੀਪ ਸਿੰਘ ਸਿੱਧੂ**

# 'ਟਾਈਟੈਨਿਕ' ਵਾਲੀ ਗੁਲਾਬੋ

ਇੰਗਲੈਂਡ ਦੀ ਜੰਮ-ਪਲ ਅਦਾਕਾਰਾ ਕੇਟ ਵਿੰਸਲੈਟ ਨੇ ਇਤਿਹਾਸਕ ਫਿਲਮਾਂ ਵਿਚ ਕੰਮ ਕਰ ਕੇ ਵਾਹਵਾ ਨਾਂ ਕਮਾਇਆ ਹੈ। ਇਸ ਤੋਂ ਇਲਾਵਾ ਉਸ ਨੇ ਵੱਖ-ਵੱਖ ਔਰਤਾਂ ਦੇ ਵੀ ਬੜੇ ਜ਼ਬਰਦਸਤ ਨਿਭਾਏ ਹਨ। ਕੇਟ ਦਾ ਜਨਮ 5 ਅਕਤੂਬਰ 1975 ਨੂੰ ਰੈਡਿੰਗ (ਬਰਕਸ਼ਾਇਰ, ਇੰਗਲੈਂਡ) ਵਿਚ ਹੋਇਆ ਸੀ। ਉਸ ਦੇ ਮਾਪਿਆਂ ਦਾ ਪਿਛੋਕੜ ਆਇਰਲੈਂਡ ਅਤੇ ਸਵੀਡਨ ਨਾਲ ਜੁੜਦਾ ਹੈ। ਉਹ ਅਜੇ 10 ਵਰ੍ਹਿਆਂ ਦੀ ਸੀ ਕਿ ਇਕ ਹਾਦਸੇ ਵਿਚ ਉਸ ਦੇ ਪਿਤਾ ਦਾ ਪੈਰ ਨਕਾਰਾ ਹੋ ਗਿਆ ਅਤੇ ਉਸ ਦਾ ਕੰਮ-ਕਾਰ ਰੁਕ ਗਿਆ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਆਰਥਿਕ ਹਾਲਤ ਬੜੀ ਮੰਦੀ ਹੋ ਗਈ ਪਰ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਹਰ ਸਹੂਲਤ ਦੇਣ ਦਾ ਯਤਨ ਕੀਤਾ।

ਕੇਟ ਨੂੰ ਅਦਾਕਾਰੀ ਦਾ ਸ਼ੌਕ ਬਚਪਨ ਵਿਚ ਹੀ ਪੈ ਗਿਆ ਸੀ। ਉਹ ਅਤੇ ਉਸ ਦੀਆਂ ਭੈਣਾਂ ਸਕੂਲ ਵਿਚ ਵੱਖ-ਵੱਖ ਮੌਕਿਆਂ 'ਤੇ ਕਰਵਾਏ ਜਾਂਦੇ ਨਾਟਕਾਂ ਵਿਚ ਹਿੱਸਾ ਲੈਂਦੀਆਂ। ਮਗਰੋਂ ਕੇਟ ਰੈਡਿੰਗ ਦੀ 'ਸਟਾਰਮੇਕਰ ਥੀਏਟਰ ਕੰਪਨੀ' ਨਾਲ ਜੁੜ ਗਈ ਅਤੇ 20 ਦੇ ਕਰੀਬ ਨਾਟਕਾਂ ਵਿਚ ਅਦਾਕਾਰੀ ਦੇ ਜੌਹਰ ਦਿਖਾਏ। 1991 ਵਿਚ ਉਸ ਨੂੰ ਬੀ.ਬੀ.ਸੀ. ਦੀ ਸਾਇੰਸ ਫਿਕਸ਼ਨ ਵਾਲੀ ਸੀਰੀਜ਼ 'ਡਾਰਕ ਸੀਜ਼ਨ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਇਸ ਸੀਰੀਜ਼ ਤੋਂ ਉਸ ਨੂੰ ਬਹੁਤੀ ਕਮਾਈ ਤਾਂ ਨਾ ਹੋਈ ਪਰ ਛੇਤੀ ਹੀ, ਭਾਵ 1992 ਵਿਚ ਇਕ ਟੈਲੀਵਿਜ਼ਨ ਫਿਲਮ ਵਿਚ ਛੋਟਾ ਜਿਹਾ ਰੋਲ ਮਿਲ ਗਿਆ।



ਇਹ ਕਿਰਦਾਰ ਅਸਲ ਵਿਚ, ਉਸ ਨੂੰ ਉਸ ਦਾ ਸਰੀਰ ਭਾਰਾ ਹੋਣ ਕਰ ਕੇ ਵੀ ਮਿਲਿਆ। ਉਂਜ ਇਸ ਕਿਰਦਾਰ ਲਈ ਉਸ ਨੂੰ ਖੂਬ ਸ਼ਾਬਾਸ਼ੀ ਮਿਲੀ।

ਇਸੇ ਕਿਰਦਾਰ ਕਰ ਕੇ ਹੀ ਤਾਂ ਉਸ ਨੂੰ ਪੀਟਰ ਜੈਕਸਨ ਦੀ ਫਿਲਮ 'ਹੈਵਨਲੀ ਕਰੀਏਚਰਜ਼' (1994) ਵਿਚ ਕੰਮ ਕਰਨ ਦਾ ਰਾਹ ਖੁੱਲ੍ਹਿਆ। ਇਸ ਕਰਦਾਰ ਲਈ ਪੀਟਰ ਨੇ ਤਕਰੀਬਨ ਪੌਣੇ ਦੋ ਸੌ ਮੁਟਿਆਰਾਂ ਦਾ ਆਡੀਸ਼ਨ ਲਿਆ ਪਰ ਚੋਣ ਕੇਟ ਵਿੰਸਲੈਟ ਦੀ ਹੋਈ। ਫਿਰ ਉਸ ਨੂੰ 'ਸੈਂਸ ਐਂਡ ਸੈਨੇਬਿਲਿਟੀ' ਵਰਗੀਆਂ ਫਿਲਮਾਂ ਮਿਲੀਆਂ ਅਤੇ ਕਈ ਇਨਾਮ ਵੀ ਉਸ ਦੀ ਝੋਲੀ ਪੈ ਗਏ।

ਉਂਜ, ਉਸ ਦੀ ਸਟਾਰਡਮ 1997 ਵਿਚ 'ਟਾਈਟੈਨਿਕ' ਰਿਲੀਜ਼ ਹੋਣ ਤੋਂ ਬਾਅਦ ਸ਼ੁਰੂ ਹੋਈ। ਇਸ ਫਿਲਮ ਦੀ ਹੀਰੋਇਨ 'ਰੋਜ਼' ਲਈ ਫਿਲਮਸਾਜ਼ ਪਹਿਲਾਂ ਕਲੇਅਰ ਡੇਨਜ਼ ਜਾਂ ਗਿਨੇਥ ਪੈਲਰੋਅ ਨੂੰ ਸਾਈਨ ਕਰਨਾ ਚਾਹੁੰਦਾ ਸੀ ਪਰ ਕੇਟ ਨੇ ਟਾਈਟੈਨਿਕ ਦੀ ਹੀਰੋਇਨ ਬਾਰੇ ਜਿਹੜੇ ਚੰਦ ਸ਼ਬਦ ਜੇਮਸ ਕੈਮਰੌਨ ਨਾਲ ਸਾਂਝੇ ਕੀਤੇ, ਉਨ੍ਹਾਂ ਨੇ ਫੈਸਲਾ ਉਸ ਦੇ ਹੱਕ ਵਿਚ ਕਰਵਾ ਦਿੱਤਾ ਅਤੇ ਫਿਰ ਤਾਂ ਉਸ ਦੀ ਮਸ਼ਹੂਰੀ ਸੱਤਵੇਂ ਆਸਮਾਨ 'ਤੇ ਪੁੱਜ ਗਈ।

ਕੇਟ ਵਿੰਸਲੇਟ ਨੇ ਇਕ ਕਿੱਸਾ ਭਾਰਤ ਯਾਤਰਾ ਬਦਰੇ ਸਾਂਝਾ ਕੀਤਾ ਹੈ। ਯਾਤਰਾ ਦੌਰਾਨ ਜਦੋਂ ਉਹ ਹਿਮਾਲਿਆ ਵਿਚ ਘੁੰਮ-ਫਿਰ ਰਹੀ ਸੀ ਤਾਂ ਇਕ ਬਜ਼ੁਰਗ ਨੇ ਉਸ ਨੂੰ 'ਰੋਜ਼' ਕਹਿ ਕੇ ਬੁਲਾਇਆ। ਅਸਲ ਵਿਚ ਉਸ ਦੀ ਪਹਿਲੀ ਫਿਲਮ 'ਟਾਈਟੈਨਿਕ' ਦੀ ਹੀਰੋਇਨ ਦਾ ਨਾਂ ਰੋਜ਼ ਸੀ। ਇਸ ਫਿਲਮ ਵਿਚ ਉਸ ਦਾ ਹੀਰੋ ਲਿਓਨਾਰਡੋ ਡੀਕੈਪਰੀਓ ਸੀ ਜੋ ਉਸ ਵਾਂਗ ਹੀ ਅਗਾਂਹ ਜਾ ਕੇ ਬੜਾ ਕਾਮਯਾਬ ਅਦਾਕਾਰ ਸਾਬਤ ਹੋਇਆ। ਫਿਲਮ 'ਟਾਈਟੈਨਿਕ' 1997 ਵਿਚ ਆਈ ਸੀ ਅਤੇ ਇਸ ਨੇ ਸੰਸਾਰ ਭਰ ਵਿਚ ਧੁੰਮਾਂ ਪਾਈਆਂ ਸਨ। ਭਾਰਤ ਵਿਚ ਵੀ ਇਹ ਫਿਲਮ ਬਹੁਤ ਪਸੰਦ ਕੀਤੀ ਗਈ ਸੀ ਅਤੇ ਵਾਹਵਾ ਲੋਕਾਂ ਨੇ ਦੇਖੀ ਸੀ। ਕੇਟ ਠੀਕ ਹੀ ਕਹਿੰਦੀ ਹੈ ਕਿ 'ਟਾਈਟੈਨਿਕ' ਦਾ ਜਾਦੂ ਸਾਰੇ ਪਾਸੇ ਚੱਲਿਆ ਸੀ।

**-ਆਮਨਾ ਕੌਰ**

# ਆਨੰਦ ਗਾਂਧੀ ਮਹਾਮਾਰੀ ਬਾਰੇ ਫਿਲਮ ਬਣਾਏਗਾ

'ਸ਼ਿਪ ਆਫ ਥੀਸੀਅਸ' ਫਿਲਮ ਬਣਾਉਣ ਵਾਲਾ ਆਨੰਦ ਗਾਂਧੀ 'ਐਮਰਜੈਂਸ' ਨਾਂ ਦੀ ਫਿਲਮ ਬਣਾ ਰਿਹਾ ਹੈ ਜਿਹੜੀ ਮਹਾਮਾਰੀ ਉਤੇ ਆਧਾਰਿਤ ਹੋਵੇਗੀ। ਆਨੰਦ ਗਾਂਧੀ ਦਾ ਕਹਿਣਾ ਹੈ ਕਿ ਉਹ ਇਸ ਫਿਲਮ ਦੀ ਪਟਕਥਾ ਉਤੇ ਪਿਛਲੇ ਪੰਜ ਸਾਲ ਤੋਂ ਕੰਮ ਕਰ ਰਿਹਾ ਸੀ ਪਰ ਹੁਣ ਕਰੋਨਾ ਵਾਇਰਸ ਦੀ ਇਸ ਘੜੀ ਵਿਚ ਇਹੀ ਫਿਲਮ ਉਸ ਦੀ ਪਹਿਲੀ ਤਰਜੀਹ ਬਣ ਗਈ ਹੈ। ਪਹਿਲਾਂ ਕਈ ਕਾਰਨਾਂ ਕਰ ਕੇ ਇਹ ਫਿਲਮ ਟਾਲੀ ਜਾਂਦੀ ਰਹੀ ਹੈ ਪਰ ਹੁਣ ਨੇ ਇਹ ਫਿਲਮ ਸਿਰੇ ਚਾੜ੍ਹਨ ਲਈ ਸਮਝੋ ਲੱਕ ਬੰਨ੍ਹ ਲਿਆ ਹੈ। ਇਸ ਤੋਂ ਪਹਿਲਾਂ ਉਹ ਆਪਣੇ ਹੋਰ ਪ੍ਰੋਜੈਕਟਾਂ ਵਿਚੋਂ ਸਮਾਂ ਕੱਢ ਇਸ ਕਹਾਣੀ ਉਤੇ ਲਾਉਂਦਾ ਹੁੰਦਾ ਸੀ ਪਰ ਹੁਣ ਉਹ ਆਪਣਾ ਸਾਰਾ ਸਮਾਂ ਇਸ ਫਿਲਮ ਉਤੇ ਹੀ ਲਾ ਰਿਹਾ ਹੈ।

ਆਨੰਦ ਗਾਂਧੀ (38) ਦੀ ਪਹਿਲੀ ਫਿਲਮ 'ਸ਼ਿਪ ਆਫ ਥੀਸੀਅਸ' 2013 ਵਿਚ ਆਈ ਸੀ ਅਤੇ ਇਹੀ ਫਿਲਮ ਉਸ ਨੂੰ ਮਹਾਮਾਰੀ ਨਾਲ ਜੁੜੀ ਕਹਾਣੀ ਵੱਲ ਲੈ ਤੁਰੀ। ਪਹਿਲੀ ਫਿਲਮ ਦਾ ਕੁਝ ਹਿੱਸਾ ਦਿਖਾਉਂਦਾ ਹੈ ਕਿ ਮਨੁੱਖੀ ਸਰੀਰ ਯੂਕਰਓਟਿਕ ਸੈੱਲ ਅਤੇ ਬੈਕਟੀਰੀਆ ਨਾਲ ਬਣਿਆ ਹੋਇਆ ਹੈ। ਉਸ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਸਾਡੇ ਹਰ ਤਜਰਬੇ, ਹਰ ਅਹਿਸਾਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਰੀਰ ਵਿਚ ਮੌਜੂਦ ਬੈਕਟੀਰੀਆ ਪ੍ਰਭਾਵਿਤ ਕਰਦਾ ਹੈ। ਇਹੀ ਮਹਾਮਾਰੀ ਨਾਲ ਜੁੜੀ ਫਿਲਮ ਦਾ ਖਾਸ



ਨੁਕਤਾ ਬਣ ਗਿਆ। ਫਿਲਮ ਦੇ ਨਿਰਮਾਣ ਨੂੰ ਹਕੀਕਤ ਦੇ ਨੇੜੇ ਰੱਖਣ ਲਈ ਉਹ ਕਈ ਉਘੇ ਮਾਹਿਰਾਂ ਦੀ ਮਦਦ ਵੀ ਲੈ ਰਿਹਾ ਹੈ।

**-ਗੁਰਜੰਟ ਸਿੰਘ**

# XPressCargo

**Tel.: 317-426-5410**
Ext 311 or 340

Cell : 317-701-4230
Fax : 317-308-6424

**Pay Every Week**
Single upto 42 Cent + Team Upto 50 Cent

**100%**
OWNER OPERATOR COMPANY

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
**ਵੀਕਲੀ ਹੋਮ**
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com